ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 19 | Issue 93 | 18 Oct. to 24 Oct., 2023 | Ph.: (510) 240-5949 | Email: asrtimes@gmail.com




## ਵੱਖ-ਵੱਖ ਸਿਆਸੀ ਪਾਰਟੀਆਂ ਸੇਕਣਾ ਚਾਹੁੰਦੀਆਂ ਨੇ ਸਿਆਸੀ ਰੋਟੀਆਂ

## ਚੋਣਾਂ ਜਿੱਤਣ ਤੋਂ ਬਾਅਦ ਕਿਉਂ ਠੰਡੇ ਬਸਤੇ 'ਚ ਪਾ ਦਿੱਤਾ ਜਾਂਦੈ ਐਸ.ਵਾਈ.ਐਲ. ਦਾ ਮੁੱਦਾ ?

ਐਸ. ਵਾਈ. ਐਲ. ਦਾ ਮਸਲਾ ਹੁਣ ਤੱਕ ਪੰਜਾਬ ਵਿੱਚ ਬਣੀਆਂ ਪੰਜਾਬ ਸਰਕਾਰਾਂ ਦੇ ਗਲੇ ਦੀ ਹੱਡੀ ਬਣਿਆ ਰਿਹਾ ਹੈ ਅਤੇ ਇਹ ਮਸਲਾ ਹੁਣ ਮੌਜੂਦਾ 'ਆਪ' ਸਰਕਾਰ ਦੇ ਵੀ ਗਲੇ ਦੀ ਹੱਡੀ ਬਣ ਗਿਆ ਹੈ।



ਪੰਜਾਬ 'ਚ ਵੱਖ- ਵੱਖ ਸਮੇਂ ਨੀਲੀਆਂ, ਚਿੱਟੀਆਂ, ਪੀਲੀਆਂ, ਕਾਲੀਆਂ, ਖੱਟੀਆਂ ਭਾਵ ਸਭ ਰੰਗ ਦੀਆਂ ਦਸਤਾਰਾਂ ਵਾਲੀਆਂ ਸਰਕਾਰਾਂ ਆਈਆਂ, ਪਰ ਇਹਨਾਂ ਨੇ ਐਸ. ਵਾਈ. ਐਲ. ਦੇ ਮੁੱਦੇ 'ਤੇ ਖਿਚੜੀ ਪਕਾਈ, ਧੂੰਆਂ ਦਿਖਾਇਆ, ਤੇ ਇਹ ਵੀ ਕਿਹਾ ਕਿ ਪਾਣੀ ਦੀ ਇੱਕ ਬੂੰਦ ਵੀ ਦੂਜੇ ਸੂਬਿਆਂ ਨੂੰ ਨਹੀਂ ਦਿੱਤੀ ਜਾਵੇਗੀ, ਪਰ ਇਹਨਾਂ ਨੇ ਲੋਕਾਂ ਦੇ ਰਾਹਾਂ ਦੇ ਕੰਢੇ ਚੁੱਗਣ ਦੀ ਥਾਂ ਉਲਟਾ ਰਾਹਾਂ ਵਿੱਚ ਅੱਜ ਤੱਕ ਕੰਢੇ ਬੀਜੇ ਨੇ। ਤੁਹਾਨੂੰ ਯਾਦ ਹੋਣਾ ਜਦੋਂ ਭਗਵੰਤ ਮਾਨ ਮੁੱਖ ਮੰਤਰੀ ਬਣਿਆ ਸੀ ਤਾਂ ਉਸ ਨੇ ਕਿਹਾ ਸੀ ਕਿ ਐਸ. ਵਾਈ. ਐਲ. ਦੀ ਗੱਲ ਨਾ ਕਰੋ, ਵਾਈ. ਐਸ. ਐਲ. ਦੀ ਗੱਲ ਕਰੋ ਭਾਵ ਯਮੁਨਾ ਤੋਂ ਸਤਲੁਜ ਨੂੰ ਪਾਣੀ ਦਿਓ।

ਲੰਘੇ ਦਿਨਾਂ ਵਿੱਚ ਵੀ ਕੇਜਰੀਵਾਲ ਦੀ ਪੰਜਾਬ ਫੇਰੀ 'ਤੇ ਇੱਕ ਪੱਤਰਕਾਰ ਵੱਲੋਂ ਸਵਾਲ ਪੁੱਛਿਆ ਗਿਆ ਕਿ "ਪੰਜਾਬ ਦੇ ਪਾਣੀ 'ਤੇ ਦਿੱਲੀ ਦਾ ਹੱਕ ਹੈ ? ਤਾਂ ਕੇਜਰੀਵਾਲ ਦਾ ਜਵਾਬ ਸੀ ਕਿ ਬਿਲਕੁਲ ਹੈ।" ਕੇਜਰੀਵਾਲ ਦੇ ਇਸ ਬਿਆਨ ਉੱਤੇ ਪੰਜਾਬ ਦੇ ਵਿੱਚ ਵਿਰੋਧੀ ਪਾਰਟੀਆਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਮੁੜ ਘੇਰਿਆ ਕਿ ਕੇਜਰੀਵਾਲ ਸਪੱਸ਼ਟੀਕਰਨ ਦੇਣ।

(ਬਾਕੀ ਸਫ਼ਾ 29 'ਤੇ)

### ਕੀ ਹੈ ਐਸ.ਵਾਈ.ਐਲ. ?

ਪੰਜਾਬ ਤੇ ਹਰਿਆਣਾ ਵਿੱਚ ਐਸ.ਵਾਈ.ਐਲ. ਨਹਿਰ ਦੀ ਕੁੱਲ ਲੰਬਾਈ 212 ਕਿਲੋਮੀਟਰ ਹੈ। ਇਸ ਵਿਚੋਂ ਨਹਿਰ ਦਾ 91 ਕਿਲੋਮੀਟਰ ਹਿੱਸਾ ਹਰਿਆਣਾ ਅਤੇ 121 ਕਿਲੋਮੀਟਰ ਹਿੱਸਾ ਪੰਜਾਬ ਵਿੱਚ ਹੈ। ਪੰਜਾਬ ਵਿੱਚ ਇਹ ਨਹਿਰ ਨੰਗਲ ਡੈਮ (ਜ਼ਿਲ੍ਹਾ ਰੋਪੜ) ਤੋਂ ਸ਼ੁਰੂ ਹੁੰਦੀ ਹੈ ਤੇ ਇਥੇ ਇਸ ਦਾ ਨਾਂ ਆਨੰਦਪੁਰ ਹਾਈਡਲ ਚੈਨਲ ਹੈ। ਚੈਨਲ ਵਿੱਚ ਪਾਣੀ ਕੀਰਤਪੁਰ ਸਾਹਿਬ ਤੱਕ ਜਾਂਦਾ ਹੈ ਤੇ ਉਥੋਂ ਡਾਇਵਰਟ ਹੋ ਕੇ ਸਤਲੁਜ ਵਿੱਚ ਡਿੱਗਦਾ ਹੈ। ਕੀਰਤਪੁਰ ਸਾਹਿਬ ਤੋਂ ਅੱਗੇ ਚੱਲ ਕੇ ਇਹ ਨਹਿਰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਅਤੇ ਮੁਹਾਲੀ ਤੋਂ ਹੁੰਦੀ ਹੋਈ ਪਟਿਆਲਾ ਦੇ ਪਿੰਡ ਕਪੂਰੀ ਤੱਕ ਜਾਂਦੀ ਹੈ ਤੇ ਉਥੋਂ ਅੱਗੇ ਹਰਿਆਣਾ ਸਰਹੱਦ ਵਿੱਚ ਦਾਖ਼ਲ ਹੁੰਦੀ ਹੈ।

### ਹਰਿਆਣੇ ਦਾ ਤਰਕ

ਐਸ. ਵਾਈ. ਐਲ. ਨੂੰ ਲੈ ਕੇ ਹਰਿਆਣਾ ਇਸ ਨਹਿਰ ਵਿੱਚ ਪਾਣੀ ਛੱਡਣ ਦੀ ਗੱਲ ਕਰਦਾ ਆ ਰਿਹਾ ਹੈ ਅਤੇ ਲਗਾਤਾਰ ਦਬਾਓ ਵੀ ਬਣਾਉਂਦਾ ਆ ਰਿਹਾ ਹੈ। ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿੱਜ ਨੇ ਪਿਛਲੇ ਸਾਲ ਕਿਹਾ ਸੀ ਕਿ ਸੁਪਰੀਮ ਕੋਰਟ ਦੇ ਵਿੱਚ ਜਾਣਾ ਉਹਨਾਂ ਦਾ ਹੱਕ ਹੈ ਅਤੇ ਉਹ ਆਪਣੇ ਹੱਕ ਦੀ ਲੜਾਈ ਲੜਦੇ ਰਹਿਣਗੇ। ਹਰਿਆਣਾ ਸਰਕਾਰ ਪੰਜਾਬ ਸਰਕਾਰ 'ਤੇ ਹਮੇਸ਼ਾ ਦੋਸ਼ ਲਗਾਉਂਦੀ ਆਈ ਹੈ ਕਿ ਪੰਜਾਬ ਸਰਕਾਰ ਇਸ ਮਸਲੇ ਨੂੰ ਹੱਲ ਕਰਨ ਲਈ ਤਿਆਰ ਨਹੀਂ ਹੈ।

ਆਮ ਲੋਕਾਂ ਨੂੰ ਸਿੱਧੂ ਮੂਸੇਵਾਲਾ ਦੇ ਗੀਤ ਐਸ. ਵਾਈ. ਐਲ. ਰਾਹੀਂ ਵੀ ਐਸ. ਵਾਈ. ਐਲ. ਨਹਿਰ ਬਾਰੇ ਜਾਣਕਾਰੀ ਦੇਣ ਦਾ ਯਤਨ ਕੀਤਾ ਗਿਆ ਸੀ ਪਰ ਇਸ ਗੀਤ 'ਤੇ ਹੀ ਵਿਵਾਦ ਪੈਦਾ ਹੋ ਗਿਆ ਸੀ।



### ਅਕਾਲੀ ਦਲ ਦਾ ਧਰਮ ਯੁੱਧ ਮੋਰਚਾ

4 ਅਗਸਤ 1982 ਨੂੰ ਅਕਾਲੀ ਦਲ ਨੇ ਕਪੂਰੀ ਵਿਖੇ 'ਨਹਿਰ ਰੋਕੋ ਮੋਰਚਾ' ਸ਼ੁਰੂ ਕੀਤਾ, ਜੋ ਬਾਅਦ 'ਚ ਅੰਮ੍ਰਿਤਸਰ ਵਿਖੇ ਤਬਦੀਲ ਕਰ ਦਿੱਤਾ, ਜਿਸ ਦਾ ਨਾਮ 'ਧਰਮ ਯੁੱਧ ਮੋਰਚਾ' ਰੱਖਿਆ ਗਿਆ। ਇਸ ਦੌਰਾਨ ਲੱਖਾਂ ਪੰਜਾਬੀਆਂ ਨੇ ਜੇਲ੍ਹਾਂ ਕੱਟੀਆਂ ਤੇ ਅਖੀਰ ਰਾਜੀਵ-ਲੌਂਗੋਵਾਲ ਸਮਝੌਤੇ ਦੇ ਰੂਪ 'ਚ ਇਹ ਮੋਰਚਾ ਸਮਾਪਤ ਹੋ ਗਿਆ ਪਰ ਸਾਲ 1985 ਵਿੱਚ ਅਕਾਲੀ ਦਲ ਦੀ ਸਰਕਾਰ ਸਮੇਂ ਨਹਿਰ ਦਾ ਨਿਰਮਾਣ ਕਾਰਜ ਸ਼ੁਰੂ ਹੋਇਆ। ਇਸੇ ਦਰਮਿਆਨ ਬਾਦਲ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਵੀ ਦਾਇਰ ਕੀਤੀ ਸੀ ਜਿਸ ਨੂੰ ਕਾਂਗਰਸ ਦੀ ਦਰਬਾਰਾ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ ਵਾਪਸ ਲੈ ਲਿਆ ਸੀ। ਸਾਲ 2004 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ

(ਬਾਕੀ ਸਫ਼ਾ 29 'ਤੇ)

## ਜਥੇ. ਗਿ. ਹਰਪ੍ਰੀਤ ਸਿੰਘ ਨੇ ਐਸ. ਵਾਈ. ਐਲ. ਤੇ ਪਾਣੀਆਂ ਦੀ ਲੁੱਟ ਬਾਰੇ ਕੇਂਦਰ ਨੂੰ ਦੋਸ਼ੀ ਠਹਿਰਾਇਆ

ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਸ੍ਰੀ ਦਮਦਮਾ ਸਾਹਿਬ ਦੇ ਮੌਜੂਦਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਪਾਣੀ ਦੇ ਮੁੱਦੇ 'ਤੇ ਕੇਂਦਰ ਸਰਕਾਰ ਦੀ ਤਿੱਖੀ ਆਲੋਚਨਾ ਕੀਤੀ । ਉਨ੍ਹਾਂ ਕਿਹਾ ਐਸ. ਵਾਈ. ਐਲ. ਅਤੇ ਪੰਜਾਬ ਦੇ ਪਾਣੀ ਦੇ ਮੁੱਦਿਆਂ ਨੂੰ ਲੈਕੇ ਸਰਕਾਰ ਸੰਜੀਦਾ ਨਹੀਂ ਹੈ। ਉਧਰ ਡਿਬੇਟ ਦੇ ਮਾਮਲੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਨਸੀਹਤ ਵੀ ਦਿੱਤੀ। ਉਨ੍ਹਾਂ ਕਿਹਾ ਕਿ ਇਹ ਮਾਮਲਾ ਡਿਬੇਟ ਦਾ ਨਹੀਂ, ਪੰਜਾਬ ਦੇ ਪਾਣੀਆਂ ਦੇ ਹੱਕ ਵਿੱਚ ਕੇਂਦਰ ਸਰਕਾਰ ਵਿਰੁੱਧ ਖੜ੍ਹਨ ਦਾ ਹੈ। ਗਿਆਨੀ ਹਰਪ੍ਰੀਤ ਨੇ ਕਿਹਾ ਕਿ ਐਸ. ਵਾਈ. ਐਲ. ਨਹਿਰ ਪਾਣੀ ਦਾ ਮੁੱਦਾ ਹਰ ਇੱਕ ਪੰਜਾਬੀ ਨਾਲ ਜੁੜਿਆ ਮੁੱਦਾ ਹੈ । ਇਸ ਵਿੱਚ ਹਰ ਧਰਮ ਭਾਵੇਂ ਉਹ ਹਿੰਦੂ ਹੈ, ਮੁਸਲਮਾਨ ਹੋਵੇ ਉਸ ਨੂੰ ਅੱਗੇ ਆਉਣਾ ਚਾਹੀਦਾ ਹੈ। ਕੇਂਦਰ ਸਰਕਾਰ ਨੇ ਚਾਲਾਕੀ ਨਾਲ ਇਸ ਨੂੰ ਸਿੱਖਾਂ ਦਾ ਮੁੱਦਾ ਬਣਾਇਆ ਹੈ ਤਾਂ ਕਿ ਮਾਹੌਲ ਖਰਾਬ ਹੋ ਜਾਵੇ। ਪਾਣੀ ਦੇ ਮੁੱਦੇ 'ਤੇ ਸਾਰਿਆ ਨੂੰ ਇਕੱਠੇ ਹੋਣ ਦੀ ਜ਼ਰੂਰਤ ਹੈ । ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੁੱਖ ਮੰਤਰੀ ਭਗਵੰਤ ਨੂੰ ਨਸੀਹਤ ਦਿੰਦੇ ਹੋਏ ਕਿਹਾ ਕਿ ਡੇਬਟ ਉਹ ਬੁਲਾਉਂਦੇ ਹਨ ਜੋ ਸੱਤਾ ਤੋਂ ਬਾਹਰ ਹੁੰਦੇ ਹਨ। ਮੁੱਖ ਮੰਤਰੀ ਭਗਵੰਤ ਮਾਨ ਸਰਕਾਰ ਨੂੰ ਆਪ ਸਖ਼ਤ ਐਕਸ਼ਨ ਲੈਣਾ ਚਾਹੀਦਾ ਹੈ ਅਤੇ ਪੰਜਾਬ ਦੇ ਹੱਕ ਵਿੱਚ ਖੜ੍ਹੇ ਹੋਣਾ ਚਾਹੀਦਾ ਹੈ।



### ਰਿਪੇਰੀਅਨ ਕਾਨੂੰਨ

ਕੌਮਾਂਤਰੀ ਰਿਪੇਰੀਅਨ ਕਾਨੂੰਨ ਰਾਹੀਂ ਵੈਸੇ ਵੀ ਹਰਿਆਣਾ, ਰਾਜਸਥਾਨ, ਦਿੱਲੀ ਆਦਿ ਦਾ ਪੰਜਾਬ ਦੇ ਪਾਣੀਆਂ 'ਤੇ ਹੱਕ ਨਹੀਂ ਬਣਦਾ। ਮੱਧ ਪ੍ਰਦੇਸ਼, ਗੁਜਰਾਤ ਅਤੇ ਮਹਾਰਾਸ਼ਟਰ ਰਾਜਾਂ ਲਈ ਨਰਬਦਾ ਨਦੀ ਦੇ ਪਾਣੀ ਦੀ ਵੰਡ ਲਈ ਜਦੋਂ 'ਨਰਬਦਾ ਵਾਟਰ ਟ੍ਰਿਬਿਊਨਲ' ਬਣਿਆ ਤਾਂ ਰਾਜਸਥਾਨ ਵੀ ਆਪਣੇ ਹਿੱਸੇ ਲਈ ਉਥੇ ਪਹੁੰਚ ਗਿਆ ਤਾਂ ਟ੍ਰਿਬਿਊਨਲ ਨੇ ਇਹ ਕਹਿ ਕੇ ਵਾਪਸ ਮੋੜ ਦਿੱਤਾ ਕਿ ਰਾਜਸਥਾਨ ਨਰਬਦਾ ਬੇਸਿਨ ਵਿੱਚ ਨਹੀਂ ਪੈਂਦਾ। ਜਦੋਂ ਉਸ ਨੇ ਪੰਜਾਬ ਤੋਂ ਪਾਣੀ ਲੈਣ ਦੀ ਗੱਲ ਕੀਤੀ ਤਾਂ ਟ੍ਰਿਬਿਊਨਲ ਦਾ 'ਉਹੋ' ਹੀ ਸਾਫ਼ ਜਵਾਬ ਸੀ।

**ਪਿਛੋਕੜ ਸਮਝਣ ਦੀ ਲੋੜ :** 1986 ਵਿੱਚ ਜਦੋਂ ਐਸ.ਵਾਈ.ਐਲ. ਨਹਿਰ ਬਣਾਉਣ ਦਾ

(ਬਾਕੀ ਸਫ਼ਾ 29 'ਤੇ)

# ਇਜ਼ਰਾਇਲੀ ਅਖ਼ਬਾਰ ਨੇ ਇਜ਼ਰਾਈਲ-ਹਮਾਸ ਯੁੱਧ ਦੇ ਵਿਚਾਲੇ ਪ੍ਰਧਾਨ ਮੰਤਰੀ ਨੇਤਨਯਾਹੂ ਖ਼ਿਲਾਫ਼ ਮੁੱਦੇ ਉਠਾਏ

## ਕਿਹਾ ਪ੍ਰਧਾਨ ਮੰਤਰੀ ਭ੍ਰਿਸ਼ਟ, ਲੋਕਾਂ ਦੀ ਅਗਵਾਈ ਦੇ ਯੋਗ ਨਹੀਂ

## ਨੇਤਨਯਾਹੂ ਦੀ ਲਾਪਰਵਾਹੀ ਨੇ ਇਜ਼ਰਾਈਲ ਨੂੰ ਜੰਗ ਵਿੱਚ ਧਕੇਲਿਆ



ਇਜ਼ਰਾਈਲ ਅਤੇ ਹਮਾਸ ਵਿਚਾਲੇ ਚੱਲ ਰਹੀ ਜੰਗ ਦੇ ਦੌਰਾਨ, ਇਜ਼ਰਾਈਲੀ ਅਖ਼ਬਾਰ ਹਾਰੇਟਜ਼ ਨੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਸਖ਼ਤ ਆਲੋਚਨਾ ਕੀਤੀ ਹੈ। ਅਖ਼ਬਾਰ ਦੀ ਵੈੱਬਸਾਈਟ ’ਤੇ 11 ਅਕਤੂਬਰ ਨੂੰ ਪ੍ਰਕਾਸ਼ਿਤ ਇੱਕ ਰਾਏ ਵਿੱਚ ਕਿਹਾ ਗਿਆ ਹੈ ਕਿ ਨੇਤਨਯਾਹੂ ਦੀ ਲਾਪਰਵਾਹੀ ਨੇ ਇਜ਼ਰਾਈਲ ਨੂੰ ਜੰਗ ਵਿੱਚ ਧਕੇਲ ਦਿੱਤਾ ਹੈ।

ਸਿਮਚਟ ਤੋਰਾ ਤਿਉਹਾਰ ਦੇ ਮੌਕੇ ’ਤੇ ਇਜ਼ਰਾਈਲ ’ਤੇ ਆਈ ਤਬਾਹੀ ਲਈ ਸਪੱਸ਼ਟ ਤੌਰ ’ਤੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਜ਼ਿੰਮੇਵਾਰ ਹੈ ਜੋ ਆਪਣੇ ਲੰਬੇ ਸਿਆਸੀ ਤਜਰਬੇ ਅਤੇ ਸੁਰੱਖਿਆ ਮਾਮਲਿਆਂ ਦੇ ਗਿਆਨ ’ਤੇ ਮਾਣ ਕਰਦੇ ਰਹੇ ਹਨ, ਪਰ ਉਹ ਇਜ਼ਰਾਈਲ ਉੱਪਰ ਖ਼ਤਰਿਆਂ ਦੀ ਪਛਾਣ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਰਹੇ ਹਨ। ਉਨ੍ਹਾਂ ਨੇ ਆਪਣੇ ਦੋ ਖਾਸ ਬੇਜ਼ਲਲ ਸਮੋਟ੍ਰਿਚ ਅਤੇ ਇਟਮਾਰ ਬੇਨ-ਗਵਿਰ ਦੀ ਨਿਯੁਕਤੀ ਕਰਦੇ ਸਮੇਂ ਉਸ ਵਿਦੇਸ਼ੀ ਨੀਤੀ ਨੂੰ ਅਪਣਾਇਆ, ਜਿਸ ਨੇ ਖੁੱਲ੍ਹੇ ਤੌਰ ਉੱਪਰ ਫਲਸਤੀਨੀਆਂ ਦੀ ਹੋਂਦ ਅਤੇ ਅਧਿਕਾਰਾਂ ਨੂੰ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਕੀਤਾ। ਅਖ਼ਬਾਰ ਨੇ ਅੱਗੇ ਲਿਖਿਆ- ਨੇਤਨਯਾਹੂ ਯਕੀਨੀ ਤੌਰ ’ਤੇ ਆਪਣੀ ਜ਼ਿੰਮੇਵਾਰੀ ਤੋਂ ਬਚਣ ਦੀ ਕੋਸ਼ਿਸ਼ ਕਰੇਗਾ। ਉਹ ਫੌਜ, ਮਿਲਟਰੀ ਇੰਟੈਲੀਜੈਂਸ ਅਤੇ ਸ਼ਿਨ ਬੇਟ ਸੁਰੱਖਿਆ ਸੇਵਾ ਦੇ ਮੁਖੀਆਂ ’ਤੇ ਦੋਸ਼ ਲਗਾਏਗਾ। ਉਸ ਨੂੰ ਆਪਣੇ ਤੋਂ ਪਹਿਲੇ ਉੱਤਰਾਧਿਕਾਰੀਆਂ ਵਾਂਗ ਇਸ ਗੱਲ ਦਾ ਕੋਈ ਅੰਦਾਜ਼ਾ ਨਹੀਂ ਸੀ ਕਿ ਹਮਾਸ ਯੋਮ-ਏ-ਕਿਪੁਰ ਤਿਉਹਾਰ ਦੇ ਮੌਕੇ ’ਤੇ ਹਮਲਾ ਕਰੇਗਾ। ਉਸਨੇ ਹਮਲੇ ਦੀ ਮਾਮੂਲੀ ਸੰਭਾਵਨਾ ਕਾਰਨ ਤਿਆਰੀ ਦੀ ਕੋਈ ਲੋੜ ਮਹਿਸੂਸ ਨਹੀਂ ਕੀਤੀ ਉਨ੍ਹਾਂ ਨੇ ਦੁਸ਼ਮਣ ਅਤੇ ਇਸ ਦੀ ਹਮਲਾਵਰ ਫੌਜੀ ਸਮਰੱਥਾ ਨੂੰ ਘੱਟ ਸਮਝਿਆ। ਪਰ ਆਉਣ ਵਾਲੇ ਦਿਨਾਂ ਵਿੱਚ, ਜਦੋਂ ਇਜ਼ਰਾਈਲ ਰੱਖਿਆ ਬਲਾਂ ’ਤੇ ਡੂੰਘਾਈ ਨਾਲ ਨਜ਼ਰ ਮਾਰੀ ਜਾਵੇਗੀ ਅਤੇ ਖੁਫ਼ੀਆ ਅਸਫਲਤਾਵਾਂ ਸਾਹਮਣੇ ਆਉਣਗੀਆਂ, ਤਾਂ ਨੇਤਨਯਾਹੂ ਨੂੰ ਬਦਲਣ ਅਤੇ ਸਥਿਤੀ ਦਾ ਮੁਲਾਂਕਣ ਕਰਨ ਦੀ ਜਾਇਜ਼ ਮੰਗ ਜ਼ਰੂਰ ਉੱਠੇਗੀ।

ਹਮਾਸ ਨਾਲ ਲੜਾਈ ਵਿੱਚ ਨਾਗਰਿਕ, ਸੈਨਿਕ ਅਤੇ ਐਮਰਜੈਂਸੀ ਸੇਵਾ ਕਰਮਚਾਰੀ ਮਾਰੇ ਗਏ ਸਨ। ਇਜ਼ਰਾਈਲ ਦੇ ਸਰਹੱਦੀ ਸ਼ਹਿਰ ਸਡੇਰੋਟ ਵਿੱਚ ਲਾਸ਼ਾਂ ਦਾ ਢੇਰ ਲੱਗਾ ਹੋਇਆ ਹੈ। 100 ਤੋਂ ਵੱਧ ਇਜ਼ਰਾਈਲੀ ਹੁਣ ਗ਼ਾਜ਼ਾ ਪੱਟੀ ਵਿੱਚ ਕੋਠੜੀਆਂ ਅਤੇ ਸੁਰੰਗਾਂ ਵਿੱਚ ਭਿਆਨਕ ਡਰ ਨਾਲ ਕੈਦ ਹਨ। ਉਸ ਦੀ ਆਲੋਚਨਾ ਕਰਦੇ ਹੋਏ, ਹਾਰੇਟਜ਼ ਲਿਖਦਾ ਹੈ ਕਿ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਬੀਤੇ ਦਿਨੀਂ ਆਪਣੇ ਭਾਸ਼ਣ ਵਿੱਚ ਸਹੁੰ ਖਾਧੀ ਸੀ ਕਿ ਅਸੀਂ ਦੁਸ਼ਮਣ ਨਾਲ ਜੋ ਕਰਦੇ ਹਾਂ ਉਹ ਪੀੜ੍ਹੀਆਂ ਤੱਕ ਗੂੰਜਦਾ ਰਹੇਗਾ।




ਇਸ ਦੀ ਬਜਾਏ, ਉਨ੍ਹਾਂ ਨੂੰ 1983 ਦੇ ਮੇਨਾਕੇਮ ਬੇਗਿਨ ਦੇ ਮਸ਼ਹੂਰ ਕਥਨ, ‘ਮੈਂ ਅੱਗੇ ਨਹੀਂ ਜਾ ਸਕਦਾ’ ਨੂੰ ਅਪਣਾ ਲੈਣਾ ਚਾਹੀਦਾ ਸੀ, ਜੋ ਇਹ ਸੋਚਦਾ ਸੀ ਕਿ ਇਜ਼ਰਾਈਲ ਨੇ ਪਹਿਲੇ ਲੇਬਨਾਨ ਯੁੱਧ ਦੌਰਾਨ ਲੇਬਨਾਨ ਨਾਲ ਜੋ ਕੀਤਾ ਸੀ ਉਸ ਦਾ ਪ੍ਰਭਾਵ ਪੀੜ੍ਹੀਆਂ ਤੱਕ ਰਹੇਗਾ।

ਮੇਨਾਕੇਮ ਬੇਗਿਨ ਨੇ ਉਸ ਯੁੱਧ ਦੇ ਦੌਰਾਨ ਅਸਤੀਫ਼ਾ ਦੇ ਦਿੱਤਾ ਸੀ ਅਤੇ ਯਿਤਜ਼ਾਕ ਸ਼ਮੀਰ ਨੇ ਉਸ ਦੀ ਥਾਂ ਲੈ ਲਈ। ਮੇਨਾਚੇਮ ਬੇਗਿਨ ਦੇ ਨਾਲ, ਇਹ ਝੂਠ ਵੀ ਖਤਮ ਹੋ ਗਿਆ ਕਿ ਤੁਸੀਂ ਯੁੱਧ ਦੌਰਾਨ ਪ੍ਰਧਾਨ ਮੰਤਰੀ ਦੀ ਥਾਂ ਨਹੀਂ ਲੈ ਸਕਦੇ ਹੋ।

ਹਾਰੇਟਜ਼ ਨੇ ਲਿਖਿਆ - ਅਤੀਤ ਵਿੱਚ, ਨੇਤਨਯਾਹੂ ਨੇ ਆਪਣੇ ਆਪ ਨੂੰ ਇੱਕ ਸਾਵਧਾਨ ਨੇਤਾ ਵਜੋਂ ਪ੍ਰਚਾਰਿਆ ਸੀ ਜੋ ਯੁੱਧ ਤੇ ਇਜ਼ਰਾਈਲੀ ਲੋਕਾਂ ਦਾ ਖ਼ੂਨ-ਖ਼ਰਾਬਾ ਨਹੀਂ ਚਾਹੁੰਦਾ ਸੀ। ਪਰ ਪਿਛਲੀਆਂ ਚੋਣਾਂ ਵਿੱਚ ਆਪਣੀ ਜਿੱਤ ਤੋਂ ਬਾਅਦ, ਉਸਨੇ ਇਸ ਸਾਵਧਾਨੀ ਨੂੰ ‘ਪੂਰੀ ਤਰ੍ਹਾਂ ਸੱਜੇ-ਪੱਖੀ ਸਰਕਾਰ’ ਦੀ ਨੀਤੀ ਵਿੱਚ ਬਦਲ ਦਿੱਤਾ। ਫਿਰ ਉਸ ਨੇ ਓਸਲੋ-ਪਰਿਭਾਸ਼ਿਤ ਖੇਤਰ ਦੇ ਕੁਝ ਹਿੱਸਿਆਂ ਵਿੱਚ ਫਲਸਤੀਨੀਆਂ ਨੂੰ ਖਤਮ ਕਰਦੇ ਹੋਏ ਪੱਛਮੀ ਕੰਢੇ ਵਿੱਚ ਇੱਕ ਹਮਲਾ ਸ਼ੁਰੂ ਕੀਤਾ। ਬਾਅਦ ਵਿੱਚ ਹੇਬਰੋਨ ਪਹਾੜੀਆਂ ਅਤੇ ਜਾਰਡਨ ਘਾਟੀ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਗਿਆ।

ਨੇਤਨਯਾਹੂ ਦੀਆਂ ਨੀਤੀਆਂ ਵਿੱਚ ਯਹੂਦੀ ਬਸਤੀਆਂ ਦਾ ਵੱਡੇ ਪੱਧਰ ’ਤੇ ਵਿਸਥਾਰ ਕਰਨਾ ਅਤੇ ਅਲ-ਅਕਸਾ ਮਸਜਿਦ ਦੇ ਨੇੜੇ ਟੈਂਪਲ ਮਾਉਂਟ ’ਤੇ ਯਹੂਦੀਆਂ ਦੀ ਮੌਜੂਦਗੀ ਨੂੰ ਵਧਾਉਣਾ ਵੀ ਸ਼ਾਮਲ ਹੈ। ਇਸ ਤੋਂ ਬਾਅਦ ਸਾਊਦੀ ਅਰਬ ਨਾਲ ਸ਼ਾਂਤੀ ਸਮਝੌਤੇ ਦਾ ਦਾਅਵਾ ਕੀਤਾ ਗਿਆ। ਅਜਿਹਾ ਸਮਝੌਤਾ, ਜਿਸ ਵਿੱਚ ਫਲਸਤੀਨੀਆਂ ਨੂੰ ਕੁਝ ਨਹੀਂ ਮਿਲੇਗਾ। ਉਸ ਦੀ ਅਗਵਾਈ ਵਿੱਚ ਇੱਕ ‘ਦੂਜੇ ਨਕਬਾ’ ਦੀਆਂ ਗੱਲਾਂ ਹੋਣ ਲੱਗੀਆਂ। ਜਿਵੇਂ ਕਿ ਉਮੀਦ ਕੀਤੀ ਗਈ ਸੀ, ਸਭ ਤੋਂ ਪਹਿਲਾਂ ਪੱਛਮੀ ਕੰਢੇ ਵਿੱਚ ਤਣਾਅ ਫੈਲਣ ਦੇ ਸੰਕੇਤ ਮਿਲੇ ਸਨ, ਜਿੱਥੋਂ ਫਲਸਤੀਨੀਆਂ ਉਪਰ ਕਬਜ਼ਾਧਾਰੀ ਇਜ਼ਰਾਈਲ ਦੀਆਂ ਵੱਡੀਆਂ ਕਾਰਵਾਈਆਂ ਹੋਣ ਲੱਗੀਆਂ ਸਨ। ਬੀਤੇ ਸ਼ਨੀਵਾਰ ਨੂੰ ਹਮਾਸ ਨੇ ਇਸ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਆਪਣਾ ਹੈਰਾਨੀਜਨਕ ਹਮਲਾ ਕੀਤਾ ਸੀ।

ਇਜ਼ਰਾਈਲੀ ਅਖ਼ਬਾਰ ਹਾਰੇਟਜ਼ ਦਾ ਕਹਿਣਾ ਹੈ ਕਿ ਨੇਤਨਯਾਹੂ ਹੁਣ ਆਪਣੀ ਤੁਲਨਾ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਨਸਕੀ ਨਾਲ ਕਰ ਰਿਹਾ ਹੈ, ਜੋ ਇੱਕ ਸੱਚਾ ਨੇਤਾ ਹੈ, ਜਿਸ ਨੇ ਇੱਕ ਮਹਾਂਸ਼ਕਤੀ ਦੇ ਹਮਲੇ ਵਿਰੁੱਧ ਬਹਾਦਰੀ ਨਾਲ ਜੂਝਿਆ ਹੈ। ਨੇਤਨਯਾਹੂ ਨੇ ਇਸ ਹਫ਼ਤੇ ਇਜ਼ਰਾਈਲ ’ਤੇ ਹਮਲਾ ਕਰਨ ਵਾਲੇ ਦੁਸ਼ਮਣ ਦਾ ਪਾਲਣ ਪੋਸ਼ਣ ਕਰਨ ਲਈ ਕਈ ਸਾਲ ਬਿਤਾਏ ਹਨ।

ਅਖ਼ਬਾਰ ਹਾਰੇਟਜ਼ ਇਜ਼ਰਾਈਲ ਦੇ ਪ੍ਰਧਾਨ ਮੰਤਰੀ ’ਤੇ ਗੰਭੀਰ ਦੋਸ਼ ਲਗਾਉਂਦੇ ਹੋਏ ਕਹਿੰਦਾ ਹੈ ਕਿ ਇਜ਼ਰਾਈਲ ਦੀ ਅਗਵਾਈ ਹੁਣ ਇੱਕ ਭ੍ਰਿਸ਼ਟ ਤੇ ਅਪਰਾਧੀ ਨੇਤਾ ਦੇ ਹੱਥਾਂ ਵਿੱਚ ਹੈ ਜੋ ਕੁਝ ਸਮੇਂ ਪਹਿਲਾਂ ਆਪਣੇ ਉਪਰ ਲਗੇ ਭ੍ਰਿਸ਼ਟ ਦੋਸ਼ਾਂ ਉਪਰ ਮਿੱਟੀ ਪਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਕਰ ਰਿਹਾ ਸੀ। ਇਸ ਜੰਗ ਦੇ ਸ਼ੁਰੂ ਹੋਣ ਤੋਂ ਕੁਝ ਸਮਾਂ ਪਹਿਲਾਂ ਅਦਾਲਤ ਦੇ ਕਟਹਿਰੇ ਵਿੱਚ ਨੇਤਨਯਾਹੂ ਦੇ ਸਿਆਸੀ ਬਚਾਅ ਲਈ ਲੜਾਈ ਲੜੀ ਜਾ ਰਹੀ ਸੀ। ਸੁਪਰੀਮ ਕੋਰਟ ਇਸ ਗੱਲ ’ਤੇ ਚਰਚਾ ਕਰ ਰਹੀ ਸੀ ਕਿ ਕੀ ਉਸ ਨੂੰ ਅਯੋਗ ਕਰਾਰ ਦੇਣਾ ਸੰਭਵ ਹੈ । ਉਸਨੇ ਪੱਛਮੀ ਸਰਕਾਰਾਂ ਨੂੰ ਆਪਣੇ ਵਿਰੁੱਧ ਕਰ ਦਿੱਤਾ ਹੈ ਅਤੇ ਅਮਰੀਕੀ ਪ੍ਰਸ਼ਾਸਨ ਨਾਲ ਸਬੰਧ ਕਮਜ਼ੋਰ ਕੀਤੇ ਹਨ। ਉਸਨੇ ਫੌਜ, ਸ਼ਿਨ ਬੇਟ ਸੁਰੱਖਿਆ ਸੇਵਾ ਅਤੇ ਬਹੁਗਿਣਤੀ ਆਬਾਦੀ ਨੂੰ ਲੋਕਾਂ ਦੇ ਦੁਸ਼ਮਣਾਂ ਵਜੋਂ ਚਿੰਨਿਤ ਕੀਤਾ ਹੈ। ਨੇਤਨਯਾਹੂ ਹੁਣ ਦੇਸ਼ ਨੂੰ ਇੱਕ ਯੁੱਧ ਵਲ ਲਿਜਾ ਰਿਹਾ ਹੈ ਜਿਸ ਦੇ ਸਹੀ ਟੀਚਿਆਂ ਨੂੰ ਕੋਈ ਨਹੀਂ ਜਾਣਦਾ, ਨਤੀਜੇ ਤਾਂ ਦੂਰ ਦੀ ਗਲ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਹਾਲ ਹੀ ਦੇ ਸਾਲਾਂ ਵਿੱਚ ਇਜ਼ਰਾਈਲ ਉੱਤੇ ਜੋ ਖ਼ਤਰਾ ਮੰਡਰਾ ਰਿਹਾ ਸੀ, ਉਹ ਸਾਹਮਣੇ ਆ ਗਿਆ ਹੈ। ਭ੍ਰਿਸ਼ਟਾਚਾਰ ਦੇ ਤਿੰਨ ਮਾਮਲਿਆਂ ਵਿੱਚ ਦੋਸ਼ੀ ਠਹਿਰਾਇਆ ਗਿਆ ਪ੍ਰਧਾਨ ਮੰਤਰੀ ਦੇਸ਼ ਦੇ ਮਾਮਲਿਆਂ ਨੂੰ ਨਹੀਂ ਦੇਖ ਸਕਦਾ। ਉਸ ਨੂੰ ਰਾਸ਼ਟਰ ਹਿੱਤ ਦੇ ਨਾਂ ’ਤੇ ਸੰਭਾਵੀ ਸਜ਼ਾ ਅਤੇ ਜੇਲ੍ਹ ਤੋਂ ਬਚਾਇਆ ਨਹੀਂ ਜਾ ਸਕਦਾ।

ਅਖ਼ਬਾਰ ਲਿਖਦਾ ਹੈ ਕਿ ਉਸ ਨੂੰ ਸੱਤਾ ਦੇਣ ਵਾਲੇ ਲੱਖਾਂ ਵੋਟਰਾਂ ਨੇ ਆਪਣੇ ਰਿਸ਼ਤੇਦਾਰ ਗੁਆ ਦਿੱਤੇ ਹਨ। ਉਹ ਘੰਟਿਆਂ ਬੱਧੀ ਸੁਰੱਖਿਅਤ ਕਮਰਿਆਂ ਵਿੱਚ ਬੰਦ ਰਹੇ, ਹੈਰਾਨ ਅਤੇ ਡਰੇ ਹੋਏ ਸਨ। ਉਨ੍ਹਾਂ ਨੂੰ ਨਹੀਂ ਪਤਾ ਕਿ ਉਨ੍ਹਾਂ ਦੇ ਅਜ਼ੀਜ਼ਾਂ ਦਾ ਕੀ ਹੋਇਆ, ਜਿਨ੍ਹਾਂ ਨੂੰ ਹਮਾਸ ਨੇ ਬੰਧਕ ਬਣਾ ਲਿਆ ਹੈ। ਅਖ਼ਬਾਰ ਇਹ ਸਵਾਲ ਪੁੱਛਦਾ ਹੈ ਕਿ ਕੀ ਉਹਨਾਂ ਵੋਟਰਾਂ ਦੀ ਵੋਟ ਉਹਨਾਂ ਨੂੰ ਇਜ਼ਰਾਈਲ ਨੂੰ ਇੱਕ ਅਜਿਹੀ ਜੰਗ ਵਿੱਚ ਲਿਜਾਉਣ ਦਾ ਵਿਸ਼ੇਸ਼, ਪੂਰਨ, ਅਟੱਲ ਅਧਿਕਾਰ ਦਿੰਦੀ ਹੈ ਜਿਸ ਦਾ ਅੰਤ ਉਹਨਾਂ ਨੂੰ ਪਤਾ ਵੀ ਨਹੀਂ ਹੁੰਦਾ, ਜਿਸ ਵਿੱਚ ਕੋਈ ਯੋਜਨਾ ਅਤੇ ਕੋਈ ਟੀਚਾ ਨਹੀਂ ਹੈ।

# ਗਾਜ਼ਾ ਦੇ ਹਸਪਤਾਲ ’ਚ ਧਮਾਕਾ, 500 ਤੋਂ ਵੱਧ ਲੋਕਾਂ ਦੀ ਮੌਤ

ਖਾਨ ਯੂਨਿਸ/ਗਾਜ਼ਾ ਪੱਟੀ/ ਏ.ਟੀ.ਨਿਊਜ਼ :- ਗਾਜ਼ਾ ਦੇ ਇੱਕ ਹਸਪਤਾਲ ਵਿੱਚ ਹੋਏ ਜ਼ਬਰਦਸਤ ਧਮਾਕੇ ਵਿੱਚ ਸੈਂਕੜੇ ਲੋਕਾਂ ਦੀ ਮੌਤ ਹੋ ਗਈ। ਇਹ ਹਸਪਤਾਲ ਪਹਿਲਾਂ ਹੀ ਜ਼ਖ਼ਮੀ ਮਰੀਜ਼ਾਂ ਨਾਲ ਭਰਿਆ ਹੋਇਆ ਸੀ ਅਤੇ ਹੋਰ ਫਲਸਤੀਨੀ ਨਾਗਰਿਕਾਂ ਨੇ ਵੀ ਇੱਥੇ ਪਨਾਹ ਲਈ ਹੋਈ ਸੀ। ਹਮਾਸ ਵੱਲੋਂ ਚਲਾਏ ਜਾ ਰਹੇ ਸਿਹਤ ਮੰਤਰਾਲਾ ਨੇ ਇਹ ਜਾਣਕਾਰੀ ਦਿੱਤੀ। ਹਮਾਸ ਨੇ ਇਸ ਨੂੰ ਇਜ਼ਰਾਇਲੀ ਹਵਾਈ ਹਮਲਾ ਦੱਸਿਆ ਹੈ, ਜਦਕਿ ਇਜ਼ਰਾਇਲੀ ਫੌਜ ਨੇ ਦੋਸ਼ ਲਾਇਆ ਹੈ ਕਿ ਇਹ ਧਮਾਕਾ ਫਲਸਤੀਨੀ ਅੱਤਵਾਦੀਆਂ ਵੱਲੋਂ ਦਾਗੇ ਗਏ ਰਾਕੇਟ ਦੇ ਆਪਣੇ ਨਿਸ਼ਾਨੇ ਤੋਂ ਖੁੰਝਣ ਕਾਰਨ ਹੋਇਆ ਹੈ। ਮੰਤਰਾਲਾ ਨੇ ਕਿਹਾ ਕਿ ਘੱਟੋ-ਘੱਟ 500 ਲੋਕ ਮਾਰੇ ਗਏ ਹਨ।





ਹਸਪਤਾਲ ਵਿਚ ਹੋਏ ਧਮਾਕੇ ਕਾਰਨ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਦੀ ਪੱਛਮੀ ਏਸ਼ੀਆ ਦੀ ਯਾਤਰਾ ਰੱਦ ਕਰ ਦਿੱਤੀ ਗਈ ਹੈ। ਬਾਈਡੇਨ ਦੇ ਦੌਰੇ ਨਾਲ ਜੰਗ ਤੋਂ ਪੈਦਾ ਹੋਏ ਸੰਕਟ ਦੇ ਹੱਲ ਦੀ ਉਮੀਦ ਸੀ। ਜਾਰਡਨ ਦੇ ਵਿਦੇਸ਼ ਮੰਤਰਾਲਾ ਨੇ ਕਿਹਾ ਕਿ ਉਨ੍ਹਾਂ ਦੇ ਦੇਸ਼ ਨੇ ਬੁੱਧਵਾਰ ਨੂੰ ਅੱਮਾਨ ਵਿੱਚ ਹੋਣ ਵਾਲੇ ਖੇਤਰੀ ਸੰਮੇਲਨ ਨੂੰ ਰੱਦ ਕਰ ਦਿੱਤਾ ਹੈ, ਜਿਸ ਵਿਚ ਬਾਈਡੇਨ ਜਾਰਡਨ ਦੇ ਸ਼ਾਹ ਅਬਦੁੱਲਾ ੭੭, ਫਲਸਤੀਨੀ ਰਾਸ਼ਟਰਪਤੀ ਮਹਿਮੂਦ ਅੱਬਾਸ ਅਤੇ ਮਿਸਰ ਦੇ ਰਾਸ਼ਟਰਪਤੀ ਅਬਦੇਲ ਫਤਾਹ ਅਲ-ਸੀਸੀ ਨਾਲ ਮੁਲਾਕਾਤ ਕਰਨ ਵਾਲੇ ਸਨ। ਜਾਰਡਨ ਦੇ ਵਿਦੇਸ਼ ਮੰਤਰੀ ਏਮਨ ਸਫਾਦੀ ਨੇ ਸਰਕਾਰੀ ਟੈਲੀਵਿਜ਼ਨ ਨੂੰ ਦੱਸਿਆ ਕਿ ਇਜ਼ਰਾਈਲ ਅਤੇ ਹਮਾਸ ਵਿਚਕਾਰ ਜੰਗ ਨੇ ‘ਖੇਤਰ ਨੂੰ ਸੰਕਟ ਦੇ ਕੰਢੇ ’ਤੇ ਧੱਕ ਦਿੱਤਾ ਹੈ।‘

ਉਨ੍ਹਾਂ ਕਿਹਾ ਕਿ ਜਾਰਡਨ ਸਿਖ਼ਰ ਸੰਮੇਲਨ ਦਾ ਆਯੋਜਨ ਤਾਂ ਹੀ ਕਰੇਗਾ ਜੇਕਰ ਸਾਰੇ ਇਸ ਗੱਲ ’ਤੇ ਸਹਿਮਤ ਹੋਣਗੇ ਕਿ ਇਸਦਾ ਉਦੇਸ਼ ‘ਜੰਗ ਨੂੰ ਰੋਕਣਾ‘, ਫਿਲਸਤੀਨੀਆਂ ਦੀ ਮਨੁੱਖਤਾ ਦਾ ਸਤਿਕਾਰ ਕਰਨਾ ਅਤੇ ਉਹਨਾਂ ਨੂੰ ਉਹ ਸਹਾਇਤਾ ਪ੍ਰਦਾਨ ਕਰਨਾ ਹੋਵੇਗਾ, ਜਿਸ ਦੇ ਉਹ ਹੱਕਦਾਰ ਹਨ। ਵ੍ਹਾਈਟ ਹਾਊਸ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਬਾਈਡੇਨ ਹੁਣ ਸਿਰਫ਼ ਇਜ਼ਰਾਈਲ ਦਾ ਦੌਰਾ ਕਰਨਗੇ। ਅਲ-ਅਹਲੀ ਹਸਪਤਾਲ ’ਚ ਧਮਾਕੇ ਤੋਂ ਬਾਅਦ ਚਾਰੇ ਪਾਸੇ ਦਿਲ ਦਹਿਲਾ ਦੇਣ ਵਾਲਾ ਮੰਜ਼ਰ ਦੇਖਣ ਨੂੰ ਮਿਲਿਆ। ਇਸ ਨਾਲ ਸਬੰਧਤ ਇਕ ਵੀਡੀਓ ਵਿਚ ਚਾਰੇ ਪਾਸੇ ਖਿੱਲਰੀਆਂ ਲਾਸ਼ਾਂ ਦਿਖਾਈ ਦੇ ਰਹੀਆਂ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਬੱਚਿਆਂ ਦੀਆਂ ਸਨ। ਚਾਰੇ ਪਾਸੇ ਕੰਬਲ, ਬੱਚਿਆਂ ਦੇ ਸਕੂਲ ਬੈਗ ਅਤੇ ਹੋਰ ਸਾਮਾਨ ਖਿੱਲਰਿਆ ਨਜ਼ਰ ਆਇਆ। ਹਮਾਸ ਨੇ ਮੰਗਲਵਾਰ ਦੇ ਹਸਪਤਾਲ ਵਿੱਚ ਹੋਏ ਧਮਾਕੇ ਨੂੰ ‘ਬਹੁਤ ਭਿਆਨਕ ਕਤਲੇਆਮ‘ ਦੱਸਿਆ ਅਤੇ ਕਿਹਾ ਕਿ ਇਹ ਇਜ਼ਰਾਈਲੀ ਹਮਲੇ ਕਾਰਨ ਹੋਇਆ।

ਇਜ਼ਰਾਇਲੀ ਫੌਜ ਨੇ ਇਸ ਲਈ ਇਸਲਾਮਿਕ ਜੇਹਾਦ ਨੂੰ ਜ਼ਿੰਮੇਵਾਰ ਠਹਿਰਾਇਆ ਹੈ ਅਤੇ ਹਮਾਸ ਲਈ ਕੰਮ ਕਰ ਰਹੇ ਕੱਟੜਪੰਥੀ ਫਲਸਤੀਨੀ ਅੱਤਵਾਦੀ ਸਮੂਹ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਫੌਜ ਨੇ ਕਿਹਾ ਕਿ ਇਸਲਾਮਿਕ ਜੇਹਾਦ ਦੇ ਅੱਤਵਾਦੀਆਂ ਨੇ ਹਸਪਤਾਲ ਦੇ ਨੇੜੇ ਕਈ ਰਾਕੇਟ ਦਾਗੇ ਅਤੇ ‘ਕਈ ਸੂਤਰਾਂ ਤੋਂ ਮਿਲੀ ਖੁਫੀਆ ਜਾਣਕਾਰੀ‘ ਤੋਂ ਸੰਕੇਤ ਮਿਲਦਾ ਹੈ ਕਿ ਸੰਗਠਨ ਇਸ ਘਟਨਾ ਲਈ ਜ਼ਿੰਮੇਵਾਰ ਹੈ। ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਫੌਜ ਦੇ ਮੁੱਖ ਬੁਲਾਰੇ ਰੀਅਰ ਐਡਮਿਰਲ ਡੈਨੀਅਲ ਹਾਗਰੀ ਨੇ ਕਿਹਾ ਕਿ ਫੌਜ ਨੂੰ ਇਹ ਪਤਾ ਲੱਗਾ ਹੈ ਕਿ ਧਮਾਕੇ ਦੇ ਸਮੇਂ ਖੇਤਰ ਵਿੱਚ ਕੋਈ ਹਵਾਈ, ਜ਼ਮੀਨੀ ਜਾਂ ਜਲ ਸੈਨਾ ਹਮਲਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਰਾਡਾਰ ਨੇ ਧਮਾਕੇ ਦੇ ਸਮੇਂ ਇੱਕ ਰਾਕੇਟ ਦਾ ਪਤਾ ਲਗਾਇਆ ਅਤੇ ਅੱਤਵਾਦੀ ਸਮੂਹਾਂ ਵਿਚਕਾਰ ਹੋਏ ਸੰਚਾਰ ਤੋਂ ਸੰਕੇਤ ਮਿਲਦਾ ਹੈ ਕਿ ਇਸਲਾਮਿਕ ਜੇਹਾਦ ਨੇ ਰਾਕੇਟ ਦਾਗੇ ਸਨ।

ਸੈਂਕੜੇ ਫਲਸਤੀਨੀਆਂ ਨੇ ਗਾਜ਼ਾ ਸ਼ਹਿਰ ਦੇ ਅਲ-ਅਹਲੀ ਅਤੇ ਹੋਰ ਹਸਪਤਾਲਾਂ ਵਿੱਚ ਸ਼ਰਨ ਲਈ ਸੀ। ਉਨ੍ਹਾਂ ਨੂੰ ਉਮੀਦ ਸੀ ਕਿ ਇੱਥੇ ਸ਼ਰਨ ਲੈ ਕੇ ਉਹ ਬੰਬ ਧਮਾਕੇ ਤੋਂ ਬਚ ਜਾਣਗੇ। ਅਲ-ਸ਼ਿਫਾ ਹਸਪਤਾਲ ਦੇ ਡਾਇਰੈਕਟਰ ਮੁਹੰਮਦ ਅਬੂ ਸੇਲਮੀਆ ਨੇ ਕਿਹਾ ਕਿ ਲਗਭਗ 350 ਜ਼ਖ਼ਮੀਆਂ ਨੂੰ ਐਂਬੂਲੈਂਸਾਂ ਅਤੇ ਨਿੱਜੀ ਕਾਰਾਂ ਵਿੱਚ ਅਲ-ਅਹਲੀ ਤੋਂ ਗਾਜ਼ਾ ਸਿਟੀ ਦੇ ਮੁੱਖ ਹਸਪਤਾਲ ਅਲ-ਸ਼ਿਫਾ ਵਿੱਚ ਲਿਆਂਦਾ ਗਿਆ, ਜਿੱਥੇ ਪਹਿਲਾਂ ਹੀ ਹਮਲੇ ਵਿੱਚ ਜ਼ਖ਼ਮੀ ਹੋਏ ਲੋਕਾਂ ਦੀ ਗਿਣਤੀ ਜ਼ਿਆਦਾ ਹੈ।

# ਰਾਜਨੀਤੀ ਬਨਾਮ ਵਿਸ਼ਵ

## ਰਾਜਨੀਤੀ ਦਾ ਅਖਾੜਾ ਬਣੀ ਪੂਰੀ ਦੁਨੀਆਂ



ਅੱਜ ਦੇ ਆਧੁਨਿਕ ਸਮੇਂ ਵਿੱਚ ਦੁਨੀਆਂ ਇੱਕ ਗਲੋਬਲ ਪਿੰਡ ਬਣ ਚੁੱਕੀ ਹੈ ਅਤੇ ਇਸੇ ਕਾਰਨ ਦੁਨੀਆਂ ਦੇ ਕਿਸੇ ਵੀ ਇਲਾਕੇ ਵਿੱਚ ਵਾਪਰੀ ਕੋਈ ਵੀ ਘਟਨਾ ਮਿੰਟਾਂ ਵਿੱਚ ਹੀ ਪੂਰੀ ਦੁਨੀਆਂ ਵਿੱਚ ਫੈਲ ਚੁੱਕੀ ਹੈ। ਇਸ ਤੋਂ ਇਲਾਵਾ ਵੱਖ ਵੱਖ ਇਲਾਕਿਆਂ ਵਿੱਚ ਵਾਪਰਦੀਆਂ ਘਟਨਾਵਾਂ ਦਾ ਅਸਰ ਅਕਸਰ ਪੂਰੀ ਦੁਨੀਆਂ ਵਿੱਚ ਹੀ ਹੁੰਦਾ ਹੈ। ਅਸਲੀਅਤ ਤਾਂ ਇਹ ਹੈ ਕਿ ਪੂਰੀ ਦੁਨੀਆਂ ਰਾਜਨੀਤੀ ਦਾ ਇੱਕ ਅਖਾੜਾ ਬਣ ਚੁੱਕੀ ਹੈ। ਜਿੰਦਗੀ ਦੇ ਵੱਖ ਵੱਖ ਖੇਤਰਾਂ 'ਚ ਰਾਜਨੀਤੀ ਦੀ ਖੇਡ ਖੇਡੀ ਜਾ ਰਹੀ ਹੈ। ਪੂਰੇ ਸੰਸਾਰ ਵਿੱਚ ਹੀ ਮਹਾਂ ਸ਼ਕਤੀਆਂ ਅਤੇ ਤਾਕਤਵਰ ਧਿਰਾਂ ਕਈ ਤਰਾਂ ਦੀਆਂ ਸਿਆਸੀ ਖੇਡਾਂ ਅਤੇ ਆਪਣੇ ਮੁਨਾਫ਼ੇ ਵਾਲੀਆਂ ਖੇਡਾਂ ਖੇਡ ਰਹੀਆਂ ਹਨ।

ਗਲ ਸ਼ੁਰੂ ਕਰਦੇ ਹਾਂ ਭਾਰਤ ਤੋਂ ਤਾਂ ਇਸ ਸਮੇਂ ਭਾਰਤ ਦੇ ਵੱਖ ਵੱਖ ਰਾਜਾਂ ਵਿੱਚ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ ਅਤੇ ਉਸ ਤੋਂ ਬਾਅਦ ਲੋਕ ਸਭਾ ਚੋਣਾਂ ਦੌਰਾਨ ਸਿਆਸੀ ਪਾਰਟੀਆਂ ਨੇ ਮੁੜ ਜਨਤਾ ਦੇ ਸਾਹਮਣੇ ਜਾਣਾ ਹੈ। ਦੇਸ਼ ਦੇ ਸਿਆਸੀ ਮਾਹੌਲ ਵਿੱਚ ਬਾਕੀ ਸਾਰੀਆਂ ਚਿੰਤਾਵਾਂ ਤੋਂ ਉਪਰ ਸਭ ਤੋਂ ਵੱਡੀ ਚਿੰਤਾ ਚੋਣਾਂ ਦੀ ਜਾਪਦੀ ਹੈ। ਜਿਹੜੇ ਲੋਕ ਸੱਤਾ ਵਿੱਚ ਹਨ, ਉਹ ਕਿਸੇ ਵੀ ਤਰੀਕੇ ਨਾਲ ਇਸ ਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਨਹੀਂ ਹਨ, ਉਨ੍ਹਾਂ ਦਾ ਸਾਰਾ ਧਿਆਨ ਕਿਸੇ ਨਾ ਕਿਸੇ ਤਰੀਕੇ ਨਾਲ ਸੱਤਾ ਵਿੱਚ ਵਾਪਸੀ 'ਤੇ ਹੈ।

ਸਾਡੇ ਪੱਤਰਕਾਰ ਭਰਾ ਵੀ ਪਿਛਲੇ ਕਈ ਸਾਲਾਂ ਤੋਂ ਪੱਤਰਕਾਰੀ ਦੀ ਸ਼ਾਨਦਾਰ ਖੇਡ ਖੇਡ ਰਹੇ ਹਨ। ਜਿਹੜੇ ਲੋਕ ਮਨੀਪੁਰ ਜਾ ਕੇ ਜ਼ਮੀਨੀ ਹਕੀਕਤ ਦਾ ਪਤਾ ਨਹੀਂ ਲਗਾ ਸਕੇ, ਉਹ ਦਿਨ ਰਾਤ ਇਜ਼ਰਾਈਲ ਦੀ ਰਿਪੋਰਟਿੰਗ ਕਰ ਰਹੇ ਹਨ। ਉਨ੍ਹਾਂ ਨੂੰ ਇਸ ਖੇਡ ਲਈ ਪ੍ਰਧਾਨ ਮੰਤਰੀ ਤੋਂ ਪ੍ਰੇਰਨਾ ਜ਼ਰੂਰ ਮਿਲੀ ਹੋਵੇਗੀ। ਜਿਸ ਨੇ ਮਨੀਪੁਰ 'ਤੇ ਦੋ ਲਾਈਨਾਂ ਕਹਿਣ ਲਈ ਤਿੰਨ ਮਹੀਨਿਆਂ ਦਾ ਲੰਬਾ ਸਮਾਂ ਲਿਆ, ਪਰ ਇਜ਼ਰਾਈਲ 'ਤੇ ਹਮਲੇ ਦੀ ਖ਼ਬਰ ਸੁਣ ਕੇ ਹੈਰਾਨ ਕਰਨ ਵਾਲਾ ਟਵੀਟ ਕੀਤਾ। ਇਹ ਸਮਝਣਾ ਔਖਾ ਨਹੀਂ ਹੈ ਕਿ ਅਜਿਹੀ ਸੰਵੇਦਨਸ਼ੀਲਤਾ ਲਿਆਉਣ ਲਈ ਕਿਹੜੀ ਸਿਆਸੀ ਖੇਡ ਖੇਡੀ ਜਾ ਰਹੀ ਹੈ। ਪ੍ਰਧਾਨ ਮੰਤਰੀ ਨੇ ਹੁਣੇ ਹੀ ਕਿਹਾ ਹੈ ਕਿ ਭਾਰਤ ਇਜ਼ਰਾਈਲ ਦੇ ਨਾਲ ਹੈ। ਜੇਕਰ ਉਹ ਚਾਹੁੰਦਾ ਤਾਂ ਕਹਿ ਸਕਦਾ ਸੀ ਕਿ ਭਾਰਤ ਫ਼ਲਸਤੀਨ ਦੇ ਨਾਲ ਹੈ, ਭਾਰਤ ਮਨੁੱਖਤਾ ਦੇ ਨਾਲ ਹੈ। ਪਰ ਫਿਰ ਉਨ੍ਹਾਂ ਨੂੰ ਆਪਣੇ ਲਈ ਵੀ ਜਵਾਬ ਦੇਣਾ ਪਵੇਗਾ। ਇਸ ਖੇਡ ਦਾ ਸਭ ਤੋਂ ਵੱਡਾ ਖਿਡਾਰੀ ਅਮਰੀਕਾ ਸ਼ਾਇਦ ਯੁੱਧ ਦੀ ਇਸ ਪਾਰੀ ਨੂੰ ਲੰਮਾ ਕਰਨਾ ਚਾਹੁੰਦਾ ਹੈ ਤਾਂ ਕਿ ਹਥਿਆਰਾਂ ਦੀ ਵਿਕਰੀ ਵਧੇ ਅਤੇ ਉਸ ਦਾ ਮੁਨਾਫ਼ਾ ਵੀ ਵਧੇ। ਅਮਰੀਕਾ ਵੀ ਆਪਣੀ ਖੇਡ ਨੂੰ ਛੁਪਾਉਂਦਾ ਨਹੀਂ ਹੈ। ਜੇਕਰ ਯੂਕ੍ਰੇਨ ਆਪਣੀ ਆਜ਼ਾਦੀ ਲਈ ਲੜਦਾ ਹੈ ਤਾਂ ਉਹ ਉਸ ਦੇ ਨਾਲ ਹੈ ਅਤੇ ਜੇਕਰ ਫ਼ਲਸਤੀਨ ਆਪਣੀ ਆਜ਼ਾਦੀ ਦੀ ਗੱਲ ਕਰਦਾ ਹੈ ਤਾਂ ਉਹ ਅੱਤਵਾਦੀ ਹੈ, ਇਸ ਨੇ ਇਹ ਦੋਹਰਾ ਮਾਪਦੰਡ ਆਸਾਨੀ ਨਾਲ ਅਪਣਾ ਲਿਆ ਹੈ ਅਤੇ ਇਸ ਦੇ ਪੈਰੋਕਾਰ ਵੀ ਅਜਿਹਾ ਹੀ ਕਰ ਰਹੇ ਹਨ।





## ਕੀ ਅਮਰੀਕਾ ਨੂੰ ਹਰ ਯੁੱਧ ਨਾਲ ਹੁੰਦਾ ਹੈ ਫ਼ਾਇਦਾ?



ਅਮਰੀਕਾ ਵਿੱਚ ਹਥਿਆਰ ਬਣਾਉਣ ਦੇ ਵੱਡੇ ਵੱਡੇ ਕਾਰਖ਼ਾਨੇ ਅਤੇ ਫ਼ੈਕਟਰੀਆਂ ਹਨ, ਜਿਨ੍ਹਾਂ ਵਿੱਚ ਹਰ ਸਾਲ ਲੱਖਾਂ ਹਥਿਆਰ ਬਣਦੇ ਹਨ। ਇਹਨਾਂ ਕਾਰਖ਼ਾਨਿਆਂ ਅਤੇ ਫੈਕਟਰੀਆਂ ਨੇ ਆਪਣੇ ਹਥਿਆਰ ਵੀ ਵੇਚਣੇ ਹੁੰਦੇ ਹਨ। ਇਸੇ ਕਾਰਨ ਹੀ ਦੁਨੀਆਂ ਦੇ ਹਰ ਖੇਤਰ ਵਿੱਚ ਪੈਦਾ ਹੋਈ ਅਸ਼ਾਂਤੀ ਵਿੱਚ ਅਮਰੀਕਾ ਆਪਣਾ ਦਖ਼ਲ ਦਿੰਦਾ ਹੈ ਅਤੇ ਫਿਰ ਸ਼ਾਂਤੀ ਵਿਵਸਥਾ ਕਾਇਮ ਕਰਨ 'ਤੇ ਆਪਣੀ ਚਾਲ ਚੱਲਦਾ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਅਫ਼ਗਾਨਿਸਤਾਨ ਦੇ ਤਾਲਿਬਾਨੀਆਂ ਕੋਲ ਵੀ ਅਮਰੀਕੀ ਹਥਿਆਰ ਦਿਖਾਈ ਦੇ ਰਹੇ ਹਨ ਅਤੇ ਹਮਾਸ ਅੱਤਵਾਦੀਆਂ ਕੋਲ ਵੀ ਅਮਰੀਕੀ ਹਥਿਆਰ ਦਿਖਾਈ ਦੇ ਰਹੇ ਹਨ। ਇਸ ਤੋਂ ਇਲਾਵਾ ਰੂਸ ਅਤੇ ਯੂਕ੍ਰੇਨ ਵਿਚਾਲੇ ਯੁੱਧ ਦੌਰਾਨ ਅਮਰੀਕਾ ਵੱਲੋਂ ਯੂਕ੍ਰੇਨ ਦੀ ਭਰਵੀਂ ਮਦਦ ਕੀਤੀ ਜਾ ਰਹੀ ਹੈ ਅਤੇ ਯੂਕ੍ਰੇਨ ਵੱਲੋਂ ਵੀ ਅਮਰੀਕੀ ਹਥਿਆਰ ਵਰਤੇ ਜਾ ਰਹੇ ਹਨ। ਇਸ ਸਭ ਦਾ ਮਤਲਬ ਤਾਂ ਇਹ ਹੀ ਨਿਕਲਦਾ ਹੈ ਕਿ ਹਰ ਯੁੱਧ ਵਿੱਚ ਅਮਰੀਕਾ ਆਪਣੇ ਹਥਿਆਰ ਵੇਚ ਕੇ ਭਾਰੀ ਮੁਨਾਫ਼ਾ ਕਮਾ ਰਿਹਾ ਹੈ।

## ਪੂੰਜੀਵਾਦੀ ਸਿਸਟਮ ਦਾ ਬੋਲਬਾਲਾ

ਕਹਿਣ ਨੂੰ ਭਾਂਵੇਂ ਦੁਨੀਆਂ ਦੇ ਵੱਡੀ ਗਿਣਤੀ ਦੇਸ਼ਾਂ ਵਿੱਚ ਲੋਕਤੰਤਰ ਲਾਗੂ ਕੀਤਾ ਹੋਇਆ ਹੈ ਜਦੋਂਕਿ ਅਸਲੀਅਤ ਤਾਂ ਇਹ ਹੈ ਕਿ ਕਰੀਬ ਪੂਰੀ ਦੁਨੀਆਂ ਵਿੱਚ ਹੀ ਪੂੰਜੀਵਾਦੀ ਸਿਸਟਮ ਭਾਰੂ ਹੋ ਗਿਆ ਹੈ। ਕਿਹਾ ਤਾਂ ਇਹ ਵੀ ਜਾ ਰਿਹਾ ਹੈ ਕਿ ਹੁਣ ਪੂੰਜੀਵਾਦੀ ਸਿਸਟਮ ਦੇ ਸਹਾਰੇ ਹੀ ਦੁਨੀਆਂ ਚੱਲ ਰਹੀ ਹੈ। ਪੂੰਜੀਵਾਦੀ ਯੁੱਗ ਵਿੱਚ ਹਰ ਵਸਤੂ ਮੁੱਲ ਮਿਲ ਸਕਦੀ ਹੈ, ਸਿਰਫ਼ ਉਸ ਦੀ ਯੋਗ ਕੀਮਤ ਦੇਣੀ ਪੈਂਦੀ ਹੈ। ਇਸੇ ਕਾਰਨ ਅੱਜ ਵੱਖ ਵੱਖ ਦੇਸ਼ ਆਪਣਾ ਮਾਲ ਵੇਚਣ ਲਈ ਪੂੰਜੀਵਾਦੀ ਸਿਸਟਮ ਦਾ ਸਹਾਰਾ ਲੈਂਦੇ ਹਨ। ਹਰ ਦੇਸ਼ ਆਪਣੇ ਦੇਸ਼ ਵਿੱਚ ਬਣਦਾ ਅਤੇ ਤਿਆਰ ਹੁੰਦਾ ਮਾਲ ਵੇਚਣ ਲਈ ਰਾਜਨੀਤੀ ਦੀ ਖੇਡ ਖੇਡਦਾ ਹੈ, ਤਾਂ ਕਿ ਉਸ ਦਾ ਵਿੱਤੀ ਲਾਭ ਲੈ ਸਕੇ। ਜਿਵੇਂ ਕੁਝ ਮੁਲਕਾਂ ਵਿੱਚ ਕੀਵੀ ਫਲ ਬਹੁਤ ਹੁੰਦਾ ਹੈ, ਉਹਨਾਂ ਨੇ ਆਪਣਾ ਕੀਵੀ ਫਲ ਪੂਰੀ ਦੁਨੀਆਂ ਵਿੱਚ ਵੇਚਣ ਲਈ ਇਸ ਗੱਲ ਦਾ ਪ੍ਰਚਾਰ ਕੀਤਾ ਕਿ ਬੁਖ਼ਾਰ ਅਤੇ ਹੋਰ ਬਿਮਾਰੀਆਂ ਵਿੱਚ ਕੀਵੀ ਫਲ ਖਾਣਾਂ ਬਹੁਤ ਲਾਭਦਾਇਕ ਹੁੰਦਾ ਹੈ। ਇਸੇ ਕਾਰਨ ਹੁਣ ਪੂਰੀ ਦੁਨੀਆਂ ਵਿੱਚ ਜੋ ਵੀ ਵਿਅਕਤੀ ਬਿਮਾਰ ਹੁੰਦਾ ਹੈ, ਉਹ ਮਹਿੰਗੇ ਭਾਅ ਖਰੀਦ ਕੇ ਕੀਵੀ ਫਲ ਜ਼ਰੂਰ ਖਾਂਦਾ ਹੈ। ਇਸੇ ਤਰਾਂ ਹਰ ਦੇਸ਼ ਆਪਣੇ ਦੇਸ਼ ਵਿੱਚ ਪੈਦਾ ਹੁੰਦਾ ਹਰ ਤਰਾਂ ਦਾ ਖਾਣ ਪੀਣ ਦਾ ਸਮਾਨ ਦੁਨੀਆਂ ਵਿੱਚ ਵੇਚਣ ਲਈ ਹਰ ਹੀਲਾ ਵਰਤਦਾ ਹੈ, ਜਿਸ ਲਈ ਰਾਜਨੀਤੀ ਦੀ ਖੇਡ ਖੇਡੀ ਜਾਂਦੀ ਹੈ।

# ਅਮਰੀਕਾ ਖ਼ਬਰਨਾਮਾ

## ਸ਼ਹੀਦ ਕਰਤਾਰ ਸਿੰਘ ਸਰਾਭਾ ’ਤੇ ਬਣੀ ਫ਼ਿਲਮ ਸਰਾਭਾ ਦਾ ਟ੍ਰੇਲਰ ਫਰਿਜਨੋ ਵਿਖੇ ਰਿਲੀਜ਼




ਫਰਿਜਨੋ (ਕੈਲੀਫੋਰਨੀਆਂ) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ) : ਸੈਂਟਰਲ ਵੈਲੀ, ਜਿਸ ਨੂੰ ਗਦਰੀ ਬਾਬਿਆਂ ਦੀ ਛੋਹ ਪ੍ਰਾਪਤ ਹੈ। ਗਦਰ ਲਹਿਰ ਦੇ ਸਭ ਤੋਂ ਘੱਟ ਉਮਰ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ’ਤੇ ਅਧਾਰਤ ਪੰਜਾਬੀ ਫ਼ਿਲਮ ਦਾ ਟ੍ਰੇਲਰ ਫਰਿਜਨੋ ਸ਼ਹਿਰ ਦੇ ਮਸ਼ਹੂਰ ਰੈਸਟੋਰੈਂਟ ਇੰਡੀਆ ਕਬਾਬ ਵਿਖੇ ਲੰਘੇ ਐਤਵਾਰ ਰਿਲੀਜ਼ ਕੀਤਾ ਗਿਆ। ਇਹ ਫਿਲਮ 3 ਨਵੰਬਰ ਨੂੰ ਦੁਨੀਆਂ ਭਰ ਦੇ ਸਿਨੇਮਾ ਘਰਾਂ ਵਿੱਚ ਵਿਖਾਈ ਜਾਵੇਗੀ। ਇਹ ਫ਼ਿਲਮ ਉੱਘੇ ਫ਼ਿਲਮਸਾਜ਼ ਕਵੀ ਰਾਜ਼ ਵੱਲੋਂ ਲਿਖੀ ਤੇ ਨਿਰਦੇਸ਼ਤ ਕੀਤੀ ਗਈ ਹੈ। ਇਹ ਫਿਲਮ ਗਦਰ ਲਹਿਰ ਦੇ ਹੀਰੋ ਸ਼ਹੀਦ ਕਰਤਾਰ ਸਿੰਘ ਸਰਾਭੇ ਦੇ ਜੀਵਨ ’ਤੇ ਅਧਾਰਤ ਹੈ। ਇਸ ਫਿਲਮ ਵਿੱਚ ਕੰਮ ਕਰ ਰਹੇ ਮੀਤ ਮਲਕੀਤ, ਜਿਹੜੇ ਇਸ ਫ਼ਿਲਮ ਦੇ ਸਹਿ ਨਿਰਦੇਸ਼ਕ ਨੇ, ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਹ ਫ਼ਿਲਮ ਅਸੀਂ ਕਮਰਸ਼ੀਅਲ ਫ਼ਿਲਮਾਂ ਤੋਂ ਹਟਕੇ ਬਣਾਈ ਹੈ ਅਤੇ ਆਸ ਕਰਦੇ ਹਾਂ ਕਿ ਲੋਕ ਇਸ ਫਿਲਮ ਨੂੰ ਰਜਵਾਂ ਪਿਆਰ ਦੇਣਗੇ। ਇਸ ਮੌਕੇ ਫਿਲਮ ਨਿਰਦੇਸ਼ਕ ਕਵੀ ਰਾਜ ਨੇ ਕਿਹਾ ਕਿ ਇਹ ਫ਼ਿਲਮ ਤੁਹਾਡੀ ਆਪਣੀ ਫ਼ਿਲਮ ਹੈ ਤੇ ਮੈਂ ਆਸ ਕਰਦਾਂ ਕਿ ਤੁਸੀਂ ਭਰਵਾਂ ਹੁੰਗਾਰਾ ਦੇਵੋਗੇ। ਇਸ ਮੌਕੇ ਪੀਸੀਏ ਮੈਂਬਰਾਂ ਤੋਂ ਬਿਨਾਂ ਇੰਡੋ ਅਮੈਰਕਿਨ ਹੈਰੀਟੇਜ਼ ਦੇ ਮੈਂਬਰ ਮੌਜੂਦ ਸਨ। ਇਸ ਮੌਕੇ ਇੰਡੋ ਯੂ ਐਸ ਹੈਰੀਟੇਜ਼ ਦੇ ਰਣਜੀਤ ਗਿੱਲ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਸੰਸਦ ਮੈਂਬਰ ਮੁਹੰਮਦ ਸਦੀਕ ਵੀ ਮੌਜੂਦ ਰਹੇ। ਇਸ ਮੌਕੇ ਮਲਕੀਤ ਸਿੰਘ ਕਿੰਗਰਾ ਨੇ ਸਭ ਨੂੰ ਫ਼ਿਲਮ ਵੇਖਣ ਦੀ ਬੇਨਤੀ ਕੀਤੀ। ਇਸ ਮੌਕੇ ਉੱਘੇ ਕਾਰੋਬਾਰੀ ਅਵਤਾਰ ਗਿੱਲ, ਮੋਹਨ ਚੀਮਾ, ਜਗਰੂਪ ਭੰਡਾਲ, ਪਰਮੋਧ ਲੋਈ, ਬਿੰਦਰ ਸਰਾਭਾ, ਮਕੈਨਿਕ ਮਨਜੀਤ, ਰਵੀ ਸਰਾਭਾ ਅਤੇ ਤਾਜ਼ ਰੰਧਾਵਾ ਆਦਿ ਸੱਜਣ ਮੌਜੂਦ ਰਹੇ।

## ਅਮਰੀਕਾ ਗ਼ੈਰ-ਪਰਵਾਸੀਆਂ ਨੂੰ ਪੰਜ ਸਾਲ ਲਈ ਦੇਵੇਗਾ ਰੁਜ਼ਗਾਰ ਕਾਰਡ




ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਨੇ ਪੰਜ ਸਾਲਾਂ ਤੋਂ ਗਰੀਨ ਕਾਰਡ ਉਡੀਕ ਰਹੇ ਗ਼ੈਰ-ਪਰਵਾਸੀਆਂ ਨੂੰ ਰੁਜ਼ਗਾਰ ਅਧਿਕਾਰ ਕਾਰਡ ਦੇਣ ਦਾ ਐਲਾਨ ਕੀਤਾ ਹੈ ਜਿਸ ਨਾਲ ਉੱਥੇ ਰਹਿ ਰਹੇ ਹਜ਼ਾਰਾਂ ਭਾਰਤੀਆਂ ਨੂੰ ਲਾਭ ਹੋਵੇਗਾ। ਯੂਐੱਸ ਸਿਟੀਜ਼ਨਸ਼ਿਪ ਅਤੇ ਇਮੀਗਰੇਸ਼ਨ ਸਰਵਿਸਿਜ਼ (ਯੂਐੱਸਸੀਆਈਐੱਸ) ਨੇ ਕਿਹਾ ਕਿ ਉਹ ਕੁਝ ਗੈਰ-ਨਾਗਰਿਕਾਂ ਲਈ ਰੁਜ਼ਗਾਰ ਅਧਿਕਾਰ ਦਸਤਾਵੇਜ਼ਾਂ (ਈਏਡੀ) ਦੀ ਵੱਧ ਤੋਂ ਵੱਧ ਮਿਆਦ ਪੰਜ ਸਾਲ ਤੱਕ ਵਧਾ ਰਿਹਾ ਹੈ, ਜਿਨ੍ਹਾਂ ਨੂੰ ਰੁਜ਼ਗਾਰ ਅਧਿਕਾਰ ਲਈ ਅਰਜ਼ੀ ਦੇਣੀ ਚਾਹੀਦੀ ਹੈ। ਫੈਡਰਲ ਏਜੰਸੀ ਨੇ ਕਿਹਾ ਕਿ ਇਸ ਵਿੱਚ ਸ਼ਰਨ ਲਈ ਅਰਜ਼ੀ ਦੇਣ ਵਾਲਿਆਂ ਜਾਂ ਉਨ੍ਹਾਂ ਨੂੰ ਮੁਲਕ ’ਚੋਂ ਬਾਹਰ ਕੱਢਣ ’ਤੇ ਰੋਕ, ਆਈਐੱਨਏ 245 ਤਹਿਤ ਸਟੇਟਸ ’ਚ ਫੇਰ-ਬਦਲ ਅਤੇ ਹਵਾਲਗੀ ਦੀ ਮੁਅੱਤਲੀ ਆਦਿ ਵਰਗੇ ਅਰਜ਼ੀਕਾਰ ਸ਼ਾਮਲ ਹਨ। ਇੱਕ ਨਵੇਂ ਅਧਿਐਨ ਅਨੁਸਾਰ 10.5 ਲੱਖ ਤੋਂ ਵੱਧ ਭਾਰਤੀ ਰੁਜ਼ਗਾਰ ਆਧਾਰਿਤ ਗਰੀਨ ਕਾਰਡ ਲਈ ਲਾਈਨ ਵਿੱਚ ਹਨ। ਅਨੁਮਾਨ ਹੈ ਕਿ ਇਨ੍ਹਾਂ ਵਿੱਚੋਂ ਚਾਰ ਲੱਖ ਦੀ ਸਥਾਈ ਰਿਹਾਇਸ਼ ਦੇ ਕਾਨੂੰਨੀ ਦਸਤਾਵੇਜ਼ ਪ੍ਰਾਪਤ ਕਰਨ ਤੋਂ ਪਹਿਲਾਂ ਹੀ ਮੌਤ ਹੋ ਸਕਦੀ ਹੈ।

## ਬੇਟੇ ਹੰਟਰ ਕਰਕੇ ਰਾਸ਼ਟਰਪਤੀ ਚੋਣ ’ਚ ਬਾਇਡਨ ਦੀਆਂ ਮੁਸ਼ਕਲਾਂ ਵੱਧਣਗੀਆਂ

### ਬਾਇਡਨ ਪਰਿਵਾਰ ਦੇ ਅੰਤਰਰਾਸ਼ਟਰੀ ਕਾਰੋਬਾਰ ਦੀ ਨੈਤਿਕਤਾ ਨੂੰ ਲੈ ਕੇ ਸਵਾਲ ਉੱਠੇ



ਵਾਸ਼ਿੰਗਟਨ/ਏ.ਟੀ.ਨਿਊਜ਼ : ਅਗਲੇ ਸਾਲ ਅਮਰੀਕਾ ਵਿੱਚ ਹੋਣ ਵਾਲੀ ਰਾਸ਼ਟਰਪਤੀ ਚੋਣ ਵਿੱਚ ਬੇਟੇ ਹੰਟਰ ਦੇ ਕਾਰਨ ਜੋਅ ਬਾਇਡਨ ਦੀਆਂ ਮੁਸ਼ਕਲਾਂ ਵੱਧ ਸਕਦੀਆਂ ਹਨ। ਇਕ ਸਰਵੇ ’ਚ 35 ਫ਼ੀਸਦੀ ਅਮਰੀਕੀਆਂ ਨੇ ਮੰਨਿਆ ਹੈ ਕਿ ਰਾਸ਼ਟਰਪਤੀ ਬਾਇਡਨ ਨੇ ਕੁਝ ਗ਼ਲਤ ਕੀਤਾ ਹੈ। ਉੱਥੇ, ਕਰੀਬ 33 ਫ਼ੀਸਦੀ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਰਾਸ਼ਟਰਪਤੀ ਨੇ ਅਨੈਤਿਕ ਵਿਵਹਾਰ ਕੀਤਾ, ਪਰ ਗ਼ੈਰਕਾਨੂੰਨੀ ਨਹੀਂ। ਸਰਵੇਖਣ ਮੁਤਾਬਕ, 30 ਫ਼ੀਸਦੀ ਦਾ ਕਹਿਣਾ ਹੈ ਕਿ ਬਾਇਡਨ ਨੇ ਕੁਝ ਵੀ ਗ਼ਲਤ ਨਹੀਂ ਕੀਤਾ। ਐਸੋਸੀਏਟਿਡ ਪ੍ਰੈੱਸ-ਐੱਨਓਆਰਸੀ ਸੈਂਟਰ ਫਾਰ ਪਬਲਿਕ ਅਫੇਅਰਸ ਰਿਸਰਚ ਦੇ ਸਰਵੇ ਦੇ ਨਤੀਜੇ ਆਗੂ ਦੀ ਨੈਤਿਕਤਾ ਬਾਰੇ ਸਿਆਸੀ ਵੰਡ ਤੇ ਸ਼ੱਕ ਦੋਵਾਂ ਨੂੰ ਦਰਸਾਉਂਦੇ ਹਨ। ਹਾਊਸ ਆਫ ਰਿਪਬਲਿਕਨ ਨੇ ਉਸ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਹੈ, ਜਿਸ ਵਿੱਚ ਰਾਸ਼ਟਰਪਤੀ ਨੂੰ ਉਨ੍ਹਾਂ ਦੇ 53 ਸਾਲਾ ਬੇਟੇ ਦੇ ਵਿਦੇਸ਼ੀ ਵਪਾਰ ਸੌਦਿਆਂ ਨਾਲ ਜੁੜੇ ਹੋਣ ਦੀ ਗੱਲ ਕਹੀ ਜਾ ਰਹੀ ਹੈ। ਕਰ ਤੇ ਬੰਦੂਕ ਮਾਮਲੇ ਵਿਚ ਹੰਟਰ ਬਾਇਡਨ ਨੂੰ ਇਕ ਅਪਰਾਧਕ ਮੁਕੱਦਮੇ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਰਿਪਬਲਿਕਨ ਸਾਲਾਂ ਤੋਂ ਹੰਟਰ ਬਾਇਡਨ ਦੀ ਜਾਂਚ ਕਰ ਰਹੇ ਹਨ। ਬਾਇਡਨ ਪਰਿਵਾਰ ਦੇ ਅੰਤਰਰਾਸ਼ਟਰੀ ਕਾਰੋਬਾਰ ਦੀ ਨੈਤਿਕਤਾ ਨੂੰ ਲੈ ਕੇ ਸਵਾਲ ਉੱਠੇ ਹਨ, ਪਰ ਹੁਣ ਤੱਕ ਇਹ ਸਾਬਿਤ ਕਰਨ ਲਈ ਕੋਈ ਸਬੂਤ ਸਾਹਮਣੇ ਨਹੀਂ ਆਇਆ ਕਿ ਜੋਅ ਬਾਇਡਨ ਨੇ ਆਪਣੇ ਮੌਜੂਦਾ ਜਾਂ ਪਿਛਲੇ ਦਫ਼ਤਰ ਵਿੱਚ ਆਪਣੀ ਭੂਮਿਕਾ ਦੀ ਦੁਰਵਰਤੋਂ ਕੀਤੀ ਹੈ।

## ਅਮਰੀਕਾ ਦੇ ਸੇਂਟ ਲੂਇਸ ਸ਼ਹਿਰ ਵਿੱਚ ਫੁੱਟਬਾਲ ਕੋਚ ਦੇ ਮਾਰੀਆਂ ਗੋਲੀਆਂ, ਹਾਲਤ ਗੰਭੀਰ

### ਆਪਣੇ ਪੁੱਤਰ ਦੇ ਖੇਡਣ ਦੇ ਸਮੇਂ ਤੋਂ ਨਿਰਾਸ਼ ਪਿਓ ਦਾ ਕਾਰਾ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)– ਅਮਰੀਕਾ ਦੇ ਮਿਸੂਰੀ ਰਾਜ ਦੇ ਸ਼ਹਿਰ ਸੇਂਟ ਲੂਇਸ ਦੇ ਇਕ ਫੁੱਟਬਾਲ ਕੋਚ ਨੂੰ ਗੋਲੀਆਂ ਮਾਰ ਕੇ ਗੰਭੀਰ ਜ਼ਖਮੀ ਕਰ ਦੇਣ ਦੀ ਖ਼ਬਰ ਹੈ। ਸੇਂਟ ਲੂਇਸ ਮੈਟਰੋਪੋਲੀਟਨ ਪੁਲਿਸ ਵਿਭਾਗ ਨੇ ਘਟਨਾ ਦੀ ਪੁਸ਼ਟੀ ਕੀਤੀ ਹੈ। ਅਧਿਕਾਰੀਆਂ ਅਨੁਸਾਰ ਸ਼ਕੁਇਲ ਲਾਟੀਮੋਰ (30) ਦੀ ਹਾਲਤ ਗੰਭੀਰ ਪਰ ਸਥਿਰ ਹੈ। ਆਪਣੇ ਪੁੱਤਰ ਦੇ ਖੇਡਣ ਦੇ ਸਮੇਂ ਨੂੰ ਲੈ ਕੇ ਪ੍ਰੇਸ਼ਾਨ ਡੈਰੀਲ ਕਲੈਮੋਨਸ (43) ਨਾਮੀ ਵਿਅਕਤੀ ਨੇ ਲਾਟੀਮੋਰ ਨਾਲ ਹੋਏ ਝਗੜੇ ਉਪੰਰਤ ਉਸ ਉਪਰ ਗੋਲੀ ਚਲਾ ਦਿੱਤੀ। ਇਹ ਘਟਨਾ ਉੱਤਰੀ ਸੇਂਟ ਲੂਇਸ ਵਿੱਚ ਫੁੱਟਬਾਲ ਖਿਡਾਰੀਆਂ ਦੇ ਅਭਿਆਸ ਦੌਰਾਨ ਵਾਪਰੀ। ਸੇਂਟ ਲੂਇਸ ਬੈਡਬਵਾਇਜ਼ ਦੇ ਸਹਾਇਕ ਕੋਚ ਤੇ ਕੋਆਰੀਨੇਟਰ ਲਾਟੀਮੋਰ ਨੇ ਹਸਪਤਾਲ ਵਿੱਚ ਦਿੱਤੇ ਆਪਣੇ ਬਿਆਨ ਵਿਚ ਕਿਹਾ ਕਿ ਜਦੋਂ ਤਕ ਮੈ ਕਲੈਮੋਨਸ ਦੇ ਹੱਥ ਵਿੱਚ ਗੰਨ ਵੇਖਦਾ ਉਦੋਂ ਤਕ ਬਹੁਤ ਦੇਰ ਹੋ ਚੁੱਕੀ ਸੀ। ਮੈ ਦੌੜਿਆ ਪਰੰਤੂ ਉਸ ਨੇ ਮੇਰੀ ਪਿੱਠ ਵਿੱਚ ਗੋਲੀ ਮਾਰੀ, ਉਪਰੰਤ ਮੈ ਡਿੱਗ ਪਿਆ ਤੇ ਮੇਰੇ ਡਿੱਗੇ ਪਏ ਉਪਰ ਉਸ ਨੇ ਹੋਰ ਗੋਲੀਆਂ ਚਲਾਈਆਂ। ਇਸ ਘਟਨਾ ਵਿਚ ਮੌਕੇ ’ਤੇ ਮੌਜੂਦ ਬੱਚਿਆਂ ਸਮੇਤ ਹੋਰ ਕੋਈ ਜ਼ਖਮੀ ਨਹੀਂ ਹੋਇਆ। ਸੇਂਟ ਲੂਇਸ ਬੈਡਬਵਾਇਜ਼ 9 ਤੋਂ 10 ਸਾਲ ਦੇ ਛੋਟੇ ਬੱਚਿਆਂ ’ਤੇ ਅਧਾਰਤ ਇੱਕ ਰੀਕਰੀਏਸ਼ਨਲ ਲੀਗ ਟੀਮ ਹੈ। ਘਟਨਾ ਉਪਰੰਤ ਕਲੈਮੋਨਸ ਖੁਦ ਹੀ ਪੁਲਿਸ ਅੱਗੇ ਹਾਜਰ ਹੋ ਗਿਆ ਤੇ ਉਸ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਲਾਟੀਮੋਰ ਦੀ ਪਿੱਠ, ਲੱਤ, ਬਾਂਹ ਤੇ ਢਿੱਡ ਵਿਚ ਗੋਲੀ ਵੱਜੀ ਹੈ। ਉਸ ਦੇ ਸਰੀਰ ਦੇ ਅੰਦਰੂਨੀ ਅੰਗ ਵੀ ਗੋਲੀ ਵੱਜਣ ਕਾਰਨ ਜ਼ਖਮੀ ਹੋਏ ਹਨ।

ਲਾਟੀਮੋਰ ਦੀ ਮਾਂ ਸੇਮਿਕੋ ਲਾਟੀਮੋਰ ਨੇ ਸ਼ੁਕਰ ਕੀਤਾ ਹੈ ਕਿ ਇਸ ਪਾਗਲਪਣ ਵਾਲੇ ਹਮਲੇ ਉਪਰੰਤ ਵੀ ਉਸ ਦਾ ਪੁੱਤਰ ਜਿਊਂਦਾ ਹੈ।

## ਕਾਲੇ ਵਿਅਕਤੀ ਦੀ ਮੌਤ ਦੇ ਮਾਮਲੇ ’ਚ ਪੁਲਿਸ ਅਫਸਰ ਦੋਸ਼ੀ ਕਰਾਰ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–ਇੱਕ ਜਿਊਰੀ ਵੱਲੋਂ 2019 ਵਿਚ ਈਲਿਜਾਹ ਮੈਕਲੇਨ ਨਾਮੀ ਇੱਕ ਕਾਲੇ ਵਿਅਕਤੀ ਦੀ ਹੋਈ ਮੌਤ ਦੇ ਮਾਮਲੇ ਵਿੱਚ ਕੋਲੋਰਾਡੋ ਦੇ ਇੱਕ ਪੁਲਿਸ ਅਫਸਰ ਨੂੰ ਦੋਸ਼ੀ ਕਰਾਰ ਦੇਣ ਤੇ ਇੱਕ ਨੂੰ ਬਰੀ ਕਰ ਦੇਣ ਦੀ ਖਬਰ ਹੈ।

ਕੈਟਾਮਾਈਨ ਦਾ ਟੀਕਾ ਲਾਉਣ ਉਪਰੰਤ ਮੈਕਲੇਨ ਦੀ ਮੌਤ ਹੋ ਗਈ ਸੀ। 12 ਮੈਂਬਰੀ ਜਿਊਰੀ ਨੇ ਆਊਰੋਰਾ ਪੁਲਿਸ ਅਫਸਰ ਰੈਂਡੀ ਰੋਏਡੇਮਾ (41) ਨੂੰ ਅਪਰਾਧਕ ਲਾਪਰਵਾਹੀ ਵਰਤਣ ਤੇ ਤੀਸਰਾ ਦਰਜਾ ਹਮਲੇ ਦੇ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ ਜਦ ਕਿ ਸਾਬਕਾ ਪੁਲਿਸ ਅਫਸਰ ਜੈਸਨ ਰੋਸਨਬਲਾਟ (34) ਜਿਸ ਨੂੰ 2020 ਵਿੱਚ ਬਰਖਾਸਤ ਕਰ ਦਿੱਤਾ ਗਿਆ ਸੀ, ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ। ਰੋਏਡੇਮਾ ਨੇ ਫੈਸਲਾ ਸੁਣਨ ਉਪਰੰਤ ਆਪਣਾ ਸਿਰ ਝੁਕਾ ਲਿਆ । ਮੈਕਲੇਨ ਦੀ ਮਾਂ ਸ਼ਹੇਨੀਨ ਮੈਕਲੇਨ ਨੇ ਫੈਸਲੇ ਉਪਰ ਨਿਰਾਸ਼ਤਾ ਪ੍ਰਗਟਾਈ ਹੈ। ਉਸ ਨੇ ਅਦਾਲਤ ਤੋਂ ਬਾਹਰ ਜਾਣ ਸਮੇ ਕਿਹਾ ਕਿ ਇਹ ਵੰਡਿਆ ਹੋਇਆ ਅਮਰੀਕਾ ਹੈ ਤੇ ਇਸ ਮਾਮਲੇ ਵਿੱਚ ਵੀ ਅਜਿਹਾ ਹੀ ਹੋਇਆ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਅਮਰੀਕਾ 'ਚ ਚੀਨੀ ਕੌਂਸਲਖਾਨੇ ਵਿੱਚ ਕਾਰ ਅੰਦਰ ਵੜ ਕੇ ਕੰਧ ਨਾਲ ਟਕਰਾਈ

## ਕਾਰ ਡਰਾਈਵਰ ਪੁਲਿਸ ਦੀ ਕਾਰਵਾਈ ਵਿੱਚ ਮਾਰਿਆ ਗਿਆ

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਦੇ ਪ੍ਰਸਿੱਧ ਸ਼ਹਿਰ ਸਨ ਫਰਾਂਸਿਸਕੋ ਸਥਿੱਤ ਚੀਨ ਦੇ ਕੌਂਸਲਖਾਨੇ (ਵੀਜਾ ਦਫਤਰ) ਵਿੱਚ ਉਸ ਵੇਲੇ ਹਾਲਾਤ ਬਹੁਤ ਤਨਾਅਪੂਰਨ ਬਣ ਗਏ ਜਦੋਂ ਇੱਕ ਤੇਜ਼ ਰਫ਼ਤਾਰ ਕਾਰ ਅੰਦਰ ਵੜ ਕੇ ਇਕ ਕੰਧ ਨਾਲ ਟਕਰਾ ਕੇ ਤਬਾਹ ਹੋ ਗਈ। ਅਧਿਕਾਰੀਆਂ ਨੇ ਇਹ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਕਾਰ ਦਾ ਡਰਾਈਵਰ ਪੁਲਿਸ ਦੀ ਕਾਰਵਾਈ ਵਿੱਚ ਮਾਰਿਆ ਗਿਆ। ਸਨ ਫਰਾਂਸਿਸਕੋ ਪੁਲਿਸ ਵਿਭਾਗ ਦੇ ਬੁਲਾਰੇ ਸਾਰਜੈਂਟ ਕੈਥਰਾਇਨ ਵਿੰਟਰਜ ਅਨੁਸਾਰ ਇਹ ਘਟਨਾ ਦੁਪਹਿਰ ਬਾਅਦ 3.09 ਵਜੇ ਦੇ ਆਸ ਪਾਸ ਵਾਪਰੀ ਜਦੋਂ ਇਕ ਕਾਰ ਕੌਂਸਲੇਟ ਜਨਰਲ ਆਫ ਪੀਪਲਜ ਰਿਪਬਲਿਕ ਆਫ ਚਾਈਨਾ ਦੇ ਲਾਬੀ ਖੇਤਰ ਵਿੱਚ ਕੰਧ ਨਾਲ ਟਕਰਾ ਗਈ। ਇਸ

ਉਪਰੰਤ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਕਾਰ ਦੇ ਡਰਾਈਵਰ ਨੂੰ ਗੋਲੀ ਮਾਰ ਦਿੱਤੀ ਜਿਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਬੁਲਾਰੇ ਨੇ ਜਾਰੀ ਬਿਆਨ ਵਿੱਚ ਕਿਹਾ ਹੈ ਕਿ ਜਦੋਂ ਘਟਨਾ ਵਾਪਰੀ ਉਸ ਵੇਲੇ ਕਿੰਨੇ ਲੋਕ ਕੌਂਸਲਖਾਨੇ ਵਿਚ ਮੌਜੂਦ ਸਨ ਇਸ ਬਾਰੇ ਕੋਈ ਸਪਸ਼ਟ ਜਾਣਕਾਰੀ ਨਹੀਂ ਹੈ ਪਰੰਤੂ ਚੰਗੀ ਗਲ ਇਹ ਹੈ ਕਿ ਉਥੇ ਕਿਸੇ ਦੇ ਜ਼ਖਮੀ ਹੋਣ ਦੀ ਰਿਪੋਰਟ ਨਹੀਂ ਹੈ। ਪ੍ਰੈਸ ਕਾਨਫਰੰਸ ਦੌਰਾਨ ਵਿੰਟਰਜ ਨੇ ਉਨ ਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਦਿੱਤਾ ਜਿਨਾਂ ਵਿਚ ਪੁੱਛਿਆ ਗਿਆ ਸੀ ਕਿ ਪੁਲਿਸ ਨੇ ਗੋਲੀ ਕਿਉਂ ਚਲਾਈ ਜਾਂ ਕੀ ਮਾਰਿਆ ਗਿਆ ਵਿਅਕਤੀ ਹਥਿਆਰਬੰਦ ਸੀ। ਕੀ ਇਹ ਹਾਦਸਾ ਜਾਣ ਬੁਝ ਕੇ ਕੀਤਾ ਗਿਆ ਹੈ , ਇਸ ਬਾਰੇ ਵੀ ਬੁਲਾਰੇ ਨੇ ਕੋਈ ਜਾਣਕਾਰੀ ਨਹੀਂ ਦਿੱਤੀ ਤੇ ਨਾ ਹੀ ਮਾਰੇ ਗਏ ਵਿਅਕਤੀ ਬਾਰੇ ਜਾਂ ਘਟਨਾ ਬਾਰੇ ਹੋਰ ਕੁਝ ਦਸਿਆ ਹੈ। ਚੀਨੀ ਕੌਂਸਲਖਾਨੇ ਦੇ ਬੁਲਾਰੇ ਨੇ ਇੱਕ ਜਾਰੀ ਬਿਆਨ ਵਿੱਚ ਕਿਹਾ ਹੈ ਕਿ ਹਾਦਸੇ ਕਾਰਨ ਇਮਾਰਤ ਨੂੰ ਬਹੁਤ ਨੁਕਸਾਨ ਪੁੱਜਾ ਹੈ ਤੇ ਲੋਕਾਂ ਲਈ ਗੰਭੀਰ ਖਤਰਾ ਪੈਦਾ ਕੀਤਾ ਹੈ। ਬੁਲਾਰੇ ਨੇ ਘਟਨਾ ਦੀ ਜੋਰਦਾਰ ਨਿੰਦਾ ਕਰਦਿਆਂ ਮਾਮਲੇ ਦੀ ਤੇਜ਼ੀ ਨਾਲ ਜਾਂਚ ਕਰਨ ਤੇ ਕਾਨੂੰਨ ਅਨੁਸਾਰ ਦੋਸ਼ੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ। ਪੁਲਿਸ ਹੱਥੋਂ ਮਾਰੇ ਗਏ ਵਿਅਕਤੀ ਕੋਲੋਂ ਚਾਕੂ ਤੇ ਇਕ ਕਰਾਸਬੋਅ ਬਰਾਮਦ ਹੋਇਆ ਹੈ। ਮੌਕੇ 'ਤੇ ਮੌਜੂਦ ਇਕ ਵਿਅਕਤੀ ਵੱਲੋਂ



ਬਣਾਈ ਵੀਡੀਓ ਵਿੱਚ ਕੌਂਸਲਖਾਨੇ ਦੀ ਕੰਧ ਨਾਲ ਨੀਲੇ ਰੰਗ ਦੀ ਇੱਕ ਕਾਰ ਟਕਰਾਉਣ ਉਪਰੰਤ ਲੋਕ ਇਧਰ ਉਧਰ ਭਜ ਰਹੇ ਵਿਖਾਈ ਦੇ ਰਹੇ ਹਨ। ਗਵਾਹਾਂ ਅਨੁਸਾਰ ਕਾਰ ਵਿਚੋਂ ਨਿਕਲ ਕੇ ਡਰਾਈਵਰ ਨੇ ਉੱਚੀ ਆਵਾਜ਼ ਵਿੱਚ ਕਿਹਾ ਕਿ ਕਿਥੇ ਹੈ ਸੀ. ਸੀ. ਪੀ. (ਚਾਈਨੀਜ ਕਮਿਊਨਿਸਟ ਪਾਰਟੀ)ਅਧਿਕਾਰੀਆਂ ਅਨੁਸਾਰ ਮਾਮਲੇ ਦੀ ਜਾਂਚ ਉਪਰੰਤ ਹੀ ਘਟਨਾ ਬਾਰੇ ਮੁਕੰਮਲ ਜਾਣਕਾਰੀ ਦਿੱਤੀ ਜਾਵੇਗੀ।

# ਸਿੰਘਾਪੁਰ ਦੇ ਸਿੰਘ ਨੇ ਜਿੱਤਿਆ 'ਮਾਸਟਰ ਸ਼ੈੱਫ ਸਿੰਗਾਪੁਰ'

ਸਿੰਗਾਪੁਰ/ਏ.ਟੀ.ਨਿਊਜ਼ : ਭਾਰਤੀ ਮੂਲ ਦੇ ਸਿੰਗਾਪੁਰ ਦੇ ਨਾਗਰਿਕ ਇੰਦਰਪਾਲ ਸਿੰਘ ਨੂੰ 'ਮਾਸਟਰ ਸ਼ੈੱਫ ਸਿੰਗਾਪੁਰ-4' ਦਾ ਜੇਤੂ ਐਲਾਨਿਆ ਗਿਆ ਹੈ। ਇੰਦਰਪਾਲ ਨੇ ਮੁਕਾਬਲੇ ਦੇ ਆਖਰੀ ਪੜਾਅ ਵਿਚ ਤਿਕੋਣੇ ਮੁਕਾਬਲੇ ਵਿੱਚ ਜਿੱਤ ਹਾਸਲ ਕੀਤੀ। ਇੰਦਰਪਾਲ ਸਿੰਘ ਨੂੰ 10 ਹਜ਼ਾਰ ਸਿੰਗਾਪੁਰ ਡਾਲਰ (ਲਗਪਗ 6.7 ਲੱਖ ਰੁਪਏ) ਨਕਦ ਅਤੇ ਹੋਰ ਤੋਹਫੇ ਮਿਲੇ ਹਨ। ਇੰਦਰਪਾਲ ਸਿੰਘ ਨੂੰ 90 ਵਿਚੋਂ 76.6 ਅੰਕ ਮਿਲੇ ਅਤੇ ਉਸ ਨੇ ਆਪਣੀ ਵਿਰੋਧੀ ਟੀਨਾ ਅਮੀਨ ਨੂੰ 3.6 ਅੰਕਾਂ ਨਾਲ ਹਰਾਇਆ।



# 2 ਦਿਨਾਂ ਅੰਦਰ ਅਮਰੀਕਾ ਵਿੱਚ 2 ਨਸਲੀ ਘਟਨਾਵਾਂ ਚਰਚਾ 'ਚ

## ਸਿੱਖ ਨੌਜਵਾਨ ਤੇ 6 ਸਾਲ ਦਾ ਫਸਲਤੀਨੀ ਬੱਚਾ ਬਣੇ ਨਿਸ਼ਾਨਾ

ਵਸ਼ਿੰਗਟਨ/ਏ.ਟੀ.ਨਿਊਜ਼: 2 ਦਿਨਾਂ ਅੰਦਰ ਅਮਰੀਕਾ ਵਿੱਚ ਨਸਲੀ ਨਫਰਤ ਦੀਆਂ 2 ਘਟਨਾਵਾਂ ਸਾਹਮਣੇ ਆਈਆਂ ਹਨ ਜੋ ਬਹੁਤ ਹੀ ਖਤਰਨਾਕ ਸੰਕੇਤ ਵੱਲ ਇਸ਼ਾਰਾ ਕਰ ਰਹੀਆਂ ਹਨ । ਇੱਕ ਦਾ ਸ਼ਿਕਾਰ ਸਿੱਖ ਨੌਜਵਾਨ ਹੋਇਆ ਹੈ ਦੂਜਾ ਫਸਲਤੀਨ ਦੇ ਮੁਸਲਿਮ ਭਾਈਚਾਰੇ ਦਾ 6 ਸਾਲ ਦਾ ਬੱਚਾ ਹੋਇਆ ਹੈ ਜਿਸ ਨੂੰ ਬੇਦਰਦੀ ਨਾਲ 71 ਸਾਲ ਦੇ ਮਕਾਨ ਮਾਲਿਕ ਨੇ ਨਫਰਤੀ ਸ਼ਬਦ ਬੋਲਦੇ ਹੋਏ 26 ਵਾਰ ਚਾਕੂ ਮਾਰੇ ਅਤੇ ਉਸ ਦੀ ਮਾਂ ਦਾ ਵੀ ਬੁਰਾ ਹਾਲ ਕੀਤਾ । ਸਭ ਤੋਂ ਪਹਿਲਾਂ ਸਿੱਖ ਨੌਜਵਾਨ ਦੇ ਬਾਰੇ ਤੁਹਾਨੂੰ ਦੱਸਦੇ ਹਾਂ ਜੋ ਬੱਸ 'ਤੇ ਜਾ ਰਿਹਾ ਸੀ । ਇੱਕ ਸ਼ਖਸ਼ ਨੇ ਨੌਜਵਾਨ ਸਿੱਖ ਨੂੰ ਵੇਖਿਆ ਅਤੇ ਕਿਹਾ 'ਸਾਡੇ ਦੇਸ਼ ਵਿੱਚ ਪੱਗ ਨਹੀਂ ਬੰਨ੍ਹੀ ਜਾਂਦੀ ਹੈ' ਅਤੇ ਪੱਗ ਨੂੰ ਜ਼ਬਰਦਸਤੀ ਉਤਾਰਨ ਦੀ ਕੋਸ਼ਿਸ਼ ਕਰਦਾ ਰਿਹਾ ਜਦੋਂ ਨੌਜਵਾਨ ਨੇ ਉਸ ਨੂੰ ਰੋਕਿਆ ਤਾਂ ਉਸ ਦੇ ਮੂੰਹ 'ਤੇ ਕਈ ਵਾਰ ਮੁੱਕੇ ਮਾਰੇ । ਖ਼ੂਨ ਨਾਲ ਬੁਰੀ ਤਰ੍ਹਾਂ ਨਾਲ ਜਖ਼ਮੀ ਨੌਜਵਾਨ ਬੱਸ ਤੋਂ ਉਤਰ ਗਿਆ ਅਤੇ ਫਿਰ ਉਸ ਨੇ ਪੁਲਿਸ ਨੂੰ ਇਤਲਾਹ ਕੀਤੀ।



ਪੁਲਿਸ ਨੇ 19 ਸਾਲ ਦੇ ਸਿੱਖ ਨੌਜਵਾਨ 'ਤੇ ਹਮਲਾ ਕਰਨ ਵਾਲੇ ਦੀ ਤਸਵੀਰ ਨਸ਼ਰ ਕੀਤੀ ਹੈ ਜਿਸ ਦੀ ਉਮਰ 25 ਤੋਂ 35 ਸਾਲ ਦੇ ਵਿਚਾਲੇ ਦੱਸੀ ਜਾ ਰਹੀ ਹੈ । ਉਸ ਦਾ ਰੰਗ ਕਾਲਾ ਸੀ ਅਤੇ ਸਰੀਰ ਪਤਲਾ ਸੀ ਜਿਸ ਦਾ ਕੱਦ 5 ਫੁੱਟ 9 ਇੰਚ ਦੱਸਿਆ ਜਾ ਰਿਹਾ ਹੈ ਅਤੇ ਉਸ ਦੀਆਂ ਅੱਖਾਂ ਭੂਰੀਆਂ ਅਤੇ ਵਾਲਾਂ ਦਾ ਰੰਗ ਕਾਲਾ ਸੀ । ਅਮਰੀਕਾ ਵਿੱਚ ਸਿੱਖ ਜਥੇਬੰਦੀਆਂ ਨੇ ਇਸ ਘਟਨਾ ਦੀ ਨਿਖੇਧੀ ਕਰਦੇ ਹੋਏ ਇਸ ਨੂੰ ਨਫਰਤੀ ਹਿੰਸਾ ਦੱਸਿਆ ਹੈ ।

### 6 ਸਾਲ ਦੇ ਬੱਚੇ ਦਾ ਕਤਲ

71 ਸਾਲ ਦੇ ਇੱਕ ਬਜ਼ੁਰਗ ਨੇ 6 ਸਾਲ ਦੇ ਫਲਸਤੀਨੀ ਬੱਚੇ ਦਾ ਕਤਲ ਕਰ ਦਿੱਤਾ ਹੈ। ਮੁਲਜ਼ਮ ਇਲਿਨੋਇਸ ਨੇ ਹਮਲੇ ਤੋਂ ਪਹਿਲਾਂ ਕਿਹਾ 'ਤੈਨੂੰ ਮਰ ਜਾਣਾ ਚਾਹੀਦਾ ਹੈ' ਅਤੇ ਫਿਰ ਬੱਚੇ ਦੇ 26 ਵਾਰ ਚਾਕੂ ਮਾਰੇ । ਉਸ ਦੀ ਮਾਂ 'ਤੇ ਵੀ ਹਮਲਾ ਕੀਤਾ । ਹਸਪਤਾਲ ਵਿੱਚ ਭਰਤੀ ਬੱਚੇ ਦੀ ਮਾਂ ਨੇ ਦੱਸਿਆ ਕਿ 71 ਸਾਲ ਦੇ ਇਲਿਨੋਇਸ ਨੇ ਦਰਵਾਜ਼ਾ ਖੜਕਾਇਆ ਜਿਵੇਂ ਹੀ ਮੈਂ ਦਰਵਾਜ਼ਾ ਖੋਲਿਆ ਉਸ ਨੇ ਬਹੁਤ ਹੀ ਜ਼ੋਰ ਨਾਲ ਗਲਾ ਦਬਾਇਆ ਤੇ ਬੋਲਿਆ 'ਤੁਹਾਨੂੰ ਮੁਸਲਮਾਨਾਂ ਨੂੰ ਮਰ ਜਾਣਾ ਚਾਹੀਦਾ ਹੈ' । ਮਾਂ ਅਤੇ ਪੁੱਤਰ ਮੁਲਜ਼ਮ ਜੋਸੇਫ ਕਜੁਬਾ ਦੇ ਘਰ ਕਿਰਾਏ 'ਤੇ ਰਹਿੰਦੇ ਸਨ। ਪੁਲਿਸ ਨੇ ਦੱਸਿਆ ਕਿ ਮੁਲਜ਼ਮ ਤੋਂ ਬੱਚੇ ਨੂੰ ਬਚਾਉਣ ਦੇ ਲਈ ਮਾਂ ਨੇ ਹੱਥੋਪਾਈ ਕੀਤੀ। ਇਸ ਵਿਚਾਲੇ ਮਾਂ ਨੇ ਪੁਲਿਸ ਨੂੰ ਫੋਨ ਵੀ ਕੀਤਾ ਸੀ । ਅਮਰੀਕੀ ਰਾਸ਼ਟਰਪਤੀ ਬਾਇਡਨ ਨੇ ਇਸ ਨਫਰਤੀ ਹਿੰਸਾ ਦੀ ਨਿਖੇਧੀ ਕੀਤੀ ਹੈ।

# ਜਲੰਧਰ ਦੀ ਜੈਸਮੀਨ ਨੇ ਇੰਗਲੈਂਡ 'ਚ ਗ੍ਰਹਿ ਮੰਤਰਾਲੇ 'ਚ ਸੰਭਾਲਿਆ ਵੱਡਾ ਅਹੁਦਾ

ਮਿਲਾਨ/ਏ.ਟੀ.ਨਿਊਜ਼ : ਇਟਲੀ ਦੇ ਇਤਿਹਾਸਿਕ ਸ਼ਹਿਰ ਰੋਮ ਦੇ ਰਹਿਣ ਵਾਲੀ ਜੈਸਮੀਨ ਸਿੰਘ ਸੈਣੀ ਨੇ 22 ਸਾਲ਼ ਦੀ ਉਮਰ ਵਿੱਚ ਜਲੰਧਰ ਜ਼ਿਲ੍ਹੇ ਦੇ ਪਿੰਡ ਡੱਲੀ ਦੇ ਨਾਲ ਨਾਲ ਸਮੁੱਚੇ ਪੰਜਾਬ ਦਾ ਨਾਂ ਰੌਸ਼ਨ ਕਰ ਦਿੱਤਾ ਹੈ। ਉਸਨੇ ਨੇ 22 ਸਾਲ ਦੀ ਉਮਰ ਵਿੱਚ ਇਗਲੈਂਡ ਦੇ ਗ੍ਰਹਿ ਮੰਤਰਾਲੇ ਵਿੱਚ ਡਿਜੀਟਲ ਸੰਚਾਰ ਅਧਿਕਾਰੀਆਂ ਦੇ ਡਾਇਰੈਕਟਰ ਵਜੋਂ ਸੇਵਾ ਸੰਭਾਲੀ ਹੈ।



ਦੱਸਣਯੋਗ ਹੈ ਕਿ ਜੈਸਮੀਨ ਨੇ ਰੋਜ਼ੀ-ਰੋਟੀ ਕਮਾਉਣ ਖਾਤਿਰ ਇਟਲੀ ਗਏ ਸੰਦੀਪ ਸਿੰਘ ਦੇ ਘਰ ਜਨਮ ਲੈਣ ਉਪਰੰਤ ਆਪਣੀ ਮੁੱਢਲੀ ਪੜ੍ਹਾਈ ਦਸੂਹਾ ਦੇ ਕੈਂਬ੍ਰਿਜ਼ ਸਕੂਲ ਤੋਂ ਕੀਤੀ ਤੇ ਫਿਰ ਰੋਮ ਦੇ ਵੱਖ-ਵੱਖ ਸਕੂਲਾਂ ਤੋਂ ਪੜ੍ਹਾਈ ਕਰਨ ਉਪਰੰਤ 15 ਸਾਲ ਦੀ ਉਮਰ ਵਿੱਚ ਇੰਗਲੈਂਡ ਜਾ ਕੇ ਅਗਲੇਰੀ ਪੜ੍ਹਾਈ ਸ਼ੁਰੂ ਕਰ ਦਿੱਤੀ। ਐਸਟਨ ਯੂਨੀਵਰਸਿਟੀ ਬਰਮਿੰਘਮ ਵਿੱਚ ਡਿਗਰੀ ਕਰਦਿਆਂ ਨਾਲ-ਨਾਲ 2021 ਵਿੱਚ ਆਪਣੀ ਜ਼ਿੰਦਗੀ ਦੀ ਪਹਿਲੀ ਇਲੈਕਸ਼ਨ ਜਿੱਤ ਕੇ ਵਾਈਸ ਪ੍ਰੈਜ਼ੀਡੈਂਟ ਐਜੂਕੇਸ਼ਨ ਬਣੀ ਅਤੇ 16,000 ਵਿਦਿਆਰਥੀਆਂ ਦੀ ਅਗਵਾਈ ਕੀਤੀ ।2022 ਵਿੱਚ ਫਿਰ ਦੁਬਾਰਾ ਇਲੈਕਸ਼ਨ ਜਿੱਤ ਕੇ ਨੈਸ਼ਨਲ ਯੂਨੀਅਨ ਆਫ਼ ਸਟੂਡੈਂਟ ਦੀ ਆਗੂ ਬਣੀ ਤੇ ਆਪਣੀ ਪੌਲੀਟਿਕਸ ਅਤੇ ਬਿਜ਼ਨੈੱਸ ਦੀ ਪਹਿਲੇ ਦਰਜੇ ਵਿੱਚ ਡਿਗਰੀ ਹਾਸਲ ਕਰਨ ਉਪਰੰਤ ਇੰਗਲੈਂਡ ਦੇ (ਬਾਕੀ ਸਫ਼ਾ 29 'ਤੇ)

## "ਕਿਉਂ ਬਈ ਨਿਹਾਲਿਆ, ਆਜ਼ਾਦੀ ਨਹੀਂ ਵੇਖੀ ?"

# ਸਰੀ 'ਚ 'ਲੋਕ ਕਵੀ' ਗੁਰਦਾਸ ਰਾਮ ਆਲਮ ਸਾਹਿਤਕ ਸੰਮੇਲਨ ਨਿਵੇਕਲਾ ਪ੍ਰਭਾਵ ਛੱਡਣ 'ਚ ਸਫ਼ਲ ਰਿਹਾ

ਸਰੀ/ਏ.ਟੀ.ਨਿਊਜ਼ : ਪੰਜਾਬੀਆਂ ਦਾ ਮਾਣ ਗੁਰਦਾਸ ਰਾਮ ਆਲਮ ਸਹੀ ਅਰਥਾਂ ਵਿੱਚ ਲੋਕ ਕਵੀ ਸੀ, ਜਿਸ ਨੇ ਪੰਜਾਬੀ ਮਾਂ ਬੋਲੀ ਦੇ ਸਤਿਕਾਰ ਨੂੰ ਲੋਕ ਦਿਲਾਂ ਤੱਕ ਪਹੁੰਚਾਇਆ। ਗੁਰਦਾਸ ਰਾਮ ਆਲਮ ਨੇ ਸਮੁੱਚਾ ਜੀਵਨ ਪੰਜਾਬੀ ਬੋਲੀ ਅਤੇ ਸਾਹਿਤ ਨੂੰ ਸਮਰਪਿਤ ਕੀਤਾ।

ਪੰਜਾਬੀ ਦੇ ਲੋਕ ਕਵੀ ਗੁਰਦਾਸ ਰਾਮ ਆਲਮ ਬਾਰੇ ਗਿਆਨ ਵੰਡਣ ਦਾ ਇੱਕ ਚੰਗਾ ਉਪਰਾਲਾ, ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕੈਨੇਡਾ ਵੱਲੋਂ ਕੀਤਾ ਗਿਆ ਹੈ, ਜਿਸ ਦੇ ਬੈਨਰ ਹੇਠ 8 ਅਕਤੂਬਰ ਦਿਨ ਐਤਵਾਰ ਨੂੰ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਡੇਲਟਾ ਦੇ ਸੀਨੀਅਰ ਸੈਂਟਰ ਸਰੀ ਵਿਖੇ ਸਾਹਿਤਕ ਸਮਾਗਮ, ਬਾਅਦ ਦੁਪਹਿਰ ਇੱਕ ਵਜੇ ਤੋਂ ਤਿੰਨ ਵਜੇ ਤੱਕ ਕਰਵਾਇਆ ਗਿਆ।

ਮਲਕ ਭਾਗੋ ਦੇ ਪੂੜਿਆਂ ਦੇ ਪਕਵਾਨ ਛੱਡ ਕੇ, ਭਾਈ ਲਾਲੋ ਦੀ ਕੋਧਰੇ ਦੀ ਰੋਟੀ ਦਾ ਆਨੰਦ ਮਾਨਣ ਲਈ ਵੱਡੀ ਗਿਣਤੀ ਵਿੱਚ ਸਾਹਿਤ ਪ੍ਰੇਮੀ, ਕਿਰਤੀ ਕਵੀ ਗੁਰਦਾਸ ਰਾਮ ਆਲਮ ਦੇ ਸਮਾਗਮ ਵਿੱਚ ਪਹੁੰਚੇ। ਇਸ ਮੌਕੇ 'ਤੇ ਸੰਸਥਾ ਦੇ ਮੋਢੀ ਪ੍ਰਿੰਸੀਪਲ ਮਲੂਕ ਚੰਦ ਕਲੇਰ ਨੇ ਸੰਸਥਾ ਦੇ ਸੰਵਿਧਾਨ ਬਾਰੇ ਜਾਣਕਾਰੀ ਦਿੱਤੀ ਅਤੇ ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਸਭਨਾਂ ਨੂੰ ਜੀ ਆਇਆਂ ਨੂੰ ਕਿਹਾ। ਉਹਨਾਂ ਦੱਸਿਆ ਕਿ ਲੋਕ ਕਵੀ ਗੁਰਦਾਸ ਰਾਮ ਆਲਮ ਨੂੰ ਸਮਰਪਿਤ ਇਹ ਸੱਤਵਾਂ ਸਾਹਿਤਕ ਸੰਮੇਲਨ ਸੀ, ਜਦ ਕਿ ਅਗਲਾ ਸੰਮੇਲਨ ਮਹਾਨ ਕਵੀ ਧਨੀ ਰਾਮ ਚਾਤਰਿਕ ਨੂੰ ਸਮਰਪਿਤ ਹੋਵੇਗਾ। ਸਾਹਿਤਿਕ ਸੰਮੇਲਨ ਦੇ ਮੁੱਖ ਬੁਲਾਰੇ ਡਾ. ਗੁਰਵਿੰਦਰ ਸਿੰਘ ਨੇ ਗੁਰਦਾਸ ਰਾਮ ਆਲਮ ਦੇ ਜੀਵਨ ਬਾਰੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਆਲਮ ਸਾਹਿਬ ਸਮਕਾਲੀ ਕਵੀਆਂ 'ਚੋਂ ਬੇਹਤਰ ਸ਼ਾਇਰ ਸਨ, ਦੁੱਖ ਇਸ ਗੱਲ ਦਾ ਹੈ ਕਿ ਵੱਡੇ ਸਾਹਿਤਕਾਰਾਂ ਨੇ ਆਲਮ ਸਾਹਿਬ ਦਾ ਕਿਧਰੇ ਵੀ ਜ਼ਿਕਰ ਨਹੀਂ ਕੀਤਾ। ਉਨਾਂ ਅਫਸੋਸ ਪ੍ਰਗਟਾਇਆ ਕਿ ਅਸਲੀ ਗੁਰਦਾਸ ਨੂੰ ਭੁਲਾ ਕੇ ਪੰਜਾਬੀਆਂ ਨੇ ਨਕਲੀ ਗੁਰਦਾਸ ਨੂੰ ਸਿਰੇ ਚੜ੍ਹਾਇਆ, ਜਿਸ ਨੇ ਮਾਂ ਤੇ ਮਾਸੀ ਵਾਲਾ ਬਿਰਤਾਂਤ ਸਿਰਜਿਆ ਅਤੇ ਇੱਕ ਰਾਸ਼ਟਰ ਇੱਕ ਭਾਸ਼ਾ ਦੀ ਗੱਲ ਵੱਲ ਹੋ ਤੁਰਿਆ। ਇਹ ਘੋਰ ਬੇਇਨਸਾਫੀ ਹੈ। ਆਲਮ ਸਾਹਿਬ ਦੇ ਗੀਤ ਅਤੇ ਕਵਿਤਾਵਾਂ ਸਦਾ ਹੀ ਜਿਉਂਦੀਆਂ ਰਹਿਣਗੀਆਂ। ਉਹ ਪੰਜਾਬੀ ਮਾਂ ਬੋਲੀ ਦੇ ਅਸਲੀ ਗੁਰਦਾਸ ਅਤੇ ਪੰਜਾਬੀ ਅਤੇ ਪੰਜਾਬੀਆਂ ਦਾ ਮਾਣ ਹਨ, ਜਿਹਨਾਂ ਦੀ ਕਵਿਤਾ 'ਕਿਉਂ ਬਈ ਨਿਹਾਲਿਆ ਆਜ਼ਾਦੀ ਨਹੀਂ ਵੇਖੀ ?' ਅੱਜ ਵੀ ਲੋਕ ਮਨਾਂ ਦਾ ਹਿੱਸਾ ਬਣੀ ਹੋਈ ਹੈ ਅਤੇ ਭਾਰਤ ਦੀ ਮੌਜੂਦਾ ਆਰਥਿਕ, ਸਮਾਜਿਕ, ਸਭਿਆਚਾਰਕ, ਧਾਰਮਿਕ ਅਤੇ ਮੀਡੀਆ ਦੀ ਗੁਲਾਮੀ ਵਾਲੀ ਸਥਿਤੀ ਨੂੰ ਬਾਖੂਬੀ ਪੇਸ਼ ਕਰ ਰਹੀ ਹੈ। (ਬਾਕੀ ਸਫ਼ਾ 30 'ਤੇ)



## ਆਸ਼ਾ ਪਾਰੇਖ ਦਾ ਜਾਇਜ਼ ਸਵਾਲ

# ਅਗਨੀਹੋਤਰੀ ਨੇ ਫ਼ਿਲਮ 'ਦਿ ਕਸ਼ਮੀਰ ਫਾਈਲਜ਼' ਤੋਂ ਕਰੋੜਾਂ ਕਮਾਏ, ਪਰ ਉਸ ਨੇ ਕਸ਼ਮੀਰੀ ਹਿੰਦੂਆਂ 'ਤੇ ਕਿੰਨਾ ਖ਼ਰਚ ਕੀਤਾ ?

## ਡੈਨੀ ਬੋਇਲ ਨੇ ਫ਼ਿਲਮ 'ਸਲਮਡੌਗ ਮਿਲੀਅਨੇਅਰ' ਲਈ ਆਸਕਰ ਪੁਰਸਕਾਰ ਦੀ ਰਕਮ ਦਾ ਇੱਕ ਹਿੱਸਾ ਦਿੱਤਾ ਸੀ ਬਾਲ ਕਲਾਕਾਰਾਂ ਨੂੰ




ਭਾਵੇਂ ਕੋਈ ਵਿਅਕਤੀ ਆਪਣੀ ਕਮਾਈ ਦਾ ਕਿੰਨਾ ਹਿੱਸਾ ਆਪਣੇ ਕੋਲ ਰੱਖਦਾ ਹੈ ਅਤੇ ਲੋਕਾਂ ਵਿੱਚ ਕਿੰਨਾ ਵੰਡਦਾ ਹੈ, ਇਹ ਪੂਰੀ ਤਰ੍ਹਾਂ ਉਸ ਦਾ ਨਿੱਜੀ ਫੈਸਲਾ ਹੁੰਦਾ ਹੈ, ਪਰ ਜਦੋਂ ਕੋਈ ਵਿਅਕਤੀ ਕਿਸੇ ਵਿਸ਼ੇਸ਼ ਵਿਅਕਤੀ ਜਾਂ ਭਾਈਚਾਰੇ ਦੀ ਸਥਿਤੀ ਨੂੰ ਸੁਧਾਰਨ ਦੇ ਉਦੇਸ਼ ਨਾਲ ਵਿਸ਼ੇਸ਼ ਪਹਿਲਕਦਮੀਆਂ ਕਰਦਾ ਹੈ, ਤਾਂ ਇਹ ਉਮੀਦ ਕਰਨੀ ਬੇਤੁਕੀ ਨਹੀਂ ਹੋਵੇਗੀ ਕਿ ਇਸ ਤੋਂ ਹੋਣ ਵਾਲੀ ਆਮਦਨ ਦਾ ਥੋੜਾ ਜਿਹਾ ਹਿੱਸਾ ਉਨ੍ਹਾਂ ਲੋਕਾਂ ਤੱਕ ਪਹੁੰਚੇਗਾ, ਜਿਨ੍ਹਾਂ ਨੂੰ ਧਿਆਨ ਵਿੱਚ ਰੱਖ ਕੇ ਇਹ ਕੰਮ ਕੀਤਾ ਗਿਆ ਹੈ ਅਤੇ ਮਜ਼ਦੂਰਾਂ ਨੂੰ ਇਸ ਤੋਂ ਵੱਡੀ ਆਮਦਨ ਜਾਂ ਆਰਥਿਕ ਲਾਭ ਪ੍ਰਾਪਤ ਹੋਵੇਗਾ।

ਇਸ ਦਾ ਪ੍ਰਸੰਗ ਪਿਛਲੇ ਸਾਲ ਵਿਵੇਕ ਅਗਨੀਹੋਤਰੀ ਦੁਆਰਾ ਕਸ਼ਮੀਰੀ ਪੰਡਿਤਾਂ ਦੇ ਪਰਵਾਸ ਅਤੇ ਉਨ੍ਹਾਂ ਦੀਆਂ ਮੁਸੀਬਤਾਂ 'ਤੇ ਬਣੀ ਫ਼ਿਲਮ 'ਦਿ ਕਸ਼ਮੀਰ ਫਾਈਲਜ਼' ਨਾਲ ਜੁੜਿਆ ਹੋਇਆ ਹੈ। ਇਹ ਗੱਲ ਇੱਕ ਨਿਊਜ਼ ਚੈਨਲ ਦੇ ਪ੍ਰੋਗਰਾਮ ਵਿੱਚ ਪੁਰਾਣੇ ਸਿਨੇ ਸਟਾਰ ਆਸ਼ਾ ਪਾਰੇਖ ਦੇ ਉਸ ਬਿਆਨ ਨਾਲ ਜੁੜਦੀ ਹੈ, ਜਿਸ ਵਿੱਚ ਉਸ ਨੇ ਪੁੱਛਿਆ ਸੀ, 'ਅਗਨੀਹੋਤਰੀ ਨੇ ਇਸ ਫ਼ਿਲਮ ਤੋਂ ਇੰਨੇ ਪੈਸੇ ਕਮਾਏ, ਪਰ ਉਸ ਨੇ ਕਸ਼ਮੀਰੀ ਹਿੰਦੂਆਂ 'ਤੇ ਕਿੰਨਾ ਖਰਚ ਕੀਤਾ ? ਇਸ ਫ਼ਿਲਮ ਬਾਰੇ ਕਿਹਾ ਜਾਂਦਾ ਹੈ ਕਿ ਇਸ ਦੀ ਲਾਗਤ ਸਿਰਫ 15-20 ਕਰੋੜ ਰੁਪਏ ਸੀ ਜਦਕਿ ਇਸ ਨੇ 400 ਕਰੋੜ ਰੁਪਏ ਦਾ ਮੁਨਾਫਾ ਕਮਾਇਆ ਸੀ। 81 ਸਾਲਾ ਅਭਿਨੇਤਰੀ, ਜਿਸ ਨੂੰ ਦੋ ਫਿਲਮਫੇਅਰ, ਪਦਮਸ਼੍ਰੀ ਅਤੇ ਦਾਦਾ ਸਾਹਿਬ ਫਾਲਕੇ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ, ਨੇ ਕਿਹਾ ਕਿ ਉਸਨੇ ਇਹ ਫਿਲਮ ਨਹੀਂ ਦੇਖੀ ਹੈ, ਇਸ ਲਈ ਉਹ ਇਸ ਦੇ ਵਿਵਾਦਪੂਰਨ ਪਹਿਲੂਆਂ 'ਤੇ ਕੁਝ ਨਹੀਂ ਕਹੇਗੀ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਅਜਿਹੀਆਂ ਫਿਲਮਾਂ ਬਣਨੀਆਂ ਚਾਹੀਦੀਆਂ ਹਨ ਤਾਂ ਉਨ੍ਹਾਂ ਕਿਹਾ ਕਿ ਜੇਕਰ ਲੋਕ ਇਨ੍ਹਾਂ ਨੂੰ ਦੇਖਣਾ ਚਾਹੁੰਦੇ ਹਨ ਤਾਂ ਬਣਦੇ ਰਹਿਣ। ਨਿਰਮਾਤਾਵਾਂ ਦੀ ਹਿੱਸੇਦਾਰੀ 200 ਕਰੋੜ ਰੁਪਏ ਹੋਣ ਦਾ ਅੰਦਾਜ਼ਾ ਲਗਾਉਂਦਿਆਂ ਉਨ੍ਹਾਂ ਸਵਾਲ ਕੀਤਾ ਕਿ ਜੰਮੂ-ਕਸ਼ਮੀਰ ਵਿੱਚ ਹਿੰਦੂ ਬਿਜਲੀ ਅਤੇ ਪਾਣੀ ਤੋਂ ਬਿਨਾਂ ਰਹਿ ਰਹੇ ਹਨ, ਪਰ ਕੀ ਨਿਰਦੇਸ਼ਕ ਨੇ ਆਪਣੇ ਮੁਨਾਫ਼ੇ ਨਾਲ ਉਨ੍ਹਾਂ ਦੀ ਮਦਦ ਕੀਤੀ ?

ਇਹ ਫਿਲਮ ਉਸ ਸਮੇਂ ਵਿਵਾਦਾਂ 'ਚ ਘਿਰ ਗਈ ਸੀ, ਜਦੋਂ ਮੰਨਿਆ ਜਾਂਦਾ ਸੀ ਕਿ ਇਸ ਦੇ ਨਿਰਮਾਣ ਦਾ ਮਕਸਦ ਭਾਰਤੀ ਜਨਤਾ ਪਾਰਟੀ ਦੇ ਫਿਰਕੂ ਧਰੁਵੀਕਰਨ ਦੇ ਏਜੰਡੇ ਨੂੰ ਪੂਰਾ ਕਰਨ ਲਈ ਕਸ਼ਮੀਰੀ ਪੰਡਿਤਾਂ 'ਤੇ ਅੱਤਵਾਦੀਆਂ ਦੇ ਅੱਤਿਆਚਾਰਾਂ ਨੂੰ ਦਿਖਾ ਕੇ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਭੜਕਾਉਣਾ ਸੀ। ਫਿਲਮ ਨੂੰ ਇਸ 'ਚ ਅੰਸ਼ਿਕ ਸਫਲਤਾ ਮਿਲੀ ਪਰ ਲੋਕ ਇਸ ਖੇਡ ਨੂੰ ਸਮਝ ਗਏ ਹਨ ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖੁਦ ਇਸ ਫਿਲਮ ਦਾ ਪ੍ਰਚਾਰ ਕਰਦੇ ਨਜ਼ਰ ਆਏ ਸਨ।

ਉਨ੍ਹਾਂ ਇਸ ਫਿਲਮ ਦੀ ਵਿਸ਼ੇਸ਼ ਸਕਰੀਨਿੰਗ ਕਰਵਾਈ ਅਤੇ ਇਸ ਨੂੰ ਮੰਤਰੀਆਂ ਅਤੇ ਪਾਰਟੀ ਵਰਕਰਾਂ ਨਾਲ ਬੈਠ ਕੇ ਦੇਖਿਆ। ਇੰਨਾ ਹੀ ਨਹੀਂ ਉਨ੍ਹਾਂ ਨੇ ਲੋਕਾਂ ਨੂੰ ਇਸ ਨੂੰ ਦੇਖਣ ਦੀ ਅਪੀਲ ਵੀ ਕੀਤੀ। ਇਸ ਤੋਂ ਬਾਅਦ ਭਾਜਪਾ ਨੇ ਵੀ ਕਰਨਾਟਕ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 'ਦਿ ਕੇਰਲਾ ਸਟੋਰੀ' ਦਾ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕੀਤੀ। ਛੋਟੇ ਪਰਦੇ ਦੇ ਸੀਰੀਅਲਾਂ ਨਾਲ ਆਪਣਾ ਨਿਰਦੇਸ਼ਨ ਕਰੀਅਰ ਬਣਾਉਣ ਵਾਲੇ ਅਗਨੀਹੋਤਰੀ ਨੂੰ ਹਿੰਦੂਤਵ ਰਾਜਨੀਤਿਕ ਸੋਚ ਵਾਲਾ ਵਿਅਕਤੀ ਮੰਨਿਆ ਜਾਂਦਾ ਹੈ, ਜਿਸ ਦੀਆਂ ਫਿਲਮਾਂ ਦਾ ਉਦੇਸ਼ ਹੁਣ ਭਾਜਪਾ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਲਈ ਫਿਲਮਾਂ ਬਣਾ ਕੇ ਜਨਤਾ ਦਾ ਸਮਰਥਨ ਹਾਸਲ ਕਰਨਾ ਹੈ। ਇਸ ਫਿਲਮ ਨੂੰ 'ਨਰਗਿਸ ਦੱਤ ਨੈਸ਼ਨਲ ਯੂਨਿਟੀ ਐਵਾਰਡ' ਨਾਲ ਵੀ ਸਨਮਾਨਿਤ ਕੀਤਾ ਗਿਆ ਸੀ। ਯਾਨੀ ਕਿ ਇਹ ਮੰਨਿਆ ਜਾਂਦਾ ਸੀ ਕਿ ਇਹ ਫਿਲਮ ਭਾਰਤ ਦੀ ਏਕਤਾ ਨੂੰ ਮਜ਼ਬੂਤ ਕਰਦੀ ਹੈ ਅਸਲੀਅਤ ਇਹ ਹੈ ਕਿ ਇਸ ਦਾ ਮਕਸਦ ਲੋਕਾਂ ਨੂੰ ਜੋੜਨਾ ਨਹੀਂ ਸਗੋਂ ਵੰਡਣਾ ਹੈ। ਅਗਨੀਹੋਤਰੀ ਦੀ ਇੱਕ ਹੋਰ ਹਾਲ ਹੀ ਵਿੱਚ ਬਣੀ ਫਿਲਮ 'ਦ ਵੈਕਸੀਨ ਵਾਰ' ਭਾਰਤ ਵਿੱਚ ਕੋਰੋਨਾ ਦੇ ਦੌਰਾਨ ਬਣਾਏ ਜਾ ਰਹੇ ਐਂਟੀ-ਕੋਵਿਡ ਵੈਕਸੀਨ ਦੀ ਕਹਾਣੀ ਹੈ, ਜਿਸ ਵਿੱਚ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਦੇਸ਼ ਅੱਜ ਜੋ ਖੁੱਲ੍ਹਾ ਸਾਹ ਲੈ ਰਿਹਾ ਹੈ, ਉਹ ਇਨ੍ਹਾਂ ਟੀਕਿਆਂ ਕਾਰਨ ਹੈ ਅਤੇ ਫਿਲਮ ਵਿੱਚ ਅਸਿੱਧੇ ਰੂਪ ਵਿੱਚ। ਇਸ ਦਾ ਪੂਰਾ ਸਿਹਰਾ ਨਰਿੰਦਰ ਮੋਦੀ ਦੀ ਕਾਰਜਪ੍ਰਣਾਲੀ ਅਤੇ ਪਹੁੰਚ ਨੂੰ ਦਿੱਤਾ ਗਿਆ ਹੈ।

ਅਗਨੀਹੋਤਰੀ ਇਨ੍ਹਾਂ ਭਾਵਨਾਵਾਂ ਦਾ ਸ਼ੋਸ਼ਣ ਕਰਕੇ ਆਰਥਿਕ ਲਾਭ ਕਿਵੇਂ ਕਮਾਉਂਦੇ ਹਨ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਬਾਰੇ ਇਕ ਅਖਬਾਰ 'ਚ ਪ੍ਰਕਾਸ਼ਿਤ ਹੋਇਆ ਸੀ ਕਿ 'ਦਿ ਕਸ਼ਮੀਰ ਫਾਈਲਜ਼' ਰਾਹੀਂ ਵਿਵੇਕ ਅਤੇ ਉਨ੍ਹਾਂ ਦੀ ਅਦਾਕਾਰਾ ਪਤਨੀ ਵਜੋਂ ਨਿਰਮਾਤਾ ਪੱਲਵੀ ਜੋਸ਼ੀ ਨੇ ਵਰਸੋਵਾ 'ਚ ਕਰੀਬ 20 ਕਰੋੜ ਰੁਪਏ ਦਾ ਲਗਜ਼ਰੀ ਅਪਾਰਟਮੈਂਟ (ਬਾਕੀ ਸਫ਼ਾ 29 'ਤੇ)

# ਨਿਠਾਰੀ ਕਾਂਡ: ਇਲਾਹਾਬਾਦ ਹਾਈ ਕੋਰਟ ਵੱਲੋਂ ਪੰਧੇਰ ਅਤੇ ਕੋਲੀ ਬਰੀ



ਪ੍ਰਯਾਗਰਾਜ/ਏ.ਟੀ.ਨਿਊਜ਼ : ਇਲਾਹਾਬਾਦ ਹਾਈ ਕੋਰਟ ਨੇ 2006 ਦੇ ਨਿਠਾਰੀ ਲੜੀਵਾਰ ਹੱਤਿਆਵਾਂ ਮਾਮਲੇ ਵਿੱਚ ਘਰੇਲੂ ਨੌਕਰ ਸੁਰਿੰਦਰ ਕੋਲੀ ਤੇ ਉਸ ਦੇ ਮਾਲਕ ਮਨਿੰਦਰ ਸਿੰਘ ਪੰਧੇਰ ਨੂੰ ਸਬੂਤਾਂ ਦੀ ਅਣਹੋਂਦ ਵਿੱਚ ਬਰੀ ਕਰ ਦਿੱਤਾ ਹੈ। ਇਸ ਦੌਰਾਨ ਸੀਬੀਆਈ ਅਧਿਕਾਰੀ ਨੇ ਕਿਹਾ ਕਿ ਟੀਮ ਨੂੰ ਫੈਸਲੇ ਦੀ ਕਾਪੀ ਦੀ ਉਡੀਕ ਹੈ ਤੇ ਉਹ ਫੈਸਲੇ ਦੀ ਸਮੀਖਿਆ ਮਗਰੋਂ ਅਗਲੀ ਪੇਸ਼ਕਦਮੀ ਬਾਰੇ ਫੈਸਲਾ ਲੈਣਗੇ। ਹਾਈ ਕੋਰਟ ਦੇ ਫੈਸਲੇ ਨਾਲ ਲੂ ਕੰਡੇ ਖੜ੍ਹੇ ਕਰ ਦੇਣ ਵਾਲੇ ਅਪਰਾਧ ਦੀਆਂ ਯਾਦਾਂ ਮੁੜ ਲੋਕਾਂ ਦੇ ਜ਼ਿਹਨ ਵਿੱਚ ਤਾਜ਼ਾ ਹੋ ਗਈਆਂ ਹਨ। ਨੌਇਡਾ ਸਥਿਤ ਬੰਗਲੇ ਦੇ ਪਿੱਛਿਓਂ ਲੰਘਦੇ ਨਾਲੇ ਵਿਚੋਂ ਉਪਰੋਥੱਲੀ ਕਈ ਪਿੰਜਰ ਮਿਲਣ ਮਗਰੋਂ ਨੌਜਵਾਨ ਲੜਕੀਆਂ ਤੇ ਬੱਚਿਆਂ ਨੂੰ ਨਿਸ਼ਾਨਾ ਬਣਾਉਣ ਦੇ ਸਨਸਨੀਖੇਜ਼ ਅਪਰਾਧ ਤੋਂ ਪਰਦਾ ਚੁੱਕਿਆ ਗਿਆ ਸੀ। ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਤੇ ਜਸਟਿਸ ਸੱਯਦ ਆਫ਼ਤਾਬ ਹੁਸੈਨ ਰਿਜ਼ਵੀ ਦੇ ਬੈਂਚ ਨੇ ਕੋਲੀ ਤੇ ਪੰਧੇਰ ਦੀ ਗਾਜ਼ੀਆਬਾਦ ਦੀ ਸੀਬੀਆਈ ਕੋਰਟ ਵੱਲੋਂ ਸੁਣਾਈ ਮੌਤ ਦੀ ਸਜ਼ਾ ਦੇ ਫੈਸਲੇ ਨੂੰ ਚੁਣੌਤੀ ਦਿੰਦੀਆਂ ਪਟੀਸ਼ਨਾਂ ਨੂੰ ਸਵੀਕਾਰ ਕਰ ਲਿਆ। ਹਾਈ ਕੋਰਟ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸਤਗਾਸਾ ਧਿਰ ਆਪਣੇ ਕੇਸ ਨੂੰ ਸਾਬਤ ਕਰਨ ਵਿੱਚ ਨਾਕਾਮ ਰਹੀ ਹੈ। ਕਾਰੋਬਾਰੀ ਪੰਧੇਰ ਦੀ ਵਕੀਲ ਮਨੀਸ਼ਾ ਭੰਡਾਰੀ ਨੇ ਦੱਸਿਆ, "ਅਲਾਹਾਬਾਦ ਹਾਈ ਕੋਰਟ ਦੇ ਹੁਕਮਾਂ ਨਾਲ ਸ਼ਾਇਦ ਪੰਧੇਰ ਲਈ ਜੇਲ੍ਹ 'ਚੋਂ ਬਾਹਰ ਆਉਣ ਦਾ ਰਾਹ ਪੱਧਰਾ ਹੋ ਜਾਵੇ।" ਹਾਲਾਂਕਿ ਕੋਲੀ ਨੂੰ ਅਜੇ ਸਲਾਖਾਂ ਪਿੱਛੇ ਰਹਿਣਾ ਪੈ ਸਕਦਾ ਹੈ। ਇੱਕ ਕੇਸ ਵਿੱਚ ਉਹ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ। ਕੋਲੀ, ਜੋ ਇਸ ਵੇਲੇ ਗਾਜ਼ੀਆਬਾਦ ਦੀ ਜੇਲ੍ਹ ਵਿੱਚ ਬੰਦ ਹੈ, ਨੂੰ ਅਲਾਹਾਬਾਦ ਹਾਈ ਕੋਰਟ ਵੱਲੋਂ ਸੁਣੇ 12 ਕੇਸਾਂ ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਕੋਲੀ ਦਾ ਸਾਬਕਾ ਮਾਲਕ ਪੰਧੇਰ ਨੌਇਡਾ ਦੀ ਜੇਲ੍ਹ ਵਿੱਚ ਹੈ ਤੇ ਦੋ ਕੇਸਾਂ ਵਿੱਚ ਉਹ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਹੈ। ਦੋਵਾਂ (ਬਾਕੀ ਸਫ਼ਾ 29 'ਤੇ)

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic 43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital
DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਜੁਡੀਸ਼ੀਅਲ ਪ੍ਰੀਖਿਆ ਦੇ ਆਏ ਨਤੀਜੇ, ਕੁੜੀਆਂ ਨੇ ਮਾਰੀ ਬਾਜ਼ੀ

## ਪਹਿਲੇ 5 ਨੰਬਰਾਂ 'ਤੇ ਧੀਆਂ ਦਾ ਕਬਜ਼ਾ



ਪੰਜਾਬ ਪਬਲਿਕ ਸਰਵਿਸ ਕਮਿਸ਼ਨ (ਪੀ.ਪੀ.ਐਸ.ਸੀ.) ਨੇ ਪੰਜਾਬ ਸਿਵਲ ਸਰਵਿਸਿਜ਼ (ਪੀ.ਸੀ.ਐਸ.) ਜੁਡੀਸ਼ੀਅਲ ਪ੍ਰੀਖਿਆ ਦਾ ਨਤੀਜਾ ਜਾਰੀ ਕਰ ਦਿੱਤਾ ਹੈ। ਇਹਨਾਂ ਨਤੀਜਿਆਂ ਵਿੱਚ ਲੜਕੀਆਂ ਨੇ ਬਾਜ਼ੀ ਮਾਰੀ ਹੈ। ਪਹਿਲੇ 5 ਸਥਾਨ ਕੁੜੀਆਂ ਨੇ ਹਾਸਲ ਕੀਤੇ ਹਨ। ਨਮਿਤਾ ਸ਼ਰਮਾ ਨੇ ਪਹਿਲਾਂ ਸਥਾਨ ਹਾਸਲ ਕੀਤਾ, ਰਚਨਾ ਬਾਹਰੀ ਦੂਸਰੇ ਨੰਬਰ 'ਤੇ ਰਹੇ, ਹਰਅੰਮ੍ਰਿਤ ਕੌਰ ਤੀਸਰੇ ਸਥਾਨ 'ਤੇ, ਸਾਕਸ਼ੀ ਅਰੋੜਾ ਚੌਥੇ ਅਤੇ ਸ਼ੈਫਾਲਿਕਾ ਸੁਨੇਜਾ ਪੰਜਵੇਂ ਸਥਾਨ 'ਤੇ ਰਹੇ। (ਪੀ.ਪੀ.ਐਸ.ਸੀ.) ਨੇ ਪੰਜਾਬ ਵਿੱਚ 159 ਨਿਆਂਇਕ ਅਫਸਰਾਂ ਦੀ ਨਿਯੁਕਤੀ ਦਾ ਨਤੀਜਾ ਘੋਸ਼ਿਤ ਕੀਤਾ।ਪੀ.ਸੀ.ਐਸ. ਜੁਡੀਸ਼ੀਅਲ ਮੇਨਜ਼ ਦੀ ਪ੍ਰੀਖਿਆ 2 ਤੋਂ 4 ਜੂਨ ਦੇ ਵਿਚਕਾਰ ਹੋਈ ਸੀ, ਜਿਸ ਦਾ ਨਤੀਜਾ ਕਮਿਸ਼ਨ ਦੁਆਰਾ ਜੁਲਾਈ ਵਿੱਚ ਜਾਰੀ ਕੀਤਾ ਗਿਆ ਸੀ। 29 ਸਤੰਬਰ ਤੋਂ 8 ਅਕਤੂਬਰ ਤੱਕ ਇੰਟਰਵਿਊ ਲਈ ਗਈ। ਇਸ ਤੋਂ ਬਾਅਦ, ਪੀ.ਪੀ.ਐਸ.ਸੀ. ਨੇ ਹੁਣ ਆਪਣੀ ਵੈੱਬਸਾਈਟ 'ਤੇ ਸਾਰੀਆਂ ਸ਼੍ਰੇਣੀਆਂ ਦੇ ਨਤੀਜੇ ਉਪਲਬਧ ਕਰਵਾਏ ਹਨ। ਜਾਰੀ ਕੀਤੇ ਗਏ ਨਤੀਜਿਆਂ ਅਨੁਸਾਰ ਰਿਜ਼ਰਵ ਕੈਟਾਗਰੀ ਦੇ 2 ਉਮੀਦਵਾਰਾਂ ਨੇ ਵੀ 52 ਅਸਾਮੀਆਂ 'ਤੇ ਗੈਰ-ਰਾਖਵੀਂ ਸ਼੍ਰੇਣੀ 'ਚ ਸਥਾਨ ਹਾਸਲ ਕੀਤਾ ਹੈ।

**ਮੋਹਾਲੀ ਦੀ ਧੀ ਬਣੀ ਜੱਜ, 12ਵਾਂ ਰੈਂਕ ਹਾਸਲ**

ਮੁਹਾਲੀ ਦੇ ਫੇਜ਼-1 ਦੀ ਰਹਿਣ ਵਾਲੀ ਅਮਨਪ੍ਰੀਤ ਕੌਰ ਪੀ.ਸੀ.ਐਸ. (ਜੁਡੀਸ਼ੀਅਲ) ਦੀ ਪ੍ਰੀਖਿਆ ਪਾਸ ਕਰਕੇ ਜੱਜ ਬਣ ਗਈ ਹੈ। ਅਮਨਪ੍ਰੀਤ ਕੌਰ ਨੇ 12ਵਾਂ ਰੈਂਕ ਹਾਸਲ ਕੀਤਾ ਹੈ। ਅਮਨਪ੍ਰੀਤ ਕੌਰ ਨੇ ਦੱਸਿਆ ਕਿ ਉਸ ਨੇ ਪੰਜਾਬ ਯੂਨੀਵਰਸਿਟੀ ਤੋਂ ਬੀਏਐਲਐਲਬੀ ਅਤੇ ਐਲਐਲਐਮ ਪਾਸ ਕੀਤੀ ਹੈ ਅਤੇ ਸਾਢੇ ਤਿੰਨ ਸਾਲ ਸਖ਼ਤ ਮਿਹਨਤ ਕੀਤੀ ਹੈ। ਹੁ

**ਪੀ.ਆਰ.ਟੀ.ਸੀ. ਡਰਾਈਵਰ ਦੀ ਧੀ ਬਣੀ ਜੱਜ**

ਬਰਨਾਲਾ ਦੇ ਪੀ.ਆਰ.ਟੀ.ਸੀ. ਡਰਾਈਵਰ ਹਰਪਾਲ ਸਿੰਘ ਜੀ ਦੀ ਬੇਟੀ ਕਿਰਨਦੀਪ ਕੌਰ ਦੀ ਬਤੌਰ ਜੱਜ ਨਿਯੁਕਤੀ ਹੋਏ ਹਨ। ਆਪਣੀ ਕਮਾਈ ਵਿੱਚੋਂ ਬੱਚਿਆਂ ਨੂੰ ਪੜਾ ਲਿਖਾ ਕੇ ਇਸ ਮੁਕਾਮ ਤੱਕ ਪਹੁੰਚਾਉਣਾ ਆਪਣੇ ਆਪ ਵਿੱਚ ਇੱਕ ਬਹੁਤ ਵੱਡੀ ਪ੍ਰਾਪਤੀ ਹੈ। ਪੰਜਾਬ ਦੀ ਇੱਕ ਹੋਰ ਧੀ ਅੱਜ ਸਫ਼ਲ ਉਦਾਹਰਨ ਨਾਲ ਸਮਾਜ ਨੂੰ ਸੇਧ ਦੇ ਰਹੀ ਹੈ।

**ਬੱਸੀ ਪਠਾਣਾਂ ਦੀ ਕਾਜਲ ਵੀ ਬਣੀ ਜੱਜ**

ਫਤਹਿਗੜ੍ਹ ਸਾਹਿਬ ਦੇ ਹਲਕਾ ਬੱਸੀ ਪਠਾਣਾਂ ਦੀ ਕਾਜਲ ਨੇ ਵੀ ਪੀਸੀਐਸ (ਜੁਡੀਸ਼ੀਅਲ) ਦੀ ਪ੍ਰੀਖਿਆ ਪਾਸ ਕੀਤੀ ਹੈ। ਕਾਜਲ ਨੇ ਦੱਸਿਆ ਕਿ ਜੱਜ ਬਣਨ ਵਿੱਚ ਉਸ ਦੇ ਪਿਤਾ ਸ਼ਿਵ ਕੁਮਾਰ ਨਰੇਸ਼ ਨੇ ਸਭ ਤੋਂ ਵੱਧ ਸਹਿਯੋਗ ਦਿੱਤਾ। ਕਾਜਲ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਕਾਨੂੰਨ ਦੀ ਪੜ੍ਹਾਈ ਕੀਤੀ ਹੈ ਅਤੇ ਲੁਧਿਆਣਾ ਦੀ ਇੱਕ ਅਕੈਡਮੀ ਤੋਂ ਕੋਚਿੰਗ ਲਈ ਹੈ।



ਕਿਰਨਦੀਪ ਕੌਰ, ਬਰਨਾਲਾ — ਅਮਨਪ੍ਰੀਤ ਕੌਰ, ਮੋਹਾਲੀ

**ਖੰਨਾ ਦੀ ਜਸਲੀਨ ਕੌਰ ਬਣੀ ਜੱਜ**

ਖੰਨਾ ਦੀ ਬੇਟੀ ਜਸਲੀਨ ਕੌਰ ਬਵੇਜਾ ਵੀ ਜੱਜ ਬਣ ਗਈ ਹੈ। ਜਸਲੀਨ ਕੌਰ ਨੇ ਸੂਬੇ ਵਿੱਚੋਂ 45ਵਾਂ ਰੈਂਕ ਹਾਸਲ ਕੀਤਾ। ਜਸਲੀਨ ਦੀ ਕਾਮਯਾਬੀ 'ਤੇ ਪਰਿਵਾਰ 'ਚ ਜਸ਼ਨ ਦਾ ਮਾਹੌਲ ਹੈ। ਜਸਲੀਨ ਕੌਰ ਨੇ ਕਿਹਾ ਕਿ ਮੈਂ ਸ਼ੁਰੂ ਤੋਂ ਹੀ ਕੁਝ ਵੱਖਰਾ ਕਰਨ ਬਾਰੇ ਸੋਚਿਆ ਸੀ। ਪਹਿਲੀ ਵਾਰ ਸਫਲਤਾ ਨਹੀਂ ਮਿਲੀ। ਪਰ ਹਿੰਮਤ ਨਾ ਹਾਰੀ। ਹੁਣ ਦੂਜੀ ਕੋਸ਼ਿਸ਼ 'ਚ ਸਫਲਤਾ ਮਿਲੀ ਹੈ। ਜਸਲੀਨ ਕੌਰ ਨੇ ਸੈਕਰਡ ਹਾਰਟ ਸਕੂਲ, ਖੰਨਾ ਤੋਂ 12ਵੀਂ ਤੱਕ ਦੀ ਪੜ੍ਹਾਈ ਕੀਤੀ। ਇਸ ਤੋਂ ਬਾਅਦ ਚੰਡੀਗੜ੍ਹ ਤੋਂ ਐਲਐਲਬੀ ਅਤੇ ਐਲਐਲਐਮ ਕੀਤੀ।

# ਲੋੜਵੰਦ ਬੱਚਿਆਂ ਨੂੰ ਮੁਫ਼ਤ ਕੋਚਿੰਗ ਦੇ ਕੇ ਜੱਜ ਬਣਾਉਣ ਵਾਲੇ ਵਕੀਲ ਗੁਰਿੰਦਰ ਪਾਲ ਸਿੰਘ



ਚੰਡੀਗੜ੍ਹ/ਏ.ਟੀ.ਨਿਊਜ਼ : ਪੀਸੀਐੱਸ ਦੇ ਨਤੀਜਿਆਂ ਵਿੱਚ ਮਲੇਰਕੋਟਲਾ ਦੀ ਗੁਲਫ਼ਾਮ ਸਈਦ, ਕਪੂਰਥਲਾ ਦੀ ਸ਼ਿਵਾਨੀ, ਬਟਾਲਾ ਦੀ ਮਨਮੋਹਨ ਪ੍ਰੀਤ, ਬਰਨਾਲਾ ਦੀ ਅੰਜਲੀ ਅਤੇ ਕਿਰਨਜੀਤ ਕੌਰ ਨੇ ਜੱਜ ਬਣ ਕੇ ਸਫ਼ਲਤਾ ਦੀ ਪੁਲਾਂਘ ਪੁੱਟੀ ਹੈ। ਪਰ ਇਨ੍ਹਾਂ ਕੁੜੀਆਂ ਲਈ ਇੱਥੋਂ ਤੱਕ ਪਹੁੰਚਣਾ ਆਮ ਗੱਲ ਨਹੀਂ ਸੀ, ਘਰ ਦੇ ਆਰਥਿਕ ਹਾਲਾਤ ਨਾਲ ਸੰਘਰਸ਼ ਕਰ ਕੇ ਇਹ ਸਫ਼ਲਤਾ ਤੱਕ ਪੁੱਜੀਆਂ ਹਨ।

ਇਨ੍ਹਾਂ ਵਿੱਚੋਂ ਕਿਸੇ ਦੇ ਪਿਤਾ ਡਰਾਈਵਰ, ਕਿਸੇ ਦੇ ਕਿਸਾਨ ਸਨ ਪਰ ਇਹ ਪੰਜੇ ਕੁੜੀਆਂ ਆਪਣੀ ਸਫ਼ਲਤਾ ਦਾ ਸਿਹਰਾ ਇੱਕ ਸ਼ਖ਼ਸ ਦੇ ਸਿਰ 'ਤੇ ਬੰਨ੍ਹਦੀਆਂ ਹਨ, ਜਿਨ੍ਹਾਂ ਦਾ ਨਾਮ ਗੁਰਿੰਦਰ ਪਾਲ ਸਿੰਘ ਹੈ।

ਗੁਰਿੰਦਰ ਪਾਲ ਸਿੰਘ ਪੰਜਾਬ-ਹਰਿਆਣਾ ਹਾਈਕੋਰਟ 'ਚ ਵਕੀਲ ਹਨ। ਇਸ ਵਾਰ ਉਨ੍ਹਾਂ ਦੇ ਪੜਾਏ ਹੋਏ ਬੱਚਿਆਂ ਵਿੱਚੋਂ 13 ਬੱਚੇ ਪ੍ਰੀਖਿਆ ਪਾਸ ਕਰ ਕੇ ਜੱਜ ਲੱਗਣ ਜਾ ਰਹੇ ਹਨ।

ਹਾਲਾਂਕਿ, ਉਨ੍ਹਾਂ ਨੇ 2-3 ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ ਸੀ ਤੇ ਅੱਜ ਉਹ 60-65 ਬੱਚਿਆਂ ਨੂੰ ਪੜ੍ਹਾ ਰਹੇ ਹਨ। ਵਕੀਲ ਗੁਰਿੰਦਰ ਪਾਲ ਸਿੰਘ ਦੱਸਦੇ ਹਨ ਉਹ 1988-89 ਵਿੱਚ ਪੰਜਾਬ-ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਵਿੱਚ ਆਏ ਸਨ ਅਤੇ ਉਦੋਂ ਤੋਂ ਹੀ ਇੱਥੇ ਹਨ। ਉਹ ਤਿੰਨ ਵਾਰ ਬਾਰ ਕੌਂਸਲ ਦੇ ਮੈਂਬਰ ਅਤੇ ਇੱਕ ਵਾਰ ਚੇਅਰਮੈਨ ਵੀ ਰਹੇ ਹਨ।ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੇ ਪੰਜਾਬ ਵਿੱਚ ਐਡੀਨਸ਼ਲ ਜਨਰਲ ਵਜੋਂ ਸੇਵਾ ਵੀ ਨਿਭਾਈ ਹੈ। ਉਹ ਦੱਸਦੇ ਹਨ ਕਿ ਉਹ ਜੁਡੀਸ਼ੀਅਰੀ ਦੀ ਤਿਆਰੀ ਕਰ ਰਹੇ ਬੱਚਿਆਂ ਲਈ ਕੋਚਿੰਗ ਕਲਾਸਾਂ ਚਲਾਉਂਦੇ ਹਨ।

ਉਨ੍ਹਾਂ ਮੁਤਾਬਕ, ਇਸ ਵਿੱਚ ਬੱਚਿਆਂ ਨੂੰ ਉਨ੍ਹਾਂ ਦੇ ਸੂਬੇ ਦੇ ਹਿਸਾਬ ਨਾਲ ਪ੍ਰੀਖਿਆ ਦੀ ਤਿਆਰੀ ਕਰਵਾਈ ਜਾਂਦੀ ਹੈ। ਇਸ ਵਿੱਚ ਕਿਸੇ ਵੀ ਸੂਬੇ ਦੇ ਬੱਚੇ ਆ ਸਕਦੇ ਹਨ ਪਰ ਸਾਡਾ ਮੁੱਖ ਧਿਆਨ ਪੰਜਾਬ-ਹਰਿਆਣਾ 'ਤੇ ਹੀ ਰਹਿੰਦਾ ਹੈ ਤੇ ਇਸੇ ਦੀ ਤਿਆਰੀ ਕਰਵਾਈ ਜਾਂਦੀ ਹੈ।

ਗੁਰਿੰਦਰ ਪਾਲ ਸਿੰਘ ਕਹਿੰਦੇ ਹਨ, ਸ਼ੁਰੂਆਤ ਵੇਲੇ 2-3 ਬੱਚਿਆਂ ਬਾਰੇ ਪਤਾ ਲੱਗਾ ਕਿ ਉਨ੍ਹਾਂ ਨੂੰ ਆਰਥਿਕ ਤੰਗੀ ਕਾਰਨ ਆਪਣੀ ਕੋਚਿੰਗ ਅੱਧ-ਵਿਚਾਲੇ ਛੱਡਣੀ ਪਈ ਜਾਂ ਸ਼ਾਇਦ ਪਹਿਲੀ ਕਿਸ਼ਤ ਤੋਂ ਬਾਅਦ ਉਹ ਅਗਲੀ ਕਿਸ਼ਤ ਨਹੀਂ ਭਰ ਸਕੇ।ਉਦੋਂ ਕੁ ਹੀ ਮੈਂ ਫ਼ੈਸਲਾ ਕੀਤਾ ਸੀ ਕਿ ਮੈਂ ਬਾਰ ਕੌਂਸਲ ਛੱਡਣੀ ਹੈ ਤਾਂ ਜੋ ਨਵੇਂ ਬੱਚਿਆਂ ਨੂੰ ਬਾਰ ਕੌਂਸਲ ਵਿੱਚ

(ਬਾਕੀ ਸਫ਼ਾ 29 'ਤੇ)

# ਸਾਬਕਾ ਕਾਂਗਰਸੀ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਗ੍ਰਿਫ਼ਤਾਰ



ਫਿਰੋਜ਼ਪੁਰ/ਏ.ਟੀ.ਨਿਊਜ਼: ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ੀਰਾ ਵਿਧਾਨ ਸਭਾ ਹਲਕੇ ਦੇ ਸਾਬਕਾ ਵਿਧਾਇਕ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਕੁਲਬੀਰ ਸਿੰਘ ਨੂੰ ਪੁਲਿਸ ਨੇ ਉਨ੍ਹਾਂ ਦੇ ਘਰ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਗ੍ਰਿਫ਼ਤਾਰ ਕਰਨ ਮਗਰੋਂ ਡਿਊਟੀ ਮੈਜਿਸਟਰੇਟ ਜ਼ੀਰਾ ਦੇ ਪੇਸ਼ ਕਰਨ ਉਪਰੰਤ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਲਿਆਂਦਾ ਗਿਆ। ਪੁਲਿਸ ਦੀ ਸਾਰੀ ਕਾਰਵਾਈ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ।

ਦੱਸਣਯੋਗ ਹੈ ਕਿ ਥਾਣਾ ਸਿਟੀ ਜ਼ੀਰਾ ਦੀ ਪੁਲਿਸ ਨੇ ਬੀਡੀਪੀਓ ਜ਼ੀਰਾ ਵੱਲੋਂ ਦਿੱਤੀ ਗਈ ਲਿਖਤੀ ਸ਼ਿਕਾਇਤ ਦੇ ਆਧਾਰ 'ਤੇ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਅਤੇ ਉਨ੍ਹਾਂ ਦੇ ਅਣਪਛਾਤੇ ਸਮਰਥਕਾਂ ਦੇ ਖ਼ਿਲਾਫ਼ ਮੁਕਦਮਾ ਨੰਬਰ 120/23 ਦਰਜ ਕੀਤਾ ਸੀ। ਕੁਲਬੀਰ ਸਿੰਘ ਜ਼ੀਰਾ ਨੇ ਇਹ ਐਲਾਨ ਕੀਤਾ ਸੀ ਕਿ ਸੰਗਰਾਂਦ ਵਾਲੇ ਦਿਨ 17 ਅਕਤੂਬਰ ਨੂੰ ਉਹ ਧੰਨ ਧੰਨ ਬਾਬਾ ਬੁੱਢਾ ਸਾਹਿਬ ਜ'ਤੇ ਪ੍ਰੈਸ ਕਾਨਫ਼ਰੰਸ ਕਰਨ ਉਪਰੰਤ ਐੱਸਐੱਸਪੀ ਦਫ਼ਤਰ ਫਿਰੋਜ਼ਪੁਰ ਵਿਖੇ ਜਾ ਕੇ ਆਪਣੀ ਗ੍ਰਿਫ਼ਤਾਰੀ ਦੇਣਗੇ।

ਜਦੋਂ ਕੁਲਬੀਰ ਸਿੰਘ ਜ਼ੀਰਾ ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਕੇਂਦਰੀ ਜੇਲ੍ਹ ਫਿਰੋਜ਼ਪੁਰ 'ਚ ਲਿਆਂਦਾ ਗਿਆ। ਉਥੇ ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਲੋਕਾਂ ਦੀ ਆਵਾਜ਼ ਚੁੱਕਣ ਕਰਕੇ ਗ੍ਰਿਫ਼ਤਾਰ ਕੀਤਾ ਗਿਆ ਹੈ। ਜ਼ੀਰਾ ਨੇ ਕਿਹਾ ਕਿ ਪਿਛਲੇ ਦਿਨੀਂ ਸਰਪੰਚਾਂ ਨੂੰ ਉਨ੍ਹਾਂ ਦਾ ਹੱਕ ਦਿਵਾਉਣ ਲਈ ਸਮਰਥਕਾਂ ਨੂੰ ਨਾਲ ਲੈ ਕੇ ਉਨ੍ਹਾਂ ਨੇ ਬੀਡੀਪੀਓ ਦਫ਼ਤਰ ਜ਼ੀਰਾ ਵਿਖੇ ਸ਼ਾਂਤੀਪੂਰਵਕ ਧਰਨਾ ਲਗਾਇਆ ਸੀ, ਜਿਸ ਵਿੱਚ ਜ਼ੀਰਾ ਵਿਧਾਨ ਸਭਾ ਹਲਕਾ ਦੇ ਮੌਜੂਦਾ ਵਿਧਾਇਕ ਖ਼ਿਲਾਫ਼ ਕਈ ਤਰ੍ਹਾਂ ਦੇ ਇਲਜ਼ਾਮ ਲਗਾਏ ਗਏ ਸਨ। ਕੁਲਬੀਰ ਸਿੰਘ ਜ਼ੀਰਾ ਨੇ ਕਿਹਾ ਕਿ ਲੋਕਾਂ ਦੇ ਹੱਕਾਂ ਲਈ ਆਵਾਜ਼ ਉਠਾਉਂਦਿਆਂ ਜੇਕਰ ਉਨ੍ਹਾਂ ਨੂੰ 10 ਵਾਰ ਵੀ ਜੇਲ੍ਹ ਜਾਣਾ ਪਵੇਗਾ ਤਾਂ ਉਹ ਜਾਣ ਨੂੰ ਤਿਆਰ ਰਹਿਣਗੇ।

ਦੂਜੇ ਪਾਸੇ ਜ਼ਿਲ੍ਹਾ ਫਿਰੋਜ਼ਪੁਰ ਪੁਲਿਸ ਪ੍ਰਸ਼ਾਸਨ ਵੱਲੋਂ ਥੋੜੀ ਦੇਰ ਬਾਅਦ ਹੀ ਕੁਲਬੀਰ ਸਿੰਘ ਜ਼ੀਰਾ ਨੂੰ ਰੋਪੜ ਦੀ ਜੇਲ੍ਹ 'ਚ ਭੇਜ ਦਿੱਤਾ ਗਿਆ। ਜਦੋਂ ਉਨ੍ਹਾਂ ਦੇ ਸਮਰਥਕਾਂ ਨੂੰ ਇਹ ਪਤਾ ਲੱਗਾ ਕਿ ਕੁਲਬੀਰ ਸਿੰਘ ਜ਼ੀਰਾ ਨੂੰ ਰੋਪੜ ਜੇਲ੍ਹ ਵਿੱਚ ਲਿਜਾਇਆ ਜਾ ਰਿਹਾ ਹੈ ਤਾਂ ਉਨ੍ਹਾਂ ਨੇ ਰਸਤੇ ਵਿੱਚ ਜਿਸ ਗੱਡੀ 'ਤੇ ਕੁਲਬੀਰ ਜ਼ੀਰਾ ਨੂੰ ਲਿਜਾਇਆ ਜਾ ਰਿਹਾ ਸੀ ਅਤੇ ਪੁਲਿਸ ਦੀਆਂ ਗੱਡੀਆਂ ਰੋਕ ਲਈਆਂ ਅਤੇ ਜ਼ਬਰਦਸਤ ਨਾਅਰੇਬਾਜ਼ੀ ਕੀਤੀ।

# ਵੱਡੇ ਆਗੂਆਂ ਦੇ ਅਸਤੀਫ਼ਿਆਂ ਨੇ ਢਾਹੇ ਅਕਾਲੀ ਦਲ ਦੇ ਹੌਸਲੇ

## ਹਰਸਿਮਰਤ ਕੌਰ ਬਾਦਲ ਦੇ ਬਦਲਣ ਲੱਗੇ ਸਿਆਸੀ ਸਮੀਕਰਨ



ਬਠਿੰਡਾ/ਏ.ਟੀ.ਨਿਊਜ਼ : ਬਠਿੰਡਾ ਲੋਕ ਸਭਾ ਹਲਕੇ ਤੋਂ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਦੇ ਸਿਆਸੀ ਸਮੀਕਰਨ ਬਦਲਦੇ ਜਾ ਰਹੇ ਹਨ। ਇਸ ਹਲਕੇ ਤੋਂ ਬੀਤੇ ਦਿਨੀਂ ਜੀਤ ਮਹਿੰਦਰ ਸਿੰਘ ਸਿੱਧੂ ਵੱਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਆਖਣ 'ਤੇ ਇਸ ਖੇਤਰ ਵਿੱਚ ਨਵੀਆਂ ਸਿਆਸੀ ਸਰਗਰਮੀਆਂ ਆਰੰਭ ਹੋ ਗਈਆਂ ਹਨ। ਤਲਵੰਡੀ ਸਾਬੋ ਹਲਕੇ ਤੋਂ ਚਾਰ ਵਾਰ ਦੇ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਜ਼ਦੀਕੀ ਆਗੂਆਂ 'ਚੋਂ ਮੰਨਿਆ ਜਾਂਦਾ ਸੀ ਅਤੇ ਉਨ੍ਹਾਂ ਦਾ ਪਾਰਟੀ ਨੂੰ ਲੋਕ ਸਭਾ ਚੋਣਾਂ ਤੋਂ ਪਹਿਲਾਂ ਅਲਵਿਦਾ ਕਹਿਣ ਨੇ, ਇਸ ਇਲਾਕੇ ਵਿੱਚ ਨਵੀਂ ਹਿਲਜੁਲ ਪੈਦਾ ਕਰ ਦਿੱਤੀ ਹੈ। ਬੀਬੀ ਹਰਸਿਮਰਤ ਕੌਰ ਬਾਦਲ ਦੇ ਇਸ ਲੋਕ ਸਭਾ ਹਲਕੇ 'ਚੋਂ ਸਾਬਕਾ ਸੰਸਦੀ ਮੈਂਬਰ ਜਗਦੀਪ ਸਿੰਘ ਨਕੱਈ ਦੇ ਸ਼੍ਰੋਮਣੀ ਅਕਾਲੀ ਦਲ ਨੂੰ ਛੱਡਣ ਦਾ ਜ਼ਖ਼ਮ ਅਜੇ ਭਰਿਆ ਨਹੀਂ ਸੀ ਕਿ ਹੁਣ ਜੀਤ ਮਹਿੰਦਰ ਸਿੰਘ ਸਿੱਧੂ ਦੇ ਜਾਣ ਨਾਲ ਪਿੰਡਾਂ ਅਤੇ ਸ਼ਹਿਰਾਂ 'ਚ ਸਿਆਸੀ ਸਰਗਰਮੀਆਂ ਨੇ ਜ਼ੋਰ ਫੜ੍ਹ ਲਿਆ ਹੈ। ਬਠਿੰਡਾ ਤੋਂ ਸਰੂਪ ਚੰਦ ਸਿੰਗਲਾ ਦੇ ਅਕਾਲੀ ਦਲ ਛੱਡਣ ਕਾਰਨ ਪਹਿਲਾਂ ਹੀ ਅਕਾਲੀ ਵਰਕਰ ਆਪਣੇ-ਆਪ ਵਿੱਚ ਹੱਕੇ-ਬੱਕੇ ਚਲੇ ਆ ਰਹੇ ਸਨ। ਇਸੇ ਤਰ੍ਹਾਂ ਬਠਿੰਡਾ ਲੋਕ ਸਭਾ ਹਲਕੇ ਵਿੱਚ ਮੌੜ ਵਿਧਾਨ ਸਭਾ ਹਲਕੇ ਤੋਂ ਸਾਲ 2022 ਦੀਆਂ ਚੋਣਾਂ ਲੜਨ ਵਾਲੇ ਜਗਮੀਤ ਸਿੰਘ ਬਰਾੜ ਦੀ ਪਾਰਟੀ ਗਤੀਵਿਧੀਆਂ ਪ੍ਰਤੀ ਧਾਰੀ ਚੁੱਪ ਨੇ ਅਕਾਲੀ ਵਰਕਰਾਂ ਦੇ ਹੌਸਲੇ ਸੁਸਤ ਕੀਤੇ ਹੋਏ ਹਨ। ਦਿਲਚਸਪ ਗੱਲ ਹੈ ਕਿ ਹਰਸਿਮਰਤ ਕੌਰ ਬਾਦਲ ਬਠਿੰਡਾ ਲੋਕ ਸਭਾ ਹਲਕੇ ਤੋਂ ਲਗਾਤਾਰ ਤਿੰਨ ਵਾਰ ਮੈਂਬਰ ਪਾਰਲੀਮੈਂਟ ਬਣੇ ਹੋਏ ਹਨ, ਜਿਨ੍ਹਾਂ ਲਈ ਪਿਛਲੇ ਦੋ ਵਾਰ ਦੀਆਂ ਜਿੱਤਾਂ ਵਿੱਚ ਜਗਦੀਪ ਸਿੰਘ ਨਕੱਈ (ਮਾਨਸਾ), ਜੀਤ ਮਹਿੰਦਰ ਸਿੰਘ ਸਿੱਧੂ (ਤਲਵੰਡੀ ਸਾਬੋ), ਸਰੂਪ ਚੰਦ ਸਿੰਗਲਾ (ਬਠਿੰਡਾ), ਗੁਰਪ੍ਰੀਤ ਸਿੰਘ ਬਣਾਂਵਾਲੀ (ਸਰਦੂਲਗੜ੍ਹ) ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਇਸੇ ਤਰ੍ਹਾਂ ਮਾਨਸਾ ਤੋਂ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਔਲਖ ਦੇ ਸੰਯੁਕਤ ਅਕਾਲੀ ਦਲ 'ਚ ਚਲੇ ਜਾਣ ਕਾਰਨ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਮਿੱਠੂ ਸਿੰਘ ਕਾਹਨੇਕੇ ਅਤੇ ਮਨਜੀਤ ਸਿੰਘ ਬੱਪੀਆਣਾ ਦੇ ਪਾਰਟੀ ਛੱਡਣ ਕਾਰਨ ਹਰਸਿਮਰਤ ਕੌਰ ਨੂੰ ਲੋਕ ਸਭਾ 2024 ਦੀਆਂ ਚੋਣਾਂ ਲਈ ਇਨ੍ਹਾਂ ਹਲਕਿਆਂ 'ਚ ਹੁਣ ਨਵੇਂ ਜਥੇਦਾਰਾਂ ਨੂੰ ਲੱਭਣ ਦੀ ਚੁਣੌਤੀ ਖੜ੍ਹੀ ਹੋ ਗਈ ਹੈ। ਸਿਆਸੀ ਤੌਰ 'ਤੇ ਵੇਖਿਆ ਗਿਆ ਹੈ ਕਿ ਬੀਬੀ ਹਰਸਿਮਰਤ ਕੌਰ ਬਾਦਲ ਦੇ ਹਲਕੇ 'ਚੋਂ ਸ਼੍ਰੋਮਣੀ ਅਕਾਲੀ ਦਲ 'ਚੋਂ ਉਨ੍ਹਾਂ ਆਗੂਆਂ ਨੇ ਹੀ ਬਗਾਵਤ ਕੀਤੀ ਹੈ, ਜਿਹੜੇ ਆਗੂ ਸੁਖਬੀਰ ਸਿੰਘ ਬਾਦਲ ਦੇ ਸਭ ਤੋਂ ਨਜ਼ਦੀਕੀ ਮੰਨੇ ਜਾਂਦੇ ਸਨ।

ਹਲਕਾ ਤਲਵੰਡੀ ਸਾਬੋ ਤੋਂ ਸਾਬਕਾ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ ਵੱਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਛੱਡਣ ਤੋਂ ਬਾਅਦ ਲਗਾਤਾਰ ਉੱਥਲ ਪੁੱਥਲ ਹੋ ਰਹੀ ਹੈ। ਇਸੇ ਤਹਿਤ ਇਲਾਕੇ ਨਾਲ ਸਬੰਧਤ ਅਕਾਲੀ ਦਲ ਦੇ ਵੱਖ-ਵੱਖ ਵਿੰਗਾਂ ਦੇ ਅਹੁਦੇਦਾਰਾਂ ਵੱਲੋਂ ਆਪਣੇ ਅਹੁਦੇ ਛੱਡ ਕੇ ਸਾਬਕਾ ਵਿਧਾਇਕ ਨਾਲ ਖੜ੍ਹਨ ਦਾ ਅਹਿਦ ਲਿਆ ਜਾ ਰਿਹਾ ਹੈ। ਟਰੱਕ ਯੂਨੀਅਨ ਰਾਮਾਂ ਦੇ ਸਾਬਕਾ ਪ੍ਰਧਾਨ ਰਾਮਪਾਲ ਸਿੰਘ ਮਲਕਾਣਾ ਨੇ ਸ਼੍ਰੋਮਣੀ ਅਕਾਲੀ ਦਲ ਕਿਸਾਨ ਵਿੰਗ ਬਲਾਕ ਰਾਮਾਂ ਦੀ ਪ੍ਰਧਾਨਗੀ ਦੇ ਨਾਲ-ਨਾਲ ਅਕਾਲੀ ਦਲ ਦੀ ਮੁੱਢਲੀ ਮੈਂਬਰਸ਼ਿਪ ਤੋਂ ਵੀ ਅਸਤੀਫ਼ਾ ਦੇ ਦਿੱਤਾ ਹੈ। ਮਲਕਾਣਾ ਸਾਬਕਾ ਵਿਧਾਇਕ ਦੇ ਨੇੜਲਿਆਂ 'ਚੋਂ ਇੱਕ ਹਨ। ਇਸੇ ਤਰ੍ਹਾਂ ਅਕਾਲੀ ਦਲ ਦੇ ਕੌਮੀ ਯੂਥ ਆਗੂ ਰਹੇ ਸੁਖਬੀਰ ਸਿੰਘ ਚੱਠਾ ਨੇ ਵੀ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦਿੱਤਾ ਹੈ। ਪਾਰਟੀ ਦਾ ਹਰ ਸਮਾਗਮ ਤਕਰੀਬਨ ਉਨ੍ਹਾਂ ਦੇ ਹੀ ਚੱਠਾ ਪੈਲੇਸ ਵਿੱਚ ਹੁੰਦਾ ਸੀ। ਉਕਤ ਆਗੂਆਂ ਨੇ ਕਿਹਾ ਕਿ ਉਹ ਮੁੱਢ ਤੋਂ ਹੀ ਸਾਬਕਾ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ ਦੇ ਨਾਲ ਰਹੇ ਹਨ ਅਤੇ ਅੱਗੇ ਤੋਂ ਵੀ ਉਨ੍ਹਾਂ ਦੇ ਨਾਲ ਹੀ ਰਹਿਣਗੇ, ਚਾਹੇ ਉਹ ਕਿਸੇ ਵੀ ਪਾਰਟੀ ਵਿੱਚ ਜਾਣ।

## ਸਿੰਘ ਸਾਹਿਬਾਨ ਵੱਲੋਂ ਅਹਿਮ ਫ਼ੈਸਲਾ

# ਬੀਚਾਂ ਤੇ ਰਿਜ਼ੌਰਟਾਂ ਵਿੱਚ ਆਨੰਦ ਕਾਰਜ ’ਤੇ ਰੋਕ



ਅੰਮ੍ਰਿਤਸਰ/ਏ.ਟੀ.ਨਿਊਜ਼ :ਸ੍ਰੀ ਅਕਾਲ ਤਖਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਡੈਸਟੀਨੇਸ਼ਨ ਵੈਡਿੰਗ ਦੇ ਨਾਂ ’ਤੇ ਬੀਚ ਅਤੇ ਰਿਜ਼ੌਰਟ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਆਨੰਦ ਕਾਰਜ ’ਤੇ ਰੋਕ ਲਾ ਦਿੱਤੀ ਹੈ। ਇਸੇ ਤਰ੍ਹਾਂ ਬਠਿੰਡਾ ਦੇ ਗੁਰਦੁਆਰੇ ਵਿੱਚ ਦੋ ਕੁੜੀਆਂ ਦੇ ਸਮਲਿੰਗੀ ਵਿਆਹ ਦੇ ਮਾਮਲੇ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਯੋਗ ਕਰਾਰ ਦਿੰਦਿਆਂ ਉੱਥੋਂ ਦੇ ਮੁੱਖ ਗ੍ਰੰਥੀ, ਗ੍ਰੰਥੀ ਤੇ ਰਾਗੀ ਜਥੇ ਨੂੰ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਪੰਜ ਸਾਲਾਂ ਲਈ ਬਲੈਕ ਲਿਸਟ ਕਰ ਦਿੱਤਾ ਗਿਆ ਹੈ।

ਸ੍ਰੀ ਅਕਾਲ ਤਖਤ ਸਕੱਤਰੇਤ ਵਿੱਚ ਹੋਈ ਇਕੱਤਰਤਾ ਦੌਰਾਨ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਅਤੇ ਤਖਤ ਸ੍ਰੀ ਪਟਨਾ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਗਿਆਨੀ ਗੁਰਦਿਆਲ ਸਿੰਘ ਹਾਜ਼ਰ ਸਨ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦੱਸਿਆ ਕਿ ਬੀਚ ਅਤੇ ਰਿਜ਼ੌਰਟ ਵਿੱਚ ਆਨੰਦ ਕਾਰਜ ਮੌਕੇ ਮਰਿਆਦਾ ਦੀ ਉਲੰਘਣਾ ਸਬੰਧੀ ਸ਼ਿਕਾਇਤਾਂ ਪੁੱਜੀਆਂ ਹਨ, ਜਿਸ ਆਧਾਰ ’ਤੇ ਮਾਮਲਾ ਵਿਚਾਰਨ ਮਗਰੋਂ ਬੀਚ ਅਤੇ ਰਿਜ਼ੌਰਟ ਵਿੱਚ ਡੈਸਟੀਨੇਸ਼ਨ ਵੈਡਿੰਗ ਦੇ ਨਾਂ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਲਿਜਾ ਕੇ ਆਨੰਦ ਕਾਰਜ ਕਰਨ ’ਤੇ ਰੋਕ ਲਾ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ ਕਈ ਫ਼ਿਲਮੀ ਸਿਤਾਰਿਆਂ ਵੱਲੋਂ ਗੈਰ-ਸਿੱਖ ਹੋਣ ਦੇ ਬਾਵਜੂਦ ਸਿੱਖ ਧਰਮ ਵਿੱਚ ਵਿਸ਼ਵਾਸ ਦਰਸਾਉਂਦਿਆ ਹਾਲ ਹੀ ਵਿੱਚ ਡੈਸਟੀਨੇਸ਼ਨ ਵੈਡਿੰਗ ਦੇ ਨਾਂ ਹੇਠ ਆਨੰਦ ਕਾਰਜ ਕੀਤੇ ਗਏ ਹਨ ਪਰ ਹੁਣ ਇਸ ਹੁਕਮਨਾਮੇ ਮਗਰੋਂ ਅਜਿਹਾ ਨਹੀਂ ਹੋ ਸਕੇਗਾ।

ਇਸ ਤੋਂ ਇਲਾਵਾ ਗੁਰਦੁਆਰਾ ਸ੍ਰੀ ਸਿੰਘ ਸਭਾ ਇੰਦੌਰ ਦੀ ਚੋਣ ਪ੍ਰਕਿਰਿਆ ਵਿੱਚ ਵਿਘਨ ਪਾਉਣ ਦੇ ਦੋਸ਼ ਹੇਠ ਪ੍ਰਬੰਧਕ ਕਮੇਟੀ ਦੇ ਨਾਮਜ਼ਦ ਮੈਂਬਰ ਜਗਜੀਤ ਸਿੰਘ ਦੀ ਮੈਂਬਰਸ਼ਿਪ ਖਾਰਜ ਕਰਨ ਦੇ ਆਦੇਸ਼ ਦਿੰਦਿਆਂ ਕਿਹਾ ਕਿ ਜਦੋਂ ਤੱਕ ਉਹ ਚੋਣ ਸਬੰਧੀ ਕੀਤੇ ਗਏ ਕੇਸ ਨੂੰ ਵਾਪਸ ਨਹੀਂ ਲੈਂਦਾ ਤੇ ਸ੍ਰੀ ਅਕਾਲ ਤਖਤ ਵਿਖੇ ਪੇਸ਼ ਹੋ ਕੇ ਭੁੱਲ ਨਹੀਂ ਬਖ਼ਸ਼ਾਉਂਦਾ, ਸੰਗਤ ਉਸ ਦਾ ਬਾਈਕਾਟ ਕਰੇ।

ਇਸੇ ਤਰ੍ਹਾਂ ਹੁਸ਼ਿਆਰਪੁਰ ਦੇ ਦਸੂਹਾ ਵਿਖੇ ਮਿਆਨੀ ਰੋਡ ਸਥਿਤ ਗੁਰਦੁਆਰਾ ਸ੍ਰੀ ਸਿੰਘ ਸਭਾ ਦੇ ਪ੍ਰਧਾਨ ਪਰਮਜੀਤ ਸਿੰਘ, ਮੀਤ ਪ੍ਰਧਾਨ ਜੋਗਿੰਦਰ ਸਿੰਘ ਅਤੇ ਸਕੱਤਰ ਕਮਲਪ੍ਰੀਤ ਸਿੰਘ ਨੂੰ ਪ੍ਰਬੰਧ ਚਲਾਉਣ ਵਿੱਚ ਅਯੋਗ ਕਰਾਰ ਦਿੰਦਿਆਂ ਸੰਗਤ ਨੂੰ ਇਨ੍ਹਾਂ ਨਾਲ ਕੋਈ ਸਬੰਧ ਨਾ ਰੱਖਣ ਲਈ ਕਿਹਾ।

**ਸਮਲਿੰਗੀ ਵਿਆਹ ਦੇ ਮਾਮਲੇ ਵਿੱਚ ਬਠਿੰਡਾ ਦੇ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਅਯੋਗ ਕਰਾਰ**

ਬਠਿੰਡਾ ਦੇ ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਦੋ ਕੁੜੀਆਂ ਵੱਲੋਂ ਕੀਤੇ ਗਏ ਸਮਲਿੰਗੀ ਵਿਆਹ ਦਾ ਮਾਮਲਾ ਵੀ ਵਿਚਾਰਿਆ ਗਿਆ, ਜਿਸ ਦੀ ਸ੍ਰੀ ਅਕਾਲ ਤਖਤ ਵੱਲੋਂ ਪਹਿਲਾਂ ਜਾਂਚ ਵੀ ਕਰਵਾਈ ਗਈ ਸੀ। ਇਸ ਮਾਮਲੇ ਵਿੱਚ ਸਬੰਧਿਤ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਨੂੰ ਹਮੇਸ਼ਾ ਲਈ ਪ੍ਰਬੰਧ ਚਲਾਉਣ ਵਿੱਚ ਅਯੋਗ ਕਰਾਰ ਦਿੰਦਿਆਂ ਆਦੇਸ਼ ਜਾਰੀ ਕੀਤਾ ਗਿਆ ਹੈ ਕਿ ਉਹ ਮੈਂਬਰ ਕਿਸੇ ਵੀ ਗੁਰਦੁਆਰੇ ਦੇ ਪ੍ਰਬੰਧ ਵਿੱਚ ਨਹੀਂ ਆਉਣਗੇ।

ਸੰਗਤ ਨੂੰ ਗੁਰਦੁਆਰੇ ਦੀ ਨਵੀਂ ਅੰਮ੍ਰਿਤਧਾਰੀ ਪ੍ਰਬੰਧਕ ਕਮੇਟੀ ਦੀ ਚੋਣ ਕਰਾਉਣ ਲਈ ਆਖਿਆ ਗਿਆ ਹੈ। ਸਮਲਿੰਗੀ ਜੋੜੇ ਦਾ ਵਿਆਹ ਕਰਵਾ ਕੇ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਗੁਰਦੁਆਰੇ ਦੇ ਮੁੱਖ ਗ੍ਰੰਥੀ ਹਰਦੇਵ ਸਿੰਘ, ਗ੍ਰੰਥੀ ਅਜੈਬ ਸਿੰਘ, ਰਾਗੀ ਸਿਕੰਦਰ ਸਿੰਘ, ਤਬਲਾ ਵਾਦਕ ਸਤਨਾਮ ਸਿੰਘ ਨੂੰ ਪੰਜ ਸਾਲ ਲਈ ਬਲੈਕ ਲਿਸਟ ਕਰ ਦਿੱਤਾ ਗਿਆ ਅਤੇ ਆਦੇਸ਼ ਦਿੱਤਾ ਹੈ ਕਿ ਉਹ ਕਿਸੇ ਵੀ ਗੁਰਦੁਆਰੇ ਜਾਂ ਧਾਰਮਿਕ ਸਮਾਗਮ ਵਿੱਚ ਡਿਊਟੀ ਨਹੀਂ ਕਰਨਗੇ।

# ਸ਼੍ਰੋਮਣੀ ਕਮੇਟੀ ਨੂੰ ਸੈਟੇਲਾਈਟ ਚੈਨਲ ਸ਼ੁਰੂ ਕਰਨ ਲਈ ਕੇਂਦਰ ਤੋਂ ਨਹੀਂ ਮਿਲੀ ਪ੍ਰਵਾਨਗੀ

## ਸ਼੍ਰੋਮਣੀ ਕਮੇਟੀ ਦਾ ਵਫ਼ਦ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੇ ਸਕੱਤਰ ਨੂੰ ਮਿਲਿਆ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਕਮੇਟੀ ਨੂੰ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਵਾਸਤੇ ਆਪਣਾ ਸੈਟੇਲਾਈਟ ਚੈਨਲ ਸ਼ੁਰੂ ਕਰਨ ਲਈ ਫਿਲਹਾਲ ਕੇਂਦਰ ਸਰਕਾਰ ਕੋਲੋਂ ਹਰੀ ਝੰਡੀ ਨਹੀਂ ਮਿਲੀ ਹੈ।

ਇਸ ਸਬੰਧੀ ਸ਼੍ਰੋਮਣੀ ਕਮੇਟੀ ਦਾ ਵਫ਼ਦ ਕੇਂਦਰ ਸਰਕਾਰ ਦੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੇ ਸਕੱਤਰ ਨੂੰ ਮਿਲਿਆ ਹੈ। ਸ਼੍ਰੋਮਣੀ ਕਮੇਟੀ ਨੇ ਹਾਲ ਹੀ ਵਿੱਚ 24 ਜੁਲਾਈ ਨੂੰ ਵੈੱਬ ਚੈਨਲ ਸ਼ੁਰੂ ਕੀਤਾ ਸੀ ਜਿਸ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੁੰਦੇ ਗੁਰਬਾਣੀ ਦੇ ਕੀਰਤਨ ਨੂੰ ਯੂਟਿਊਬ ਅਤੇ ਫੇਸਬੁਕ ਰਾਹੀਂ ਪ੍ਰਸਾਰਿਤ ਕੀਤਾ ਜਾ ਰਿਹਾ ਹੈ। ਕਮੇਟੀ ਵੱਲੋਂ ਸੈਟੇਲਾਈਟ ਚੈਨਲ ਨੂੰ ਸ਼ੁਰੂ ਕਰਵਾਉਣ ਲਈ ਸਬ-ਕਮੇਟੀ ਦਾ ਵੀ ਗਠਨ ਕੀਤਾ ਗਿਆ ਹੈ, ਜੋ ਹੁਣ ਤੱਕ ਕੇਂਦਰ ਸਰਕਾਰ ਦੇ ਸੂਚਨਾ ਪ੍ਰਸਾਰਨ ਮੰਤਰਾਲੇ ਨੂੰ ਦੋ ਵਾਰ ਮਿਲ ਚੁੱਕੀ ਹੈ ਪਰ ਫਿਲਹਾਲ ਇਸ ਕਾਰਜ ਨੂੰ ਹਰੀ ਝੰਡੀ ਨਹੀਂ ਦਿੱਤੀ ਗਈ। ਹੁਣ ਸਿੱਖ ਸੰਸਥਾ ਦਾ ਇੱਕ ਵਫ਼ਦ ਭਾਰਤ ਦੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੇ ਸਕੱਤਰ ਅਪੂਰਵਾ ਚੰਦਰਾ ਨੂੰ ਮਿਲਿਆ ਹੈ। ਇਸ ਵਫ਼ਦ ਵਿੱਚ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਕੁਲਵੰਤ ਸਿੰਘ ਮੰਨਣ ਅਤੇ ਮੀਤ ਸਕੱਤਰ ਸ਼ਾਹਬਾਜ਼ ਸਿੰਘ ਸ਼ਾਮਲ ਸਨ। ਇਸ ਸਬੰਧੀ ਭਾਈ ਮਹਿਤਾ ਨੇ ਦੱਸਿਆ ਕਿ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੇ ਸਕੱਤਰ ਨੇ ਸ਼੍ਰੋਮਣੀ ਕਮੇਟੀ ਵੱਲੋਂ ਰੱਖੇ ਪੱਖ ਨੂੰ ਸੰਜੀਦਗੀ ਨਾਲ ਸੁਣਿਆ ਹੈ ਅਤੇ ਜਲਦ ਹੀ ਇਸ ਸਬੰਧੀ ਮੁੜ ਵਿਚਾਰ-ਵਟਾਂਦਰੇ ਦੀ ਹਾਮੀ ਭਰੀ ਹੈ। ਉਨ੍ਹਾਂ ਦੱਸਿਆ ਕਿ ਧਾਰਮਿਕ ਸੰਸਥਾ ਹੋਣ ਕਾਰਨ ਸੈਟੇਲਾਈਟ ਚੈਨਲ ਲਈ ਕੁਝ ਤਕਨੀਕੀ ਸਮੱਸਿਆਵਾਂ ਅਤੇ ਸਰਕਾਰ ਦੇ ਨਿਯਮਾਂ ਕਰ ਕੇ ਮੁਸ਼ਕਲ ਆ ਰਹੀ ਹੈ ਪਰ ਸ਼੍ਰੋਮਣੀ ਕਮੇਟੀ ਆਪਣੀ ਤਰਫੋਂ ਲਗਾਤਾਰ ਕਾਰਜਸ਼ੀਲ ਹੈ।

# ਖ਼ਾਲਸਾ ਵਹੀਰ ਉੱਪਰ ਪੰਜਾਬ ਸਰਕਾਰ ਵੱਲੋਂ ਪਾਬੰਦੀ

## ਦਮਦਮੀ ਟਕਸਾਲ ਦੇ ਮੁਖੀ ਗਿਆਨੀ ਭਾਈ ਰਾਮ ਸਿੰਘ ਨੂੰ ਘਰ ’ਚ ਕੀਤਾ ਨਜ਼ਰਬੰਦ



ਅੰਮ੍ਰਿਤਸਰ/ਏ.ਟੀ.ਨਿਊਜ਼ : ਦਮਦਮੀ ਟਕਸਾਲ ਸੰਗਰਾਵਾਂ ਦੇ ਮੁਖੀ ਬਾਬਾ ਰਾਮ ਸਿੰਘ ਨੂੰ ਖ਼ਾਲਸਾ ਵਹੀਰ ਕੱਢਣ ਤੋਂ ਰੋਕਣ ਲਈ ਪੁਲਿਸ ਵੱਲੋਂ ਉਨ੍ਹਾਂ ਦੇ ਘਰ ਵਿੱਚ ਹੀ ਨਜ਼ਰਬੰਦ ਕਰ ਦਿੱਤਾ ਹੈ। ਦਮਦਮੀ ਟਕਸਾਲ ਦੇ ਮੁਖੀ ਬਾਬਾ ਰਾਮ ਸਿੰਘ ਵੱਲੋਂ ਨਿਰੋਲ ਸਿੱਖੀ ਦੇ ਪ੍ਰਚਾਰ ਵਾਸਤੇ, ਅੰਮ੍ਰਿਤ ਸੰਚਾਰ ਦੀ ਲਹਿਰ ਨੂੰ ਮੁੜ ਪ੍ਰਬੰਧ ਕਰਨ ਤੇ ਨੌਜਵਾਨਾਂ ਨੂੰ ਨਸ਼ਿਆਂ ਦੇ ਦਲਦਲ ਵਿਚੋਂ ਕੱਢਣ ਵਾਸਤੇ ਉਪਰਾਲਾ ਕਰਦੇ ਹੋਏ ਮੁੜ ਖ਼ਾਲਸਾ ਵਹੀਰ ਦੀ ਸ਼ੁਰੂਆਤ ਕਰ ਰਹੇ ਸਨ, ਜੋ ਕਿ 15 ਅਕਤੂਬਰ ਦਿਨ ਐਤਵਾਰ ਨੂੰ ਗੁਰਦੁਆਰਾ ਅਠਵਾਲ ਪੁਲ ਸ਼ਾਖਾ ਦਮਦਮੀ ਟਕਸਾਲ ਸੰਗਰਾਵਾਂ ਤੋਂ ਸ਼ੁਰੂ ਕਰ ਕੇ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਗੋਇੰਦਵਾਲ ਵਿਖੇ ਸ਼ਾਮ ਨੂੰ ਸਮਾਪਤ ਹੋਣੀ ਸੀ। ਇਸ ਵਹੀਰ ਦੇ ਸਬੰਧ ਵਿੱਚ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਨੇ ਵੱਖ-ਵੱਖ ਪਿੰਡਾਂ, ਨਗਰਾਂ ’ਚ ਮੀਟਿੰਗਾਂ ਕਰ ਕੇ ਰੂਪ-ਰੇਖਾ ਤਿਆਰ ਕੀਤੀ ਸੀ। ਦਮਦਮੀ ਟਕਸਾਲ ਦੇ ਮੁਖੀ ਬਾਬਾ ਰਾਮ ਸਿੰਘ ਨੇ ਕਿਹਾ ਕਿ ਉਹ ਭਾਈ ਅੰਮ੍ਰਿਤ ਪਾਲ ਸਿੰਘ ਦੀ ਖ਼ਾਲਸਾ ਵਹੀਰ ਨੂੰ ਜਾਰੀ ਰਖ ਰਹੇ ਸਨ ਪਰ ਸਰਕਾਰ ਨਹੀਂ ਚਾਹੁੰਦੀ ਕਿ ਸਿੱਖ ਧਰਮ ਪ੍ਰਚਾਰ ਕਰਨ ਤੇ ਪੰਜਾਬ ਦੇ ਲੋਕ ਨਸ਼ਿਆਂ ਤੋਂ ਬਚਣ। ਉਹਨਾਂ ਕਿਹਾ ਕਿ ਸਰਕਾਰ ਜ਼ਾਲਮ ਵਰਤਾਰਾ ਬੰਦ ਕਰੇ, ਇਸ ਦੇ ਸਿੱਟੇ ਠੀਕ ਨਹੀਂ ਨਿਕਲਣਗੇ।

# ‘ਤਾਰਕ ਮਹਿਤਾ ਕਾ ਉਲਟਾ ਚਸ਼ਮਾ’ ਸੀਰੀਅਲ ’ਚ ਸਿੱਖ ਦੇ ਗਲ ਟਾਇਰ ਪਾਉਣ ’ਤੇ ਸਿੱਖ ਜਥੇਬੰਦੀਆਂ ਨਰਾਜ਼ !

## ਕਿਹਾ ਕਿ 1984 ਨਸਲਕੁਸ਼ੀ ਦੀਆਂ ਭਿਆਨਕ ਯਾਦਾਂ ਨੂੰ ਤਾਜ਼ਾ ਕਰ ਦਿੱਤਾ

## ਵੀਡੀਓ ਦੀ ਜਾਂਚ ਕਰਨ ਤੋਂ ਬਾਅਦ ਕਾਰਵਾਈ ਕਰਾਂਗੇ: ਗਰੇਵਾਲ



ਅੰਮ੍ਰਿਤਸਰ/ਏ.ਟੀ.ਨਿਊਜ਼ : ਮਸ਼ਹੂਰ ਟੀਵੀ ਸੀਰੀਅਲ ‘ਤਾਰਕ ਮਹਿਤਾ ਕਾ ਉਲਟਾ ਚਸ਼ਮਾ’ ਵਿੱਚ ਸਿੱਖ ਕਿਰਦਾਰ ਨਾਲ ਜਿਸ ਤਰ੍ਹਾਂ ਦਾ ਸਲੂਕ ਕੀਤਾ ਗਿਆ, ਉਸ ਨੇ 1984 ਨਸਲਕੁਸ਼ੀ ਦੀਆਂ ਭਿਆਨਕ ਯਾਦਾਂ ਨੂੰ ਤਾਜ਼ਾ ਕਰ ਦਿੱਤਾ ਹੈ। ਸੀਰੀਅਲ ਵਿੱਚ ਇੱਕ ਸਿੱਖ ਦੇ ਕਿਰਦਾਰ ਵਿੱਚ ਸ਼ਖਸ ਦੇ ਗਲ ਵਿੱਚ ਟਾਇਰ ਪਾਇਆ ਗਿਆ, ਉਹ ਵੀ ਉਸ ਦਾ ਮਜ਼ਾਕ ਉਡਾਉਣ ਦੇ ਲਈ । ਸੀਰੀਅਲ ਦੇ ਇਸ ਸੀਨ ਨੂੰ ਲੈ ਕੇ ਸਿੱਖ ਜਥੇਬੰਦੀਆਂ ਨੇ ਕਰੜਾ ਇਤਰਾਜ਼ ਜ਼ਾਹਿਰ ਕੀਤਾ ਹੈ। ਸਿੱਖ ਭਾਈਚਾਰੇ ਦਾ ਇਲਜ਼ਾਮ ਹੈ ਕਿ ਸਿੱਖ ਸ਼ਖਸ ਦੇ ਗਲ ਵਿੱਚ ਟਾਇਰ ਪਾਉਣ ਦਾ ਸੀਨ ਫਿਲਮਾਕੇ ਸਿੱਖਾਂ ਨੂੰ 1984 ਦੀ ਯਾਦ ਦਿਵਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ‘ਤਾਰਕ ਮਹਿਤਾ ਕਾ ਉਲਟਾ ਚਸ਼ਮਾ’ ਭਾਵੇਂ ਕਾਮੇਡੀ ਪ੍ਰੋਗਰਾਮ ਹੈ ਪਰ ਪਿਛਲੇ ਡੇਢ ਸਾਲ ਵਿੱਚ ਇਸ ਨੂੰ ਲੈ ਕੇ ਜਿਹੜੇ ਵਿਵਾਦ ਹੋਏ ਹਨ ਉਹ ਕਿਸੇ ਤੋਂ ਲੁਕੇ ਨਹੀਂ ਹੈ । ਪ੍ਰੋਗਰਾਮ ਦੇ ਪ੍ਰੋਡੂਸਰ ਅਸ਼ੀਤ ਮੋਦੀ ਦੇ ਖ਼ਿਲਾਫ਼ ਕਈ ਔਰਤ ਕਲਾਕਾਰਾਂ ਨੇ ਸਰੀਰਕ ਸ਼ੋਸ਼ਣ ਤੱਕ ਦੇ ਗੰਭੀਰ ਇਲਜ਼ਾਮ ਲਗਾਏ ਹਨ, ਕਈਆਂ ਨੇ ਪੇਮੈਂਟ ਵਿੱਚ ਧੋਖਾਧੜੀ ਦੇ ਇਲਜ਼ਾਮ ਲਗਾਉਂਦੇ ਹੋਏ ਸੀਰੀਅਲ ਨੂੰ ਛੱਡ ਦਿੱਤਾ ਹੈ।

ਉਧਰ ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਨਾਲ ਸਿੱਖ ਦੇ ਗਲ ਵਿੱਚ ਟਾਇਰ ਪਾਇਆ ਗਿਆ ਹੈ ਇਹ ਸਭ ਕੁਝ ਜਾਣਬੁੱਝ ਕੇ ਸਾਜ਼ਿਸ਼ ਦੇ ਤਹਿਤ ਕੀਤਾ ਗਿਆ ਹੈ। ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਸੋਸ਼ਲ ਮੀਡੀਆ ’ਤੇ ਇਸ ਸੀਰੀਅਲ ਦੇ ਬਾਈਕਾਟ ਕਰਨ ਦੀ ਕਰਦਿਆਂ ਕਿਹਾ ਹੈ ਕਿ ਸਿੱਖਾਂ ਦੇ ਵਿਰੋਧੀ ਸਾਜ਼ਿਸ਼ ਦੇ ਤਹਿਤ ਅਜਿਹੀ ਹਰਕਤ ਕਰ ਰਹੇ ਹਨ, ਪਰ ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ।

ਸਿੱਖ ਜਥੇਬੰਦੀਆਂ ਨੇ ਸੀਰੀਅਲ ਦੇ ਬਾਈਕਾਟ ਨੂੰ ਲੈ ਕੇ ਸੋਸ਼ਲ ਮੀਡੀਆ ’ਤੇ ਬਾਈਕਾਟ ਮੁਹਿੰਮ ਵੀ ਚਲਾਈ ਹੈ। ਜਿਸ ਨੂੰ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮ ’ਤੇ ਵਾਇਰਲ ਕੀਤਾ ਜਾ ਰਿਹਾ ਹੈ। ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਤਾਰਕ ਮਹਿਤਾ ਕਾ ਉਲਟਾ ਚਸ਼ਮਾ ਦੇ ਡਾਇਰੈਕਟਰ ਅਤੇ ਪ੍ਰੋਡੂਸਰ ਨੇ ਸਿੱਖ ਦੇ ਗਲ ਵਿੱਚ ਟਾਇਰ ਪਾਕੇ ਸਾਡੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ । ਉਨ੍ਹਾਂ ਨੇ ਕਿਹਾ ਅਸੀਂ ਪਹਿਲਾਂ ਹੀ 1984 ਦੇ ਨਸਲਕੁਸ਼ੀ ਦੇ ਜ਼ਖ਼ਮ ਨਹੀਂ ਭੁੱਲ ਸਕੇ ਸੀ । ਅਸੀਂ ਇਸ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਾਂਗੇ। ਇਸ ਤੋਂ ਪਹਿਲਾਂ ਵੀ ਤਾਰਕ ਮਹਿਤਾ ਕਾ ਉਲਟਾ ਚਸ਼ਮਾ ਕਈ ਵਾਰ ਸੋਸ਼ਲ ਮੀਡੀਆ ‘ਤੇ ਬਾਈਕਾਟ ਕਰਨ ਨੂੰ ਲੈ ਕੇ ਟਰੈਂਡ ਕਰ ਚੁੱਕਾ ਹੈ।

ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਸਾਨੂੰ ਵੀ ਸ਼ਿਕਾਇਤ ਮਿਲੀ ਹੈ, ਅਸੀਂ ਵੀਡੀਓ ਦੀ ਜਾਂਚ ਕਰਨ ਤੋਂ ਬਾਅਦ ਕਾਰਵਾਈ ਕਰਾਂਗੇ।

ਦਰਪਣ ਝੂਠ ਨਹੀਂ ਬੋਲਦਾ

# ਇਜ਼ਰਾਈਲ-ਹਮਾਸ ਜੰਗ ਦੌਰਾਨ ਖਾੜੀ ਦੇਸ਼ਾਂ ਵਿੱਚ ਸੰਕਟ ਵਧਿਆ

## ਜੀ-20 ਦੌਰਾਨ ਯੂਰਪ ਕੋਰੀਡੋਰ ਦਾ ਪ੍ਰੋਜੈਕਟ ਰੁਲਣ ਦੀ ਸੰਭਾਵਨਾ

## ਤੀਸਰੀ ਵਿਸ਼ਵ ਜੰਗ ਦੇ ਖ਼ਤਰੇ ਵਧੇ, ਜਥੇਦਾਰ ਅਕਾਲ ਤਖ਼ਤ ਨੇ ਵਿਸ਼ਵ ਸ਼ਾਂਤੀ ਦਾ ਦਿੱਤਾ ਸੱਦਾ



ਇਜ਼ਰਾਈਲ-ਹਮਾਸ ਸੰਘਰਸ਼ ਹੁਣ ਹੌਲੀ-ਹੌਲੀ ਪੂਰੇ ਮੱਧ ਪੂਰਬ ਖੇਤਰ ਅਰਥਾਤ ਖਾੜੀ ਦੇਸ਼ਾਂ ਨੂੰ ਆਪਣੀ ਲਪੇਟ ਵਿੱਚ ਲੈ ਰਿਹਾ ਹੈ। ਹਮਾਸ ਨੇ ਇਜ਼ਰਾਈਲ 'ਤੇ ਹਮਲਾ ਕੀਤਾ ਅਤੇ 1200 ਇਜ਼ਰਾਈਲੀ ਮਾਰੇ ਗਏ ਸਨ। ਇਸ ਦੇ ਜਵਾਬ ਵਿੱਚ ਇਜ਼ਰਾਈਲ ਨੇ ਗ਼ਾਜ਼ਾ 'ਤੇ ਹਮਲਾ ਕੀਤਾ ਅਤੇ ਹੁਣ ਤੱਕ 3000 ਤੋਂ ਜ਼ਿਆਦਾ ਲੋਕ ਮਾਰੇ ਜਾ ਚੁੱਕੇ ਹਨ। ਇਜ਼ਰਾਈਲ ਨੇ ਇਥੇ ਫਾਸਫੋਰਸ ਵਾਲੇ ਬੰਬਾਂ ਦੀ ਵਰਤੋਂ ਕੀਤੀ ਹੈ, ਜਿਸ ਨਾਲ ਬਹੁਤ ਸਾਰੇ ਲੋਕ ਤੇ ਬਿਲਡਿੰਗਾਂ ਸੜ ਗਈਆਂ। ਸੰਯੁਕਤ ਰਾਸ਼ਟਰ ਨੇ ਇਹਨਾਂ ਬੰਬਾਂ ਦੀ ਵਰਤੋਂ ਕਰਨ ਕਰਕੇ ਇਜ਼ਰਾਈਲ ਦੀ ਨਿੰਦਾ ਕੀਤੀ ਹੈ। ਇਜ਼ਰਾਇਲੀ ਫੌਜੀ ਦਸਤੇ ਗਾਜਾ ਪੱਟੀ ਉੱਪਰ ਜ਼ਮੀਨੀ ਹਮਲੇ ਕਰ ਰਹੇ ਹਨ। ਪਰ ਇਸ ਜੰਗ ਨਾਲ ਪੂਰਾ ਖਾੜੀ ਖੇਤਰ ਪ੍ਰਭਾਵਿਤ ਹੋ ਰਿਹਾ ਹੈ, ਉਹ ਵੱਡੀ ਚਿੰਤਾ ਦਾ ਵਿਸ਼ਾ ਹੈ। ਇਜ਼ਰਾਈਲ ਦੀ ਉੱਤਰੀ ਸਰਹੱਦ 'ਤੇ ਲੇਬਨਾਨ ਦੇ ਹਿਜ਼ਬੁੱਲਾ ਨਾਲ ਝੜਪ ਚੱਲ ਰਹੀ ਹੈ। ਇਰਾਕ ਅਤੇ ਯਮਨ ਵਿੱਚ ਬਹੁਤ ਸਾਰੇ ਲੜਾਕਿਆਂ (ਹਥਿਆਰਬੰਦ ਜਥੇਬੰਦੀਆਂ) ਨੇ ਇਜ਼ਰਾਈਲ ਅਤੇ ਉਸ ਦੇ ਮੁੱਖ ਸਹਿਯੋਗੀ ਅਮਰੀਕਾ ਨੂੰ ਧਮਕੀ ਦਿੱਤੀ ਹੈ ਕਿ ਫਲਸਤੀਨੀ ਲੋਕਾਂ ਉੱਪਰ ਹਮਲੇ ਤੇ ਘਾਣ ਬੰਦ ਕਰਨ। ਬੀਤੇ ਦਿਨੀਂ ਇਜ਼ਰਾਈਲ ਨੇ ਗੁਆਂਢੀ ਦੇਸ਼ ਸੀਰੀਆ 'ਤੇ ਹਮਲਾ ਕਰਕੇ ਉਸ ਦੇ ਦੋ ਮੁੱਖ ਹਵਾਈ ਅੱਡਿਆਂ ਨੂੰ ਤਬਾਹ ਕਰ ਦਿੱਤਾ ਸੀ। ਇਸ ਯੁੱਧ ਨਾਲ ਨਾ ਸਿਰਫ਼ ਇਜ਼ਰਾਈਲ ਅਤੇ ਫਲਸਤੀਨ ਅਸਥਿਰ ਹੋ ਜਾਣਗੇ, ਸਗੋਂ ਨੇੜਲੇ ਦੇਸਾਂ ਮਿਸਰ, ਇਰਾਕ ਅਤੇ ਜਾਰਡਨ ਨੂੰ ਵੀ ਅਸਥਿਰ ਹੋਣ ਦਾ ਖ਼ਤਰਾ ਹੈ।

ਨਿਊਯਾਰਕ ਟਾਈਮਜ਼ ਵਿੱਚ ਪ੍ਰਕਾਸ਼ਿਤ ਇੱਕ ਵਿਸ਼ਲੇਸ਼ਣ ਵਿੱਚ ਕਿਹਾ ਗਿਆ ਹੈ ਕਿ ਇਜ਼ਰਾਈਲ ਉੱਤੇ ਜਿਹਾਦੀ ਹਮਲਾ ਹੁਣ ਤੱਕ ਦਾ ਸਭ ਤੋਂ ਵੱਡਾ ਹਮਲਾ ਹੈ, ਜੋ ਕਿ ਅਮਰੀਕਾ ਦੇ ਬਿਡੇਨ ਪ੍ਰਸ਼ਾਸਨ ਲਈ ਵੀ ਇੱਕ ਵੱਡਾ ਝਟਕਾ ਹੈ। ਅਮਰੀਕਾ ਨੇ ਖਾੜੀ ਦੇਸ਼ਾਂ ਵਿੱਚ ਸ਼ਾਂਤੀ ਦੀ ਸਥਾਪਨਾ ਲਈ ਜ਼ੋਰਦਾਰ ਪ੍ਰਚਾਰ ਕੀਤਾ ਸੀ। ਅਮਰੀਕਾ ਹੀ ਨਹੀਂ, ਇਹ ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ (ਯੂਏਈ) ਲਈ ਵੀ ਝਟਕਾ ਹੈ, ਜੋ ਆਪਣੇ ਦੇਸ਼ ਦੇ ਵਿਕਾਸ 'ਤੇ ਧਿਆਨ ਦੇਣ ਜਾ ਰਹੇ ਸਨ। ਸਾਊਦੀ ਅਰਬ ਨੇ ਹਾਲ ਹੀ ਵਿੱਚ ਇੱਕ ਬਹੁਤ ਵੱਡੇ ਪ੍ਰੋਜੈਕਟ, ਨਿਓਮ ਸਿਟੀ ਦਾ ਐਲਾਨ ਕੀਤਾ ਸੀ। ਦਿੱਲੀ ਵਿੱਚ ਜੀ-20 ਦੌਰਾਨ ਯੂਰਪ ਕੋਰੀਡੋਰ ਲਈ ਭਾਰਤ-ਸਾਊਦੀ ਅਰਬ ਸਮਝੌਤੇ 'ਤੇ ਹਸਤਾਖਰ ਕੀਤੇ ਗਏ ਸਨ। ਇਹ ਕਾਰੀਡੋਰ ਭਾਰਤ ਤੋਂ ਸ਼ੁਰੂ ਹੋ ਕੇ ਸਾਊਦੀ ਅਰਬ-ਇਜ਼ਰਾਈਲ ਰਾਹੀਂ ਯੂਰਪੀ ਦੇਸ਼ਾਂ ਤੱਕ ਪਹੁੰਚਣਾ ਸੀ। ਇਸ ਸਮਝੌਤੇ ਵਿੱਚ ਅਮਰੀਕਾ ਨੇ ਵੱਡੀ ਭੂਮਿਕਾ ਨਿਭਾਈ ਸੀ। ਇਸ ਨਾਲ ਸਾਊਦੀ ਅਰਬ ਵਿੱਚ ਵਿਕਾਸ ਦੇ ਨਵੇਂ ਰਾਹ ਖੁੱਲ੍ਹੇ ਹੋਣਗੇ ਪਰ ਹੁਣ ਸਭ ਕੁਝ ਠੱਪ ਹੋ ਗਿਆ ਹੈ। ਇਜ਼ਰਾਈਲ ਹਮੇਸ਼ਾ ਯੁੱਧ ਵਿਚ ਰਿਹਾ ਹੈ। ਫਲਸਤੀਨ ਵਿੱਚ ਰੋਜ਼ਾਨਾ ਝੜਪਾਂ ਇਸ ਦੀਆਂ ਗਵਾਹ ਹਨ। ਪਰ ਜੇਕਰ ਅਸੀਂ ਮੱਧ ਪੂਰਬ ਦੇ ਦੇਸ਼ਾਂ 'ਤੇ ਨਜ਼ਰ ਮਾਰੀਏ ਤਾਂ ਯਮਨ ਅਤੇ ਸੀਰੀਆ ਦੀਆਂ ਲੜਾਈਆਂ ਹਾਲ ਦੇ ਸਾਲਾਂ ਦੀਆਂ ਹਨ ਅਤੇ ਇਸ ਸਾਲ ਸੁਡਾਨ ਵਿੱਚ ਵੀ ਇੱਕ ਨਵੀਂ ਜੰਗ ਛਿੜ ਗਈ ਹੈ। ਯਮਨ ਅਤੇ ਸਾਊਦੀ ਅਰਬ ਜੰਗ ਵਿੱਚ ਉਲਝੇ ਹੋਏ ਹਨ। ਯਮਨ ਦੇ ਇਰਾਨ ਸਮਰਥਿਤ ਹਾਉਤੀ ਲੜਾਕਿਆਂ ਦਾ ਯਮਨ ਦੇ ਜ਼ਿਆਦਾਤਰ ਹਿੱਸੇ 'ਤੇ ਕਬਜ਼ਾ ਹੈ। ਹਾਲ ਹੀ ਵਿੱਚ ਯਮਨ ਦੀ ਰਾਜਧਾਨੀ ਸਨਾ ਵਿੱਚ ਫਲਸਤੀਨੀਆਂ ਦੇ ਸਮਰਥਨ ਵਿੱਚ ਇੱਕ ਵਿਸ਼ਾਲ ਰੈਲੀ ਕੱਢੀ ਗਈ। ਹਾਉਤੀ ਲੜਾਕਿਆਂ ਨੇ ਇਸ ਮੌਕੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਅਮਰੀਕਾ ਨੇ ਇਜ਼ਰਾਈਲ-ਹਮਾਸ ਯੁੱਧ ਵਿੱਚ ਸਿੱਧਾ ਦਖਲ ਦਿੱਤਾ ਤਾਂ ਉਹ ਆਪਣੀਆਂ ਮਿਜ਼ਾਈਲਾਂ ਅਤੇ ਡਰੋਨਾਂ ਨੂੰ ਤੈਨਾਤ ਕਰਨਗੇ। 2011 ਵਿੱਚ ਖਾੜੀ ਦੇਸ਼ਾਂ ਵਿੱਚ ਰਾਜਸ਼ਾਹੀ ਦੇ ਖ਼ਿਲਾਫ਼ ਹੋਏ ਅਰਬ ਸਪਰਿੰਗ ਵਿਦਰੋਹ ਨੇ ਅਰਬ ਲੋਕਾਂ ਦੀਆਂ ਇੱਛਾਵਾਂ ਦੀ ਇੱਕ ਨਵੀਂ ਕਹਾਣੀ ਲਿਖੀ ਸੀ। ਇਸ ਨਵੀਂ ਜੰਗ ਨਾਲ ਉਨ੍ਹਾਂ ਦੀਆਂ ਇੱਛਾਵਾਂ ਵਧਣਗੀਆਂ।

ਖਾੜੀ ਖੇਤਰ ਦੇ ਜ਼ਿਆਦਾਤਰ ਦੇਸ਼ ਅਮਰੀਕਾ ਪੱਖੀ ਹਨ ਪਰ ਉਥੋਂ ਦੇ ਲੋਕ ਅਮਰੀਕਾ ਦੇ ਖ਼ਿਲਾਫ਼ ਹਨ। ਸਾਊਦੀ ਅਰਬ ਸਮੇਤ ਸਾਰੇ ਦੇਸ਼ ਇਸ ਤੱਥ ਨੂੰ ਕਿਵੇਂ ਨਜ਼ਰ ਅੰਦਾਜ਼ ਕਰ ਸਕਦੇ ਹਨ? ਇਨ੍ਹਾਂ ਖਾੜੀ ਦੇਸ਼ਾਂ ਵਿੱਚ ਪਹਿਲਾਂ ਹੀ ਮੌਜੂਦ ਆਰਥਿਕ ਸੰਕਟ, ਭ੍ਰਿਸ਼ਟਾਚਾਰ ਅਤੇ ਸਿਆਸੀ ਜਬਰ ਨੇ ਇਸ ਜੰਗ ਦੇ ਮੱਦੇ-ਨਜ਼ਰ ਨਵੇਂ ਹਾਲਾਤ ਪੈਦਾ ਕੀਤੇ ਹਨ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਸ ਨਾਲ ਪੂਰੇ ਖੇਤਰ ਲਈ ਖਤਰਾ ਵਧ ਗਿਆ ਹੈ। ਇਸ ਜੰਗ ਕਾਰਨ ਕਈ ਦੇਸ਼ਾਂ ਵਿੱਚ ਅਨਿਸ਼ਚਿਤਤਾ ਦਾ ਮਾਹੌਲ ਹੈ।

ਨਿਊਯਾਰਕ ਟਾਈਮਜ਼ ਨੇ ਸੰਕਟ ਸਮੂਹ ਦੇ ਸੀਨੀਅਰ ਖਾੜੀ ਵਿਸ਼ਲੇਸ਼ਕ ਅੰਨਾ ਜੈਕਬਸ ਦਾ ਹਵਾਲਾ ਦਿੱਤਾ, ਖੇਤਰੀ ਸਥਿਰਤਾ ਨੂੰ ਤਦ ਤਕ ਗੰਭੀਰਤਾ ਨਾਲ ਨਹੀਂ ਲਿਆ ਜਾ ਸਕਦਾ ਜਦੋਂ ਤੱਕ ਇਹਨਾਂ ਦੇਸ਼ਾਂ ਵਿੱਚ ਮਾੜੇ ਸ਼ਾਸਨ ਅਤੇ ਰਾਜਨੀਤਿਕ ਟਕਰਾਵਾਂ ਨੂੰ ਹੱਲ ਨਹੀਂ ਕੀਤਾ ਜਾਵੇਗਾ। ਹਾਲਾਂਕਿ, ਸਾਊਦੀ ਅਤੇ ਅਮੀਰਾਤ ਦੇ ਅਧਿਕਾਰੀਆਂ ਨੇ ਪਿਛਲੇ ਕੁਝ ਸਾਲਾਂ ਤੋਂ ਆਰਥਿਕ ਕੂਟਨੀਤੀ ਅਤੇ ਤਣਾਅ ਨੂੰ ਘਟਾਉਣ 'ਤੇ ਕੇਂਦ੍ਰਿਤ ਇੱਕ ਨਵੀਂ ਪਹੁੰਚ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਜਿਸ ਵਿੱਚ ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਦੁਆਰਾ ਆਪਣੇ ਨਾਗਰਿਕਾਂ ਨੂੰ ਕੁਝ ਆਜ਼ਾਦੀ ਦੇਣ ਅਤੇ ਵਿਕਾਸ 'ਤੇ ਧਿਆਨ ਦੇਣ ਬਾਰੇ ਗੱਲਬਾਤ ਸ਼ਾਮਲ ਹੈ।

2020 ਤੱਕ, ਅਮੀਰਾਤ, ਬਹਿਰੀਨ ਅਤੇ ਮੋਰੋਕੋ ਇਜ਼ਰਾਈਲ ਨੂੰ ਇੱਕ ਰਾਜ ਵਜੋਂ ਮਾਨਤਾ ਦੇਣ ਤੋਂ ਇਨਕਾਰ ਕਰ ਰਹੇ ਸਨ। ਉਨ੍ਹਾਂ ਦੀ ਤਰਜੀਹ ਫਲਸਤੀਨੀ ਰਾਜ ਦੀ ਸਿਰਜਣਾ ਸੀ ਪਰ ਇਨ੍ਹਾਂ ਦੇਸ਼ਾਂ ਨੇ ਆਪਣੇ ਰੁਖ ਨੂੰ ਉਲਟਾ ਦਿੱਤਾ ਅਤੇ ਇਜ਼ਰਾਈਲ ਨਾਲ ਕੂਟਨੀਤਕ ਸਬੰਧ ਸਥਾਪਤ ਕਰ ਲਏ। ਉਸੇ ਸਾਲ, ਸਾਊਦੀ ਅਰਬ ਨੇ ਆਪਣੇ ਖੇਤਰ ਵਿਰੋਧੀ ਈਰਾਨ ਨਾਲ ਕੂਟਨੀਤਕ ਸਬੰਧ ਮੁੜ ਸਥਾਪਿਤ ਕੀਤੇ। ਇਸ ਯੁੱਧ ਤੋਂ ਪਹਿਲਾਂ ਅਮਰੀਕੀ ਅਧਿਕਾਰੀ ਇਜ਼ਰਾਈਲ-ਸਾਊਦੀ ਅਰਬ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਸੰਭਾਵਿਤ ਸਮਝੌਤੇ ਦੀ ਗੱਲ ਕਰ ਰਹੇ ਸਨ। ਇਜ਼ਰਾਈਲ-ਹਮਾਸ ਯੁੱਧ ਨੇ ਇਨ੍ਹਾਂ ਸਾਰੀਆਂ ਸੰਭਾਵਨਾਵਾਂ ਅਤੇ ਗੱਠਜੋੜਾਂ ਨੂੰ ਇੱਕ ਪਲ ਵਿੱਚ ਹੀ ਚਕਨਾਚੂਰ ਕਰ ਦਿੱਤਾ ਹੈ।

(ਬਾਕੀ ਸਫ਼ਾ 30 'ਤੇ)

# ਹਮਾਸ ਤੇ ਇਜ਼ਰਾਈਲ ਵਿੱਚ ਛਿੜੇ ਯੁੱਧ ਦੌਰਾਨ ਮੋਦੀ ਦੀ ਵਿਦੇਸ਼ ਨੀਤੀ ਮਜ਼ਾਕ ਦਾ ਕੇਂਦਰ ਬਣੀ

## ਵਿਦੇਸ਼ ਮੰਤਰੀ ਨੂੰ ਫਲਸਤੀਨ ਬਾਰੇ ਵਿਦੇਸ਼ੀ ਨੀਤੀ ਕਰਨੀ ਪਈ ਸਪੱਸ਼ਟ




ਹਮਾਸ ਤੇ ਇਜ਼ਰਾਈਲ ਵਿੱਚ ਛਿੜੇ ਯੁੱਧ ਦੇ ਪਹਿਲੇ ਦਿਨ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਪ੍ਰਤੀਕ੍ਰਿਆ ਦਿੰਦਿਆਂ ਟਵਿੱਟਰ 'ਤੇ ਲਿਖਿਆ ਸੀ, ਉਹ ਇਜ਼ਰਾਈਲ ਉੱਤੇ ਹੋਏ ਹਮਾਸ ਹਮਲੇ ਦੀ ਖ਼ਬਰ ਨਾਲ ਸਦਮੇ ਵਿੱਚ ਹਨ ਤੇ ਭਾਰਤ ਇਸ ਔਖੇ ਸਮੇਂ ਇਜ਼ਰਾਈਲ ਨਾਲ ਇਕਜੁੱਟਤਾ ਪ੍ਰਗਟ ਕਰਦਾ ਹੈ। ਇਸ ਤੋਂ ਬਾਅਦ ਮੋਦੀ ਨੇ ਬੀਤੇ ਹਫਤੇ ਫਿਰ ਕਿਹਾ, ਨੇਤਨਯਾਹੂ ਨਾਲ ਫੋਨ 'ਤੇ ਗੱਲ ਹੋਈ। ਉਨ੍ਹਾਂ ਹਾਲਾਤ ਬਾਰੇ ਜਾਣਕਾਰੀ ਦਿੱਤੀ। ਭਾਰਤ ਦੇ ਲੋਕ ਇਸ ਔਖੀ ਘੜੀ ਮਜ਼ਬੂਤੀ ਨਾਲ ਇਜ਼ਰਾਈਲ ਸੰਗ ਖੜ੍ਹੇ ਹਨ । ਭਾਰਤ ਅੱਤਵਾਦ ਦੇ ਸਭ ਰੂਪਾਂ ਤੇ ਕਾਰਵਾਈਆਂ ਦੀ ਸਖ਼ਤੀ ਤੇ ਸਪੱਸ਼ਟਤਾ ਨਾਲ ਨਿੰਦਾ ਕਰਦਾ ਹੈ।

ਪ੍ਰਧਾਨ ਮੰਤਰੀ ਦੇ ਇਸ ਬਿਆਨ ਤੋਂ ਭਾਰਤ ਭਰ ਦੇ ਜਾਗਰੂਕ ਨਾਗਰਿਕਾਂ ਨੂੰ ਬੇਚੈਨ ਕਰ ਦੇਣ ਵਾਲੀ ਹੈਰਾਨੀ ਹੋਈ ਸੀ। ਕਿਸੇ ਵੀ ਦੇਸ਼ ਦੀ ਵਿਦੇਸ਼ ਨੀਤੀ ਇੱਕ ਦਿਨ ਵਿੱਚ ਨਹੀਂ ਬਣਦੀ। ਨਾ ਹੀ ਸਰਕਾਰਾਂ ਬਦਲਣ ਨਾਲ ਇਹ ਬਦਲਦੀ ਰਹਿੰਦੀ ਹੈ। ਭਾਰਤ ਸਾਮਰਾਜੀਆਂ ਦੇ ਕਬਜ਼ੇ ਵਿੱਚੋਂ ਅਜ਼ਾਦ ਹੋਇਆ ਸੀ। ਇਸ ਲਈ ਹਰ ਦੇਸ਼ ਦੀ ਅਜ਼ਾਦੀ ਤੇ ਖੁਦਮੁਖਤਾਰੀ ਦੀ ਹਮਾਇਤ ਕਰਨਾ ਭਾਰਤ ਦੀ ਵਿਦੇਸ਼ ਨੀਤੀ ਦਾ ਅਹਿਮ ਅੰਗ ਰਿਹਾ ਹੈ। ਦੱਖਣੀ ਅਫ਼ਰੀਕੀ ਦੇਸ਼ਾਂ ਤੋਂ ਲੈ ਕੇ ਵੀਅਤਨਾਮੀ ਤੇ ਫਲਸਤੀਨੀ ਨਾਗਰਿਕਾਂ ਦੀ ਆਪਣੇ ਦੇਸ਼ ਉੱਤੇ ਕਬਜ਼ਿਆਂ ਵਿਰੁੱਧ ਲੜਾਈਆਂ ਵਿੱਚ ਭਾਰਤ ਉਨ੍ਹਾਂ ਨਾਲ ਖੜ੍ਹਾ ਰਿਹਾ ਹੈ। ਇਸੇ ਨੀਤੀ ਦੇ ਸਿੱਟੇ ਵਜੋਂ ਭਾਰਤ ਗੁੱਟ ਨਿਰਲੇਪ ਲਹਿਰ ਦਾ ਆਗੂ ਬਣਿਆ ਸੀ। ਇਥੋਂ ਤਕ ਇਸ ਨੇ ਫਲਸਤੀਨ ਨੂੰ ਮਾਨਤਾ ਦਿੱਤੀ ਹੈ ।

ਅਜ਼ਾਦੀ ਤੋਂ ਤੁਰੰਤ ਬਾਅਦ ਹੀ 1947 ਵਿੱਚ ਭਾਰਤ ਨੇ ਸੰਯੁਕਤ ਰਾਸ਼ਟਰ ਮਹਾਂਸਭਾ ਵਿੱਚ ਫਲਸਤੀਨ ਨੂੰ ਵੰਡ ਕੇ ਇੱਕ ਵੱਖਰਾ ਦੇਸ਼ ਇਜ਼ਰਾਈਲ ਬਣਾਉਣ ਵਿਰੁੱਧ ਵੋਟ ਪਾਈ ਸੀ । ਫਲਸਤੀਨੀ ਆਗੂ ਯਾਸਰ ਅਰਾਫਾਤ ਤਾਂ ਭਾਰਤ ਨੂੰ ਆਪਣੀ ਦੂਜੀ ਮਾਤਭੂਮੀ ਕਹਿੰਦੇ ਸਨ। ਉਨ੍ਹਾਂ ਦੇ ਭਾਰਤ ਦੀਆਂ ਸਭ ਪਾਰਟੀਆਂ ਦੇ ਆਗੂਆਂ ਨਾਲ ਦੋਸਤਾਨਾ ਸੰਬੰਧ ਸਨ। 1999 ਵਿੱਚ ਯਾਸਰ ਅਰਾਫਤ ਵੇਲੇ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਉਨ੍ਹਾਂ ਦੇ ਘਰ ਜਾ ਕੇ ਮਿਲੇ ਸਨ। ਭਾਰਤ ਦੇ ਚੋਟੀ ਦੇ ਆਗੂ ਫਲਸਤੀਨ ਦਾ ਦੌਰਾ ਕਰਦੇ ਰਹੇ ਹਨ । 2015 ਵਿੱਚ ਵੇਲੇ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਫਲਸਤੀਨ ਦਾ ਦੌਰਾ ਕੀਤਾ ਸੀ । 2012 ਵਿੱਚ ਉਸ ਸਮੇਂ ਦੇ ਵਿਦੇਸ਼ ਮੰਤਰੀ ਐੱਸ ਐੱਮ ਕ੍ਰਿਸ਼ਨਾ ਫਲਸਤੀਨ ਗਏ ਸਨ। ਇਹੋ ਨਹੀਂ, 2000 ਵਿੱਚ ਵੇਲੇ ਦੇ ਗ੍ਰਹਿ ਮੰਤਰੀ ਅਡਵਾਨੀ ਤੇ ਵਿਦੇਸ਼ ਮੰਤਰੀ ਜਸਵੰਤ ਸਿੰਘ ਨੇ ਵੀ ਫਲਸਤੀਨ ਦਾ

(ਬਾਕੀ ਸਫ਼ਾ 30 'ਤੇ)

# ਪਾਣੀਆਂ ਦੀ ਰਾਖੀ ਦੇ ਮੁੱਦੇ ਉੱਪਰ ਭਗਵੰਤ ਮਾਨ ਸਪੱਸ਼ਟ ਸਟੈਂਡ ਨਾ ਹੋਣ 'ਤੇ ਸਵਾਲ

## ਕਾਂਗਰਸ, ਬਾਦਲਕਿਆਂ ਨੇ ਆਪਣੀਆਂ ਗ਼ਲਤ ਨੀਤੀਆਂ ਕਾਰਨ ਪੰਜਾਬੀਆਂ ਨੂੰ ਕੀਤਾ ਨਿਰਾਸ਼



ਹੁਣ ਜਦੋਂ ਸੁਪਰੀਮ ਕੋਰਟ ਨੇ ਸਾਡੇ 'ਤੇ ਐਸ.ਵਾਈ.ਐਲ. ਦੀ ਉਸਾਰੀ ਕਰਵਾਉਣ ਦੀਆਂ ਤਿਆਰੀਆਂ ਕਰਨ ਦਾ ਫਰਮਾਨ ਫਿਰ ਲੱਦ ਦਿੱਤਾ ਹੈ, ਤਾਂ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਆਪਸੀ ਦੂਸ਼ਣਬਾਜ਼ੀ ਦੀ ਖੇਡ 'ਤੇ ਉਤਰ ਆਈਆਂ ਹਨ। ਇੰਝ ਜਾਪਦਾ ਹੈ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੂੰ ਜਿਵੇਂ ਪੰਜਾਬ ਦਾ ਕੋਈ ਦਰਦ ਹੀ ਨਹੀਂ। ਹਰ ਰਾਜਸੀ ਪਾਰਟੀ ਆਪੋ-ਆਪਣੇ ਵਿਰੋਧੀਆਂ ਨੂੰ ਉਸ ਦੀਆਂ ਕਮੀਆਂ ਲੋਕਾਂ ਅੱਗੇ ਰੱਖ ਕੇ ਬਦਨਾਮ ਕਰਨ ਦੇ ਰਾਹ ਤੁਰੀ ਹੋਈ ਹੈ। ਜਿਸ ਦਾ ਪੰਜਾਬ ਨੂੰ ਕੋਈ ਫਾਇਦਾ ਤਾਂ ਨਹੀਂ ਹੋਣਾ, ਹਾਂ ਨੁਕਸਾਨ ਜ਼ਰੂਰ ਹੋਏਗਾ। ਪੰਜਾਬ ਦੀਆਂ ਸਿਆਸੀ ਪਾਰਟੀਆਂ ਦੀ ਲੜਾਈ ਹਰਿਆਣਾ ਤੇ ਮੋਦੀ ਸਰਕਾਰ ਨੂੰ ਆਪਣੇ ਮਨਸੂਬੇ ਲਾਗੂ ਕਰਨ ਦਾ ਮੌਕਾ ਜ਼ਰੂਰ ਦੇਵੇਗੀ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇੱਕ ਪਾਸੇ ਤਾਂ ਵਿਧਾਨ ਸਭਾ ਦਾ ਸੈਸ਼ਨ ਬੁਲਾ ਲਿਆ ਹੈ, ਜਿਸ ਵਿਚ ਐਸ.ਵਾਈ.ਐਲ. ਦੇ ਮੁੱਦੇ 'ਤੇ ਕੋਈ ਮਤਾ ਪਾਸ ਕੀਤੇ ਜਾਣ ਦੇ ਆਸਾਰ ਹਨ ਪਰ ਦੂਜੇ ਪਾਸੇ ਉਨ੍ਹਾਂ ਨੇ ਆਪਣੀਆਂ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਘੇਰਨ ਲਈ ਖੁੱਲ੍ਹੀ ਬਹਿਸ ਦੀ ਚੁਣੌਤੀ ਵੀ ਦੇ ਦਿੱਤੀ ਹੈ। ਅਜਿਹਾ ਜਾਪਦਾ ਹੈ ਕਿ ਆਪ ਪਾਰਟੀ ਨੇ ਫ਼ੈਸਲਾ ਕਰ ਲਿਆ ਹੈ ਕਿ ਐਸ.ਵਾਈ.ਐਲ. ਦੇ ਮਾਮਲੇ 'ਤੇ ਕੋਈ ਸਾਂਝੀ ਰਾਏ ਨਹੀਂ ਬਣਾਉਣੀ ਸਗੋਂ 2024 ਦੀਆਂ ਲੋਕ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਵਿਰੋਧੀ ਪਾਰਟੀਆਂ ਨੂੰ ਪੰਜਾਬ ਦੇ ਪਾਣੀਆਂ ਅਤੇ ਹੋਰ ਮਾਮਲਿਆਂ ਵਿੱਚ ਉਨ੍ਹਾਂ ਵਲੋਂ ਭੂਤਕਾਲ ਵਿੱਚ ਕੀਤੀਆਂ ਗ਼ਲਤੀਆਂ ਲਈ ਜ਼ਿੰਮੇਵਾਰ ਸਾਬਤ ਕਰਕੇ ਚੋਣਾਂ ਜਿੱਤਣੀਆਂ ਹਨ। ਵਿਰੋਧੀ ਪਾਰਟੀਆਂ ਵੀ ਸਿਰਫ਼ ਜਵਾਬੀ ਇਲਜ਼ਾਮ ਤਰਾਸ਼ੀ ਹੀ ਕਰ ਰਹੀਆਂ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਵਿਰੋਧੀ ਰਵਾਇਤੀ ਪਾਰਟੀਆਂ ਨੇ ਸੱਤਾ ਵਿੱਚ ਰਹਿੰਦਿਆਂ ਪੰਜਾਬ ਦੇ ਵੱਖ-ਵੱਖ ਮਾਮਲਿਆਂ ਵਿੱਚ ਗ਼ਲਤੀਆਂ ਕੀਤੀਆਂ ਹਨ । ਜੇਕਰ ਉਨ੍ਹਾਂ ਗ਼ਲਤੀਆਂ ਨਾ ਕੀਤੀਆਂ ਹੁੰਦੀਆਂ ਤਾਂ ਪੰਜਾਬ ਦੇ ਪਾਣੀਆਂ ਦਾ ਮਸਲਾ ਪੈਦਾ ਹੀ ਨਾ ਹੁੰਦਾ। ਇਸੇ ਕਰਕੇ ਪੰਜਾਬ ਦੇ ਲੋਕਾਂ ਨੇ 'ਆਪ' ਨੂੰ 42 ਫ਼ੀਸਦੀ ਵੋਟਾਂ ਪਾ ਕੇ ਉਸ ਦੇ 92 ਵਿਧਾਇਕ ਜਿਤਾ ਦਿੱਤੇ ਜਦੋਂ ਕਿ ਪੰਜਾਬ ਦੀਆਂ

(ਬਾਕੀ ਸਫ਼ਾ 30 'ਤੇ)

# ਰੋਟੀ ਦੀ ਲੜਾਈ : ਭੁੱਖਮਰੀ ਬਣੀ ਭਾਰਤ ਦੀ ਗੁੰਝਲਦਾਰ ਸਮੱਸਿਆ

## ਭਾਰਤ 'ਚ ਪ੍ਰਤੀ ਵਿਅਕਤੀ ਆਮਦਨ ਵਧਣ ਦੇ ਬਾਵਜੂਦ ਲੱਖਾਂ ਬੱਚੇ ਅਤੇ ਔਰਤਾਂ 'ਲੁਕਵੀਂ ਭੁੱਖ' ਦਾ ਸ਼ਿਕਾਰ

ਭਾਰਤ ਇੱਕ ਅਜਿਹਾ ਦੇਸ਼ ਹੈ, ਜਿੱਥੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਹਰ ਕਿਸਮ ਦੇ ਅਨਾਜ, ਫਲਾਂ ਅਤੇ ਫੁੱਲਾਂ ਦੀ ਭਰਮਾਰ ਹੈ, ਇੱਥੇ ਮਿੱਟੀ ਬਹੁਤ ਉਪਜਾਊ ਅਤੇ ਖਣਿਜਾਂ ਨਾਲ ਭਰਪੂਰ ਹੈ, ਇੱਥੇ ਜ਼ਮੀਨ ਦਾ 60 ਫੀਸਦੀ ਹਿੱਸਾ ਖੇਤੀ ਲਈ ਵਰਤਿਆ ਜਾਂਦਾ ਹੈ, ਅਜਿਹੇ ਦੇਸ਼ ਵਿੱਚ ਭੁੱਖਮਰੀ ਦੀ ਵੱਡੀ ਸਮੱਸਿਆ ਹੈ। ਦੁੱਖ ਤਾਂ ਇਸ ਗੱਲ ਦਾ ਹੈ ਕਿ ਇੱਕ ਪਾਸੇ ਭਾਰਤ ਵਿੱਚ ਹਰੀ ਕ੍ਰਾਂਤੀ ਅਤੇ ਚਿੱਟੀ ਕ੍ਰਾਂਤੀ ਆ ਚੁੱਕੀਆਂ ਹਨ। ਇਸ ਦੇ ਬਾਵਜੂਦ ਭਾਰਤ ਵਿੱਚ ਵੱਡੀ ਗਿਣਤੀ ਲੋਕ ਭੁੱਖਮਰੀ ਦਾ ਸ਼ਿਕਾਰ ਹਨ, ਜੋ ਕਿ ਦੇਸ਼ 'ਤੇ ਧੱਬਾ ਹਨ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਰਤ ਨੂੰ ਵਿਸ਼ਵ ਦੀ ਸਭ ਤੋਂ ਮਹੱਤਵਪੂਰਨ ਅਰਥ ਵਿਵਸਥਾ ਬਣਾਉਣ ਦਾ ਦਾਅਵਾ ਕਰਦੇ ਹਨ ਪਰ ਭਾਰਤ ਵਿੱਚ ਫੈਲੀ ਭੁੱਖਮਰੀ ਅਤੇ ਗ਼ਰੀਬੀ ਆਪਣੀ ਕਹਾਣੀ ਆਪ ਕਹਿ ਰਹੀਆਂ ਹਨ।

ਰਹਿਣ-ਸਹਿਣ ਦੀਆਂ ਮੁੱਢਲੀਆਂ ਲੋੜਾਂ ਦੀ ਸ਼੍ਰੇਣੀ ਵਿੱਚ ਰੋਟੀ, ਕੱਪੜਾ ਅਤੇ ਮਕਾਨ ਸਭ ਤੋਂ ਉੱਪਰ ਆਉਂਦੇ ਹਨ। ਕਿਹਾ ਜਾਂਦਾ ਹੈ - 'ਨੀਂਦ ਟੁੱਟੇ ਬਿਸਤਰੇ ਨੂੰ ਨਹੀਂ ਜਾਣਦੀ, ਭੁੱਖ ਨੂੰ ਬਾਸੀ ਰੋਟੀ ਨਹੀਂ ਪਤਾ।' ਜਦੋਂ ਤਰਜੀਹਾਂ ਦੀ ਗੱਲ ਆਉਂਦੀ ਹੈ, ਤਾਂ ਇੱਕ ਦਿਨ ਵਿੱਚ ਦੋ ਵੇਲੇ ਦੀ ਰੋਟੀ ਦਾ ਪ੍ਰਬੰਧ ਕਰਨਾ ਸਭ ਤੋਂ ਪਹਿਲਾਂ ਆਉਂਦਾ ਹੈ। ਇਸ ਮਾਸ ਅਤੇ ਖ਼ੂਨ ਦੇ ਸਰੀਰ ਨੂੰ ਜ਼ਿੰਦਾ ਰੱਖਣ ਲਈ ਸਹੀ ਖ਼ੁਰਾਕ ਜ਼ਰੂਰੀ ਹੈ। ਪਰ ਸਾਡੇ ਲਈ ਇਹ ਮੁਲਾਂਕਣ ਕਰਨਾ ਵੀ ਮੁਸ਼ਕਿਲ ਹੈ ਕਿ ਪਿੱਛੜੇ ਅਤੇ ਗਰੀਬ ਵਰਗਾਂ ਨੇ ਭੋਜਨ ਅਤੇ ਮਕਾਨ ਲਈ ਸੰਘਰਸ਼ ਨੂੰ ਕਿਸ ਹੱਦ ਤੱਕ ਮਹਿਸੂਸ ਕੀਤਾ ਹੋਵੇਗਾ।



ਇਸ ਸਮੇਂ ਵੱਡੀ ਗਿਣਤੀ ਲੋਕ ਸਾਰੀਆਂ ਸਹੂਲਤਾਂ ਨਾਲ ਲੈਸ ਆਪਣੇ ਸੁੰਦਰ ਘਰਾਂ ਵਿੱਚ ਆਰਾਮਦਾਇਕ ਜੀਵਨ ਬਤੀਤ ਕਰ ਰਹੇ ਹਨ। ਦੂਜੇ ਪਾਸੇ ਵੱਡੀ ਗਿਣਤੀ ਲੋਕ ਰੋਟੀ ਦਾ ਜੁਗਾੜ ਕਰਨ ਵਿੱਚ ਲੱਗੇ ਰਹਿੰਦੇ ਹਨ। ਰੋਜ਼ੀ-ਰੋਟੀ ਅਤੇ ਪਾਣੀ ਲਈ ਸੰਘਰਸ਼ ਕਿਸੇ ਲਈ ਵੀ ਨਿੱਤ ਦਾ ਕੰਮ ਹੈ। ਇਸ ਸਭ ਦੇ ਬਾਵਜੂਦ ਹਰ ਕੋਈ ਇੱਕੋ ਜਿਹੀ ਭੁੱਖ ਮਹਿਸੂਸ ਕਰਦਾ ਹੈ ਅਤੇ ਭੋਜਨ ਹਰ ਜੀਵਤ ਵਿਅਕਤੀ ਦੀ ਮੁੱਢਲੀ ਲੋੜ ਹੈ। ਇਹ ਕੁਝ ਲੋਕਾਂ ਲਈ ਰੋਜ਼ਾਨਾ ਦੀ ਸਮੱਸਿਆ ਹੁੰਦੀ ਹੈ ਅਤੇ ਹੋ ਸਕਦਾ ਹੈ ਕਿ ਕਈਆਂ ਨੂੰ ਆਪਣੀ ਸਾਰੀ ਉਮਰ ਰੋਟੀ ਦੀ ਘਾਟ ਦਾ ਅਹਿਸਾਸ ਵੀ ਨਾ ਹੋਵੇ। ਸਾਡੇ ਦੇਸ਼ ਵਿੱਚ ਸਾਲਾਂ ਤੋਂ ਭੁੱਖਮਰੀ ਇੱਕ ਗੁੰਝਲਦਾਰ ਸਮੱਸਿਆ ਰਹੀ ਹੈ।

ਅੱਜ ਵੀ ਦੁਨੀਆਂ ਵਿੱਚ 11 ਤੋਂ 15 ਫੀਸਦੀ ਲੋਕ ਭੁੱਖਮਰੀ ਨਾਲ ਲੜ ਰਹੇ ਹਨ। ਭਾਰਤ ਸਰਕਾਰ ਦਾ ਉਦੇਸ਼ ਅਗਲੇ ਕੁਝ ਸਾਲਾਂ ਵਿੱਚ ਦੇਸ਼ ਵਿੱਚੋਂ ਭੁੱਖਮਰੀ ਦੀ ਸਮੱਸਿਆ ਨੂੰ ਪੂਰੀ ਤਰ੍ਹਾਂ ਖ਼ਤਮ ਕਰਨਾ ਹੈ, ਪਰ ਕਹਿਣੀ ਅਤੇ ਕਰਨੀ ਵਿੱਚ ਬਹੁਤ ਅੰਤਰ ਹੈ। ਜਦੋਂ ਤੱਕ ਹਰ ਨਾਗਰਿਕ ਨੂੰ ਭੋਜਨ ਦੀ ਕੀਮਤ ਅਤੇ ਤਾਕਤ ਬਾਰੇ ਚੰਗੀ ਤਰ੍ਹਾਂ ਪਤਾ ਨਹੀਂ ਹੋਵੇਗਾ, ਉਹ ਭੋਜਨ ਨੂੰ ਬਰਬਾਦ ਹੋਣ ਤੋਂ ਨਹੀਂ ਬਚਾ ਸਕੇਗਾ। ਕਿਹਾ ਜਾਂਦਾ ਹੈ ਕਿ 'ਜਿਸ ਨਾਲ ਅਜਿਹਾ ਹੁੰਦਾ ਹੈ, ਉਹੀ ਸਮਝ ਸਕਦਾ ਹੈ।'

ਅਸਲੀਅਤ ਤਾਂ ਇਹ ਹੈ ਕਿ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਵਧਣ ਦੇ ਬਾਵਜੂਦ ਲੱਖਾਂ ਬੱਚੇ ਅਤੇ ਔਰਤਾਂ 'ਲੁਕਵੀਂ ਭੁੱਖ' ਦਾ ਸ਼ਿਕਾਰ ਹਨ। ਸੰਯੁਕਤ ਰਾਸ਼ਟਰ ਦੇ ਫੂਡ ਐਂਡ ਐਗਰੀਕਲਚਰ ਆਰਗੇਨਾਈਜ਼ੇਸ਼ਨ ਦੀ 'ਸਟੇਟ ਆਫ਼ ਫੂਡ ਸਕਿਓਰਿਟੀ ਐਂਡ ਨਿਊਟ੍ਰੀਸ਼ਨ ਇਨ ਦਾ ਵਰਲਡ' ਰਿਪੋਰਟ ਅਨੁਸਾਰ 224.3 ਮਿਲੀਅਨ ਲੋਕ ਜਾਂ ਭਾਰਤ ਦੀ 16 ਫੀਸਦੀ ਆਬਾਦੀ ਕੁਪੋਸ਼ਣ ਦਾ ਸ਼ਿਕਾਰ ਹੈ। ਭਾਰਤ ਵਿੱਚ ਭੁੱਖਮਰੀ ਵਧਣ ਦਾ ਮੁੱਖ ਕਾਰਨ ਗਰੀਬੀ ਹੈ।

ਭਾਰਤ ਦੀ ਭੁੱਖਮਰੀ ਦੀ ਸਮੱਸਿਆ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਵਧਾਉਣ ਵਾਲੇ ਹੋਰ ਕਾਰਕਾਂ ਵਿੱਚ ਬੇਰੁਜ਼ਗਾਰੀ, ਸਮਾਜਿਕ ਅਤੇ ਲਿੰਗ ਅਸਮਾਨਤਾਵਾਂ, ਸਿਹਤ ਅਤੇ ਸਫਾਈ ਬਾਰੇ ਜਾਗਰੂਕਤਾ ਦੀ ਕਮੀ ਆਦਿ ਸ਼ਾਮਲ ਹਨ। ਰੋਜ਼ੀ-ਰੋਟੀ ਦੀ ਭਾਲ ਵਿੱਚ ਅਸਥਾਈ ਮਜ਼ਦੂਰਾਂ ਦੀ ਮੌਸਮੀ ਆਵਾਜਾਈ ਉਨ੍ਹਾਂ ਨੂੰ ਅਸ਼ੁੱਧ ਸਥਿਤੀਆਂ ਦਾ ਸਾਹਮਣਾ ਕਰਦੀ ਹੈ ਜੋ ਉਨ੍ਹਾਂ ਦੀ ਸਿਹਤ, ਖਾਸ ਤੌਰ 'ਤੇ ਉਨ੍ਹਾਂ ਦੇ ਨਾਲ ਜਾਣ ਵਾਲੀਆਂ ਔਰਤਾਂ ਅਤੇ ਬੱਚਿਆਂ ਦੀ ਸਿਹਤ ਨੂੰ ਪ੍ਰਭਾਵਤ ਕਰਦੀਆਂ ਹਨ। ਇਹ ਸਭ ਕੁਝ ਖਰੀਦ ਸ਼ਕਤੀ ਅਤੇ ਵੰਡ ਦੀ ਨਿਰਪੱਖਤਾ ਦੀ ਘਾਟ ਕਾਰਨ ਪਹਿਲਾਂ ਹੀ ਵੱਡੀ ਗਿਣਤੀ ਵਿੱਚ ਭੁੱਖੇ ਅਤੇ ਕੁਪੋਸ਼ਣ ਦੇ ਸ਼ਿਕਾਰ ਲੋਕਾਂ ਤੋਂ ਇਲਾਵਾ ਹੈ। ਕੋਈ ਵੀ ਹੋਰ ਕੰਮ ਕਰਨ ਤੋਂ ਪਹਿਲਾਂ ਸਰਕਾਰ ਨੂੰ ਦੇਸ਼ ਵਿੱਚ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਠੋਸ ਪ੍ਰਬੰਧ ਕਰਨੇ ਪੈਣਗੇ ਕਿਉਂਕਿ ਜਦੋਂ ਤੱਕ ਇਸ ਦੀ ਮਜ਼ਬੂਤ ਨੀਂਹ ਨਹੀਂ ਰੱਖੀ ਜਾਵੇਗੀ, ਉਦੋਂ ਤੱਕ ਦੇਸ਼ ਸਹੀ ਅਰਥਾਂ ਵਿੱਚ ਵਿਕਾਸ ਨਹੀਂ ਕਰ ਸਕੇਗਾ। ਅਨਾਜ ਦੀ ਸੁਚੱਜੀ ਵਰਤੋਂ ਕਰਨ ਲਈ ਜੰਗੀ ਪੱਧਰ 'ਤੇ ਉਪਰਾਲੇ ਕਰਨ ਦੀ ਲੋੜ ਹੈ ਤਾਂ ਜੋ ਕੋਈ ਵੀ ਅਨਾਜ ਦੀ ਦੁਰਵਰਤੋਂ ਨਾ ਕਰੇ ਅਤੇ ਹਰ ਅਨਾਜ ਦੀ ਕੋਈ ਲੋੜ ਨਾ ਰਹੇ। ਭਾਰਤ ਵਿੱਚ ਦੁਨੀਆਂ ਦਾ ਸਭ ਤੋਂ ਵੱਡਾ ਖੇਤੀਬਾੜੀ ਖੇਤਰ ਹੈ, ਅਜਿਹੇ ਦੇਸ਼ ਵਿੱਚ ਭੁੱਖਮਰੀ ਅਤੇ ਕੁਪੋਸ਼ਣ ਇੱਕ ਮੁਸੀਬਤ ਵਾਂਗ ਜਾਪਦਾ ਹੈ। ਅਸੀਂ ਖੇਤੀਬਾੜੀ ਉਤਪਾਦਾਂ ਦੇ ਸਹੀ ਪ੍ਰਬੰਧਨ ਅਤੇ ਵੰਡ ਅਤੇ ਖਰੀਦ ਨਾਲ ਸਬੰਧਿਤ ਜ਼ਿੰਮੇਵਾਰ ਫੈਸਲੇ ਲੈ ਕੇ ਭੁੱਖਮਰੀ ਨੂੰ ਕਾਫ਼ੀ ਹੱਦ ਤੱਕ ਦੂਰ ਕਰ ਸਕਦੇ ਹਾਂ।

ਇਸ ਦੇ ਨਾਲ ਹੀ ਸਰਕਾਰ ਵੱਲੋਂ ਭਰਪੂਰ ਮਾਤਰਾ ਵਿੱਚ ਉਪਲਬਧ ਸਥਾਨਕ ਪੌਸ਼ਟਿਕ ਖੁਰਾਕੀ ਵਸਤਾਂ ਬਾਰੇ ਜਾਣਕਾਰੀ ਅਤੇ ਜਾਗਰੂਕਤਾ ਅਤੇ ਅਨਾਜ ਦਾ ਵਧੀਆ ਪ੍ਰਬੰਧਨ ਰੋਟੀ ਦੀ ਲੜਾਈ ਵਿੱਚ ਸਫ਼ਲਤਾ ਲਿਆ ਸਕਦਾ ਹੈ।

## ਸੰਸਾਰਿਕ ਭੁੱਖਮਰੀ ਸੂਚਕ ਅੰਕ 'ਚ 111ਵੇਂ ਸਥਾਨ 'ਤੇ ਭਾਰਤ

- ਪਾਕਿਸਤਾਨ ਨੂੰ 102ਵਾਂ, ਬੰਗਲਾਦੇਸ਼ ਨੂੰ 81ਵਾਂ, ਨੇਪਾਲ ਨੂੰ 69ਵਾਂ ਅਤੇ ਸ਼੍ਰੀਲੰਕਾ ਨੂੰ 60ਵਾਂ ਸਥਾਨ ਦਿੱਤਾ ਗਿਆ
- ਭਾਰਤ 'ਚ 'ਚਾਈਲਡ ਵੇਸਟਿੰਗ' ਦੀ ਦਰ ਸਭ ਤੋਂ ਵੱਧ 18.7 ਫ਼ੀਸਦੀ

ਸੰਸਾਰਿਕ ਭੁੱਖਮਰੀ ਸੂਚਕ ਅੰਕ-2023 ਅਨੁਸਾਰ ਭਾਰਤ ਦੁਨੀਆਂ ਦੇ 125 ਦੇਸ਼ਾਂ 'ਚ 111ਵੇਂ ਸਥਾਨ 'ਤੇ ਹੈ ਜਦਕਿ ਦੇਸ਼ 'ਚ 'ਚਾਈਲਡ ਵੇਸਟਿੰਗ' ਦੀ ਦਰ ਸਭ ਤੋਂ ਵੱਧ 18.7 ਫੀਸਦੀ ਹੈ। ਸੰਸਾਰਿਕ ਭੁੱਖਮਰੀ ਸੂਚਕ ਅੰਕ-2023 ਬੀਤੇ ਦਿਨ ਜਾਰੀ ਕੀਤਾ ਗਿਆ। ਪਿਛਲੇ ਸਾਲ ਭਾਰਤ ਦਾ ਦੁਨੀਆਂ ਦੇ 121 ਦੇਸ਼ਾਂ 'ਚ 107ਵਾਂ ਸਥਾਨ ਸੀ। ਸੰਸਾਰਿਕ ਭੁੱਖਮਰੀ ਸੂਚਕ ਅੰਕ (ਜੀ. ਐੱਸ. ਆਈ.) 'ਚ ਸੰਸਾਰਿਕ, ਖੇਤਰੀ ਅਤੇ ਰਾਸ਼ਟਰੀ ਪੱਧਰ 'ਤੇ ਭੁੱਖਮਰੀ ਨੂੰ ਵਿਸਥਾਰਤ ਢੰਗ ਨਾਲ ਮਾਪਿਆ ਜਾਂਦਾ ਹੈ। ਸੂਚਕ ਅੰਕ ਦੇ ਆਧਾਰ 'ਤੇ ਤਿਆਰ ਰਿਪੋਰਟ ਅਨੁਸਾਰ ਸੰਸਾਰਿਕ ਭੁੱਖਮਰੀ ਸੂਚਕ ਅੰਕ-2023 'ਚ ਭਾਰਤ ਨੂੰ 28.7 ਅੰਕ ਮਿਲੇ ਹਨ, ਜੋ ਭੁੱਖਮਰੀ ਦੇ ਗੰਭੀਰ ਪੱਧਰ ਵੱਲ ਇਸ਼ਾਰਾ ਕਰਦਾ ਹੈ।

ਇਸ 'ਚ ਭਾਰਤ ਨਾਲੋਂ ਬਿਹਤਰ ਸਥਿਤੀ ਗੁਆਂਢੀ ਦੇਸ਼ਾਂ ਦੀ ਹੈ ਅਤੇ ਇਨ੍ਹਾਂ 'ਚ ਪਾਕਿਸਤਾਨ ਨੂੰ 102ਵਾਂ, ਬੰਗਲਾਦੇਸ਼ ਨੂੰ 81ਵਾਂ, ਨੇਪਾਲ ਨੂੰ 69ਵਾਂ ਅਤੇ ਸ਼੍ਰੀਲੰਕਾ ਨੂੰ 60ਵਾਂ ਸਥਾਨ ਦਿੱਤਾ ਗਿਆ ਹੈ। ਦੱਖਣੀ ਏਸ਼ੀਆ, ਅਫ਼ਰੀਕਾ ਦੇ ਸਹਾਰਾ ਖੇਤਰ ਦੇ ਦੱਖਣੀ ਹਿੱਸੇ ਦੁਨੀਆ ਦੇ ਉਹ ਇਲਾਕੇ ਹਨ, ਜਿਥੇ ਭੁੱਖਮਰੀ ਦੀ ਉੱਚ ਦਰ ਹੈ, ਜਿਨ੍ਹਾਂ ਦਾ ਜੀ. ਐੱਚ. ਆਈ. 27 ਹੈ, ਜੋ ਭੁੱਖਮਰੀ ਦੀ ਗੰਭੀਰਤਾ ਵੱਲ ਇਸ਼ਾਰਾ ਕਰਦਾ ਹੈ।

ਰਿਪੋਰਟ ਅਨੁਸਾਰ ਦੁਨੀਆ 'ਚ ਭਾਰਤ ਅਜਿਹਾ ਦੇਸ਼ ਹੈ, ਜਿਥੇ ਚਾਈਲਡ ਵੇਸਟਿੰਗ ਦੀ ਦਰ ਸਭ ਤੋਂ ਵੱਧ 18.7 ਫੀਸਦੀ ਹੈ। ਚਾਈਲਡ ਵੇਸਟਿੰਗ ਦੀ ਸ਼੍ਰੇਣੀ 'ਚ ਉਹ ਬੱਚੇ ਆਉਂਦੇ ਹਨ, ਜਿਨ੍ਹਾਂ ਦਾ ਭਾਰ ਸਹੀ ਢੰਗ ਨਾਲ ਨਹੀਂ ਵਧਦਾ ਜਾਂ ਪੂਰਾ ਭੋਜਨ ਨਾ ਮਿਲਣ ਜਾਂ ਡਾਇਰੀਆ ਅਤੇ ਸਾਹ ਵਰਗੀਆਂ ਬੀਮਾਰੀਆਂ ਦੇ ਕਾਰਨ ਉਨ੍ਹਾਂ ਦਾ ਭਾਰ ਘੱਟ ਹੋ ਜਾਂਦਾ ਹੈ। ਭਾਰਤ 'ਚ ਕੁਪੋਸ਼ਣ ਦੀ ਦਰ ਵਧ ਕੇ 16.6 ਫੀਸਦੀ ਹੋ ਗਈ ਹੈ ਅਤੇ 5 ਸਾਲਾਂ ਤੋਂ ਘੱਟ ਉਮਰ ਦੇ ਬੱਚਿਆਂ 'ਚ ਮੌਤ ਦੀ ਦਰ 3.1 ਫੀਸਦੀ ਹੈ।

ਰਿਪੋਰਟ ਅਨੁਸਾਰ ਭਾਰਤ 'ਚ 15 ਤੋਂ 24 ਸਾਲਾਂ ਦੀ ਉਮਰ ਦੀਆਂ ਔਰਤਾਂ 'ਚ ਅਨੀਮੀਆ ਦੀ ਦਰ ਵਧ ਕੇ 58.1 ਫੀਸਦੀ ਹੋ ਗਈ ਹੈ। ਸੰਸਾਰਿਕ ਭੁੱਖਮਰੀ ਸੂਚਕ ਅੰਕ ਤੋਂ ਸੰਕੇਤ ਮਿਲਦਾ ਹੈ ਕਿ 2015 ਤੱਕ ਸੰਸਾਰਿਕ ਭੁੱਖਮਰੀ 'ਚ ਸੁਧਾਰ ਹੋਣ ਦੇ ਬਾਅਦ ਤੋਂ ਹਾਲਾਤ ਮੋਟੇ ਤੌਰ 'ਤੇ ਸਥਿਰ ਬਣੇ ਹੋਏ ਹਨ।

# ਲੋਕ ਸਭਾ ਚੋਣਾਂ ਦਾ ਸੈਮੀਫਾਈਨਲ ਹੋਣਗੀਆਂ 5 ਰਾਜਾਂ ਦੀਆਂ ਚੋਣਾਂ

## ਵਿਧਾਨ ਸਭਾ ਚੋਣਾਂ ਰਾਹੀਂ ਲੋਕ ਸਭਾ ਚੋਣਾਂ ਵਿੱਚ ਖੁੱਲ੍ਹੇਗਾ ਜਿੱਤ ਦਾ ਰਾਹ

ਕੇਂਦਰੀ ਚੋਣ ਕਮਿਸ਼ਨ ਵੱਲੋਂ ਐਲਾਨੀਆਂ ਗਈਆਂ 5 ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਕਈ ਮਾਇਨਿਆਂ ਤੋਂ ਅਹਿਮ ਹਨ। ਇੱਕ ਤਰ੍ਹਾਂ ਨਾਲ ਰਾਜਸਥਾਨ, ਮੱਧ ਪ੍ਰਦੇਸ਼, ਛੱਤੀਸਗੜ੍ਹ, ਤੇਲੰਗਾਨਾ ਅਤੇ ਮਿਜ਼ੋਰਮ ਦੇ ਵੱਖ-ਵੱਖ ਪੜਾਵਾਂ ਵਿੱਚ ਐਲਾਨੀਆਂ ਗਈਆਂ ਇਨ੍ਹਾਂ ਚੋਣਾਂ ਨੂੰ ਦੇਸ਼ ਦੇ ਸਭ ਤੋਂ ਵੱਡੇ ਸਿਆਸੀ ਟੂਰਨਾਮੈਂਟ ਯਾਨੀ ਲੋਕ ਸਭਾ ਚੋਣਾਂ-2024 ਦੇ ਸੈਮੀਫਾਈਨਲ ਵਜੋਂ ਦੇਖਿਆ ਜਾ ਰਿਹਾ ਹੈ। ਕੇਂਦਰ ਵਿੱਚ ਦੋ ਵਾਰ ਸਰਕਾਰ ਬਣਾਉਣ ਵਾਲੀ ਭਾਰਤੀ ਜਨਤਾ ਪਾਰਟੀ ਲਈ ਅਗਲੀਆਂ ਚੋਣਾਂ ਚੁਣੌਤੀਪੂਰਨ ਮੰਨੀਆਂ ਜਾ ਰਹੀਆਂ ਹਨ। ਬਿਖਰੇ ਹੋਏ ਵਿਰੋਧੀ ਸਿਆਸੀ ਦਲਾਂ ਦਾ ਫਾਇਦਾ ਉਠਾਉਂਦਿਆਂ ਭਾਜਪਾ ਨੇ ਪਿਛਲੀਆਂ ਦੋ ਲੋਕ ਸਭਾ ਚੋਣਾਂ ਵਿੱਚ ਵੱਡੀਆਂ ਜਿੱਤਾਂ ਦਰਜ ਕੀਤੀਆਂ ਸਨ, ਪਰ ਹੁਣ ਸਥਿਤੀ ਪਹਿਲਾਂ ਵਾਲੀ ਨਹੀਂ ਰਹੀ। 'ਇੰਡੀਆ' (ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ) ਦੇ ਨਾਂ 'ਤੇ 28 ਪਾਰਟੀਆਂ ਵੱਲੋਂ ਬਣਾਈ ਗਈ ਸਾਂਝੀ ਵਿਰੋਧੀ ਧਿਰ, ਇਸ ਦਾ ਅਸਰ ਨਾ ਸਿਰਫ ਲੋਕ ਸਭਾ ਚੋਣਾਂ 'ਚ ਦਿਖਾਈ ਦੇਵੇਗਾ, ਸਗੋਂ ਵਿਧਾਨ ਸਭਾ ਚੋਣਾਂ 'ਚ ਵੀ ਦਿਖਾਈ ਦੇਵੇਗਾ। ਕਾਂਗਰਸ ਪੰਜ ਰਾਜਾਂ 'ਚ ਵਧੀ ਹੋਈ ਨੈਤਿਕ ਤਾਕਤ ਦੇ ਨਾਲ ਚੋਣਾਂ ਲੜੇਗੀ ਕਿਉਂਕਿ ਇਹ ਗਠਜੋੜ ਕਾਂਗਰਸ ਦੀ ਅਗਵਾਈ ਹੇਠ ਬਣਾਇਆ ਗਿਆ ਹੈ। ਦੁਬਾਰਾ ਫਿਰ, ਉਹ ਸਾਰੇ ਰਾਜਾਂ ਵਿੱਚ ਮੁੱਖ ਵਿਰੋਧੀ ਪਾਰਟੀ ਹੈ। ਜਿੱਥੇ ਰਾਜਸਥਾਨ, ਛੱਤੀਸਗੜ੍ਹ, ਮੱਧ ਪ੍ਰਦੇਸ਼ ਅਤੇ ਮਿਜ਼ੋਰਮ ਵਿੱਚ ਪਹਿਲਾਂ ਹੀ ਮੁਕਾਬਲਾ ਚੱਲ ਰਿਹਾ ਸੀ, ਉੱਥੇ ਹੀ ਤੇਲੰਗਾਨਾ ਵਿੱਚ ਵੀ ਹੁਣ ਮੁੱਖ ਮੁਕਾਬਲਾ ਸੱਤਾਧਾਰੀ ਭਾਰਤੀ ਰਾਸ਼ਟਰੀ ਸਮਿਤੀ ਅਤੇ ਕਾਂਗਰਸ ਵਿਚਕਾਰ ਹੋ ਗਿਆ ਹੈ। ਪਹਿਲਾਂ ਭਾਜਪਾ ਇਸ ਥਾਂ 'ਤੇ ਸੀ ਪਰ ਹੁਣ ਉਸ ਦੀ ਸਥਿਤੀ ਤੀਜੇ ਨੰਬਰ 'ਤੇ ਦੱਸੀ ਜਾ ਰਹੀ ਹੈ। ਰਾਜਸਥਾਨ ਅਤੇ ਛੱਤੀਸਗੜ੍ਹ ਵਿੱਚ ਇਸ ਦੀਆਂ ਸਰਕਾਰਾਂ ਹਨ, ਮੱਧ ਪ੍ਰਦੇਸ਼ ਵਿੱਚ ਵੀ



ਕਾਂਗਰਸ ਨੇ 2018 ਦੀਆਂ ਚੋਣਾਂ ਜਿੱਤੀਆਂ ਸਨ ਪਰ ਭਾਜਪਾ ਦਲ-ਬਦਲੀ ਕਰਕੇ ਬਹੁਮਤ ਹਾਸਲ ਕਰਨ ਵਿੱਚ ਕਾਮਯਾਬ ਹੋ ਗਈ ਸੀ ਅਤੇ ਰਾਜ ਦੀ ਸੱਤਾ ਹਥਿਆ ਲਈ ਸੀ।

ਇਨ੍ਹਾਂ ਪੰਜ ਰਾਜਾਂ ਦੀਆਂ ਚੋਣਾਂ ਬਹੁਤ ਅਹਿਮ ਹੋ ਗਈਆਂ ਹਨ ਕਿਉਂਕਿ ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ ਰਾਹੀਂ ਲੋਕ ਸਭਾ ਚੋਣਾਂ ਵਿੱਚ ਜਿੱਤ ਦਾ ਰਾਹ ਖੁੱਲ੍ਹੇਗਾ। ਭਾਜਪਾ ਘਬਰਾ ਗਈ ਹੈ ਕਿਉਂਕਿ ਉਹ ਪਿਛਲੀਆਂ ਦੋ ਵਿਧਾਨ ਸਭਾ ਚੋਣਾਂ - ਹਿਮਾਚਲ ਪ੍ਰਦੇਸ਼ ਅਤੇ ਕਰਨਾਟਕ ਵਿੱਚ ਹਾਰ ਚੁੱਕੀ ਹੈ। ਇਹ ਦੋਵੇਂ ਰਾਜ ਕਾਂਗਰਸ ਤੋਂ ਹਾਰ ਗਈ ਹੈ। ਕਰਨਾਟਕ 'ਚ ਪਿਛਲੀਆਂ ਚੋਣਾਂ ਭਾਵ 2018 'ਚ ਕਾਂਗਰਸ ਨੇ ਜਿੱਤ ਹਾਸਲ ਕੀਤੀ ਸੀ ਪਰ ਕਈ ਸੂਬਿਆਂ ਵਾਂਗ ਇੱਥੇ ਵੀ ਭਾਜਪਾ ਨੇ ਵਿਰੋਧੀ ਪਾਰਟੀਆਂ ਦੇ ਵਿਧਾਇਕਾਂ ਨੂੰ ਕਿਸੇ ਵੀ ਤਰੀਕੇ ਨਾਲ ਆਪਣੇ ਕੈਂਪ 'ਚ ਲਿਆ ਕੇ ਸਰਕਾਰ ਬਣਾਈ ਹੈ। ਇਸ ਦੇ ਨਾਲ ਹੀ ਭਾਜਪਾ ਉੱਤਰ ਪ੍ਰਦੇਸ਼ ਦੀ ਘੋਸੀ ਵਿਧਾਨ ਸਭਾ ਸੀਟ ਵੀ ਉਪ ਚੋਣ ਵਿੱਚ ਭਾਰਤ ਗਠਜੋੜ ਦੇ ਉਮੀਦਵਾਰ ਤੋਂ ਹਾਰ ਗਈ ਹੈ।

ਇਹ ਇੱਕ ਅਜਿਹੀ ਚੋਣ ਹੋਣ ਜਾ ਰਹੀ ਹੈ, ਜਿਸ ਵਿੱਚ ਸਾਰੇ ਰਾਜਾਂ ਵਿੱਚ ਭਾਜਪਾ ਦੀਆਂ ਮੁਸ਼ਕਲਾਂ ਦੇ ਵੱਖ-ਵੱਖ ਕਾਰਨ ਹਨ, ਪਰ ਸਾਂਝੇ ਕਾਰਕਾਂ ਵਿੱਚੋਂ ਦੋ-ਤਿੰਨ ਬਹੁਤ ਸਪੱਸ਼ਟ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਮੋਦੀ ਦਾ ਚਿਹਰਾ ਹੁਣ ਭਾਜਪਾ ਨੂੰ ਕਿਸੇ ਵੀ ਸੂਬੇ ਵਿੱਚ ਮਨਜ਼ੂਰ ਨਹੀਂ ਹੈ ਕਿਉਂਕਿ ਉਹ ਕਰਨਾਟਕ ਅਤੇ ਹਿਮਾਚਲ ਪ੍ਰਦੇਸ਼ ਵਿੱਚ ਇਸ ਦੀ ਦੁਰਦਸ਼ਾ ਦੇਖ ਚੁੱਕੇ ਹਨ। ਦੂਸਰਾ, ਘੱਟੋ-ਘੱਟ ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਰਾਜਸਥਾਨ ਵਿੱਚ ਤਾਂ ਇਹ ਬੇਹੱਦ ਵੰਡਿਆ ਹੋਇਆ ਨਜ਼ਰ ਆ ਰਿਹਾ ਹੈ ਅਤੇ ਤਿੰਨਾਂ ਥਾਵਾਂ 'ਤੇ ਇਸ ਦਾ ਨਾਅਰਾ ਹੈ 'ਮੋਦੀ ਨਹੀਂ ਤਾਂ ਕੌਣ ?' ਇਹ ਮੁੱਦਾ ਹੈ।

ਮੱਧ ਪ੍ਰਦੇਸ਼ ਵਿੱਚ ਮੌਜੂਦਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਤੋਂ ਮੋਦੀ ਦੀ ਨਰਾਜ਼ਗੀ ਇਸ ਕਦਰ ਹੈ ਕਿ ਆਪਣੀਆਂ ਪਿਛਲੀਆਂ ਤਿੰਨ ਚੋਣ ਮੀਟਿੰਗਾਂ ਵਿੱਚ ਉਨ੍ਹਾਂ ਨੇ ਚੌਹਾਨ ਦਾ ਨਾਂ ਲੈਣ ਦੀ ਹਿੰਮਤ ਤੱਕ ਨਹੀਂ ਕੀਤੀ ਅਤੇ ਨਾ ਹੀ ਸਰਕਾਰ ਦੇ ਕਿਸੇ ਕੰਮ ਜਾਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਨਾਲ ਹੀ ਭਾਜਪਾ ਦੇ 7 ਸੰਸਦ ਮੈਂਬਰਾਂ ਨੂੰ ਐਮ.ਐਲ.ਏ ਦੀਆਂ ਟਿਕਟਾਂ ਦਿੱਤੀਆਂ ਗਈਆਂ ਹਨ, ਜਿਸ ਨਾਲ ਜਨਤਾ ਨੂੰ ਸਪੱਸ਼ਟ ਸੰਦੇਸ਼ ਗਿਆ ਹੈ ਕਿ ਜੇਕਰ ਪਾਰਟੀ ਇੱਥੇ ਜਿੱਤ ਜਾਂਦੀ ਹੈ, ਜਿਸ ਦੀ ਸੰਭਾਵਨਾ ਪਤਲੀ ਦੱਸੀ ਜਾਂਦੀ ਹੈ, ਤਾਂ ਉਹ ਮੁੱਖ ਮੰਤਰੀ ਦੇ ਅਹੁਦੇ ਲਈ ਹੋਰ ਹਾਰ ਜਾਵੇਗੀ (ਜਿਸ ਦੇ ਆਸਾਰ ਹਨ) ਅਤੇ ਵਿਰੋਧੀ ਧਿਰ ਦੇ ਨੇਤਾ ਲਈ ਸਿਰ-ਟੂ-ਸਿਰ ਟਕਰਾਅ ਨਿਸ਼ਚਿਤ ਹੈ। ਇਸੇ ਤਰ੍ਹਾਂ ਰਾਜਸਥਾਨ 'ਚ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਸਿੰਧੀਆ ਨੂੰ ਵੀ ਹਾਸ਼ੀਏ 'ਤੇ ਰੱਖਿਆ ਗਿਆ ਹੈ। ਜਿੱਥੋਂ ਤੱਕ ਛੱਤੀਸਗੜ੍ਹ ਦਾ ਸਬੰਧ ਹੈ, ਸਾਬਕਾ ਮੁੱਖ ਮੰਤਰੀ ਡਾ: ਰਮਨ ਸਿੰਘ ਚੋਣ ਲੜ ਰਹੇ ਹਨ ਪਰ ਉਨ੍ਹਾਂ ਨੂੰ ਹਾਲੇ ਤੱਕ ਮੁੱਖ ਮੰਤਰੀ ਦਾ ਚਿਹਰਾ ਨਹੀਂ ਐਲਾਨਿਆ ਗਿਆ ਹੈ। ਇੱਥੇ ਵੀ ਕੁਝ ਸੰਸਦ ਮੈਂਬਰ ਚੋਣ ਲੜ ਰਹੇ ਹਨ।

(ਬਾਕੀ ਸਫ਼ਾ 30 'ਤੇ)

# ਬੱਚਿਆਂ ਨੂੰ ਕੈਰੀਅਰ ਸਬੰਧੀ ਦਿੱਤੀ ਜਾਵੇ ਸਹੀ ਸੇਧ

## ਆਪਣੇ ਬੱਚਿਆਂ ਦੇ ਮਾਰਗ ਦਰਸ਼ਕ ਬਣਨ ਮਾਪੇ

## ਵਿਦੇਸ਼ ਜਾਣ ਦੀ ਥਾਂ ਪੰਜਾਬ 'ਚ ਹੀ ਕੰਮ ਕਰਨ ਨੂੰ ਦਿੱਤੀ ਜਾਵੇ ਤਰਜ਼ੀਹ





ਹਰ ਬੱਚੇ ਦਾ ਮਨ ਕੋਰੀ ਸਲੇਟ ਹੁੰਦਾ ਹੈ, ਇਸੇ ਕਰਕੇ ਬਚਪਣ ਵਿੱਚ ਉਸ ਮਨ 'ਤੇ ਪਈ ਛਾਪ ਸਾਰੀ ਉਮਰ ਰਹਿੰਦੀ ਹੈ। ਅਕਸਰ ਵੇਖਣ ਵਿੱਚ ਆਇਆ ਹੈ ਕਿ ਬੱਚਿਆਂ ਨੂੰ ਮਾਪੇ ਪੜ੍ਹਾਈ ਵਿੱਚ ਅੱਵਲ ਆਉਣ ਲਈ ਕਹਿੰਦੇ ਰਹਿੰਦੇ ਹਨ ਬੱਚੇ ਪੜ੍ਹਾਈ ਕਰਦੇ ਵੀ ਮਨ ਲਗਾ ਕੇ ਹਨ ਪਰ ਡਿਗਰੀਆਂ ਕਰਨ ਤੋਂ ਬਾਅਦ ਅਕਸਰ ਉਹਨਾਂ ਬੱਚਿਆਂ ਅੱਗੇ ਇਹ ਸਮੱਸਿਆ ਆ ਜਾਂਦੀ ਹੈ ਕਿ ਉਹ ਆਪਣਾ ਕੈਰੀਅਰ ਕਿਸ ਤਰੀਕੇ ਨਾਲ ਬਣਾਉਣ।

**ਪੰਜਾਬ ਨੂੰ ਦਿਓ ਤਰਜ਼ੀਹ**

ਪੰਜਾਬ ਵਿੱਚ ਤਾਂ ਹੁਣ ਇਹ ਰਿਵਾਜ਼ ਪੈਦਾ ਹੋ ਗਿਆ ਹੈ ਕਿ ਹਰ ਜੰਮਦਾ ਬੱਚਾ ਹੀ ਕੈਨੇਡਾ ਜਾਣ ਦੇ ਸੁਪਨੇ ਲੈਣ ਲੱਗਦਾ ਹੈ, ਪਰ ਕੈਨੇਡਾ ਹਰ ਕੋਈ ਨਹੀਂ ਜਾ ਸਕਦਾ। ਜਿਹੜੇ ਕੰਮ ਪੰਜਾਬੀ ਬੱਚੇ ਕੈਨੇਡਾ ਜਾ ਕੇ ਕਰਦੇ ਹਨ, ਉਹੀ ਕੰਮ ਉਹ ਪੰਜਾਬ ਵਿੱਚ ਵੀ ਕਰ ਸਕਦੇ ਹਨ। ਜੇ ਪੰਜਾਬ ਵਿੱਚ ਯੂ ਪੀ, ਬਿਹਾਰ, ਰਾਜਸਥਾਨ ਅਤੇ ਨੇਪਾਲ ਤੋਂ ਆ ਕੇ ਲੋਕ ਆਪਣੇ ਕੰਮ ਧੰਦੇ ਚਲਾ ਸਕਦੇ ਹਨ ਅਤੇ ਚੰਗੀ ਕਮਾਈ ਕਰ ਸਕਦੇ ਹਨ ਤਾਂ ਫਿਰ ਪੰਜਾਬੀਆਂ ਨੂੰ ਪੰਜਾਬ ਵਿੱਚ ਕੰਮ ਕਰਨ ਤੋਂ ਕੌਣ ਰੋਕ ਸਕਦਾ ਹੈ। ਪੰਜਾਬ ਵਿੱਚ ਰੁਜ਼ਗਾਰ ਦੇ ਬਹੁਤ ਮੌਕੇ ਹਨ ਅਤੇ ਪੜੇ ਲਿਖੇ ਅਤੇ ਹੁਨਰਮੰਦ ਨੌਜਵਾਨਾਂ ਦੀ ਲੋੜ ਤਾਂ ਹਰ ਖੇਤਰ ਵਿੱਚ ਰਹਿੰਦੀ ਹੈ। ਇਸ ਲਈ ਬੱਚਿਆਂ ਨੂੰ ਵਿਦੇਸ਼ ਜਾਣ ਦੀ ਥਾਂ ਪੰਜਾਬ ਵਿੱਚ ਹੀ ਆਪਣਾ ਕੈਰੀਅਰ ਬਣਾਉਣ ਬਾਰੇ ਸੋਚਣਾ ਚਾਹੀਦਾ ਹੈ ਅਤੇ ਇਸ ਸਬੰਧੀ ਮਾਪਿਆਂ ਅਤੇ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਸਹੀ ਸੇਧ ਦੇਣ ਦੀ ਬਹੁਤ ਲੋੜ ਹੁੰਦੀ ਹੈ।

**ਕੈਰੀਅਰ ਸਬੰਧੀ ਦੇਵੋ ਸਹੀ ਸੇਧ**

ਪੰਜਾਬ ਵਿੱਚ ਸਭ ਤੋਂ ਵੱਡੀ ਸਮੱਸਿਆ ਤਾਂ ਵਿਦਿਆਰਥੀਆਂ ਨੂੰ ਸਹੀ ਸੇਧ ਦੇਣ ਦੀ ਹੁੰਦੀ ਹੈ। ਅਕਸਰ ਹੁਸ਼ਿਆਰ ਵਿਦਿਆਰਥੀ ਵੀ ਜਿੰਦਗੀ ਵਿੱਚ ਇਸ ਕਾਰਨ ਪਿੱਛੜ ਜਾਂਦੇ ਹਨ ਕਿਉਂਕਿ ਉਹਨਾਂ ਨੂੰ ਕੈਰੀਅਰ ਬਣਾਉਣ ਸਬੰਧੀ ਸਹੀ ਸੇਧ ਨਹੀਂ ਮਿਲਦੀ। ਚੰਗੀ ਤੇ ਸਹੀ ਸੇਧ ਨਾ ਮਿਲਣ ਕਾਰਨ ਡਿਗਰੀ ਪਾਸ ਨੌਜਵਾਨ ਵੀ ਅਕਸਰ ਵਿਹਲੇ ਨਜ਼ਰ ਆਉਂਦੇ ਹਨ। ਇਸ ਤੋਂ ਇਲਾਵਾ ਕੁਝ ਰਿਸ਼ਤੇਦਾਰ ਅਤੇ ਸ਼ਰੀਕ ਵੀ ਚੰਗੇ ਹੁਸ਼ਿਆਰ ਬੱਚਿਆਂ ਨੂੰ ਸਹੀ ਸੇਧ ਦੇਣ ਦੀ ਥਾਂ ਵਿਗਾੜਨ ਦਾ ਕੰਮ ਕਰਦੇ ਹਨ ਜਾਂ ਫਿਰ ਵਿਦੇਸ਼ ਜਾਣ ਦਾ ਸੁਪਨਾ ਦਿਖਾ ਦਿੰਦੇ ਹਨ। ਜਿਸ ਕਾਰਨ ਅਕਸਰ ਹੁਸ਼ਿਆਰ ਵਿਦਿਆਰਥੀ ਵੀ ਸਹੀ ਸੇਧ ਨਾ ਮਿਲਣ ਕਾਰਨ ਆਪਣਾ ਕੈਰੀਅਰ ਚੌਪਟ ਕਰ ਲੈਂਦੇ ਹਨ।

**ਵਿਹਲੇ ਸਮੇਂ ਲਿਖੋ ਕਵਿਤਾ ਤੇ ਲੇਖ**

ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਕਈ ਬੱਚੇ ਬਚਪਣ ਵਿੱਚ ਪੜਾਈ ਦੇ ਨਾਲ ਕਵਿਤਾ ਤੇ ਲੇਖ ਲਿਖਣੇ ਸ਼ੁਰੂ ਕਰ ਦਿੰਦੇ ਹਨ ਅ ਤੇ ਮਾਪੇ ਵੀ ਉਹਨਾਂ ਨੂੰ ਬਹੁਤ ਉਤਸ਼ਾਹਿਤ ਕਰਦੇ ਹਨ, ਪਰ ਮਾਪਿਆਂ ਨੂੰ ਇਹ ਗਲ ਚੇਤੇ ਰਖਣੀ ਚਾਹੀਦੀ ਹੈ ਕਿ ਕਵਿਤਾ ਅਤੇ ਲੇਖ ਰੋਟੀ ਨਹੀਂ ਦਿੰਦੇ। ਰੋਟੀ ਕਮਾਉਣ ਲਈ ਚੰਗਾ ਕੈਰੀਅਰ ਬਣਾਉਣਾ ਚਾਹੀਦਾ ਹੈ। ਕਵਿਤਾ ਤੇ ਲੇਖ ਲਿਖਣ ਵੱਲ ਜਿਆਦਾ ਧਿਆਨ ਦੇਣ ਕਰਕੇ ਅਕਸਰ ਬੱਚੇ ਪੜ੍ਹਾਈ ਵਿੱਚ ਪਿਛੜ ਜਾਂਦੇ ਹਨ। ਕਵਿਤਾ ਅਤੇ ਲੇਖ ਲਿਖਣੇ ਚੰਗੀ ਗਲ ਹੈ ਪਰ ਇਹਨਾਂ ਨੂੰ ਸਿਰਫ਼ ਪੇਪਰਾਂ ਤੋਂ ਬਾਅਦ ਹੁੰਦੀਆਂ ਛੁੱਟੀਆਂ ਵਿੱਚ ਹੀ ਲਿਖਿਆ ਜਾਵੇ ਤਾਂ ਚੰਗਾ ਰਹਿੰਦਾ ਹੈ। ਪੜ੍ਹਾਈ ਦੀ ਕੀਮਤ 'ਤੇ ਬੱਚਿਆਂ ਨੂੰ ਕਵਿਤਾ ਅਤੇ ਲੇਖ ਲਿਖਣ ਵੱਲ ਧਿਆਨ ਨਹੀਂ ਦੇਣਾ ਚਾਹੀਦਾ । ਹਰ ਬੱਚੇ ਨੂੰ ਪਹਿਲਾਂ ਅ ਾਪਣਾ ਕੈਰੀਅਰ ਬਣਾਉਣਾ ਚਾਹੀਦਾ ਹੈ, ਉਸ ਤੋਂ ਬਾਅਦ ਹੀ ਕਵਿਤਾ ਲਿਖਣ ਅਤੇ ਲੇਖ ਲਿਖਣ ਵਾਲੇ ਪਾਸੇ ਜਾਣਾਂ ਚਾਹੀਦਾ ਹੈ ਕਿਉਂਕਿ ਕਵਿਤਾ ਲਿਖਣ ਲਈ ਤਾਂ ਸਾਰੀ ਉਮਰ ਪਈ ਹੈ।

**ਨਕਲੀ ਸਿਖਿਆ ਸੰਸਥਾਵਾਂ ਨੂੰ ਨਕੇਲ**

ਬੱਚਿਆਂ ਦੇ ਚੰਗੇ ਕੈਰੀਅਰ ਬਣਾਉਣ ਵਿੱਚ ਕਈ ਵਾਰ ਜਾਅਲੀ ਸਿਖਿਆ ਸੰਸਥਾਵਾਂ ਅਤੇ ਨਕਲੀ ਡਿਗਰੀ ਕਾਲਜ ਵੀ ਅੜਿਕਾ ਬਣ ਜਾਂਦੇ ਹਨ। ਅਕਸਰ ਕਈ ਸ਼ਹਿਰਾਂ ਵਿੱਚ ਵੇਖਿਆ ਗਿਆ ਹੈ ਕਿ ਕੁਝ ਦੁਕਾਨਾਂ ਵਾਲਿਆਂ ਨੇ ਕੰਪਿਊਟਰ ਸਿਖਾਉਣ ਅਤੇ ਹੋਰ ਡਿਗਰੀ ਕਰਵਾਉਣ ਦਾ ਕੰਮ ਚਲਾਇਆ ਹੁੰਦਾ ਹੈ ਪਰ ਇਹ ਕਿਸੇ ਵੀ ਵਿਦਿਆਰਥੀ ਨੂੰ ਕੋਈ ਸਰਟੀਫਿਕੇਟ ਨਹੀਂ ਦਿੰਦੇ। ਇਸ ਤੋਂ ਇਲਾਵਾ ਇਹ ਦੁਕਾਨਨੁਮਾ ਸੰਸਥਾਵਾਂ ਕਿਸੇ ਸਰਕਾਰ ਕੋਲ ਰਜਿਸਟਰਡ ਵੀ ਨਹੀਂ ਹੁੰਦੀਆਂ, ਜਿਸ ਕਾਰਨ ਇਹਨਾਂ ਸੰਸਥਾਵਾਂ ਵਿਚ ਸਿਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਆਪਣੇ ਪੈਸੇ ਅਤੇ ਸਮੇਂ ਦਾ ਨੁਕਸਾਨ ਕਰ ਲੈਂਦੇ ਹਨ। ਅਜਿਹੀਆਂ ਨਕਲੀ ਸਿਖਿਆ ਸੰਸਥਾਵਾਂ ਨੂੰ ਬੰਦ ਕਰਵਾਉਣਾ ਚਾਹੀਦਾ ਹੈ।

**ਨਾਚ ਗਾਣੇ ਵਿੱਚ ਰੁਚੀ**

ਇਸ ਤੋਂ ਇਲਾਵਾ ਕਈ ਬੱਚੇ ਪੜ੍ਹਾਈ ਦੇ ਨਾਲ ਨਾਚ ਗਾਣੇ ਵਿੱਚ ਵੀ ਰੁਚੀ ਲੈਂਦੇ ਹਨ ਪਰ ਅਜਿਹਾ ਪੜ੍ਹਾਈ ਦਾ ਨੁਕਸਾਨ ਕਰਕੇ ਨਹੀਂ ਕੀਤਾ ਜਾਣਾ ਚਾਹੀਦਾ। ਹਰ ਬੱਚੇ ਲਈ ਸਭ ਤੋਂ ਪਹਿਲਾਂ ਕੈਰੀਅਰ ਬਣਾਉਣਾ ਹੀ ਮੁੱਖ ਮਕਸਦ ਹੋਣਾ ਚਾਹੀਦਾ ਹੈ (ਬਾਕੀ ਸਫ਼ਾ 31 'ਤੇ)

## ਧੀਆਂ ਨੇ ਵਧਾਇਆ ਮਾਪਿਆਂ ਦਾ ਮਾਣ

ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਪੀਸੀਐਸ (ਜੁਡੀਸ਼ਰੀ) ਦਾ ਬੀਤੇ ਦਿਨ ਨਤੀਜਾ ਐਲਾਨਿਆ ਗਿਆ ਹੈ, ਜਿਸ ਅਨੁਸਾਰ ਵੱਡੀ ਗਿਣਤੀ ਆਮ ਘਰਾਂ ਦੀਆਂ ਉਹਨਾਂ ਧੀਆਂ ਦੇ ਹੱਥ ਹੁਣ ਇਨਸਾਫ਼ ਦੀ ਮਸ਼ਾਲ ਹੋਵੇਗੀ, ਜਿਹਨਾਂ ਨਾਲ ਹਾਲਾਤ ਬੇਇਨਸਾਫ਼ੀ ਕਰਦੇ ਆ ਰਹੇ ਸਨ। ਇਹਨਾਂ ਵਿਚੋਂ ਇੱਕ ਲੜਕੀ ਇੱਕ ਸਿਕਿਓਰਟੀ ਗਾਰਡ ਦੀ ਧੀ ਹੈ। ਇੱਕ ਹੋਰ ਲੜਕੀ ਮਜ਼ਦੂਰ ਦੀ ਧੀ ਹੈ। ਇਸੇ ਤਰਾਂ ਜੱਜ ਬਣੀ ਇੱਕ ਹੋਰ ਲੜਕੀ ਟੈਂਪੂ ਡਰਾਇਵਰ ਦੀ ਧੀ ਹੈ। ਇਸ ਤੋਂ ਇਲਾਵਾ ਹੋਰਨਾਂ ਨਤੀਜਿਆਂ ਵਿੱਚ ਵੀ ਅਕਸਰ ਆਮ ਘਰਾਂ ਦੇ ਧੀਆਂ ਪੁੱਤ ਅੱਗੇ ਆ ਰਹੇ ਹਨ, ਜਿਸ ਤੋਂ ਪਤਾ ਚਲਦਾ ਹੈ ਕਿ ਇਹਨਾਂ ਵੱਲੋਂ ਆਪਣੇ ਮੁਲਕ ਵਿੱਚ ਰਹਿ ਕੇ ਹੀ ਸਖ਼ਤ ਮਿਹਨਤ ਕੀਤੀ ਜਾ ਰਹੀ ਹੈ। ਇਹਨਾਂ ਧੀਆਂ ਪੁੱਤਰਾਂ ਤੋਂ ਸੇਧ ਲੈ ਕੇ ਪੰਜਾਬ ਦੇ ਹੋਰ ਧੀਆਂ ਪੁੱਤਰ ਵੀ ਪੰਜਾਬ ਵਿੱਚ ਹੀ ਰਹਿ ਕੇ ਆਪਣਾ ਚੰਗਾ ਕੈਰੀਅਰ ਬਣਾ ਸਕਦੇ ਹਨ।

# ਲਾਪ੍ਰਵਾਹੀ ਕਾਰਨ ਕਿਸੇ ਸਾਈਬਰ ਠੱਗ ਦੀ ਜੇਬ ਵਿੱਚ ਜਾ ਸਕਦੀ ਹੈ ਤੁਹਾਡੀ ਕਮਾਈ

## ਇੱਕ ਮਿਸ ਕਾਲ ਨਾਲ ਤੁਹਾਡਾ ਬੈਂਕ ਖਾਤਾ ਹੋ ਸਕਦੈ ਖਾਲੀ



ਤੁਹਾਡੀ ਲਾਪ੍ਰਵਾਹੀ ਕਾਰਨ ਤੁਹਾਡੇ ਖ਼ੂਨ ਪਸੀਨੇ ਦੀ ਕਮਾਈ ਕਿਸੇ ਸਾਈਬਰ ਠੱਗ ਦੀ ਜੇਬ ਵਿੱਚ ਜਾ ਸਕਦੀ ਹੈ। ਸਾਈਬਰ ਅਪਰਾਧੀ ਇਨ੍ਹੇ ਸ਼ਾਤਰ ਹੋ ਚੁੱਕੇ ਹਨ ਕਿ ਤੁਹਾਡੇ ਬੈਂਕ ਖਾਤੇ ਦਾ ਓਟੀਪੀ ਹਾਸਲ ਕੀਤੇ ਬਿਨਾਂ ਹੀ ਤੁਹਾਡੇ ਖਾਤੇ ਖਾਲੀ ਕਰ ਰਹੇ ਹਨ, ਉਹ ਵੀ ਸਿਰਫ਼ ਇੱਕ ਮਿਸ ਕਾਲ ਦੇ ਜਰੀਏ। ਸਾਈਬਰ ਠੱਗਾਂ ਨੇ ਇੱਕ ਨਵਾਂ ਤਰੀਕਾ ਇਜ਼ਾਦ ਕੀਤਾ ਹੈ। ਇਹ ਤੁਹਾਡੇ ਫੋਨ 'ਤੇ ਲਗਾਤਾਰ ਮਿਸ ਕਾਲ ਕਰਦੇ ਹਨ। ਜਦੋਂ ਤੁਸੀਂ ਇਨ੍ਹਾਂ ਦਾ ਫੋਨ ਰਿਸੀਵ ਕਰ ਲੈਂਦੇ ਹੋ ਤਾਂ ਅੱਗੋਂ ਕੋਈ ਨਹੀਂ ਬੋਲਦਾ। ਬਸ ਤੁਹਾਡੇ ਹੈਲੋ ਹੈਲੋ ਕਰਨ ਦੌਰਾਨ ਤੁਹਾਡਾ ਫੋਨ ਹੈਕ ਕਰ ਲਿਆ ਜਾਂਦਾ ਹੈ। ਇਸ ਤੋਂ ਬਾਅਦ ਸ਼ੁਰੂ ਹੁੰਦਾ ਹੈ ਤੁਹਾਡੇ ਬੈਂਕ ਖਾਤੇ ਨੂੰ ਚੂਨਾ ਲੱਗਣਾ। ਦੱਸ ਦੇਈਏ ਕਿ ਦੇਸ਼ ਵਿੱਚ ਤਕਨੀਕੀ ਕ੍ਰਾਂਤੀ ਪੂਰੇ ਜ਼ੋਰਾਂ ਸ਼ੋਰਾਂ 'ਤੇ ਆ ਰਹੀ ਹੈ ਹੈ, ਜਿਸ ਦਾ ਅਸੀਂ ਭਰਪੂਰ ਫਾਇਦਾ ਚੁੱਕ ਰਹੇ ਹਾਂ। ਪਰ ਇਸ ਦੇ ਨਾਲ ਹੀ ਇਹ ਤਕਨੀਕੀ ਕ੍ਰਾਂਤੀ ਮੁਸੀਬਤ ਬਣ ਕੇ ਵੀ ਸਾਹਮਣੇ ਆ ਰਹੀ ਹੈ। ਜਿਨ੍ਹਾਂ 'ਚੋਂ ਇਕ ਹੈ ਸਾਈਬਰ ਕ੍ਰਾਈਮ ਯਾਨੀ ਆਨਲਾਈਨ ਧੋਖਾਧੜੀ, ਜੋ ਨਾ ਸਿਰਫ਼ ਤੁਹਾਡੀ ਨਿੱਜੀ ਜਾਣਕਾਰੀ ਨੂੰ ਚੋਰੀ ਕਰਦੀ ਹੈ, ਸਗੋਂ ਤੁਹਾਨੂੰ ਆਰਥਿਕ ਤੌਰ 'ਤੇ ਨੁਕਸਾਨ ਵੀ ਪਹੁੰਚਾਉਂਦੀ ਹੈ। ਮਿਸ ਕਾਲ ਤੋਂ ਇਲਾਵਾ ਤੁਹਾਡੇ ਫੋਨ ਦੇ ਮੈਸੇਜ ਬਾਕਸ ਜਾਂ ਫਿਰ ਵਾਟਸਐਪ 'ਤੇ ਕੋਈ ਵੀ ਲਿੰਕ ਵੀ ਭੇਜਿਆ ਜਾ ਸਕਦਾ ਹੈ, ਜਿਸ ਨੂੰ ਕਲਿੱਕ ਕਰਦਿਆਂ ਹੀ ਤੁਹਾਡਾ ਫੋਨ ਹੈਕ ਹੋ ਜਾਂਦਾ ਹੈ।

ਆਨਲਾਈਨ ਸ਼ਾਪਿੰਗ ਕਰਨ ਵਾਲੇ ਵਿਅਕਤੀ ਜ਼ਿਆਦਾਤਰ ਇਨ੍ਹਾਂ ਠੱਗਾਂ ਦੇ ਨਿਸ਼ਾਨੇ 'ਤੇ ਹੁੰਦੇ ਹਨ। ਲੰਘੇ ਦਿਨੀਂ ਬਠਿੰਡਾ ਦੇ ਥਾਣਾ ਸਿਵਲ ਲਾਈਨ ਵੀ ਪੁਲਿਸ ਨੇ ਇਕ ਬਜ਼ੁਰਗ ਵਿਅਕਤੀ ਦੀ ਸ਼ਿਕਾਇਤ 'ਤੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਸੀ। ਕਿਸੇ ਨੇ ਉਕਤ ਵਿਅਕਤੀ ਦੇ ਖਾਤੇ ਵਿਚੋਂ ਇੱਕ ਲੱਖ 20 ਹਜ਼ਾਰ ਰੁਪਏ ਦੀ ਨਗਦੀ ਕਢਵਾ ਲਈ ਸੀ। ਜਦਕਿ ਬਜ਼ੁਰਗ ਵਿਅਕਤੀ ਦਾ ਕਹਿਣਾ ਸੀ ਕਿ ਉਸ ਨੇ ਆਪਣੇ ਬੈਂਕ ਖਾਤੇ ਦੀ ਜਾਣਕਾਰੀ ਕਿਸੇ ਨਾਲ ਸਾਂਝੀ ਨਹੀਂ ਕੀਤੀ ਤੇ ਨਾ ਹੀ ਏਟੀਐਮ ਕਾਰਡ ਕਿਸੇ ਨੂੰ ਦਿੱਤਾ ਹੈ। ਸਾਈਬਰ ਕ੍ਰਾਈਮ ਸੈਲ ਵੱਲੋਂ ਪੜਤਾਲ ਕਰਨ 'ਤੇ ਪਤਾ ਲੱਗਿਆ ਕਿ ਜ਼ਿਲ੍ਹਾ ਮਾਨਸਾ ਦੇ ਭੀਖੀ ਕਸਬੇ ਦੇ ਕਿਸੇ ਏਟੀਐਮ ਵਿਚੋਂ ਬਜ਼ੁਰਗ ਦੇ ਖਾਤੇ ਵਿੱਚੋਂ ਪੈਸੇ ਕਢਵਾਏ ਗਏ ਹਨ। ਇਸੇ ਤਰ੍ਹਾਂ ਗੁਜਰਾਤ ਵਿੱਚ ਵਾਪਰੀ ਇਕ ਘਟਨਾ ਵਿਚ 31 ਦਸੰਬਰ 2022 ਨੂੰ ਸਾਈਬਰ ਠੱਗਾਂ ਨੇ ਅੱਧੇ ਘੰਟੇ ਦੇ ਅੰਤਰਾਲ ਵਿੱਚ ਇੱਕ ਵਿਅਕਤੀ ਦੇ ਖਾਤੇ ਵਿਚੋਂ 37 ਲੱਖ ਰੁਪਏ ਉਡਾ ਦਿੱਤੇ। ਸੂਚਨਾ ਮੁਤਾਬਕ ਗੁਜਰਾਤ ਨਿਵਾਸੀ ਕਾਰੋਬਾਰੀ ਨੂੰ ਸੁਨੇਹਾ ਮਿਲਿਆ ਕਿ ਉਸ ਦੇ ਬੈਂਕ ਖਾਤੇ ਤੋਂ 10 ਲੱਖ ਰੁਪਏ ਕਢਵਾ ਲਏ ਗਏ ਹਨ। ਦੁਪਹਿਰ 3:19 ਅਤੇ 3:20 'ਤੇ ਉਸ ਦੇ ਖਾਤੇ ਤੋਂ 10-10 ਲੱਖ ਰੁਪਏ ਡੈਬਿਟ ਕੀਤੇ ਗਏ। ਕੁਝ ਸਮੇਂ ਬਾਅਦ ਦੁਪਹਿਰ 3:49 'ਤੇ ਉਸ ਦੇ ਖਾਤੇ 'ਚੋਂ 17 ਲੱਖ ਰੁਪਏ ਹੋਰ ਕਢਵਾ ਲਏ ਗਏ। ਹੈਰਾਨੀ ਦੀ ਗੱਲ ਇਹ ਹੈ ਕਿ ਪੀੜਤ ਨੇ ਉਸ ਸਮੇਂ ਦੌਰਾਨ ਆਪਣੇ ਖਾਤੇ ਦੀ ਜਾਣਕਾਰੀ ਜਾਂ ਕੋਈ ਓਟੀਪੀ ਕਿਸੇ ਨਾਲ ਸਾਂਝਾ ਨਹੀਂ ਕੀਤਾ ਸੀ। ਪੈਸੇ ਕਢਵਾਉਣ ਦਾ ਸੁਨੇਹਾ ਮਿਲਣ ਤੋਂ ਬਾਅਦ ਕਾਰੋਬਾਰੀ ਨੇ ਬੈਂਕ ਨਾਲ ਸੰਪਰਕ ਕਰਨ ਦਾ ਫੈਸਲਾ ਕੀਤਾ। ਸਾਈਬਰ ਅਪਰਾਧੀਆਂ ਨੇ ਕੁਝ ਇਸ ਤਰ੍ਹਾਂ ਦਾ ਸਿਸਟਮ ਕਰ ਰੱਖਿਆ ਸੀ ਕਿ ਬੈਂਕ ਅਧਿਕਾਰੀਆਂ ਨੂੰ ਖਾਤਾ ਬਲਾਕ ਕਰਨ ਵਿੱਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਬੈਂਕ ਅਧਿਕਾਰੀ ਨੇ ਕਿਸੇ ਤਰ੍ਹਾਂ ਉਸ ਦਾ ਖਾਤਾ ਬਲਾਕ ਕਰ ਦਿੱਤਾ। ਪੁਲਿਸ ਦੇ ਸਾਈਬਰ ਵਿੰਗ ਵੱਲੋਂ ਪੜਤਾਲ ਕਰਨ 'ਤੇ ਪਤਾ ਲੱਗਿਆ ਕਿ ਉਕਤ ਵਿਅਕਤੀ ਦਾ ਫੋਨ ਹੈਕ ਹੋ ਚੁੱਕਾ ਹੈ। ਇਸੇ ਤਰ੍ਹਾਂ ਦਿੱਲੀ ਵਾਸੀ ਇੱਕ ਸਿਕਿਉਰਟੀ ਕੰਪਨੀ ਦੇ ਡਾਇਰੈਕਟਰ ਦੇ ਖਾਤੇ ਵਿਚੋਂ 50 ਲੱਖ ਰੁਪਏ ਕਢਵਾ ਲਏ ਗਏ। ਉਕਤ ਵਿਅਕਤੀ ਨੇ ਦੱਸਿਆ ਹੈ ਕਿ ਉਸ ਦੇ ਫੋਨ 'ਤੇ ਕਈ ਮਿਸ ਕਾਲਾਂ ਆ ਰਹੀਆਂ ਸਨ। ਪਹਿਲਾਂ ਤਾਂ ਉਸਨੇ ਇਨ੍ਹਾਂ ਫੋਨ ਕਾਲਜ ਨੂੰ ਨਜ਼ਰ ਅੰਦਾਜ਼ ਕੀਤਾ, ਪਰ ਬਾਅਦ ਵਿੱਚ ਉਸਨੇ ਇਕ ਫੋਨ ਕਾਲ ਰਿਸੀਵ ਕਰ ਲਈ। ਅੱਗੋਂ ਕਿਸੇ ਨੇ ਗੱਲ ਨਹੀਂ ਕੀਤੀ ਤੇ ਉਸ ਨੇ ਫੋਨ ਕੱਟ ਦਿੱਤਾ। ਬਸ ਕੁਝ ਸਮੇਂ ਬਾਅਦ ਹੀ ਉਸ ਦੇ ਖਾਤੇ ਵਿੱਚੋਂ 50 ਲੱਖ ਰੁਪਏ ਕਢਵਾ ਲਏ ਗਏ। ਪੀੜਤ ਨੇ ਇਸ ਸਬੰਧੀ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ। ਪੁਲਿਸ ਵੱਲੋਂ ਕੀਤੀ ਗਈ ਪੜਤਾਲ ਦੌਰਾਨ ਪਤਾ ਲੱਗਿਆ ਕਿ ਇਸ ਫ਼ਰਜ਼ੀਵਾੜੇ ਨੂੰ ਜਾਮਤਾੜਾ ਤੋਂ ਅੰਜਾਮ ਦਿੱਤਾ ਗਿਆ। ਅੱਜ-ਕੱਲ੍ਹ ਇਸ ਤਰ੍ਹਾਂ ਦੀਆਂ ਘਟਨਾਵਾਂ ਪੂਰੇ ਦੇਸ਼ ਵਿੱਚ ਆਮ ਦੇਖਣ ਨੂੰ ਮਿਲ ਰਹੀਆਂ ਹਨ। ਪੰਜਾਬ ਵਿੱਚ ਵੀ ਇਸ ਤਰ੍ਹਾਂ ਦੇ ਕਈ ਮਾਮਲੇ ਸਾਹਮਣੇ ਆ ਚੁੱਕੇ ਹਨ। ਸਾਈਬਰ ਐਕਸਪਰਟ ਦੇ ਅਨੁਸਾਰ ਠੱਗ ਇਸ ਤਰ੍ਹਾਂ ਦੇ ਸਾਫਟਵੇਅਰ ਦੀ ਵਰਤੋਂ ਕਰਦੇ ਹਨ ਜੋ ਤੁਹਾਡੇ ਫੋਨ ਨੂੰ ਪੂਰੀ ਤਰ੍ਹਾਂ ਹੈਕ ਕਰ ਲੈਂਦੇ ਹਨ, ਜਿਸ ਤੋਂ ਬਾਅਦ ਤੁਹਾਡੇ ਫੋਨ ਦਾ ਸਾਰਾ ਸਿਸਟਮ ਹੈਕਰਸ ਦੇ ਕੋਲ ਚਲਿਆ ਜਾਂਦਾ ਹੈ ਤੇ ਉਹ ਆਪਣੀ ਮਰਜ਼ੀ ਨਾਲ (ਬਾਕੀ ਸਫ਼ਾ 29 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

18 ਅਕਤੂਬਰ ਤੋਂ 25 ਅਕਤੂਬਰ, 2023

## ਜ਼ਮੀਨਾਂ ਦਾ ਠੇਕਾ ਅਤੇ ਛੋਟੀ ਕਿਸਾਨੀ

ਪੰਜਾਬ ਵਿੱਚ ਖੇਤੀ ਕਰਦੇ ਕਿਸਾਨਾਂ ਦਾ ਜ਼ਿਆਦਾਤਰ ਹਿੱਸਾ ਜ਼ਮੀਨ ਠੇਕੇ ਉੱਪਰ ਲੈ ਕੇ ਖੇਤੀ ਕਰਦਾ ਹੈ। ਆਮ ਵੇਖਣ ਵਿੱਚ ਆਉਂਦਾ ਹੈ ਕਿ ਵੱਡੇ ਕਿਸਾਨ, ਜਿਨ੍ਹਾਂ ਕੋਲ ਜਿਆਦਾ ਜ਼ਮੀਨਾਂ ਹੁੰਦੀਆਂ ਹਨ, ਉਹ ਜਮੀਨ ਠੇਕੇ 'ਤੇ ਦੇਣ ਨੂੰ ਵਧੇਰੇ ਤਰਜੀਹ ਦਿੰਦੇ ਹਨ, ਬਲਕਿ ਛੋਟੇ ਕਿਸਾਨ ਖੇਤੀ ਯੋਗ ਠੇਕੇ 'ਤੇ ਜ਼ਮੀਨਾਂ ਦੀ ਭਾਲ ਕਰਦੇ ਰਹਿੰਦੇ ਹਨ। ਪੰਜਾਬ ਵਿੱਚ ਕਿਸਾਨਾਂ ਦੀਆਂ ਸਮੱਸਿਆਵਾਂ ਦੀ ਗੱਲ ਭਾਵੇਂ ਹੁੰਦੀ ਰਹਿੰਦੀ ਹੈ ਪਰ ਠੇਕੇ 'ਤੇ ਖੇਤੀ ਦੀ ਗੱਲ ਬਹੁਤ ਥੋੜ੍ਹੀ ਹੁੰਦੀ ਹੈ। ਅਜਿਹੀ ਗੱਲਬਾਤ ਦੇ ਲਈ ਜ਼ਮੀਨ ਕਿਸਾਨਾਂ ਨੂੰ ਖੁਦ ਤਿਆਰ ਕਰਨੀ ਪੈਣੀ ਹੈ। ਜੇਕਰ ਗੱਲ ਚੱਲੇਗੀ ਤਾਂ ਹੀ ਠੇਕੇ 'ਤੇ ਖੇਤੀ ਕਰਨ ਵਾਲੇ ਕਿਸਾਨਾਂ ਦੀ ਹਾਲਤ ਸੁਧਰ ਸਕਦੀ ਹੈ।

ਖੇਤੀ ਦੀਆਂ ਵਧੇਰੇ ਔਕੜਾਂ ਕਰਕੇ ਸਾਰੇ ਛੋਟੇ ਅਤੇ ਵੱਡੇ ਕਿਸਾਨਾਂ ਨੂੰ ਮਿਥੇ ਹੋਏ ਫਾਇਦੇ ਨਹੀਂ ਹੁੰਦੇ। ਕੁਝ ਲੋਕਾਂ ਕੋਲ ਖੇਤੀ ਠੇਕੇ ਉਪਰ ਦੇ ਕੇ ਵੀ ਗੁਜ਼ਾਰੇ ਜੋਗੇ ਵਸੀਲੇ ਹੁੰਦੇ ਹਨ। ਬਾਕੀ ਕਿਸਾਨਾਂ ਕੋਲ ਜ਼ਮੀਨ ਠੇਕੇ ਉੱਪਰ ਲੈ ਕੇ ਖੇਤੀ ਕਰਨ ਤੋਂ ਬਿਨਾਂ ਕੋਈ ਚਾਰਾ ਨਹੀਂ ਹੁੰਦਾ। ਪੰਜਾਬ ਦੀ ਵਧੇਰੇ ਵਸੋਂ ਕਿਸੇ ਨਾ ਕਿਸੇ ਤਰੀਕੇ ਖੇਤੀ ਉੱਪਰ ਨਿਰਭਰ ਕਰਦੀ ਹੈ। ਅੰਕੜਿਆਂ ਦੇ ਹਿਸਾਬ ਨਾਲ ਪੰਜਾਬ ਵਿੱਚ 65% ਕਿਸਾਨਾਂ ਕੋਲ 10 ਏਕੜ ਤੋਂ ਘੱਟ ਜ਼ਮੀਨ ਹੈ। 5 ਏਕੜ ਤੋਂ ਘੱਟ ਖੇਤੀ ਕਰਨ ਵਾਲੇ ਕਿਸਾਨਾਂ ਦੀ ਗਿਣਤੀ ਉਸ ਤੋਂ ਵੀ ਘੱਟ ਹੈ। ਛੋਟੇ ਕਿਸਾਨ ਜਿਨ੍ਹਾਂ ਕੋਲ ਆਪਣੀ ਜ਼ਮੀਨ ਕੋਈ ਨਹੀਂ ਹੁੰਦੀ ਜਾਂ ਘੱਟ ਜ਼ਮੀਨ ਹੁੰਦੀ ਹੈ, ਉਹ ਖੇਤੀ ਯੋਗ ਜ਼ਮੀਨ 'ਤੇ ਠੇਕੇ ਰਾਹੀਂ ਖੇਤੀ ਹੀ ਕਰਨਾ ਜਾਣਦੇ ਹੁੰਦੇ ਹਨ। ਚਾਹੇ ਜ਼ਮੀਨ ਦਾ ਠੇਕਾ ਘੱਟ ਹੋਵੇ ਜਾਂ ਵੱਧ, ਉਨ੍ਹਾਂ ਨੂੰ ਜ਼ਮੀਨ ਲੈਣੀ ਹੀ ਪੈਂਦੀ ਹੈ। ਇਸ ਤੋਂ ਬਿਨਾਂ ਹੋਰ ਕੋਈ ਵੀ ਕੰਮ ਕਰਨਾ ਉਹ ਓਨੀ ਚੰਗੀ ਤਰ੍ਹਾਂ ਜਾਣਦੇ ਨਹੀਂ ਹੁੰਦੇ, ਨਾਲ ਹੀ ਉਨ੍ਹਾਂ ਦੀ ਅਰਥਵਿਵਸਥਾ ਜਿਸ ਨੂੰ ਕਿ ਉਹ ਕਬੀਲਦਾਰੀ ਕਹਿੰਦੇ ਹਨ, ਵਿੱਚ ਲੈਣ ਦੇਣ ਘੁੰਮਦਾ ਰਹਿੰਦਾ ਹੈ। ਛੋਟੀ ਕਿਸਾਨੀ ਲਈ ਇਹ ਚੱਕਰ ਘੁਮਾਉਣਾ ਮਜਬੂਰੀ ਹੁੰਦੀ ਹੈ, ਕਿਉਂਕਿ ਬਗੈਰ ਖੇਤੀ ਉਹ ਛੇਤੀ ਹੋਰ ਕਿਧਰੋਂ ਲੈਣਦਾਰੀਆਂ ਨਹੀਂ ਕਰ ਸਕਦੇ। ਪੰਜਾਬ ਦੇ ਇੱਕ ਤਿਹਾਈ ਕਿਸਾਨ ਠੇਕੇ 'ਤੇ ਜ਼ਮੀਨ ਲੈ ਕੇ ਖੇਤੀ ਕਰਦੇ ਹਨ। ਠੇਕੇ 'ਤੇ ਜ਼ਮੀਨ ਦੇਣ ਵਾਲੀ ਗਿਣਤੀ ਜ਼ਿਆਦਾਤਰ ਵਿਦੇਸ਼ ਗਏ ਲੋਕਾਂ ਦੀ ਜਾਂ ਪਿੰਡ ਛੱਡ ਸ਼ਹਿਰ ਵਸੇ ਲੋਕਾਂ ਦੀ ਹੁੰਦੀ ਹੈ। ਪਿਛਲੇ ਦਹਾਕਿਆਂ ਵਿੱਚ ਪਰਿਵਾਰ ਵੱਡੇ ਹੁੰਦੇ ਸਨ। ਜ਼ਿਆਦਾਤਰ ਪਰਿਵਾਰ ਜ਼ਮੀਨ ਖੁਦ ਵਾਹੁੰਦੇ ਸਨ। ਹੁਣ ਪਰਿਵਾਰਾਂ ਵਿੱਚ ਖੇਤੀ ਕਰਨ ਵਾਲੇ ਜੀਅ ਘਟਣ ਕਰਕੇ ਜਾਂ ਕਾਫ਼ੀ ਪਰਿਵਾਰਾਂ ਦੇ ਨੌਜਵਾਨਾਂ ਦੇ ਵਿਦੇਸ਼ ਜਾਣ ਕਰਕੇ ਵੀ ਕਿਸਾਨਾਂ ਤੋਂ ਜ਼ਮੀਨ ਵਿਹਲੀ ਹੁੰਦੀ ਜਾ ਰਹੀ ਹੈ।

ਪੰਜਾਬ ਵਿੱਚ ਠੇਕੇ 'ਤੇ ਖੇਤੀ ਦਾ ਰੁਝਾਨ ਮਾਲਵੇ ਵੱਲ ਮਾਝੇ ਅਤੇ ਦੋਆਬੇ ਤੋਂ ਜਿਆਦਾ ਹੈ। ਮਾਲਵੇ ਦੇ ਇਲਾਕੇ ਵਿੱਚ ਠੇਕਾ ਪ੍ਰਤੀ ਏਕੜ ਔਸਤਨ 60,000 ਤੋਂ ਜਿਆਦਾ ਹੈ। ਕੁਝ ਜ਼ਮੀਨਾਂ ਲਈ ਇਹ ਠੇਕਾ 80,000 ਤੱਕ ਵੀ ਚਲਾ ਜਾਂਦਾ ਹੈ। ਜ਼ਮੀਨ ਦੇ ਭਾਅ ਵਿੱਚ ਵਾਧਾ ਕਿਸਾਨਾਂ ਦੇ ਆਪਸੀ ਮੁਕਾਬਲੇ ਕਰਕੇ ਹੁੰਦਾ ਹੈ। ਜ਼ਮੀਨ ਤੋਂ ਚੰਗੀ ਆਮਦਨ ਲੈਣ ਲਈ ਪਹਿਲੀ ਗੱਲ ਚੰਗਾ ਮੌਸਮ ਜ਼ਰੂਰੀ ਹੈ, ਦੂਸਰਾ ਖਰਚੇ ਘਟਾਉਂਦੇ ਹੋਏ ਵਧੀਆ ਫ਼ਸਲ ਲੈਣੀ ਅਤੇ ਤੀਸਰਾ ਫ਼ਸਲ ਦਾ ਸਹੀ ਮੁੱਲ ਮਿਲਣਾ। ਫ਼ਸਲ ਦਾ ਸਰਕਾਰ ਵੱਲੋਂ ਤੈਅ ਮੁੱਲ ਸਿਰਫ਼ ਦੋ ਫ਼ਸਲਾਂ ਉੱਪਰ ਹੀ ਮਿਲਦਾ ਹੈ। ਹੋਰ ਫ਼ਸਲਾਂ ਤੋਂ ਭਾਵੇਂ ਕਿਸਾਨ ਨੂੰ ਮੰਡੀ ਵਿੱਚ ਜਿਆਦਾ ਫਾਇਦਾ ਵੀ ਮਿਲਦਾ ਹੋਵੇ, ਪਰ ਫ਼ਸਲਾਂ ਉੱਪਰ ਹੋਣ ਵਾਲੇ ਖ਼ਰਚਿਆਂ ਅਤੇ ਬਿਗੜੇ ਮੌਸਮ ਦੇ ਨੁਕਸਾਨਾਂ ਦੇ ਚੱਲਦਿਆਂ ਕਿਸਾਨ ਹੋਰ ਫ਼ਸਲਾਂ ਬੀਜਣ ਦਾ ਤਜਰਬਾ ਵੀ ਕਰ ਸਕਣ ਦੇ ਸਮਰੱਥ ਨਹੀਂ ਹੁੰਦੇ।

ਅੰਕੜਿਆਂ ਮੁਤਾਬਿਕ 1990 ਤੋਂ ਲੈ ਕੇ 2022 ਤੱਕ ਰਸਾਇਣਿਕ ਖਾਦਾਂ ਦੀ ਵਰਤੋਂ ਤਕਰੀਬਨ ਦੁੱਗਣੀ ਹੋ ਗਈ ਹੈ ਜਿਸ ਦਾ ਇੱਕ ਕਾਰਨ ਠੇਕੇ 'ਤੇ ਕਿਸਾਨਾਂ ਵਲੋਂ ਲਈ ਜਾਂਦੀ ਜ਼ਮੀਨ ਵੀ ਹੈ। ਠੇਕੇ 'ਤੇ ਖੇਤੀ ਕਰਨ ਵਾਲੇ ਕਿਸਾਨ ਫ਼ਸਲ ਵਿੱਚ ਨੁਕਸਾਨ ਤੋਂ ਬਚਣ ਲਈ ਪਾਣੀ, ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕ/ਨਦੀਨਨਾਸ਼ਕ ਦਵਾਈਆਂ ਦਾ ਵਧੇਰੇ ਇਸਤੇਮਾਲ ਕਰਦੇ ਹਨ। ਅਜਿਹੇ ਵਿੱਚ ਜ਼ਮੀਨ ਨਾਲ ਵੀ ਇਨਸਾਫ ਨਹੀਂ ਹੁੰਦਾ। ਠੇਕੇ 'ਤੇ ਖੇਤੀ ਕਰ ਰਹੇ ਕਿਸਾਨ ਦਾ ਜ਼ਮੀਨ ਦੇ ਮਾਲਕ ਨਾਲ ਬਿਨਾਂ ਕਿਸੇ ਲਿਖਤੀ ਸਮਝੌਤੇ ਤੋਂ ਸਿਰਫ਼ ਜ਼ੁਬਾਨੀ ਇਕਰਾਰ ਹੁੰਦਾ ਹੈ। ਅਜਿਹੇ ਵਿੱਚ ਫ਼ਸਲਾਂ ਦੇ ਕਿਸੇ ਵੀ ਤਰ੍ਹਾਂ ਦੇ ਮੌਸਮ ਕਰਕੇ ਹੋਏ ਨੁਕਸਾਨ ਵਿੱਚ ਵੀ ਖੇਤੀ ਕਰ ਰਹੇ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਸਰਕਾਰ ਪਾਸੋਂ ਮਦਦ ਮਿਲਣੀ ਵੀ ਮੁਸ਼ਕਿਲ ਹੁੰਦੀ ਹੈ ਅਤੇ ਜ਼ਮੀਨ ਦੇ ਮਾਲਕ ਵੀ ਕਿਸਾਨ ਦੀ ਮਦਦ ਨਹੀਂ ਕਰਦੇ।

ਠੇਕੇ ਦੀ ਰਕਮ ਬਹੁਤ ਜ਼ਿਆਦਾ ਹੋਣ ਕਰਕੇ ਕਿਸਾਨ ਸਾਲ ਪਹਿਲਾਂ ਕਰਜ਼ਾ ਲੈਂਦੇ ਹਨ ਤੇ ਕੋਈ ਨੁਕਸਾਨ ਹੋਣ 'ਤੇ ਕਰਜ਼ਾ ਵਾਪਸ ਨਹੀਂ ਕਰ ਪਾਉਂਦੇ। 60 ਹਜ਼ਾਰ ਦੇ ਹਿਸਾਬ ਨਾਲ ਔਸਤਨ ਇੱਕ ਸਾਲ ਬਾਅਦ ਸਿਰਫ਼ ਅੱਠ ਹਜ਼ਾਰ ਪ੍ਰਤੀ ਏਕੜ ਦੇ ਹਿਸਾਬ ਨਾਲ ਹੀ ਮੁਨਾਫ਼ਾ ਕਮਾ ਪਾਉਂਦੇ ਹਨ। ਪ੍ਰਤੀ ਮਹੀਨੇ ਦੇ ਹਿਸਾਬ ਨਾਲ ਕਿਸਾਨ ਬਿਲਕੁਲ ਨਾਮਾਤਰ ਮੁਨਾਫ਼ੇ 'ਤੇ ਕੰਮ ਕਰ ਰਹੇ ਹਨ। ਛੋਟੇ ਕਿਸਾਨ ਆਪਣੀ ਜਮ੍ਹਾਂ ਪੂੰਜੀ ਵੀ ਗਵਾ ਬੈਠਦੇ ਹਨ।

ਪੰਜਾਬ ਦੇ ਛੋਟੇ ਕਿਸਾਨਾਂ ਵੱਲ ਧਿਆਨ ਦੇਣ ਦੀ ਜਰੂਰਤ ਹੈ। ਜ਼ਮੀਨ ਵਿਚੋਂ ਪੈਦਾਵਾਰ ਅਤੇ ਖ਼ਰਚਿਆਂ ਦੇ ਹਿਸਾਬ ਨਾਲ ਕਿਸਾਨ ਦਾ 15 ਤੋਂ 20% ਫੀਸਦੀ ਮੁਨਾਫ਼ਾ ਤੈਅ ਕਰਕੇ ਹੀ ਠੇਕਾ ਮਿਥਿਆ ਜਾਣਾ ਚਾਹੀਦਾ ਹੈ। ਇਸ ਸਮਝੌਤੇ ਨੂੰ ਵੀ ਲਿਖਤੀ ਕਰਨ ਦੀ ਜਰੂਰਤ ਹੈ। ਇਹ ਵੀ ਸਮਝੌਤੇ ਵਿੱਚ ਲਿਖਿਆ ਜਾਣਾ ਚਾਹੀਦਾ ਹੈ ਕਿ ਕੁਦਰਤੀ ਨੁਕਸਾਨਾਂ ਦੇ ਵੇਲੇ ਠੇਕੇ ਦੀ ਰਕਮ ਘੱਟ ਹੁੰਦੀ ਹੋਵੇ। ਦੋਵੇਂ ਧਿਰਾਂ ਨੂੰ ਰਲ ਮਿਲ ਕੇ ਹੀ ਨੁਕਸਾਨ ਝੱਲਣਾ ਚਾਹੀਦਾ ਹੈ। ਜ਼ਮੀਨ ਦੀ ਚੰਗੀ ਸਿਹਤ ਕਾਇਮ ਰੱਖਣ ਲਈ ਜ਼ਮੀਨ ਦੇ ਮਾਲਕ ਅਤੇ ਕਿਸਾਨ ਵਿਚਕਾਰ ਠੇਕਾ ਲੰਬੇ ਸਮੇਂ ਲਈ ਹੋਣਾ ਚਾਹੀਦਾ ਹੈ ਤਾਂ ਕਿ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖਿਆ ਜਾ ਸਕੇ। ਕਿਸਾਨਾਂ ਨੂੰ ਵੀ ਫਸਲ ਦੀ ਪੈਦਾਵਾਰ ਅਤੇ ਹੋਰ ਖ਼ਰਚਿਆਂ ਸਬੰਧੀ ਪੱਕੇ ਅੰਦਾਜ਼ੇ ਲਗਾਉਣੇ ਚਾਹੀਦੇ ਹਨ। ਮੁਨਾਫ਼ਾ ਹੋਣ ਦੀ ਸੂਰਤ ਵਿੱਚ ਹੀ ਠੇਕਾ ਤੈਅ ਕਰਨਾ ਚਾਹੀਦਾ ਹੈ।

ਛੋਟੀ ਕਿਸਾਨੀ ਹੀ ਪੰਜਾਬ ਦਾ ਅਧਾਰ ਹੈ। ਅਜਿਹੇ ਲੋਕ ਹੀ ਜ਼ਮੀਨ ਦੇ ਵਾਹਕ ਹਨ। ਇਹਨਾਂ ਕਿਸਾਨਾਂ ਦੀਆਂ ਔਕੜਾਂ ਦੇ ਹੱਲ ਲਈ ਸਹੀ ਅਤੇ ਸੁਚੱਜੇ ਹੱਲ ਖੋਜਣਾ ਬੜਾ ਜਰੂਰੀ ਹੈ। ਅੱਜ ਖੇਤੀ ਦੇ ਘਟਦੇ ਮੁਨਾਫ਼ੇ ਕਰਕੇ ਲੋਕਾਂ ਨੂੰ ਠੇਕੇ 'ਤੇ ਜ਼ਮੀਨਾਂ ਲੈਣ ਅਤੇ ਭਾਅ ਸਬੰਧੀ ਆਪਣੀ ਸਮਝ ਬਣਾਉਣੀ ਪੈਣੀ ਹੈ। ਖੇਤੀ ਨੂੰ ਵਿਰਾਸਤ ਵਜੋਂ ਅਗਲੀ ਪੀੜ੍ਹੀ ਨੂੰ ਸੌਂਪਣ ਲਈ ਸਾਨੂੰ ਮਿਲ ਬੈਠ ਕੇ ਦੋਵਾਂ ਧਿਰਾਂ ਦੀਆਂ ਮੁਸ਼ਕਿਲਾਂ ਸਬੰਧੀ ਗੱਲਬਾਤ ਦਾ ਮਾਹੌਲ ਬਣਾਉਣਾ ਚਾਹੀਦਾ ਹੈ।

-ਸੰਪਾਦਕ, ਅੰਮ੍ਰਿਤਸਰ ਟਾਈਮਜ਼

# ਸਤਲੁਜ-ਯਮੁਨਾ ਲਿੰਕ ਨਹਿਰ ਪੰਜਾਬ ਲਈ ਗਲੇ ਦੀ ਹੱਡੀ



ਉਜਾਗਰ ਸਿੰਘ



ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਸਤਲੁਜ ਯਮੁਨਾ ਲਿੰਕ ਨਹਿਰ ਦੇ ਮਸਲੇ 'ਤੇ ਮਗਰਮੱਛ ਦੇ ਅੱਥਰੂ ਵਹਾਉਂਦੀਆਂ ਹੋਈਆਂ ਕਹਿ ਰਹੀਆਂ ਹਨ ਕਿ ਉਹ ਪੰਜਾਬ ਵਿੱਚੋਂ ਪਾਣੀ ਦੀ ਇੱਕ ਬੂੰਦ ਵੀ ਹਰਿਆਣਾ ਨੂੰ ਨਹੀਂ ਦੇਣਗੀਆਂ। ਉਹ ਆਪਣੀਆਂ ਗ਼ਲਤੀਆਂ 'ਤੇ ਪਰਦਾ ਪਾਉਣ ਲਈ ਅਜਿਹੇ ਬਿਆਨ ਦੇ ਕੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਅਜਿਹੇ ਹਾਲਾਤ ਪੈਦਾ ਕਰਨ ਵਿੱਚ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਜ਼ਿੰਮੇਵਾਰ ਹਨ। ਉਹ ਪੰਜਾਬ ਦੇ ਹਿੱਤਾਂ 'ਤੇ ਪਹਿਰਾ ਦੇਣ ਦੀ ਥਾਂ ਵੋਟ ਦੀ ਸਿਆਸਤ ਲਈ ਬਿਆਨਬਾਜ਼ੀ ਕਰ ਰਹੀਆਂ ਹਨ। ਜੇ ਰਾਜਸੀ ਪਾਰਟੀਆਂ ਪੰਜਾਬ ਦੇ ਹਿੱਤਾਂ ਲਈ ਇੰਨੀਆਂ ਹੀ ਸੁਹਿਰਦ ਹਨ ਤਾਂ ਇਕਮੁੱਠ ਹੋ ਕੇ ਪਾਣੀ ਦੀ ਲੜਾਈ ਕਿਉਂ ਨਹੀਂ ਲੜਦੀਆਂ ? ਉਹ ਤਾਂ ਸਾਰੀਆਂ ਆਪੋ ਆਪਣੀ ਡਫਲੀ ਵਜਾ ਕੇ ਆਪਣੇ ਉੱਲੂ ਸਿੱਧੇ ਕਰ ਰਹੀਆਂ ਹਨ। ਇਹ ਸਿਆਸੀ ਪਾਰਟੀਆਂ ਨੂੰ ਭੁਲੇਖਾ ਹੈ ਕਿ ਉਹ ਲੋਕਾਂ ਨੂੰ ਗੁਮਰਾਹ ਕਰ ਕੇ ਵੋਟਾਂ ਵਟੋਰ ਲੈਣਗੀਆਂ, ਪੰਜਾਬ ਦੇ ਸੁਜੱਗ ਲੋਕ ਹਰ ਸਿਆਸੀ ਪਾਰਟੀ ਦੀ ਕਾਰਗੁਜ਼ਾਰੀ ਬਾਰੇ ਭਲੀ ਭਾਂਤ ਜਾਣਦੇ ਹਨ।

ਸੁਪਰੀਮ ਕੋਰਟ ਵੱਲੋਂ ਸਤਲੁਜ-ਯਮੁਨਾ ਲਿੰਕ ਨਹਿਰ ਦਾ ਕੇਂਦਰ ਸਰਕਾਰ ਨੂੰ ਸਰਵੇ ਕਰਵਾਉਣ ਦੇ ਦਿੱਤੇ ਹੁਕਮ ਨਾਲ ਪੰਜਾਬ ਦੀ ਸਿਆਸਤ ਵਿੱਚ ਭੂਚਾਲ ਵਰਗੇ ਹਾਲਾਤ ਬਣ ਗਏ ਹਨ। ਨੇਤਾਵਾਂ ਨੇ ਇੱਕ ਦੂਜੇ 'ਤੇ ਇਲਜ਼ਾਮਾਂ ਦੀ ਝੜੀ ਲਗਾ ਦਿੱਤੀ ਹੈ। ਸਤਲੁਜ ਯਮੁਨਾ ਲਿੰਕ ਨਹਿਰ ਦਾ ਮੁੱਦਾ ਪੰਜਾਬ ਦੇ ਲੋਕਾਂ ਦੇ ਗਲੇ ਦੀ ਹੱਡੀ ਬਣਿਆ ਹੋਇਆ ਹੈ। ਇਹ ਮੁੱਦਾ ਪੰਜਾਬ ਦੇ ਗਲੋਂ ਲਹਿੰਦਾ ਨਜ਼ਰ ਨਹੀਂ ਆ ਰਿਹਾ। ਪਿਛਲੇ 41 ਸਾਲ ਤੋਂ ਇਸ ਮੁੱਦੇ 'ਤੇ ਲਗਾਤਾਰ ਵਾਦ-ਵਿਵਾਦ ਤੇ ਸਿਆਸਤ ਹੁੰਦੀ ਆ ਰਹੀ ਹੈ। ਇਸ ਨਹਿਰ ਦੀ ਉਸਾਰੀ ਨੇ ਪੰਜਾਬ ਤੇ ਹਰਿਆਣਾ ਵਿੱਚ ਕੁੜੱਤਣ ਪੈਦਾ ਕਰ ਦਿੱਤੀ। ਕਿਸਾਨ ਅੰਦੋਲਨ ਦੌਰਾਨ ਦੋਵੇਂ ਰਾਜਾਂ ਦੇ ਲੋਕਾਂ ਨੂੰ ਕੇਂਦਰ ਸਰਕਾਰ ਨੇ ਭੜਕਾ ਕੇ ਲੜਾਉਣ ਦੀ ਕੋਸ਼ਿਸ਼ ਕੀਤੀ ਸੀ ਪ੍ਰੰਤੂ ਉਹ ਸਦਭਾਵਨਾਂ ਨਾਲ ਵਿਚਰਦੇ ਰਹੇ ਹਨ। ਵਰਤਮਾਨ ਹਾਲਾਤ ਵਿੱਚ ਵੀ ਦੋਹਾਂ ਰਾਜਾਂ ਦੇ ਲੋਕ ਇਕਮੁੱਠ ਹੋ ਕੇ ਸਿਆਸਤਦਾਨਾਂ ਨੂੰ ਨਕੇਲ ਪਾ ਸਕਦੇ ਹਨ। ਕਾਂਗਰਸ ਪਾਰਟੀ ਨੇ ਇਸ ਨਹਿਰ ਦਾ ਨੀਂਹ ਪੱਥਰ 1982 ਵਿੱਚ ਪਟਿਆਲਾ ਜ਼ਿਲ੍ਹੇ ਦੇ ਕਪੂਰੀ ਪਿੰਡ ਵਿੱਚ ਉਦੋਂ ਦੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਤੋਂ ਰਖਵਾਇਆ ਸੀ। ਉਸ ਸਮੇਂ ਕੈਪਟਨ ਅਮਰਿੰਦਰ ਸਿੰਘ ਪਟਿਆਲਾ ਤੋਂ ਲੋਕ ਸਭਾ ਦੇ ਮੈਂਬਰ ਸਨ। ਉਹ ਨੀਂਹ ਪੱਥਰ ਰੱਖਣ ਮੌਕੇ ਮੌਜੂਦ ਸਨ। ਉਸੇ ਕੈਪਟਨ ਅਮਰਿੰਦਰ ਸਿੰਘ ਨੇ 2004 ਵਿੱਚ ਪੰਜਾਬ ਦੇ ਮੁੱਖ ਮੰਤਰੀ ਹੁੰਦਿਆਂ ਇਸ ਨਹਿਰ ਦੇ ਮੁੱਦੇ ਨੂੰ ਖ਼ਤਮ ਕਰਨ ਲਈ ਵਾਟਰ ਟਰਮੀਨਲ ਐਕਟ ਪੰਜਾਬ ਵਿਧਾਨ ਸਭਾ ਤੋਂ ਰੱਦ ਕਰਵਾਇਆ ਸੀ। ਕੇਂਦਰ ਦੀ ਕਾਂਗਰਸ ਸਰਕਾਰ ਨੇ ਉਸ ਬਿਲ ਨੂੰ ਐਕਟ ਨਹੀਂ ਬਣਨ ਦਿੱਤਾ ਸੀ। ਅਕਾਲੀ ਦਲ ਦੇ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਨੇ ਇਸ ਨਹਿਰ ਦੀ ਉਸਾਰੀ ਲਈ ਇੱਕ ਕਰੋੜ ਰੁਪਿਆ ਹਰਿਆਣਾ ਤੋਂ ਲਿਆ ਅਤੇ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰਨ ਲਈ ਜ਼ਮੀਨ ਅਕੁਆਇਰ ਕੀਤੀ ਸੀ। ਫਿਰ ਇਸ ਨਹਿਰ ਰਾਹੀਂ ਹਰਿਆਣਾ ਨੂੰ ਪਾਣੀ ਨਾ ਦੇਣ ਲਈ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ ਸੀ। ਹੁਣ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਉਹੀ ਪਾਰਟੀ ਨਹਿਰ ਦੇ ਸਰਵੇਖਣ ਨੂੰ ਰੋਕਣ ਲਈ ਅੰਦੋਲਨ ਕਰਨ ਦੇ ਦਾਅਵੇ ਕਰ ਰਹੀ ਹੈ। 1982 ਵਿੱਚ ਇਸ ਪਾਰਟੀ ਨੇ ਹੀ ਸਤਲੁਜ ਯਮੁਨਾ ਲਿੰਕ ਨਹਿਰ ਦੀ ਪੁਟਾਈ ਦੇ ਮਹੂਰਤ ਸਮੇਂ ਅੰਦੋਲਨ ਸ਼ੁਰੂ ਕੀਤਾ ਸੀ, ਜਿਸ ਨੂੰ ਬਾਅਦ ਵਿੱਚ ਧਰਮਯੁੱਧ ਮੋਰਚੇ ਵਿੱਚ ਤਬਦੀਲ ਕਰ ਦਿੱਤਾ ਸੀ। ਉਸ ਮੋਰਚੇ ਦੇ ਕਿੰਨੇ ਭਿਆਨਕ ਨਤੀਜੇ ਨਿਕਲੇ, ਉਨ੍ਹਾਂ ਬਾਰੇ ਸਮੁੱਚੇ ਪੰਜਾਬੀਆਂ ਨੂੰ ਹੀ ਨਹੀਂ ਸਗੋਂ ਸਾਰੇ ਸੰਸਾਰ ਨੂੰ ਪਤਾ ਹੈ। ਸ੍ਰੀ ਹਰਿਮੰਦਰ ਸਾਹਿਬ 'ਤੇ ਫ਼ੌਜਾਂ ਨਾਲ ਹਮਲਾ ਕਰ ਕੇ ਅਪ੍ਰੇਸ਼ਨ ਬਲੂ ਸਟਾਰ ਕੀਤਾ, ਜਿਸ ਦੇ ਜ਼ਖ਼ਮ ਅਜੇ ਵੀ ਰਿਸਦੇ ਹਨ। ਪੰਜਾਬ ਦੀ ਆਰਥਿਕਤਾ ਤਬਾਹ ਹੋਈ ਸੀ। ਹਜ਼ਾਰਾਂ ਲੋਕਾਂ ਦੀਆਂ ਜਾਨਾਂ ਗਈਆਂ। ਇਸੇ ਪਾਰਟੀ ਦੇ ਬਲਵੰਤ ਸਿੰਘ ਵਰਗੇ ਸੀਨੀਅਰ ਨੇਤਾਵਾਂ ਨੂੰ ਇਸ ਅੰਦੋਲਨ ਦੀ ਬਲੀ ਦੇਣੀ ਪਈ। ਭਾਖੜਾ ਬਿਆਸ ਪ੍ਰਬੰਧਕੀ ਬੋਰਡ ਦਾ ਚੇਅਰਮੈਨ, ਇੰਜੀਨੀਅਰ ਅਤੇ ਮਜ਼ਦੂਰ ਮਾਰ ਦਿੱਤੇ ਗਏ। ਉਹੀ ਪਾਰਟੀ ਹੁਣ ਦੁਬਾਰਾ ਫਿਰ ਅਜਿਹਾ ਅੰਦੋਲਨ ਸ਼ੁਰੂ ਕਰਨ ਦਾ ਐਲਾਨ ਉਸੇ ਕਪੂਰੀ ਪਿੰਡ ਤੋਂ ਕਰ ਰਹੀ ਹੈ, ਜਿੱਥੇ ਇਸ ਦਾ ਨੀਂਹ ਪੱਥਰ ਰੱਖਿਆ ਗਿਆ ਸੀ। ਜਿਸ ਕਰਕੇ ਪੰਜਾਬ ਦੇ ਲੋਕਾਂ ਨੂੰ ਡਰ ਸਤਾ ਰਿਹਾ ਹੈ, ਕਿਤੇ ਉਸ ਸਮੇਂ ਵਰਗੇ ਹਾਲਾਤ ਨਾ ਪੈਦਾ ਹੋ ਜਾਣ। ਘੁਗ ਵਸਦਾ ਪੰਜਾਬ ਫਿਰ ਅਸ਼ਾਂਤੀ ਦੀ ਲਪੇਟ ਵਿੱਚ ਆ ਜਾਵੇ। ਭਾਰਤੀ ਜਨਤਾ ਪਾਰਟੀ ਕੇਂਦਰ ਅਤੇ ਹਰਿਆਣਾ ਵਿੱਚ ਰਾਜ ਕਰ ਰਹੀ ਹੈ। ਜੇ ਭਾਰਤੀ ਜਨਤਾ ਪਾਰਟੀ ਚਾਹੁੰਦੀ ਹੁੰਦੀ ਤਾਂ ਦਸ ਸਾਲਾਂ ਵਿੱਚ ਸ੍ਰੀਮਤੀ ਇੰਦਰਾ ਗਾਂਧੀ ਦੀ ਤਰ੍ਹਾਂ ਕੋਈ ਦੋਹਾਂ ਰਾਜਾਂ ਵਿੱਚ ਸਮਝੌਤਾ ਕਰਵਾ ਕੇ ਅਵਾਰਡ ਦੇ ਸਕਦੀ ਸੀ। ਸ੍ਰੀਮਤੀ ਇੰਦਰਾ ਗਾਂਧੀ ਨੇ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਦਰਬਾਰਾ ਸਿੰਘ ਦੇ ਗਲ ਗੂਠਾ ਦੇ ਕੇ ਹਰਿਆਣਾ ਨੂੰ ਪਾਣੀ ਦਿੱਤਾ ਸੀ। ਹੁਣ ਵਰਤਮਾਨ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੇ ਚਾਹੁੰਦੇ ਤਾਂ ਕੋਈ ਅੱਕ ਚੱਬ ਕੇ ਸ਼ਾਂਤਮਈ ਢੰਗ ਨਾਲ ਫ਼ੈਸਲਾ ਕਰਵਾ ਦਿੰਦੇ। ਸੁਪਰੀਮ ਕੋਰਟ ਨੇ ਪਹਿਲਾਂ ਆਪਣੇ ਇਕ ਹੁਕਮ ਵਿੱਚ ਕੇਂਦਰ ਸਰਕਾਰ ਨੂੰ ਦੋਹਾਂ ਸਰਕਾਰਾਂ ਵਿਚਾਲੇ ਸਹਿਮਤੀ ਨਾਲ ਸਮਝੌਤਾ ਕਰਵਾਉਣ ਦੇ ਹੁਕਮ ਵੀ ਦਿੱਤੇ ਸਨ। ਕੇਂਦਰ ਸਰਕਾਰ ਕੋਈ ਸਮਝੌਤਾ ਕਰਵਾਉਣ ਵਿੱਚ ਅਸਫਲ ਰਹੀ। ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦਾ ਕਿਰਦਾਰ ਸਤਲੁਜ ਯਮੁਨਾ ਲਿੰਕ ਨਹਿਰ ਉਪਰ ਦੋਗਲਾ ਨਜ਼ਰ ਆ ਰਿਹਾ ਹੈ। ਪੰਜਾਬ ਦੇ ਸਿਆਸਤਦਾਨਾਂ ਵਿੱਚ ਹੁਣ ਦੁਬਾਰਾ ਵਾਦਵਿਵਾਦ ਸ਼ੁਰੂ ਹੋ ਗਿਆ ਹੈ। ਸਿਆਸਤਦਾਨਾਂ ਨੇ ਤਾਂ ਇਕ ਦੂਜੇ ਉਪਰ ਦੂਸ਼ਣਬਾਜ਼ੀ ਦਾ ਸਿਲਸਿਲਾ ਸ਼ੁਰੂ ਕਰ ਲਿਆ ਹੈ ਪ੍ਰੰਤੂ ਪੰਜਾਬ ਦੇ ਲੋਕ ਸੁਪਰੀਮ ਕੋਰਟ ਦੇ ਇਸ ਫ਼ੈਸਲੇ ਨਾਲ ਸਹਿਮ ਗਏ ਹਨ ਕਿਉਂਕਿ ਪੰਜਾਬੀਆਂ ਨੇ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਸਬੰਧੀ ਅਨੇਕਾਂ ਦੁੱਖ ਅਤੇ ਤਕਲੀਫ਼ਾਂ ਆਪਣੇ ਪਿੰਡੇ 'ਤੇ ਹੰਢਾਈਆਂ ਹਨ। ਪੰਜਾਬ ਸਰਕਾਰ ਦੇ ਵਕੀਲ ਨੇ ਸੁਪਰੀਮ ਕੋਰਟ ਵਿੱਚ ਕਿਹਾ ਹੈ ਕਿ ਕਿਸਾਨ ਸੰਸਥਾਵਾਂ ਅਤੇ ਵਿਰੋਧੀ ਪਾਰਟੀਆਂ ਨਹਿਰ ਦੀ ਪੁਟਾਈ ਕਰਨ ਦਾ ਵਿਰੋਧ ਕਰ ਰਹੀਆਂ ਹਨ। ਇਸ ਦਾ ਅਰਥ ਤਾਂ ਇਹ ਨਿਕਲਦਾ ਹੈ ਕਿ ਪੰਜਾਬ ਸਰਕਾਰ ਨੂੰ ਨਹਿਰ ਦੀ ਪੁਟਾਈ ਦਾ ਕੋਈ ਇਤਰਾਜ਼ ਨਹੀਂ। ਪੰਜਾਬ ਸਰਕਾਰ ਅਖ਼ਬਾਰਾਂ ਨੂੰ ਬਿਆਨ ਦੇ ਕੇ ਲੋਕਾਂ ਨੂੰ ਗੁਮਰਾਹ ਕਰ ਰਹੀ ਹੈ ਕਿ ਪੰਜਾਬ ਪਾਣੀ ਦਾ ਇੱਕ ਕਤਰਾ ਵੀ ਹਰਿਆਣਾ ਨੂੰ ਨਹੀਂ ਦੇਵੇਗਾ। ਜਦੋਂ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਇਹ ਕਹਿ ਰਹੀਆਂ ਹਨ ਕਿ ਪੰਜਾਬ ਕੋਲ ਵਾਧੂ ਪਾਣੀ ਮੌਜੂਦ ਹੀ ਨਹੀਂ ਇਸ ਕਰਕੇ ਪਾਣੀ ਹਰਿਆਣਾ ਨੂੰ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਦਾ ਭਾਵ ਹੈ ਕਿ ਉਹ ਸਾਰੀਆਂ ਸਤਲੁਜ ਯਮੁਨਾ ਲਿੰਕ ਨਹਿਰ ਦੇ ਮੁੱਦੇ 'ਤੇ ਸਿਆਸਤ ਕਰ ਰਹੀਆਂ ਹਨ। ਚੰਗਾ ਇਹੋ ਹੋਵੇਗਾ ਕਿ ਉਹ ਸਾਰੀਆਂ ਇਕ ਮਤ ਹੋ ਕੇ ਪ੍ਰਧਾਨ ਮੰਤਰੀ ਕੋਲ ਬੇਨਤੀ ਕਰਨ ਕਿ ਪੰਜਾਬ ਹਰਿਆਣਾ ਨੂੰ ਪਾਣੀ ਦੇਣ ਤੋਂ ਅਸਮਰੱਥ ਹੈ। ਸਾਰੀਆਂ ਸਿਆਸੀ ਪਾਰਟੀਆਂ ਦਾ ਤਾਂ ਉਹ ਹਾਲ ਹੈ ਕਿ ਜਿਵੇਂ ਨੌਂ ਸੌ ਚੂਹੇ ਖਾ ਕੇ ਹੱਜ ਨੂੰ ਚੱਲੀਆਂ ਹੋਣ। ਉਨ੍ਹਾਂ ਦੀਆਂ ਗ਼ਲਤੀਆਂ ਬਰਦਾਸ਼ਤ ਕਰਨ ਦੇ ਯੋਗ ਨਹੀਂ ਹਨ। ਪੰਜਾਬ ਦੇ ਲੋਕ ਉਨ੍ਹਾਂ ਨੂੰ ਕਦੀ ਮਾਫ਼ ਨਹੀਂ ਕਰਨਗੇ। ਪੰਜਾਬ ਨਾਲ ਧਰੋਹ ਕਮਾਉਣ ਲਈ ਦੋ ਮੁੱਖ ਮੰਤਰੀ ਦਰਬਾਰਾ ਸਿੰਘ ਅਤੇ ਪਰਕਾਸ਼ ਸਿੰਘ ਬਾਦਲ ਜ਼ਿੰਮੇਵਾਰ ਮੰਨੇ ਜਾਂਦੇ ਹਨ। ਦਰਬਾਰਾ ਸਿੰਘ ਨੇ ਸੁਪਰੀਮ ਕੋਰਟ ਵਿੱਚੋਂ ਕੇਸ ਵਾਪਸ ਕਰਵਾਇਆ ਅਤੇ ਪਰਕਾਸ਼ ਸਿੰਘ ਬਾਦਲ ਨੇ ਜ਼ਮੀਨ ਅਕੁਆਇਰ ਕਰ ਕੇ ਆਪਣੀ ਦੇਵੀ ਲਾਲ ਨਾਲ ਦੋਸਤੀ ਪੁਗਾਉਂਦਿਆਂ ਹਰਿਆਣੇ ਤੋਂ ਇੱਕ ਕਰੋੜ ਰੁਪਿਆ ਪ੍ਰਾਪਤ ਕੀਤਾ। ਕੌਮੀ ਪਾਰਟੀਆਂ ਤਾਂ ਪੰਜਾਬ ਅਤੇ ਹਰਿਆਣਾ ਵਿੱਚੋਂ ਕਿਸੇ ਇੱਕ ਰਾਜ ਦੀ ਮਦਦ ਦੋਹਾਂ ਰਾਜਾਂ ਤੋਂ ਵੋਟਾਂ ਦੇ ਲਾਲਚ ਵਿੱਚ ਨਹੀਂ ਕਰ ਸਕਦੀਆਂ ਪ੍ਰੰਤੂ ਸ਼੍ਰੋਮਣੀ ਅਕਾਲੀ ਦਲ ਤਾਂ ਖੇਤਰੀ ਪਾਰਟੀ ਹੈ। ਇਸ ਨੇ ਪੰਜਾਬ ਦਾ ਪੱਖ ਕਿਉਂ ਨਹੀਂ ਲਿਆ ? ਭਾਰਤੀ ਜਨਤਾ ਪਾਰਟੀ ਨਾਲ ਤਿੰਨ ਵਾਰ ਕੇਂਦਰ ਵਿੱਚ ਅਟੱਲ ਬਿਹਾਰੀ ਵਾਜਪਾਈ ਅਤੇ ਦੋ ਵਾਰ ਨਰਿੰਦਰ ਮੋਦੀ ਦੀ ਸਰਕਾਰ ਵਿੱਚ ਸ਼ਾਮਲ ਰਹੇ। ਉਦੋਂ ਸਿਆਸੀ ਤਾਕਤ ਦਾ ਆਨੰਦ ਮਾਣਦੇ ਹੋਏ ਸਤਲੁਜ ਯਮੁਨਾ ਲਿੰਕ ਨਹਿਰ ਦਾ ਫ਼ੈਸਲਾ ਕਰਵਾਉਣਾ ਯਾਦ ਹੀ ਨਹੀਂ ਆਇਆ। ਇੰਦਰਾ ਗਾਂਧੀ ਦੇ ਅਵਾਰਡ ਤੋਂ ਬਾਅਦ ਅਕਾਲੀ ਦਲ ਦੇ 4 ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ, ਇੱਕ ਵਾਰ ਸੁਰਜੀਤ ਸਿੰਘ ਬਰਨਾਲਾ ਅਤੇ 3 ਵਾਰ ਪਰਕਾਸ਼ ਸਿੰਘ ਬਾਦਲ। ਜੇ ਅਕਾਲੀ ਦਲ ਚਾਹੁੰਦਾ ਤਾਂ ਸਤਲੁਜ ਯਮੁਨਾ ਲਿੰਕ ਨਹਿਰ ਦਾ ਮਸਲਾ ਹੱਲ ਕਰਵਾ ਸਕਦਾ ਸੀ। ਕੈਪਟਨ ਅਮਰਿੰਦਰ ਸਿੰਘ ਵੱਲੋਂ ਟਰਮੀਨੇਸ਼ਨ ਆਫ ਪੰਜਾਬ ਵਾਟਰ ਐਗਰੀਮੈਂਟ ਐਕਟ ਪਾਸ ਕਰਨ ਤੋਂ ਬਾਅਦ ਆਪਣਾ ਦਾਮਨ ਦਾਗ਼ਦਾਰ ਹੋਣ ਤੋਂ ਬਚਾਉਣ ਲਈ ਪਰਕਾਸ਼ ਸਿੰਘ ਬਾਦਲ ਨੇ ਸੁਪਰੀਮ ਕੋਰਟ ਦੇ ਸਟੇਟਸ ਕੋ ਦੇ ਹੁਕਮ ਹੁੰਦਿਆਂ ਜ਼ਮੀਨ ਮੁੜ ਕਿਸਾਨਾਂ ਦੇ ਨਾਮ ਕਰ ਦਿੱਤੀ ਸੀ। ਪੰਜਾਬ ਸਰਕਾਰ ਦੇ ਵਕੀਲ ਨੂੰ ਸੁਪਰੀਮ ਕੋਰਟ ਵਿੱਚ ਭਾਖੜਾ ਡੈਮ ਵਿੱਚ ਪਾਣੀ ਦੀ ਮਿਕਦਾਰ ਦਾ ਪਤਾ ਲਗਾਉਣ 'ਤੇ ਜ਼ੋਰ ਦੇਣਾ ਚਾਹੀਦਾ ਸੀ। 1982 ਤੋਂ ਬਾਦ 41 ਸਾਲਾਂ ਵਿੱਚ ਭਾਖੜਾ ਡੈਮ ਦਾ ਪਾਣੀ ਘਟਿਆ ਹੈ ਕਿਉਂਕਿ ਪਹਾੜਾਂ ਤੋਂ ਪਾਣੀ ਆਉਣਾ ਘਟ ਗਿਆ ਹੈ। ਦੂਜੇ ਉਸ ਵਿੱਚ ਗਾਦ ਜੰਮ ਗਈ ਹੈ। ਜਿੰਨੀ ਗਾਦ ਜੰਮੀ ਓਨੀ ਮਾਤਰਾ ਵਿੱਚ ਪਾਣੀ ਘਟ ਗਿਆ। ਭਾਖੜਾ ਬਿਆਸ ਪ੍ਰਬੰਧਕੀ ਬੋਰਡ 'ਤੇ ਕੰਟਰੋਲ ਕੇਂਦਰ ਸਰਕਾਰ ਦਾ ਹੈ। ਪੰਜਾਬ ਦੇ ਵਕੀਲ ਨੂੰ ਕਹਿਣਾ ਚਾਹੀਦਾ ਸੀ ਕਿ ਉਹ ਗਾਦ ਦੀ ਮਿਕਦਾਰ ਦਾ ਪਤਾ ਲਗਾਉਣ ਫਿਰ ਪਤਾ ਲੱਗੇਗਾ ਕਿ ਪਾਣੀ ਕਿਤਨਾ ਰਹਿ ਗਿਆ ਹੈ। ਜੇ ਪਾਣੀ ਦੀ ਮਾਤਰਾ ਜ਼ਿਆਦਾ ਹੋਵੇਗੀ ਤਾਂ ਹੀ ਨਹਿਰ ਬਾਰੇ ਸੋਚਿਆ ਜਾ ਸਕਦਾ ਹੈ। ਤੀਜਾ ਨੁਕਤਾ ਜੇਕਰ ਕੇਂਦਰ ਪੰਜਾਬ ਵਿਚਲੇ ਦਰਿਆਵਾਂ ਵਿੱਚੋਂ ਪਾਣੀ ਦਾ ਹਿੱਸਾ ਹਰਿਆਣਾ ਨੂੰ ਦੇਣਾ ਚਾਹੁੰਦਾ ਹੈ ਤਾਂ ਯਮੁਨਾ ਵੀ ਸਾਂਝੇ ਪੰਜਾਬ ਵਿੱਚ ਸੀ। ਯਮੁਨਾ ਦਾ ਪਾਣੀ ਪੰਜਾਬ ਅਤੇ ਹਰਿਆਣਾ ਨੂੰ ਦਿੱਤਾ ਜਾਵੇ।

ਸੁਪਰੀਮ ਕੋਰਟ ਵਿੱਚ ਪੰਜਾਬ ਸਰਕਾਰ ਪੰਜਾਬ ਦਾ ਪੱਖ ਬਾਖ਼ੂਬੀ ਨਾਲ ਰੱਖ ਨਹੀਂ ਸਕੀ ਜਿਸ ਕਰਕੇ ਪੰਜਾਬ ਦੇ ਗਲ ਸਤਲੁਜ ਯਮੁਨਾ ਲਿੰਕ ਨਹਿਰ ਰਾਹੀਂ ਪਾਣੀ ਦੇਣ ਦੀ ਪੰਜਾਲੀ ਪੈ ਗਈ ਹੈ। ਇੱਕੋ ਇੱਕ ਹੱਲ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਸਦਭਾਵਨਾ ਦੇ ਮਾਹੌਲ ਨਾਲ ਸਿਆਸਤ ਨੂੰ ਇਕ ਪਾਸੇ ਰੱਖਕੇ ਮਿਲ ਜੁਲ ਕੇ ਕੇਂਦਰ ਸਰਕਾਰ ਤੱਕ ਪਹੁੰਚ ਕਰਨ ਅਤੇ ਕੇਂਦਰ ਸਰਕਾਰ ਸਾਲਸ ਬਣ ਕੇ ਦੋਹਾਂ ਸੂਬਿਆਂ ਦੇ ਹਿੱਤਾਂ ਨੂੰ ਮੁੱਖ ਰੱਖਕੇ ਸਿਆਸੀ ਇਮਾਨਦਾਰੀ ਨਾਲ ਕੋਈ ਹੱਲ ਲੱਭਣ ਦੀ ਕੋਸ਼ਿਸ਼ ਕਰੇ।

# ਇਜ਼ਰਾਈਲ ਤੇ ਹਮਾਸ ਦੀ ਜੰਗ ਕਾਰਨ ਦੁਨੀਆਂ ਦੋ ਖੇਮਿਆਂ 'ਚ ਵੰਡੀ



ਡੇਜ਼ੀ ਵਾਲੀਆ



...ਜੰਗ ਤੋ ਖ਼ੁਦ ਏਕ ਮਸਲਾ ਹੈ/ਜੰਗ ਕਯਾ ਮਸਲੋਂ ਕਾ ਹੱਲ ਕਰੇਗੀ

ਜੰਗ ਨਾਲ ਅੱਜ ਤੱਕ ਕਿਸੇ ਨੂੰ ਕੀ ਮਿਲਿਆ ਹੈ? ਹਾਕਮਾਂ ਨੇ ਆਪੋ-ਆਪਣੀ ਤਾਕਤ ਦਿਖਾਉਣ ਲਈ ਜਾਂ ਸਾਰੀ ਦੁਨੀਆਂ 'ਤੇ ਰਾਜ ਕਰਨ ਦੀ ਖ਼ਾਹਿਸ਼ ਨਾਲ ਹੀ ਆਲਮੀ ਜੰਗਾਂ ਸਮੇਤ ਸਭ ਛੋਟੀਆਂ-ਵੱਡੀਆਂ ਜੰਗਾਂ ਲੜੀਆਂ ਹਨ। ਪਹਿਲੀ ਤੇ ਦੂਜੀ ਵਿਸ਼ਵ ਜੰਗ ਵਿੱਚ ਲੱਖਾਂ ਲੋਕ ਮਾਰੇ ਗਏ ਸਨ। ਜਾਪਾਨ ਦੇ ਹੀਰੋਸ਼ੀਮਾ ਤੇ ਨਾਗਾਸਾਕੀ ਸ਼ਹਿਰ ਦੀ ਤਬਾਹੀ ਰਹਿੰਦੀ ਦੁਨੀਆ ਤੱਕ ਕਿਸੇ ਡਰਾਉਣੇ ਸੁਪਨੇ ਵਾਂਗ ਯਾਦ ਰਹੇਗੀ ਪਰ ਹਾਕਮਾਂ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਹੁੰਦੀ। ਉਹ ਆਪਣੀ ਹੈਂਕੜ ਵਿੱਚ ਸ਼ਹਿਰਾਂ ਦੇ ਸ਼ਹਿਰ ਤਬਾਹ ਕਰ ਦਿੰਦੇ ਹਨ। ਅਜ਼ੀਮ ਉਰਦੂ ਸ਼ਾਇਰ ਸਾਹਿਰ ਲੁਧਿਆਣਵੀ ਨੇ ਜੰਗ ਨਾਲ ਹੋਣ ਵਾਲੀ ਤਬਾਹੀ 'ਤੇ ਬਾਕਮਾਲ ਨਜ਼ਮ ਲਿਖੀ ਹੈ :"ਨਸਲ-ਏ-ਆਦਮ ਕਾ ਖ਼ੂਨ ਹੈ ਆਖ਼ਿਰ/ਜੰਗ ਮਸ਼ਰਿਕ ਮੇਂ ਹੋ ਕਿ ਮਗਰਿਬ ਮੇਂ/ਅਮਨ-ਏ ਆਲਮ ਕਾ ਖ਼ੂਨ ਹੈ ਆਖ਼ਿਰ/ਬੰਮ ਘਰੋਂ ਮੇਂ ਗਿਰੇਂ ਕਿ ਸਰਹੱਦ ਪਰ/ਰੂਹ-ਏ-ਤਾਮੀਰ ਜ਼ਖ਼ਮ ਖਾਤੀ ਹੈ...ਜੰਗ ਤੋ ਖ਼ੁਦ ਏਕ ਮਸਲਾ ਹੈ/ਜੰਗ ਕਯਾ ਮਸਲੋਂ ਕਾ ਹੱਲ ਕਰੇਗੀ।"

ਹੁਕਮਰਾਨ ਖ਼ੁਦ ਜੰਗ ਨਹੀਂ ਲੜਦੇ। ਉਹ ਤਾਂ ਬੇਕਸੂਰਾਂ ਨੂੰ ਮਰਨ ਵਾਸਤੇ ਬਲਦੀ ਦੇ ਬੂਥੇ ਸੁੱਟਦੇ ਹਨ। ਕਈ ਦੇਸ਼ ਤਾਂ ਆਪਣੇ ਅਸਲੇ ਨੂੰ ਵੇਚਣ ਵਾਸਤੇ ਜੰਗ ਵਿਚ ਮਦਦ ਦੇਣ ਲਈ ਤਿਆਰ ਹੀ ਰਹਿੰਦੇ ਹਨ। ਉਹੀ ਜ਼ਮੀਨ ਦੇ ਝਗੜੇ, ਧਰਮ ਦੇ ਝਗੜੇ ਜੰਗ ਦਾ ਕਾਰਨ ਬਣਦੇ ਹਨ।

ਦੂਜੇ ਮੁਲਕ 'ਤੇ ਰਾਜ ਕਰਨ ਲਈ ਹਮਲਾ ਕਰਨਾ ਇਹ ਸਭ ਕੀ ਹੈ? ਇਨ੍ਹਾਂ ਸਾਰਿਆਂ ਝਗੜਿਆਂ-ਝੇੜਿਆਂ ਵਿੱਚ ਮਰਦਾ ਕੌਣ ਹੈ? ਆਮ ਇਨਸਾਨ। ਅੱਜ ਸਰਹੱਦਾਂ ਦੀ ਕੀ ਅਹਿਮੀਅਤ ਰਹਿ ਗਈ ਹੈ? ਆਪਣੇ ਦੇਸ਼ ਨੂੰ ਸੁਰੱਖਿਅਤ ਰੱਖਣ ਲਈ ਬਾਰਡਰ 'ਤੇ ਫ਼ੌਜ ਤਾਇਨਾਤ ਕੀਤੀ ਹੁੰਦੀ ਹੈ ਪਰ ਹੁਣ ਤਾਂ ਦੁਨੀਆ ਬਹੁਤ ਤਰੱਕੀ ਕਰ ਗਈ ਹੈ। ਇਜ਼ਰਾਈਲ 'ਤੇ ਹੋਏ ਹਮਲੇ ਨੂੰ ਦੇਖੋ। ਹਮਾਸ ਨੇ ਗਾਜ਼ਾ ਪੱਟੀ ਤੋਂ ਮਿਜ਼ਾਈਲਾਂ, ਰਾਕਟ ਦਾਗ ਕੇ ਸ਼ਹਿਰਾਂ ਦੇ ਸ਼ਹਿਰ ਉਜਾੜ ਦਿੱਤੇ। ਇਜ਼ਰਾਈਲ ਦੀ ਖ਼ੁਫੀਆ ਏਜੰਸੀ ਮੋਸਾਦ ਦੁਨੀਆਂ ਦਾ ਸਭ ਤੋਂ ਬੇਹਤਰੀਨ ਖ਼ੁਫ਼ੀਆ ਤੰਤਰ ਹੈ। ਇਸ ਵਾਰ ਮੋਸਾਦ ਨੂੰ ਹਮਾਸ ਦੇ ਹਮਲੇ ਦੀ ਭਿਣਕ ਤੱਕ ਨਹੀਂ ਲੱਗੀ। ਯੇਰੂਸ਼ਲਮ ਦਰਅਸਲ ਯਹੂਦੀਆਂ, ਮੁਸਲਮਾਨਾਂ ਅਤੇ ਈਸਾਈਆਂ ਦਾ ਬੇਹੱਦ ਮੁਕੱਦਸ ਅਸਥਾਨ ਹੈ, ਮਹਿਜ਼ 35 ਏਕੜ ਵਿੱਚ ਤਿੰਨਾਂ ਧਰਮਾਂ ਦੇ ਪਵਿੱਤਰ ਧਾਮ ਹਨ। ਇਨ੍ਹਾਂ 'ਤੇ ਕਬਜ਼ਾ ਕਰਨ ਲਈ ਸਦੀਆਂ ਤੋਂ ਤਿੰਨੇ ਫਿਰਕੇ ਇਕ-ਦੂਜੇ ਦਾ ਖ਼ੂਨ ਡੋਲ੍ਹਦੇ ਆ ਰਹੇ ਹਨ। ਯਹੂਦੀਆਂ ਦਾ ਪ੍ਰਾਚੀਨ ਮੰਦਰ (ਟੈਂਪਲ ਮਾਊਂਟ) ਕਈ ਵਾਰ ਢਾਹਿਆ ਗਿਆ। ਇਸ ਵੇਲੇ ਮੰਦਿਰ ਦੀ ਇੱਕ ਤਰੇੜਾਂ ਭਰੀ ਦੀਵਾਰ ਬਚੀ ਹੈ। ਯਹੂਦੀ ਇਨ੍ਹਾਂ ਤਰੇੜਾਂ ਵਿੱਚ ਲਿਖਤੀ ਪ੍ਰਾਰਥਨਾਵਾਂ ਰੱਖਦੇ ਹਨ ਤੇ ਘੰਟਿਆਂ ਬੱਧੀ ਇਸ ਦੇ ਸਨਮੁੱਖ ਹੋ ਕੇ ਢਹਿ ਰਹੇ ਮੰਦਿਰ ਨੂੰ ਯਾਦ ਕਰ ਕੇ ਰੋਂਦੇ ਹਨ। ਇਸੇ ਲਈ ਇਸ ਨੂੰ 'ਵੇਲਿੰਗ ਵਾਲ' ਕਿਹਾ ਜਾਂਦਾ ਹੈ। ਇਸ ਦੇ ਨੇੜੇ ਹੀ ਈਸਾ ਮਸੀਹ ਨੂੰ ਸੂਲੀ ਚਾੜ੍ਹਿਆ ਗਿਆ ਸੀ।

ਪ੍ਰੋਫੇਟ ਮੁਹੰਮਦ ਸਾਹਿਬ ਅਲ-ਅਕਸਾ ਨੇੜੇ ਪੱਥਰ ਤੋਂ ਘੋੜੇ ਸਮੇਤ ਅੱਲ੍ਹਾ ਨੂੰ ਮਿਲਣ ਗਏ ਸਨ। ਮੱਕਾ ਮਦੀਨਾ ਤੋਂ ਬਾਅਦ ਯੇਰੂਸ਼ਲਮ ਦੀ ਅਲ-ਅਕਸਾ ਮਸਜਿਦ ਮੁਸਲਮਾਨਾਂ ਲਈ ਸਭ ਤੋਂ ਪਵਿੱਤਰ ਅਸਥਾਨ ਮੰਨਿਆ ਜਾਂਦਾ ਹੈ। ਫ਼ਲਸਤੀਨੀਆਂ ਸਣੇ ਗੁਆਂਢੀ ਦੇਸ਼ਾਂ ਨੇ ਕਈ ਵਾਰ ਇਜ਼ਰਾਈਲ 'ਤੇ ਜ਼ਬਰਦਸਤ ਹਮਲੇ ਕੀਤੇ ਪਰ ਹਰ ਵਾਰ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਇਸ ਵਾਰ ਅਚਾਨਕ ਹੋਏ ਹਮਲੇ ਵਿੱਚ ਇਜ਼ਰਾਈਲ ਦਾ ਬਹੁਤ ਵੱਡਾ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ। ਦੁਨੀਆ ਦੋ ਖੇਮਿਆਂ ਵਿੱਚ ਵੰਡਦੀ ਨਜ਼ਰ ਆ ਰਹੀ ਹੈ। ਅਮਰੀਕਾ, ਫਰਾਂਸ, ਕੈਨੇਡਾ ਤੇ ਇੰਗਲੈਂਡ ਸਣੇ ਕਈ ਦੇਸ਼ਾਂ ਨੇ ਇਜ਼ਰਾਈਲ ਦਾ ਸਾਥ ਦੇਣ ਦਾ ਫ਼ੈਸਲਾ ਕੀਤਾ ਹੈ। ਦੂਜੇ ਪਾਸੇ ਇਸਲਾਮਿਕ ਦੇਸ਼ ਇਕੱਠੇ ਹੋਣ ਦੀ ਕੋਸ਼ਿਸ਼ ਕਰ ਰਹੇ ਹਨ। ਫ਼ਲਸਤੀਨੀਆਂ ਵੱਲੋਂ ਦੁਨੀਆ ਦੇ ਕੋਨੇ-ਕੋਨੇ ਵਿੱਚ ਰੋਸ ਮੁਜ਼ਾਹਰੇ ਹੋ ਰਹੇ ਹਨ। ਇਜ਼ਰਾਈਲ ਅਤੇ ਫ਼ਲਸਤੀਨ ਵਿਵਾਦ ਕਾਰਨ ਖ਼ੂਨ ਦੇ ਦਰਿਆ ਵਹਿੰਦੇ ਰਹੇ ਹਨ। ਸੰਯੁਕਤ ਰਾਸ਼ਟਰ ਸੰਘ ਅਤੇ ਹੋਰ ਕੌਮਾਂਤਰੀ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਮਸਲੇ ਦਾ ਤੁਰੰਤ ਹੱਲ ਕਰਨ। (ਸਾਹਿਰ ਦੀਆਂ ਚੰਦ ਸਤਰਾਂ ਆਤਮਸਾਤ ਕਰੋ, "ਜੰਗ ਟਲਤੀ ਰਹੇ ਤੋ ਬਿਹਤਰ ਹੈ/ਆਪ ਔਰ ਹਮ ਸਭੀ ਕੇ ਆਂਗਨ ਮੇਂ/ਸ਼ਮ੍ਹਾਂ ਜਲਤੀ ਰਹੇ ਤੋ ਬਿਹਤਰ ਹੈ)।



ਯੂਕਰੇਨ ਦੀ ਜੰਗ ਦੇਖੋ, ਉਹ ਕਿੰਨੀ ਦੇਰ ਤੋਂ ਚੱਲ ਰਹੀ ਹੈ। ਕੀ ਹੋਇਆ ਉਨ੍ਹਾਂ ਦਾ ਹਾਕਮ ਹੁਣ ਵੀ ਟੀਵੀ 'ਤੇ ਆ ਕੇ ਵੱਡੇ-ਵੱਡੇ ਦਾਅਵੇ ਕਰਦਾ ਹੈ ਪਰ ਮਰ ਕੌਣ ਰਿਹਾ ਹੈ? ਇਸ ਬਾਰੇ ਕਦੇ ਵੀ ਕੋਈ ਹੁਕਮਰਾਨ ਨਹੀਂ ਸੋਚਦਾ। ਹਰ ਦੇਸ਼ ਖਾੜਕੂਵਾਦ ਖ਼ਿਲਾਫ਼ ਲੜਨਾ ਚਾਹੁੰਦਾ ਹੈ। ਕੀ ਕਿਸੇ ਨੇ ਸੋਚਿਆ ਹੈ ਕਿ ਅੱਤਵਾਦੀ ਬਣਦੇ ਕਿਵੇਂ ਹਨ? ਕੀ ਤੁਹਾਨੂੰ ਲੱਗਦਾ ਹੈ ਕਿ ਖਾੜਕੂ ਪੈਦਾਇਸ਼ੀ ਹੁੰਦੇ ਹਨ? ਕੌਣ ਆਪਣੀ ਜਾਨ ਜੋਖ਼ਮ ਵਿਚ ਪਾਉਂਦਾ ਹੈ? ਉਨ੍ਹਾਂ ਸਭਨਾਂ ਦੀ ਮਜਬੂਰੀ ਹੈ। ਉਨ੍ਹਾਂ ਦੇ ਘਰ ਦੇ ਹਾਲਾਤ, ਗ਼ਰੀਬੀ, ਬਿਮਾਰੀ ਦੀ ਮਜਬੂਰੀ ਵਿਚ ਚੰਦ ਰੁਪਈਆਂ ਖ਼ਾਤਰ ਉਹ ਖਾੜਕੂਵਾਦ ਦਾ ਰਸਤਾ ਅਪਣਾ ਲੈਂਦੇ ਹਨ।

ਖਾੜਕੂਵਾਦ ਨੂੰ ਵੀ ਸਰਕਾਰਾਂ ਆਪਣੇ ਮਕਸਦ ਲਈ ਇਸਤੇਮਾਲ ਕਰਦੀਆਂ ਹਨ। ਫਿਰ ਉਨ੍ਹਾਂ ਨੂੰ ਮਾਰਨ ਦਾ ਦਾਅਵਾ ਵੀ ਕਰ ਦਿੰਦੀਆਂ ਹਨ। ਜਨਤਾ ਨੂੰ ਜਨਤਾ ਨਾਲ ਹੀ ਲੜਾਉਂਦੀਆਂ ਹਨ ਕਦੇ ਧਰਮ ਦੇ ਨਾਂ 'ਤੇ ਤੇ ਕਦੇ ਕੌਮ ਦੇ ਨਾਂ 'ਤੇ। ਜੇ ਹਰ ਕਿਸੇ ਕੋਲ ਰੁਜ਼ਗਾਰ ਹੋਵੇ, ਪੜ੍ਹਾਈ ਹੋਵੇ, ਸਹੀ ਤੇ ਸਸਤੀਆਂ ਸਿਹਤ ਸਹੂਲਤਾਂ ਮਿਲਣ ਤਾਂ ਹਰ ਸਮੱਸਿਆ ਦਾ ਹੱਲ ਹੋ ਸਕਦਾ ਹੈ। ਇਕ ਹੀ ਧਰਮ ਹੋਵੇ ਇਨਸਾਨੀਅਤ ਦਾ। ਹਰ ਅਹੁਦੇ 'ਤੇ ਬੈਠੇ ਵਿਅਕਤੀ ਦੀ ਜਵਾਬਦੇਹੀ ਹੋਵੇ, ਚਾਹੇ ਉਹ ਕਿਸੇ ਵੀ ਪਾਰਟੀ ਨਾਲ ਸਬੰਧਤ ਹੋਵੇ ਜਾਂ ਸਰਕਾਰੀ ਮੁਲਾਜ਼ਮ ਹੋਵੇ। ਤਾਂ ਹੀ ਚੰਗਾ ਸਮਾਜ ਬਣ ਸਕਦਾ ਹੈ। ਹਰ ਦੇਸ਼ ਆਪਣੇ ਭੂਗੋਲਿਕ ਖੇਤਰ ਵਿੱਚ ਹੀ ਤਰੱਕੀ ਕਰੇ ਤੇ ਲੋਕਾਂ ਨੂੰ ਸਹੂਲਤਾਂ ਦੇਵੇ। ਦੂਜੇ ਦੇਸ਼ ਨਾਲ ਵਪਾਰ ਕਰੇ। ਖ਼ੁਦਗਰਜ਼ੀ ਛੱਡੇ ਦੇਵੇ ਤਾਂ ਹੀ ਸੰਸਾਰ ਵਿੱਚ ਜੰਗਾਂ ਖ਼ਤਮ ਹੋ ਸਕਦੀਆਂ ਹਨ।

# ਇਜ਼ਰਾਈਲ ਫਲਸਤੀਨ ਦਾ ਵਹਿਸ਼ੀ ਟਕਰਾਅ ਅਤੇ ਕਾਰਲ ਮਾਰਕਸ



ਗੁਰਬਚਨ ਸਿੰਘ



ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਕਾਰਲ ਮਾਰਕਸ ਖੁਦ ਯਹੂਦੀ ਸੀ ਅਤੇ ਅਖੀਰ ਤਕ ਉਹ ਯਹੂਦੀਆਂ ਦੇ ਮਸਲੇ ਬਾਰੇ ਪੂਰੀ ਗੰਭੀਰਤਾ ਨਾਲ ਸੋਚਦਾ ਰਿਹਾ। ਆਪਣੇ ਇੱਕ ਦੋਸਤ ਨੂੰ ਲਿਖੀ ਚਿੱਠੀ ਵਿੱਚ ਉਸਨੇ ਇਹ ਜਾਣਕਾਰੀ ਵੀ ਦਿੱਤੀ ਹੈ ਕਿ ਅੱਜ ਮੈਨੂੰ ਯਹੂਦੀ ਸਭਾ ਦਾ ਪ੍ਰਧਾਨ ਮਿਲਣ ਆ ਰਿਹਾ ਹੈ। ਉਸ ਦੇ ਪਿਤਾ ਜੀ ਪਹਿਲੀ ਪੀੜ੍ਹੀ ਵਿੱਚ ਇਸਾਈ ਬਣੇ ਸਨ।

ਕਾਰਲ ਮਾਰਕਸ ਨੇ ਯਹੂਦੀ ਮਸਲੇ ਬਾਰੇ ਇੱਕ ਲੰਬੀ ਲਿਖਤ ਲਿਖੀ ਹੈ, ਜਿਹੜੀ ਉਸ ਦੀਆਂ ਸਮੂਹਿਕ ਲਿਖਤਾਂ ਦੀ ਤੀਜੀ ਜਿਲਦ ਵਿੱਚ ਛਪੀ ਹੈ। ਇਹ ਲਿਖਤ ਪੜ੍ਹ ਕੇ ਹੀ ਪਤਾ ਲਗਦਾ ਹੈ ਕਿ ਜੇ ਜਰਮਨ ਦੇ ਯਹੂਦੀਆਂ ਨੇ ਕਾਰਲ ਮਾਰਕਸ ਦੇ ਸੁਝਾਅ ਨੂੰ ਉਦੋਂ ਮੰਨਿਆ ਹੁੰਦਾ ਤਾਂ ਨਾ ਯਹੂਦੀਆਂ ਦਾ ਦੂਜੀ ਸੰਸਾਰ ਜੰਗ ਵਿੱਚ ਕਤਲੇਆਮ ਹੁੰਦਾ ਤੇ ਨਾ ਹੀ ਅੱਜ ਯਹੂਦੀਆਂ ਅਤੇ ਫ਼ਲਸਤੀਨੀਆਂ ਦਾ ਮੌਜੂਦਾ ਵਹਿਸ਼ੀ ਟਕਰਾਅ ਹੁੰਦਾ। ਲਿਖਤ ਦੇ ਮੁੱਢ ਵਿੱਚ ਹੀ ਮਾਰਕਸ ਲਿਖਦਾ ਹੈ ਕਿ ਯਹੂਦੀ ਆਜ਼ਾਦੀ ਚਾਹੁੰਦੇ ਹਨ। ਜਰਮਨ ਲੋਕ ਪੁੱਛਦੇ ਹਨ ਕਿ ਯਹੂਦੀ ਕਿਸ ਤੋਂ ਆਜ਼ਾਦੀ ਚਾਹੁੰਦੇ ਹਨ, ਕਿਉਂਕਿ ਅਸੀਂ ਤਾਂ ਆਪ ਗੁਲਾਮ ਹਾਂ। ਰਜਵਾੜਾਸ਼ਾਹੀ ਦੀ ਰਹਿੰਦ-ਖੂਹੰਦ ਕੁਲੀਨ ਵਰਗ ਅਤੇ ਪੂੰਜੀਵਾਦੀ ਆਰਥਿਕ ਰਿਸ਼ਤਿਆਂ ਨੇ ਸਾਨੂੰ ਰਾਜਸੀ ਗੁਲਾਮ ਬਣਾਇਆ ਹੋਇਆ ਹੈ। ਆਓ! ਪਹਿਲਾਂ ਰਲ ਕੇ ਇਸ ਰਾਜਸੀ ਗੁਲਾਮੀ ਵਿਰੁਧ ਲੜੀਏ! ਬਾਕੀ ਧਰਮ ਦੇ ਮਸਲੇ ਅਸੀਂ ਬਾਅਦ ਵਿੱਚ ਰਲ-ਮਿਲ ਕੇ ਹਲ ਕਰ ਲਵਾਂਗੇ।

ਮਾਰਕਸ ਦੇ ਕਥਨ ਅਨੁਸਾਰ, "ਯਹੂਦੀਆਂ ਤੇ ਇਸਾਈਆਂ ਵਿਚਕਾਰ ਵਿਰੋਧਤਾ ਦਾ ਕੱਟੜ ਰੂਪ ਧਾਰਮਿਕ ਵਿਰੋਧਤਾ ਹੈ। ਇਹ ਵਿਰੋਧ ਕਿਵੇਂ ਖਤਮ ਹੋਵੇ? ਇਸ ਵਿਰੋਧ ਨੂੰ ਅਸੰਭਵ ਬਣਾ ਕੇ। ਇਹ ਧਾਰਮਿਕ ਵਿਰੋਧ ਅਸੰਭਵ ਕਿਵੇਂ ਬਣੇ? ਧਰਮ ਨੂੰ ਖਤਮ ਕਰਕੇ। ਜਦੋਂ ਹੀ ਯਹੂਦੀ ਤੇ ਇਸਾਈ ਇਹ ਸਮਝ ਜਾਣਗੇ ਕਿ ਉਨ੍ਹਾਂ ਦੇ ਆਪਣੇ-ਆਪਣੇ ਧਰਮ ਮਨੁੱਖੀ ਮਨ ਦੇ ਵਿਕਾਸ ਦੇ ਵੱਖ ਵੱਖ ਪੜਾਵਾਂ ਤੋਂ ਬਿਨਾਂ ਹੋਰ ਕੁਝ ਨਹੀਂ, ਸੱਪ ਦੀਆਂ ਵੱਖ ਵੱਖ ਕੁੰਜਾਂ ਵਾਂਗ ਜਿਹੜੀਆਂ ਇਤਿਹਾਸ ਨੇ ਆਪਣੇ-ਆਪ ਤੋਂ ਉਤਾਰ ਦਿੱਤੀਆਂ ਹਨ ਅਤੇ ਮਨੁੱਖ ਉਹ ਸੱਪ ਹੈ, ਜਿਸ ਨੇ ਇਹ ਕੁੰਜਾਂ ਲਾਹੀਆਂ ਹਨ ਤੇ ਹੁਣ ਯਹੂਦੀਆਂ ਤੇ ਇਸਾਈਆਂ ਦਾ ਰਿਸ਼ਤਾ ਧਾਰਮਿਕ ਨਹੀਂ ਸਗੋਂ ਪੜਚੋਲੀਆ ਤੇ ਮਨੁੱਖੀ ਰਿਸ਼ਤਾ ਹੈ ਅਤੇ ਹੁਣ ਸਾਇੰਸ ਹੀ ਉਨ੍ਹਾਂ ਦੀ ਏਕਤਾ ਦਾ ਆਧਾਰ ਬਣੇਗੀ। ਸਾਇੰਸ ਵਿਚਲੇ ਵਿਰੋਧ ਖੁਦ ਸਾਇੰਸ ਨੇ ਹੀ ਹਲ ਕਰਨੇ ਹਨ।" ਅਤੇ "ਹਕੀਕੀ ਸੰਸਾਰ ਦਾ ਧਾਰਮਿਕ ਅਕਸ ਕਿਸੇ ਵੀ ਸੂਰਤ ਵਿੱਚ ਅੰਤਿਮ ਤੌਰ ਉੱਤੇ ਸਿਰਫ਼ ਉਦੋਂ ਹੀ ਮਿਟ ਸਕਦਾ ਹੈ, ਜਦੋਂ ਮਨੁੱਖ ਦੀ ਰੋਜ਼ਾਨਾ ਜ਼ਿੰਦਗੀ ਦੇ ਸਾਰੇ ਵਿਹਾਰੀ ਰਿਸ਼ਤਿਆਂ ਦਾ ਪਸਾਰ ਭਾਵ ਮਨੁੱਖ ਦਾ ਕੁਦਰਤ ਨਾਲ ਤੇ ਆਪਣੇ ਨਾਲਦਿਆਂ ਮਨੁੱਖਾਂ ਨਾਲ ਰਿਸ਼ਤਾ ਜੀਵੰਤ ਤੇ ਤਰਕਸੰਗਤ ਬਣ ਜਾਏ।"

ਪਰ ਜਰਮਨ ਦੇ ਯਹੂਦੀਆਂ ਨੇ ਮਾਰਕਸ ਦਾ ਇਹ ਸੁਝਾਅ ਮੰਨਣ ਦੀ ਬਜਾਇ ਆਪਣੀ 'ਆਜ਼ਾਦੀ' ਦੀ ਰਟ ਲਾਈ ਰੱਖੀ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਜਰਮਨ ਦੇ ਪੂੰਜੀਪਤੀਆਂ ਨੇ ਆਪਣੇ ਆਪ ਨੂੰ ਸਾਮਰਾਜੀ ਰੂਪ ਵਿੱਚ ਇੱਕਜੁਟ ਕਰ ਕੇ ਯੂਰਪ ਦੇ ਦੂਜੇ ਸਾਮਰਾਜੀਆਂ ਨਾਲ ਮੁਕਾਬਲੇ ਦੀ ਜੰਗ ਵਿੱਢ ਲਈ। ਇਨ੍ਹਾਂ ਦੋ ਸਾਮਰਾਜੀ ਜੰਗਾਂ ਵਿੱਚ ਜਿਥੇ ਯੂਰਪ ਦੇ ਕਰੋੜਾਂ ਲੋਕਾਂ ਦਾ ਘਾਣ ਹੋਇਆ ਉਥੇ 60 ਲੱਖ ਯਹੂਦੀ ਹਿਟਲਰ ਦੀ ਵਹਿਸ਼ਤ ਦਾ ਸ਼ਿਕਾਰ ਹੋ ਗਏ।

ਸੁਆਲ ਪੈਦਾ ਹੁੰਦਾ ਹੈ ਕਿ ਯਹੂਦੀਆਂ ਨੇ ਮਾਰਕਸ ਦੇ ਇਸ ਸੁਝਾਅ ਨੂੰ ਕਿਉਂ ਨਾ ਮੰਨਿਆ? ਕਿਉਂਕਿ ਉਨ੍ਹਾਂ ਦੀ ਲੀਡਰਸ਼ਿਪ ਅਮੀਰ ਯਹੂਦੀਆਂ ਦੇ ਹੱਥ ਵਿੱਚ ਸੀ, ਜਿਨ੍ਹਾਂ ਬਾਰੇ ਮਾਰਕਸ ਦਾ ਕਹਿਣਾ ਹੈ, "ਯਹੂਦੀਆਂ ਦਾ ਰੱਬ ਤਾਂ ਹੁਣ ਪੈਸਾ ਬਣ ਗਿਆ ਹੈ, ਜਿਸ ਦੇ ਸਾਹਮਣੇ ਕਿਸੇ ਹੋਰ ਰੱਬ ਦੀ ਕੋਈ ਹੋਂਦ ਨਹੀਂ। ਇਸ ਰੱਬ ਨਾਲ ਈਰਖਾ ਹੁੰਦੀ ਹੈ। ਪੈਸਾ ਮਨੁੱਖ ਦੇ ਮਨ ਵਿੱਚ ਰੱਬੀ ਹਸਤੀ ਦੇ ਬਣੇ ਸਾਰੇ ਸੰਕਲਪਾਂ ਨੂੰ ਬੌਣਾ ਕਰ ਦਿੰਦਾ ਹੈ ਅਤੇ ਉਸ ਨੂੰ ਵਿਕਾਊ ਜਿਣਸ ਵਿੱਚ ਬਦਲ ਦਿੰਦਾ ਹੈ। ਪੈਸਾ ਸਾਰੀਆਂ ਵਸਤੂਆਂ ਦੀ ਆਪੇ ਨਿਸ਼ਚਿਤ ਕੀਤੀ ਸਰਬ-ਵਿਆਪੀ ਕੀਮਤ ਹੈ। ਇਸ ਲਈ ਪੈਸਾ ਸਾਰੇ ਸੰਸਾਰ ਦੇ ਮਨ ਜਿੱਤ ਲੈਂਦਾ ਹੈ। ਪੈਸਾ ਮਨੁੱਖ ਤੇ ਕੁਦਰਤ — ਦੋਹਾਂ ਤੋਂ ਉਸ ਦੀ ਅਸਲੀ ਫਿਤਰਤ ਖੋਹ ਲੈਂਦਾ ਹੈ। ਪੈਸਾ ਮਨੁੱਖ ਦੀ ਹੋਂਦ ਤੇ ਉਸ ਦੀ ਕਿਰਤ ਤੋਂ ਪਰਾਇਆ ਤੱਤ ਹੈ। ਪਰ ਇਹ ਪਰਾਇਆ ਤੱਤ ਉਸ ਉੱਤੇ ਭਾਰੂ ਹੋ ਜਾਂਦਾ ਹੈ ਅਤੇ ਮਨੁੱਖ ਪੈਸੇ ਦਾ ਗੁਲਾਮ ਬਣ ਜਾਂਦਾ ਹੈ। ਉਹ ਪੈਸੇ ਦੀ ਪੂਜਾ ਕਰਨ ਲਗ ਪੈਂਦਾ ਹੈ। ਯਹੂਦੀਆਂ ਦਾ ਰੱਬ ਹੁਣ ਧਰਮ ਨਿਰਪੱਖ ਹੋ ਗਿਆ ਹੈ ਅਤੇ ਸਾਰੇ ਸੰਸਾਰ ਦਾ ਰੱਬ ਬਣ ਗਿਆ ਹੈ। ਅਸਲ ਵਿੱਚ ਲੈਣ-ਦੇਣ ਦਾ ਧੰਦਾ ਹੀ ਯਹੂਦੀਆਂ ਦਾ ਅਸਲੀ ਰੱਬ ਹੈ। ਉਨ੍ਹਾਂ ਦਾ ਅਖੌਤੀ ਰੱਬ ਹੁਣ ਸਿਰਫ਼ ਲੈਣ-ਦੇਣ ਦਾ ਇਕ ਧੰਦਾ ਹੈ। ਨਿੱਜੀ ਜਾਇਦਾਦ ਅਤੇ ਪੈਸੇ ਦੇ ਗਲਬੇ ਅਧੀਨ ਕੁਦਰਤ ਬਾਰੇ ਬਣਿਆ ਦ੍ਰਿਸ਼ਟੀਕੋਣ ਅਸਲ ਵਿੱਚ ਕੁਦਰਤ ਪ੍ਰਤੀ ਨਫ਼ਰਤ ਅਤੇ ਅਮਲ ਵਿੱਚ ਕੁਦਰਤ ਪ੍ਰਤੀ ਜਹਾਲਤ ਪੈਦਾ ਕਰਦਾ ਹੈ। ਇਹ ਸੱਚ ਹੈ ਕਿ ਯਹੂਦੀ ਧਰਮ ਵਿੱਚ ਕੁਦਰਤ ਦੀ ਹੋਂਦ ਹੈ ਪਰ ਇਹ ਹੋਂਦ ਜੀਵੰਤ ਨਹੀਂ ਬਲਕਿ ਮਨੁੱਖੀ ਕਲਪਨਾ ਤਕ ਸੀਮਤ ਹੈ।"

ਪੈਸੇ ਦੀ ਪੀਰ ਇਸ ਅਮੀਰ ਲੀਡਰਸ਼ਿਪ ਨੇ ਹੁਣ ਤਕ ਯਹੂਦੀਆਂ ਨੂੰ ਸਿਰਫ਼ ਗੁੰਮਰਾਹ ਹੀ ਕੀਤਾ ਹੈ। ਨਹੀਂ 'ਤੇ ਕੀ ਕਾਰਨ ਹੈ ਕਿ ਉਨ੍ਹਾਂ ਨੂੰ ਏਨੀ ਨਿੱਕੀ ਜਿਹੀ ਗੱਲ ਵੀ ਸਮਝ ਨਹੀਂ ਆਈ ਕਿ ਜਿਨ੍ਹਾਂ ਫ਼ਲਸਤੀਨੀਆਂ ਨੂੰ ਉਜਾੜ ਕੇ ਅਤੇ ਘਰੋਂ ਬੇਘਰ ਕਰ ਕੇ ਇਜ਼ਰਾਈਲ ਦੀ ਨੀਂਹ ਰੱਖੀ ਜਾ ਰਹੀ ਹੈ, ਉਹ ਕਿਨ੍ਹਾਂ ਕੁ ਚਿਰ ਟਿਕੀ ਰਹੇਗੀ। ਅੱਜ ਇਜ਼ਰਾਈਲ ਦੀ ਹੋਂਦ ਹੀ ਦੁਨੀਆਂ ਭਰ ਦੀ ਸਮੁੱਚੀ ਮੁਸਲਿਮ ਆਬਾਦੀ ਲਈ ਨਫ਼ਰਤ ਦੀ ਪਾਤਰ ਬਣੀ ਹੋਈ ਹੈ ਅਤੇ ਇਹ ਨਫ਼ਰਤ ਕਿਸੇ ਵੇਲੇ ਵੀ ਭਾਂਬੜ ਬਣ ਕੇ ਫਟ ਸਕਦੀ ਹੈ।

# ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਿਸਾਨਾਂ ਦੀ ਹੋਵੇਗੀ ਫ਼ੈਸਲਾਕੁੰਨ ਭੂਮਿਕਾ

**ਵਿਜੈ ਕਪੂਰ**

ਪੰਜ ਰਾਜਾਂ ਦੀਆਂ 679 ਵਿਧਾਨ ਸਭਾ ਸੀਟਾਂ ਲਈ ਹੋਣ ਵਾਲੀਆਂ ਇਹ ਚੋਣਾਂ ਅਗਲੇ ਸਾਲ ਲੋਕ ਸਭਾ ਦੀਆਂ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ 'ਮਿੰਨੀ ਚੋਣਾਂ' ਹਨ। ਇਸ ਲਈ ਇਹ ਹੈਰਾਨੀ ਨਹੀਂ ਹੈ ਕਿ ਰਾਜਸਥਾਨ, ਮੱਧ ਪ੍ਰਦੇਸ਼, ਛੱਤੀਸਗੜ੍ਹ, ਤੇਲੰਗਾਨਾ ਅਤੇ ਮਿਜ਼ੋਰਮ 'ਚ ਹੋਣ ਜਾ ਰਹੀਆਂ ਇਨ੍ਹਾਂ ਵਿਧਾਨ ਸਭਾ ਚੋਣਾਂ ਨੇ ਦੇਸ਼ ਦਾ ਜ਼ਰੂਰਤ ਤੋਂ ਵੱਧ ਧਿਆਨ ਖਿੱਚਿਆ ਹੈ। ਅਜਿਹਾ ਇਸ ਲਈ ਵੀ ਹੈ; ਕਿਉਂਕਿ ਹਿੰਦੀ ਪੱਟੀ ਦੇ ਤਿੰਨ ਸੂਬਿਆਂ ਵਿੱਚ ਭਾਜਪਾ ਅਤੇ ਕਾਂਗਰਸ ਵਿਚਾਲੇ ਸਿੱਧਾ ਮੁਕਾਬਲਾ ਹੈ। ਇਨ੍ਹਾਂ ਵਿਧਾਨ ਸਭਾ ਚੋਣਾਂ ਨੂੰ 'ਸੈਮੀਫਾਈਨਲ' ਵੀ ਕਿਹਾ ਜਾ ਰਿਹਾ ਹੈ ਅਤੇ ਇਹ ਵੀ ਕਿ 'ਫਾਈਨਲ' ਭਾਵ 2024 'ਚ ਹੋਣ ਵਾਲੀਆਂ ਆਮ ਚੋਣਾਂ ਨੂੰ ਇਨ੍ਹਾਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਪ੍ਰਭਾਵਿਤ ਕਰਨਗੇ। ਪਰ ਇਹ ਗ਼ੈਰਜ਼ਰੂਰੀ ਉਤੇਜਨਾ ਹੈ। ਇਨ੍ਹਾਂ ਪੰਜ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੂੰ ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਨਾਲ ਜੋੜ ਕੇ ਵੇਖਣਾ ਫਜ਼ੂਲ ਹੋਵੇਗਾ; ਕਿਉਂਕਿ ਇਨ੍ਹਾਂ ਰਾਜਾਂ ਦੇ ਪਿਛਲੇ ਕੁਝ ਚੋਣ ਚੱਕਰਾਂ ਤੋਂ ਪਤਾ ਲੱਗਦਾ ਹੈ ਕਿ ਵੋਟਰਾਂ ਨੇ ਵਿਧਾਨ ਸਭਾ ਅਤੇ ਉਸ ਤੋਂ ਬਾਅਦ ਦੀਆਂ ਲੋਕ ਸਭਾ ਚੋਣਾਂ 'ਚ ਅਕਸਰ ਆਪਣੀਆਂ ਵੋਟਾਂ ਦੀ ਵਰਤੋਂ ਵੱਖ-ਵੱਖ ਤਰ੍ਹਾਂ ਨਾਲ ਕੀਤੀ ਹੈ।

ਫਿਲਹਾਲ, ਇਸ ਵਾਰ ਕੁਝ ਬਹੁਤ ਹੀ ਮਹਤੱਵਪੂਰਨ ਮੁੱਦੇ ਹਨ, ਜੋ ਲੋਕ ਸਭਾ ਚੋਣਾਂ 'ਚ ਵੀ ਆਪਣਾ ਰੰਗ ਦਿਖਾਉਣਗੇ, ਖ਼ਾਸਕਰ ਜਿਨ੍ਹਾਂ ਦਾ ਸੰਬੰਧ ਖੇਤੀ ਤੇ ਕਿਸਾਨਾਂ ਨਾਲ ਹੈ। ਨਵੀਂ ਦਿੱਲੀ 'ਚ 9 ਅਕਤੂਬਰ, 2023 ਨੂੰ ਉਕਤ ਪੰਜ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਦਾ ਐਲਾਨ ਕਰਦਿਆਂ ਚੋਣ ਕਮਿਸ਼ਨ ਨੇ 24 ਦਿਨ ਦੀ ਵੋਟਰ ਖਿੜਕੀ ਖੋਲ੍ਹੀ, ਜੋ ਕਿ 7 ਤੋਂ 30 ਨਵੰਬਰ ਤੱਕ ਦੀ ਹੈ




ਅਤੇ ਵੋਟਾਂ ਦੀ ਗਿਣਤੀ 3 ਦਸੰਬਰ, 2023 ਨੂੰ ਹੋਵੇਗੀ। ਛੱਤੀਸਗੜ੍ਹ 'ਚ ਵੋਟਾਂ ਦੋ ਪੜਾਵਾਂ ਵਿਚ ਪੈਣਗੀਆਂ। ਇਸ ਦੇ ਨਕਸਲ-ਪ੍ਰਭਾਵਿਤ ਦੱਖਣੀ ਖੇਤਰ 'ਚ ਵੋਟਿੰਗ 7 ਨਵੰਬਰ ਨੂੰ ਹੋਵੇਗੀ ਅਤੇ ਮੱਧ ਪ੍ਰਦੇਸ਼ ਦੀ ਸਰਹੱਦ ਨਾਲ ਲੱਗਦੇ ਉੱਤਰੀ ਖੇਤਰ ਵਿਚ 17 ਨਵੰਬਰ, 2023 ਨੂੰ ਲੋਕ ਆਪਣੀਆਂ ਵੋਟ ਅਧਿਕਾਰ ਦੀ ਵਰਤੋਂ ਕਰਨਗੇ। ਬਾਕੀ ਸੂਬਿਆਂ 'ਚ ਇਕ ਪੜਾਅ 'ਚ ਵੋਟਾਂ ਪੈਣਗੀਆਂ ਮੱਧ ਪ੍ਰਦੇਸ਼ ਤੇ ਮਿਜ਼ੋਰਮ ਵਿੱਚ 7 ਨਵੰਬਰ, 2023 ਨੂੰ, ਰਾਜਸਥਾਨ ਵਿਚ 23 ਨਵੰਬਰ ਨੂੰ ਅਤੇ ਤੇਲੰਗਾਨਾ ਵਿੱਚ 30 ਨਵੰਬਰ 2023 ਨੂੰ। ਇਨ੍ਹਾਂ ਰਾਜਾਂ ਵਿਚ 16.14 ਕਰੋੜ ਵੋਟਰ (ਜਿਨ੍ਹਾਂ ਵਿੱਚ ਲਗਭਗ 60 ਲੱਖ ਨਵੇਂ ਵੋਟਰ ਹਨ) 679 ਵਿਧਾਇਕਾਂ ਨੂੰ ਚੁਣਨਗੇ। ਸਭ ਤੋਂ ਵੱਧ ਵੋਟਰ (5.6 ਕਰੋੜ) ਮੱਧ ਪ੍ਰਦੇਸ਼ ਵਿੱਚ ਹਨ, ਜੋ 230 ਵਿਧਾਇਕ ਚੁਣਨਗੇ ਅਤੇ ਸਭ ਤੋਂ ਘੱਟ ਵੋਟਰ (8.5 ਲੱਖ) ਮਿਜ਼ੋਰਮ ਵਿਚ ਹਨ, ਜੋ ਵਿਧਾਨ ਸਭਾ ਦੀਆਂ 40 ਸੀਟਾਂ ਲਈ ਆਪਣੀਆਂ ਵੋਟਾਂ ਪਾਉਣਗੇ। ਜਦੋਂ ਕਿ ਛੱਤੀਸਗੜ੍ਹ ਵਿੱਚ 2 ਕਰੋੜ ਵੋਟਰ ਤੇ 90 ਸੀਟਾਂ, ਰਾਜਸਥਾਨ 'ਚ 5.3 ਕਰੋੜ ਵੋਟਰ ਤੇ 200 ਸੀਟਾਂ ਅਤੇ ਤੇਲੰਗਾਨਾ ਵਿੱਚ 3.2 ਕਰੋੜ ਵੋਟਰ ਤੇ 119 ਸੀਟਾਂ ਹਨ।

ਕਾਇਦੇ ਨਾਲ ਇੱਕ ਵਿਧਾਇਕ ਨੂੰ ਵੱਧ ਤੋਂ ਵੱਧ ਇੱਕ ਲੱਖ ਵੋਟਰਾਂ ਦੀ ਪ੍ਰਤੀਨਿਧਤਾ ਕਰਨੀ ਚਾਹੀਦੀ ਹੈ, ਇਸ ਲਈ ਮਿਜ਼ੋਰਮ ਨੂੰ ਛੱਡ ਕੇ ਬਾਕੀ ਚਾਰ ਸੂਬਿਆਂ 'ਚ ਜਨਪ੍ਰਤੀਨਿਧੀ-ਵੋਟਰ ਅਨੁਪਾਤ ਅਸੰਤੁਲਿਤ ਹੈ, ਜਿਸ ਨਾਲ ਸਰਕਾਰ ਦੇ ਪੱਧਰ 'ਤੇ ਜਨਤਾ ਦੀ ਢੁਕਵੀਂ ਪ੍ਰਤੀਨਿਧਤਾ ਨਹੀਂ ਹੋ ਪਾ ਰਹੀ ਹੈ।

ਇਨ੍ਹਾਂ ਪੰਜ ਵਿਧਾਨ ਸਭਾ ਚੋਣਾਂ ਦਾ ਮੁਲਾਂਕਣ ਕਰਨ ਲਈ ਚਾਰ ਸੂਬਿਆਂ ਨੂੰ ਤਾਂ ਜਾਤੀ, ਲੋਕ ਭਲਾਈ ਯੋਜਨਾਵਾਂ ਤੇ ਖੇਤੀ ਮੁੱਦਿਆਂ ਦੀ ਦ੍ਰਿਸ਼ਟੀ ਤੋਂ ਦੇਖਣਾ ਹੋਵੇਗਾ ਅਤੇ ਮਿਜ਼ੋਰਮ 'ਚ ਮਨੀਪੁਰ ਦੀ ਹਿੰਸਾ ਦਾ ਮੁੱਦਾ ਮਹੱਤਵਪੂਰਨ ਹੋ ਸਕਦਾ ਹੈ। ਮਿਜ਼ੋਰਮ 'ਚ 1989 ਦੇ ਬਾਅਦ ਸ਼ਾਇਦ ਪਹਿਲੀ ਵਾਰ ਮੁੱਖ ਮੰਤਰੀ ਦੇ ਰੂਪ ਵਿੱਚ ਨਵਾਂ ਚਿਹਰਾ ਦੇਖਣ ਨੂੰ ਮਿਲੇ। ਪਿਛਲੇ ਤਿੰਨ ਦਹਾਕਿਆਂ ਤੋਂ ਇਸ ਰਾਜ 'ਚ ਮੁੱਖ ਮੰਤਰੀ ਦੀ ਕੁਰਸੀ 'ਤੇ ਦੋ ਹੀ ਵਿਅਕਤੀਆਂ ਨੂੰ ਦੇਖਿਆ ਗਿਆ ਹੈ ਕਾਂਗਰਸ ਦੇ ਲਾਲ ਥਨਹਾਵਲਾ ਅਤੇ ਮਿਜ਼ੋ ਨੈਸ਼ਨਲ ਫਰੰਟ (ਐਮ.ਐਨ.ਐੱਫ.) ਦੇ ਮੌਜੂਦਾ ਮੁੱਖ ਮੰਤਰੀ ਜ਼ੋਰਮਥੰਗਾ। ਪਰ ਇਸ ਵਾਰ ਕਾਂਗਰਸ ਦੀ ਅਗਵਾਈ ਲਾਲਸਾਵਤਾ ਕਰ ਰਹੇ ਹਨ ਅਤੇ ਕਾਂਗਰਸ ਤੇ ਐਮ.ਐਨ.ਐੱਫ. ਧਰੁਵਾਂ ਨੂੰ ਇਕ ਨਵਾਂ ਮਜ਼ਬੂਤ ਦਾਅਵੇਦਾਰ ਜ਼ੋਰਮ ਪੀਪਲਜ਼ ਮੂਵਮੈਂਟ ਚੁਣੌਤੀ ਦੇ ਰਿਹਾ ਹੈ, ਜਿਸ ਦੇ ਨੇਤਾ ਸਾਬਕਾ ਆਈ.ਪੀ.ਐਸ. ਅਧਿਕਾਰੀ ਲਾਲਦੁਹੋਮਾ ਹਨ, ਜੋ 1984 'ਚ ਸੰਸਦ ਮੈਂਬਰ ਚੁਣੇ ਗਏ ਸਨ। ਮਿਜ਼ੋਰਮ 'ਚ ਮਨੀਪੁਰ ਦੀ ਹਿੰਸਾ, ਮਿਆਂਮਾਰ, ਜ਼ਿਆਦਾ ਕਰਜ਼ਾ ਅਤੇ ਲਗਾਤਾਰ ਵਿਗੜਦੀ 'ਨਾਰਕੋ' ਸਮੱਸਿਆ ਪ੍ਰਮੁੱਖ ਚੋਣ ਮੁੱਦੇ ਹਨ। ਮਿਜ਼ੋਰਮ ਦੇ ਨੌਜਵਾਨ 'ਬਦਲਾਅ' ਦੀ ਮੰਗ ਕਰ ਰਹੇ ਹਨ ਅਤੇ 2017 'ਚ ਸਥਾਪਿਤ ਜ਼ੋਰਮ ਪੀਪਲਜ਼ ਮੂਵਮੈਂਟ ਨੇ 'ਬਦਲਾਅ' ਦਾ ਹੀ ਵਾਅਦਾ ਕੀਤਾ ਹੈ।

ਮਿਜ਼ੋਰਮ ਤੋਂ ਵੱਖਰੇ ਜੋ ਚਾਰ ਸੂਬਿਆਂ ਵਿੱਚ ਚੋਣਾਂ ਹੋਣ ਜਾ ਰਹੀਆਂ ਹਨ, ਉਨ੍ਹਾਂ ਵਿੱਚ ਬਿਹਾਰ ਦਾ ਜਾਤੀ ਸਰਵੇਖਣ ਆਪਣਾ ਰੰਗ ਦਿਖਾਉਂਦਾ ਦਿਖਾਈ ਦੇ ਰਿਹਾ ਹੈ। ਇਸ ਸੰਦਰਭ ਵਿੱਚ ਕਾਂਗਰਸ ਨੇ ਇਕਦਮ ਸਪੱਸ਼ਟ ਸਟੈਂਡ ਲੈਂਦਿਆਂ ਕੌਮੀ ਪੱਧਰ 'ਤੇ ਜਾਤੀ ਸਰਵੇਖਣ ਦੀ ਮੰਗ ਕੀਤੀ ਹੈ। ਅਸ਼ੋਕ ਗਹਿਲੋਤ ਨੇ ਰਾਜਸਥਾਨ ਵਿੱਚ ਜਾਤੀ ਸਰਵੇਖਣ ਕਰਵਾਉਣ ਦਾ ਆਦੇਸ਼ ਦਿੱਤਾ ਹੈ ਅਤੇ ਮੱਧ ਪ੍ਰਦੇਸ਼ ਵਿੱਚ ਕਾਂਗਰਸ ਨੇ ਵਾਅਦਾ ਕੀਤਾ ਹੈ ਕਿ ਸੱਤਾ ਵਿੱਚ ਆਉਣ ਤੋਂ ਬਾਅਦ ਉਹ ਸੂਬੇ ਵਿੱਚ ਜਾਤੀ ਸਰਵੇਖਣ ਕਰਵਾਏਗੀ। ਇਸ ਵਿਸ਼ੇ 'ਤੇ ਭਾਜਪਾ ਦਾ ਸਟੈਂਡ ਅਸਪੱਸ਼ਟ ਹੈ ਅਤੇ ਇਨ੍ਹਾਂ ਚੋਣਾਂ ਦੇ ਨਤੀਜੇ ਤੈਅ ਕਰਨਗੇ ਕਿ ਉਹ ਲੋਕ ਸਭਾ ਚੋਣਾਂ ਲਈ ਕਿਹੜੀ ਰਣਨੀਤੀ ਅਪਣਾਉਂਦੀ ਹੈ। ਕਹਿਣ ਦਾ ਭਾਵ ਇਹ ਹੈ ਕਿ ਜਿਸ ਦੀ ਜਿੰਨੀ ਜਨਸੰਖਿਆ, ਉਸ ਦੀ ਓਨੀ ਹਿੱਸੇਦਾਰੀ ਇੱਕ ਪ੍ਰਮੁੱਖ ਮੁੱਦਾ ਬਣ ਗਿਆ ਹੈ ਅਤੇ ਅੱਗੇ ਆਉਣ ਵਾਲੀਆਂ ਚੋਣਾਂ ਵਿੱਚ ਵੀ ਬਣਿਆ ਰਹੇਗਾ। ਕਲਿਆਣਵਾਦ ਵੀ ਸਾਰੀਆਂ ਪਾਰਟੀਆਂ ਤੇ ਸੂਬਿਆਂ ਵਿਚ ਇਕ ਸਾਂਝੇ ਵਿਸ਼ੇ ਦੇ ਰੂਪ ਵਿੱਚ ਉੱਭਰਿਆ ਹੈ। ਤੇਜ਼ ਆਰਥਿਕ ਵਿਕਾਸ ਦੇ ਬਾਵਜੂਦ ਰਸਮੀ ਖੇਤਰ ਵਿੱਚ ਲੋੜੀਂਦੀਆਂ ਨੌਕਰੀਆਂ ਪੈਦਾ ਨਹੀਂ ਹੋ ਸਕੀਆਂ। ਰਾਜਨੀਤਕ ਮਾਹਿਰ ਜਾਣਦੇ ਹਨ ਕਿ ਕਲਿਆਣਕਾਰੀ ਯੋਜਨਾਵਾਂ ਗ਼ੈਰ-ਰਸਮੀ ਨੌਕਰੀਆਂ ਦੇ ਖ਼ਤਰਿਆਂ ਨੂੰ ਘੱਟ ਕਰ ਦਿੰਦੀਆਂ ਹਨ। ਭਾਰਤ ਦੇ ਸਭ ਤੋਂ ਅਮੀਰ ਸੂਬਿਆਂ ਵਿਚੋਂ ਇਕ ਤੇਲੰਗਾਨਾ, ਜਿੱਥੇ ਪ੍ਰਤੀ ਵਿਅਕਤੀ ਜੀ.ਡੀ.ਪੀ. 3.1 ਲੱਖ ਰੁਪਏ ਹੈ, 'ਚ ਕਾਂਗਰਸ ਨੇ 'ਗਾਰੰਟੀਆਂ' 'ਤੇ ਆਧਾਰਿਤ ਕਲਿਆਣਕਾਰੀ ਯੋਜਨਾ ਪੇਸ਼ ਕੀਤੀ ਹੈ।

ਮੱਧ ਪ੍ਰਦੇਸ਼ ਵਿਚ ਸੱਤਾ ਵਿਰੋਧੀ ਲਹਿਰ ਤੋਂ ਬਚਣ ਲਈ ਭਾਜਪਾ ਰਿਓੜੀਆਂ ਵੰਡਣ 'ਤੇ ਨਿਰਭਰ ਹੋ ਗਈ, ਜਿਨ੍ਹਾਂ ਵਿੱਚ ਔਰਤਾਂ ਨੂੰ ਮਹੀਨਾਵਾਰ ਆਮਦਨ ਟਰਾਂਸਫ਼ਰ ਕਰਨਾ ਵੀ ਸ਼ਾਮਿਲ ਹੈ। ਛੱਤੀਸਗੜ੍ਹ 'ਚ ਭੁਪੇਸ਼ ਬਘੇਲ ਨੂੰ ਛੱਡ ਕੇ ਮੱਧ ਪ੍ਰਦੇਸ਼, ਰਾਜਸਥਾਨ ਤੇ ਤੇਲੰਗਾਨਾ ਦੇ ਮੁੱਖ ਮੰਤਰੀਆਂ ਸਾਹਮਣੇ ਕਿਸਾਨਾਂ ਦੇ ਮੁਸ਼ਕਿਲ ਸਵਾਲ ਜ਼ਿਆਦਾ ਹਨ। ਇਹ ਆਪਣੇ ਆਪ 'ਚ ਕਹਾਣੀ ਹੈ ਅਤੇ ਸ਼ਾਇਦ ਇਹ ਵੀ ਦੱਸਦੀ ਹੈ ਕਿ ਸਾਰੇ ਮੌਜੂਦਾ ਮੁੱਖ ਮੰਤਰੀਆਂ 'ਚੋਂ ਬਘੇਲ ਸਭ ਤੋਂ ਘੱਟ ਅਸੁਰੱਖਿਅਤ ਕਿਉਂ ਹਨ? ਹਾਲਾਂਕਿ ਚੋਣਾਂ ਦੀ ਸਮੀਖਿਆ ਕਰਦੇ ਸਮੇਂ ਜ਼ਿਆਦਾਤਰ ਆਲੋਚਕ ਜਾਤੀ ਤੇ ਫ਼ਿਰਕੂ ਅਧਾਰ 'ਤੇ ਵੋਟਾਂ ਹਾਸਿਲ ਕਰਨ ਵੱਲ ਵਧੇਰੇ ਧਿਆਨ ਕਰਦੇ ਹਨ ਅਤੇ ਅਕਸਰ ਖੇਤੀ ਨੂੰ 'ਬੋਰਿੰਗ' (ਅਕਾਊ/ਨੀਰਸ) ਵਿਸ਼ਾ ਮੰਨ ਕੇ ਅਣਦੇਖਿਆ ਕਰ ਦਿੰਦੇ ਹਨ, ਪਰ ਇਸ ਵਾਰ ਜੋ ਰੁਝਾਨ ਫਿਲਹਾਲ ਦਿਖਾਈ ਦੇ ਰਿਹਾ ਹੈ, ਉਸ ਵਿੱਚ ਕਿਸਾਨ ਫ਼ੈਸਲਾਕੁੰਨ ਭੂਮਿਕਾ ਵਿਚ ਦਿਖਾਈ ਦੇ ਰਹੇ ਹਨ, ਜੋ ਕਿ ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ ਤੇ ਤੇਲੰਗਾਨਾ ਵਿੱਚ ਬਹੁਗਿਣਤੀ ਵੋਟਰ ਵੀ ਹਨ। ਦੱਸਣਯੋਗ ਹੈ ਕਿ ਮੱਧ ਪ੍ਰਦੇਸ਼ ਦੀ 72.4 ਫ਼ੀਸਦੀ ਆਬਾਦੀ ਕਿਸਾਨੀ ਨਾਲ ਜੁੜੀ ਹੋਈ ਹੈ ਅਤੇ ਲਗਭਗ ਇਹੀ ਹਾਲ ਛੱਤੀਸਗੜ੍ਹ (70 ਫ਼ੀਸਦੀ), ਰਾਜਸਥਾਨ (62 ਫ਼ੀਸਦੀ) ਅਤੇ ਤੇਲੰਗਾਨਾ (60 ਫ਼ੀਸਦੀ) ਦਾ ਹੈ। ਇਸ ਦੇ ਬਾਵਜੂਦ ਖੇਤੀ ਦਾ ਕੁੱਲ ਰਾਜ ਘਰੇਲੂ ਉਤਪਾਦ (ਜੀ.ਐਸ.ਡੀ.ਪੀ.) 'ਚ ਹਿੱਸਾ ਕਿਸਾਨਾਂ ਦੀ ਗਿਣਤੀ ਦੀ

(ਬਾਕੀ ਸਫ਼ਾ 31 'ਤੇ)

# ਭਾਰਤੀ ਸੱਤਾ ਉੱਪਰ ਅਪਰਾਧੀ ਕਾਬਜ਼ ਕਿਉਂ ?



**ਮੋਹਨ ਸ਼ਰਮਾ**

ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼ ਨੇ ਲੋਕ ਸਭਾ ਅਤੇ ਰਾਜ ਸਭਾ ਦੀਆਂ ਕੁੱਲ 776 ਸੀਟਾਂ ਵਿੱਚੋਂ 763 ਸੰਸਦ ਮੈਂਬਰਾਂ ਦੇ ਹਲਫ਼ਨਾਮੇ ਦਾ ਵਿਸ਼ਲੇਸ਼ਣ ਕੀਤਾ ਹੈ, ਜਿਸ ਅਨੁਸਾਰ ਵਰਤਮਾਨ 40 ਫੀਸਦੀ ਸੰਸਦ ਮੈਂਬਰਾਂ ਉੱਤੇ ਅਪਰਾਧਿਕ ਮਾਮਲੇ ਦਰਜ ਹਨ। ਇਨ੍ਹਾਂ ਵਿੱਚੋਂ 25 ਫੀਸਦੀ ਸਾਂਸਦਾਂ ਉੱਤੇ ਕਤਲ, ਕਤਲ ਦੀ ਕੋਸ਼ਿਸ਼, ਅਗਵਾ ਅਤੇ ਔਰਤਾਂ ਖ਼ਿਲਾਫ਼ ਅਪਰਾਧਾਂ ਦੇ ਦੋਸ਼ਾਂ ਤਹਿਤ ਮਾਮਲੇ ਦਰਜ ਹਨ। ਸੰਸਦ ਮੈਂਬਰਾਂ ਦੀ ਔਸਤ ਜਾਇਦਾਦ 38.33 ਕਰੋੜ ਹੈ ਅਤੇ 17 ਫੀਸਦੀ ਅਰਬਪਤੀ ਸਾਂਸਦ ਦੇਸ਼ ਦੇ ਰਹਿਨੁਮਾ ਹਨ। ਉਪਰੋਕਤ ਸਥਿਤੀ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸੰਸਦ ਦੀ ਡਿਉਢੀ ਪਾਰ ਕਰਨ ਲਈ ਪੈਸਾ, ਬਾਹੂਬਲ, ਦਾਅ-ਪੇਚ, ਅਪਰਾਧੀਕਰਨ, ਸਿਆਸੀ ਗੱਠਜੋੜ ਅਤੇ ਚੋਲਾ ਬਦਲਣ ਵਾਲੀ ਸੋਚ ਦਾ ਹੋਣਾ ਜ਼ਰੂਰੀ ਹੈ। ਦਿਆਨਤਦਾਰ, ਵਾਅਦੇ ਦੇ ਪੱਕੇ, ਹੋਰਾਂ ਦੇ ਦੁੱਖ ਦਰਦ ਨੂੰ ਆਪਣੇ ਪਿੰਡਿਆਂ 'ਤੇ ਹੰਢਾਉਣ ਵਾਲੇ ਲੋਕ-ਨਾਇਕਾਂ ਦੀ ਕੋਈ ਪੁੱਛ-ਗਿੱਛ ਨਹੀਂ।

ਆਜ਼ਾਦੀ ਪ੍ਰਾਪਤ ਕਰਨ ਲਈ 127 ਦੇਸ਼ ਭਗਤਾਂ ਨੇ ਹੱਸ ਕੇ ਫਾਂਸੀ ਦਾ ਰੱਸਾ ਚੁੰਮਿਆ। 2626 ਦੇਸ਼ ਭਗਤਾਂ ਨੇ ਉਮਰ ਕੈਦ ਭੋਗਦਿਆਂ ਤਸੀਹੇ ਝੱਲੇ ਪਰ ਸਰਸਰੀ ਨਜ਼ਰ ਮਾਰਦਿਆਂ ਉਨ੍ਹਾਂ ਦੇਸ਼ ਭਗਤਾਂ ਦੇ ਵਾਰਸਾਂ ਵਿੱਚੋਂ ਕੋਈ ਐੱਮ.ਪੀ. ਜਾਂ ਐੱਮ.ਐੱਲ.ਏ. ਨਜ਼ਰ ਨਹੀਂ ਆਉਂਦਾ। ਬਾਹੂਬਲ, ਪੈਸਾ ਅਤੇ ਅਪਰਾਧਿਕ ਪਿਛੋਕੜ ਵਾਲੇ ਸਿਆਸੀ ਆਗੂਆਂ ਪ੍ਰਤੀ ਇਸ ਤਰ੍ਹਾਂ ਕਿਹਾ ਗਿਆ ਹੈ:

ਚੋਰ ਉਚੱਕੋ ਕੀ ਕਰੋ ਕਦਰ, ਕਿ ਮਾਲੂਮ ਨਹੀਂ,
ਕੌਣ, ਕਬ, ਕੌਣਸੀ ਸਰਕਾਰ ਮੇਂ ਆ ਜਾਏਗਾ।

(ਰਾਹਤ ਇੰਦੌਰੀ)



ਇੱਕ ਸਰਵੇਖਣ ਵਿੱਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਅੰਗਰੇਜ਼ਾਂ ਨੇ ਭਾਰਤ ਉੱਤੇ ਲਗਭਗ 200 ਸਾਲ ਰਾਜ ਕੀਤਾ ਅਤੇ ਅੰਦਾਜ਼ਨ 1 ਲੱਖ ਕਰੋੜ ਲੁੱਟ ਕੇ ਲੈ ਗਏ। ਦੂਜੇ ਪਾਸੇ ਆਜ਼ਾਦੀ ਦੇ 76 ਸਾਲਾਂ ਬਾਅਦ ਸਿਆਸੀ ਲੋਕਾਂ ਦਾ ਜੋ ਸਵਿੱਸ ਬੈਂਕ ਵਿੱਚ ਕਾਲਾ ਧੰਨ ਜਮ੍ਹਾਂ ਹੈ ਉਹ 286 ਲੱਖ ਕਰੋੜ ਤੱਕ ਪੁੱਜ ਗਿਆ ਹੈ ਅਤੇ ਇਸ ਲੁੱਟੀ ਰਕਮ ਨਾਲ ਦੇਸ਼ ਦਾ 30 ਸਾਲਾਂ ਦਾ ਬੱਜਟ ਬਿਨਾਂ ਟੈਕਸ ਤੋਂ ਪੇਸ਼ ਕੀਤਾ ਜਾ ਸਕਦਾ ਹੈ ਅਤੇ ਹਰ ਭਾਰਤੀ ਨਾਗਰਿਕ ਨੂੰ 2000 ਰੁਪਏ ਪ੍ਰਤੀ ਮਹੀਨਾ ਦੇਣ ਨਾਲ ਇਹ ਰਾਸ਼ੀ 6 ਸਾਲਾਂ ਵਿੱਚ ਖਤਮ ਹੋਵੇਗੀ।

ਇਸ ਵੇਲੇ ਸਿਆਸਤ ਇੱਕ ਵਪਾਰ ਅਤੇ ਵੋਟਰ ਇਸਦੀ ਮੰਡੀ ਬਣ ਗਏ ਹਨ। ਇਹ ਪ੍ਰਸ਼ਨ ਵੀ ਲੋਕਾਂ ਦੇ ਮਨਾਂ ਅੰਦਰ ਧੁਖਦਾ ਹੈ ਕਿ ਜੇਕਰ ਸਿਆਸਤ ਇੱਕ ਸੇਵਾ ਹੈ ਤਾਂ ਤਨਖਾਹ, ਭੱਤੇ ਅਤੇ ਬੇਸ਼ੁਮਾਰ ਹੋਰ ਸਹੂਲਤਾਂ ਕਿਉਂ? ਅਤੇ ਜੇਕਰ ਇਹ ਨੌਕਰੀ ਹੈ, ਫਿਰ ਯੋਗਤਾ ਕਿਉਂ ਨਹੀਂ? ਲੋਕਰਾਜ ਦਾ ਇਹ ਦੁਖਾਂਤ ਹੀ ਹੈ ਕਿ ਗ੍ਰੈਜੂਏਟ, ਪੋਸਟ ਗ੍ਰੈਜੂਏਟ, ਪੀ.ਐੱਚ.ਡੀ. ਇੰਜਨੀਅਰ, ਡਾਕਟਰ ਅਤੇ ਹੋਰ ਉੱਚ ਯੋਗਤਾ ਪ੍ਰਾਪਤ ਨਾਗਰਿਕ ਅੰਗੂਠਾ ਛਾਪ ਜਾਂ ਕੁਝ ਪੜ੍ਹੇ-ਲਿਖੇ ਅਪਰਾਧਿਕ ਪਿਛੋਕੜ ਵਾਲੇ ਰਾਜਸੀ ਆਗੂਆਂ ਤੋਂ ਚੰਗੇ ਭਵਿੱਖ ਦੀ ਖ਼ੈਰਾਤ ਮੰਗਦੇ ਹਨ। ਦੇਸ਼ ਵਿੱਚ ਜਿੰਨਾ ਵੀ ਸਰਮਾਇਆ ਪੈਦਾ ਹੁੰਦਾ ਹੈ ਉਸ ਦਾ 40 ਫੀਸਦੀ ਹਿੱਸਾ ਸਿਰਫ਼ ਇੱਕ ਫੀਸਦੀ ਲੋਕ ਹੀ ਹਜ਼ਮ ਕਰ ਜਾਂਦੇ ਹਨ। 50 ਫੀਸਦੀ ਲੋਕਾਂ ਨੂੰ ਉਸ ਦਾ 3 ਫੀਸਦੀ ਹੀ ਮਿਲਦਾ ਹੈ। ਦੂਜੇ ਪਾਸੇ 50 ਫੀਸਦੀ ਲੋਕਾਂ ਕੋਲੋਂ ਸਰਕਾਰ ਜੀ.ਐੱਸ.ਟੀ. ਵਸੂਲਦੀ ਹੈ। ਜਦੋਂ ਕਿ ਦੇਸ਼ ਦੇ 10 ਫੀਸਦੀ ਸਭ ਤੋਂ ਮਾਲਦਾਰ ਲੋਕ ਸਿਰਫ਼ 3 ਫੀਸਦੀ ਜੀ.ਐੱਸ.ਟੀ. ਦਿੰਦੇ ਹਨ। ਕਰਜ਼ਿਆਂ ਹੇਠ ਦੱਬੀ ਕਿਰਸਾਨੀ, ਸੜਕਾਂ 'ਤੇ ਦਨਦਨਾਉਂਦੀ ਬੇਰੁਜ਼ਗਾਰੀ, ਅਖੌਤੀ ਵਿੱਦਿਅਕ ਅਦਾਰੇ, ਘਰ-ਘਰ ਮੌਤ ਦਾ ਫਰਮਾਨ ਵੰਡਦੇ ਨਸ਼ੇ ਦੇ ਵਿਉਪਾਰੀ, ਡਿਗਰੀਆਂ ਵੰਡਦੇ ਅਖੌਤੀ ਵਿੱਦਿਅਕ ਅਦਾਰੇ, ਦਵਾਈਆਂ ਦਾ ਵਪਾਰ ਕਰਕੇ ਬਿਮਾਰੀਆਂ ਵੰਡਣ ਵਾਲਾ ਮਾਫੀਆ, ਧੀਆਂ ਦੀ ਰਾਖੀ ਕਰਨ ਵਾਲੇ ਬਾਬਲਾਂ ਦਾ ਕਤਲ, ਦਿਨ ਦਿਹਾੜੇ ਧੀਆਂ ਦਾ ਉਧਾਲਾ, ਫਿਰੌਤੀਆਂ, ਲੁੱਟਾਂ-ਖੋਹਾਂ, ਨਿਰਦੋਸ਼ਾਂ ਦਾ ਕਤਲ ਅਤੇ ਪਰਵਾਸ ਕਾਰਨ ਭਾਰਤੀਆਂ ਦੀ ਕੱਖੋਂ ਹੌਲੀ ਅਤੇ ਪਾਣੀਓਂ ਪਤਲੀ ਸਥਿਤੀ 'ਤੇ ਪ੍ਰਸ਼ਨ ਚਿੰਨ੍ਹ ਲੱਗਿਆ ਹੋਇਆ ਹੈ। ਸੱਚ-ਮੁੱਚ ਭਾਰਤੀ ਨਾਗਰਿਕਾਂ ਦਾ ਵੱਡਾ ਹਿੱਸਾ ਭੁੱਖ, ਖਾਲੀ ਜੇਬ ਅਤੇ ਗੁਰਬਤ ਦੀ ਜ਼ਿੰਦਗੀ ਹੰਢਾਉਂਦਿਆਂ ਆਪਣੀਆਂ ਰੀਝਾਂ ਨੂੰ ਛਿਕਲੀ ਪਾ ਕੇ ਜੀਵਨ ਬਤੀਤ ਕਰ ਰਿਹਾ ਹੈ। ਗੰਨਮੈਨਾਂ ਨਾਲ ਘਿਰੇ ਸਿਆਸੀ ਲੋਕ ਆਮ ਲੋਕਾਂ ਤੋਂ ਕੋਹਾਂ ਦੂਰ ਹਨ।

ਇੱਕ ਪਾਸੇ ਦੇਸ਼ ਦੀ ਵਿਕਾਸ ਦਰ 7 ਫੀਸਦੀ ਦੇ ਨੇੜੇ-ਤੇੜੇ ਹੈ ਪਰ ਦੂਜੇ ਪਾਸੇ ਸਿਆਸੀ ਆਗੂਆਂ ਦੀ ਚੱਲ-ਅਚੱਲ ਜਾਇਦਾਦ 70 ਫੀਸਦੀ ਤਕ ਵਧਣ ਦੀਆਂ ਤਲਖ਼ ਹਕੀਕਤਾਂ ਸਾਹਮਣੇ ਆ ਰਹੀਆਂ ਹਨ। ਅਥਾਹ ਜ਼ਮੀਨਾਂ, ਪੈਟਰੋਲ ਪੰਪ, ਬੱਸਾਂ ਦਾ ਕਾਰੋਬਾਰ, ਕੇਬਲ ਕਾਰੋਬਾਰ, ਸਨਅਤਾਂ ਵਿੱਚ ਹਿੱਸੇਦਾਰੀ, ਪੰਜ ਤਾਰਾ ਹੋਟਲ, ਵੱਖ ਵੱਖ ਤਰ੍ਹਾਂ ਦੇ ਮਾਫ਼ੀਆ ਗਰੁੱਪਾਂ ਨਾਲ ਭਾਈਵਾਲੀ ਅਤੇ ਸਰਪ੍ਰਸਤੀ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਦੇਸ਼ ਦੀ ਗਰੀਬੀ ਗਰੀਬਾਂ ਕਾਰਨ ਨਹੀਂ, ਸਗੋਂ ਦੇਸ਼ ਨੂੰ ਦੋਨਾਂ ਹੱਥਾਂ ਨਾਲ ਲੁੱਟਣ ਵਾਲਿਆਂ ਕਰਕੇ ਹੈ। ਇੱਕ ਪਾਸੇ ਚਾਰ-ਚਾਰ ਮਹਿੰਗੀਆਂ ਕਾਰਾਂ ਕੋਠੀ ਦਾ ਸ਼ਿੰਗਾਰ ਬਣੀਆਂ ਹੋਈਆਂ ਹਨ ਅਤੇ ਦੂਜੇ ਪਾਸੇ ਕੁੱਲੀ, ਗੁੱਲੀ ਅਤੇ ਜੁੱਲੀ ਲਈ ਤਰਸਦੇ ਲੋਕਾਂ ਦੀ ਗ਼ਰੀਬੀ ਤੇ ਪੜਦਾ ਪਾਉਣ ਲਈ ਬਾਹਰਲੇ ਦੇਸ਼ਾਂ ਦੇ ਸਿਰਕੱਢ ਆਗੂਆਂ ਦੀ ਆਮਦ ਸਮੇਂ ਝੁੱਗੀਆਂ ਦੁਆਲੇ ਕੰਧ ਕੱਢ ਕੇ ਗਰੀਬੀ ਨੂੰ ਛੁਪਾਉਣ ਦਾ ਯਤਨ ਕੀਤਾ ਜਾਂਦਾ ਹੈ। ਮਕਬੂਲ ਸ਼ਾਇਰ ਮੁਨੱਵਰ ਰਾਣਾ ਦੇ ਸ਼ਬਦਾਂ ਵਿੱਚ:

ਸਿਆਸਤ ਇਸ ਹੁਨਰਮੰਦੀ ਸੇ ਸਚਾਈ ਛੁਪਾਤੀ ਹੈ।
ਜੈਸੇ ਸਿਸਕੀਓਂ ਕੀ ਆਵਾਜ਼ ਸ਼ਹਿਨਾਈ ਛੁਪਾਤੀ ਹੈ।

ਦੂਜੇ ਪਾਸੇ ਦੇਸ਼ ਦੀ ਰਾਜਸੀ ਵਿਰਾਸਤ 'ਤੇ ਨਜ਼ਰ ਮਾਰਦਿਆਂ ਇੱਕ ਅਜਿਹੀ ਸਖ਼ਸ਼ੀਅਤ ਵੀ ਸਾਹਮਣੇ ਆਉਂਦੀ ਹੈ, ਜਿਸ ਨੇ ਰਾਜਨੀਤਿਕ ਖੇਤਰ ਵਿੱਚ ਲੋਕ ਸੇਵਾ ਨੂੰ ਹੀ ਜ਼ਿੰਦਗੀ ਦਾ ਮਿਸ਼ਨ ਬਣਾਇਆ। ਉਹ ਪਿਆਰੀ ਸ਼ਖਸੀਅਤ ਦੋ ਦਹਾਕੇ ਪੰਜਾਬ ਦਾ ਐੱਮ.ਐੱਲ.ਏ ਰਹੀ। 1960 ਦੇ ਨੇੜੇ-ਤੇੜੇ ਪੰਜਾਬ ਦੇ ਮਾਲ ਮੰਤਰੀ ਵਜੋਂ ਵੀ ਸੇਵਾ ਕੀਤੀ। ਇੱਕ ਲੋਹੇ ਦਾ ਟਰੰਕ ਅਤੇ ਕੁਝ ਪਾਉਣ ਵਾਲੇ ਸਾਧਾਰਣ ਕੱਪੜੇ ਉਸ ਦਾ ਜੀਵਨ ਸਰਮਾਇਆ ਸੀ। ਮਾਲ ਮੰਤਰੀ ਹੁੰਦਿਆਂ ਇੱਕ ਵਾਰ ਸ਼ਾਮ ਦੇ ਸਮੇਂ ਆਪਣੇ ਦਫ਼ਤਰ ਵਿੱਚ ਮੋਮਬੱਤੀ ਦੇ ਚਾਨਣ ਵਿੱਚ ਉਹ ਕਿਸੇ ਨੂੰ ਖ਼ਤ ਲਿਖ ਰਿਹਾ ਸੀ। ਕਿਸੇ ਮਿਲਣ ਵਾਲੇ ਦੇ ਪੁੱਛਣ 'ਤੇ ਕਿ ਤੁਸੀਂ ਬਿਜਲੀ ਦੀ ਰੋਸ਼ਨੀ ਵਿੱਚ ਪੱਤਰ ਕਿਉਂ ਨਹੀਂ ਲਿਖ ਰਹੇ ਤਾਂ ਉਸ ਸ਼ਖਸੀਅਤ ਦਾ ਜਵਾਬ ਸੀ, ਜਦੋਂ ਮੈਂ ਸਰਕਾਰੀ ਕੰਮ ਕਰਦਾ ਸੀ, ਉਸ ਸਮੇਂ ਬਿਜਲੀ ਦੀ ਵਰਤੋਂ ਕਰਦਾ ਰਿਹਾ। ਪਰ ਹੁਣ ਖ਼ਤ ਦੋਸਤ ਨੂੰ ਲਿਖ ਰਿਹਾ ਹਾਂ ਅਤੇ ਸਰਕਾਰੀ ਬਿਜਲੀ ਵਰਤਣ ਦਾ ਮੈਨੂੰ ਕੋਈ ਹੱਕ ਨਹੀਂ। ਲੋਕਾਂ ਦੀਆਂ ਤਕਲੀਫ਼ਾਂ ਦੂਰ ਕਰਨ ਲਈ ਉਹ ਹਰ ਸੰਭਵ ਯਤਨ ਕਰਦਾ ਰਿਹਾ। ਪੰਜਾਬ ਦੀਆਂ ਵਿਕਾਸ ਮੁਖੀ ਯੋਜਨਾਵਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ

(ਬਾਕੀ ਸਫ਼ਾ 31 'ਤੇ)

# ਨਿਹੰਗ ਸਿੰਘਾਂ ਨੇ ਗੱਡੇ ਦਾ ਨਾਮ ਜਹਾਜ਼ ਕਿਉਂ ਰੱਖਿਆ ?



ਗਿ. ਸੰਤੋਖ ਸਿੰਘ
ਆਸਟਰੇਲੀਆ





ਗੁਰੂ ਕੀਆਂ ਲਾਡਲੀਆਂ ਫੌਜਾਂ, ਨਿਹੰਗ ਸਿੰਘ, ਆਪਣੇ ਅਲਬੇਲੇ ਸੁਭਾ ਅਨੁਸਾਰ, ਗੱਡੇ ਨੂੰ ਹਵਾਈ ਜਹਾਜ਼ ਆਖਦੇ ਹਨ ਜਿਵੇਂ ਝੋਟੇ ਨੂੰ ਹਾਥੀ। ਹੋਰ ਵੀ ਉਹਨਾਂ ਨੇ ਸੰਸਾਰੀ ਵਸਤਾਂ ਦੇ, ਚੜ੍ਹਦੀਕਲਾ ਦੇ ਲਖਾਇਕ, ਨਵੇਂ ਚੁਣ ਕੇ ਨਾਂ ਰੱਖੇ ਹੋਏ ਹਨ; ਜਿਵੇਂ, ਰੇਲ ਗੱਡੀ ਦਾ ਨਾਂ ਭੂਤਨੀ ਤੇ ਇਸ ਦੇ ਇੰਜਣ ਦਾ ਤੇਜਾ ਸਿੰਘ; ਪਰ ਏਥੇ ਨਿਹੰਗ ਸਿੰਘਾਂ ਦੇ ਗੜਗੱਜ ਬੋਲਿਆਂ ਦੇ ਵਿਸਥਾਰ ਵਿੱਚ ਨਾ ਜਾ ਕੇ, ਗੱਡੇ ਤੇ ਹਵਾਈ ਜਹਾਜ਼ ਦੇ ਸਬੰਧ ਵਿੱਚ ਇੱਕ ਆਪਣੇ ਨਾਲ਼ ਵਾਪਰੀ ਘਟਨਾ, ਪਾਠਕਾਂ ਨਾਲ਼ ਸਾਂਝੀ ਕਰਨ ਲੱਗਾ ਹਾਂ।

ਪੰਜ ਛੇ ਦਹਾਕੇ ਪਹਿਲਾਂ ਪੇਂਡੂ ਕਿਸਾਨੀ ਵਿੱਚ ਗੱਡਾ ਇਕ ਬਹੁਤ ਹੀ ਮਹੱਤਵਪੂਰਣ ਵਾਹਨ ਹੁੰਦਾ ਸੀ। ਹਰੇਕ ਸਰਦੇ ਪੁੱਜਦੇ ਕਿਸਾਨ ਦੇ ਪਾਸ ਇਹ ਹੁੰਦਾ ਸੀ। ਜਿਸ ਪਾਸ ਆਪਣਾ ਗੱਡਾ ਨਾ ਹੋਵੇ ਤਾਂ ਵੇਲ਼ੇ ਕੁਵੇਲ਼ੇ ਉਹ ਕਿਸੇ ਦੂਸਰੇ ਪਾਸੋਂ ਹੁਦਾਰ (ਉਧਾਰ ਨਹੀਂ) ਮੰਗਣਾ ਪੈਂਦਾ ਸੀ।

ਇਸ ਬਾਰੇ ਇਕ ਲੋਕ ਕਥਾ ਵੀ ਇਉਂ ਹੈ:

ਇਕ ਕਿਸਾਨ, ਜਿਸ ਪਾਸ ਆਪਣਾ ਗੱਡਾ ਨਹੀਂ ਸੀ, ਦੂਜੇ ਪਾਸੋਂ ਹੁਦਾਰਾ ਮੰਗਣ ਲਈ ਗਿਆ। ਗੱਡੇ ਦੇ ਮਾਲਕ ਨੇ ਗੱਡਾ ਵਰਤਣ ਲਈ ਦੇਣਾ ਨਾ ਚਾਹਿਆ ਤੇ ਆਖਿਆ, ਭਾਊ, ਗੱਡਾ ਤਾਂ ਭਾਵੇਂ ਤੂੰ ਲੈ ਹੀ ਜਾਂਦਾ ਪਰ ਗੱਡੇ ਨਾਲ ਤਾਂ ਕੱਟਾ ਬੱਧਾ ਹੋਇਆ ਵਾ। ਤੇ ਕੱਟਾ ਖੋਹਲ ਕੇ ਆਪਾਂ ਕਿੱਲੇ ਨਾਲ਼ ਬੰਨ੍ਹ ਦਿੰਨੇ ਆਂ। ਗੱਡਾ ਮੰਗਣ ਵਾਲ਼ੇ ਨੇ ਸਮੱਸਿਆ ਦਾ ਸੌਖਾ ਹੀ ਹੱਲ ਦੱਸ ਦਿੱਤਾ। ਇਹ ਸੁਣ ਕੇ ਅੱਗੋਂ ਗੱਡੇ ਦੇ ਮਾਲਕ ਨੇ ਮੂੰਹ ਵਿੱਚ ਹੀ ਬੁੜ ਬੁੜ ਜਿਹੀ ਕੀਤੀ, ਜਿਸ ਦਾ ਮਤਲਬ ਸੀ, ਲੋਕੀਂ ਵੀ ਕਿੰਨੇ ਕਮਲ਼ੇ ਹੋ ਗਏ ਨੇ ਕਿ ਸਿੱਧੀ ਗੱਲ ਹੀ ਨਹੀਂ ਸਮਝਦੇ। ਏਥੋਂ ਇਹ ਮਿਸਾਲ ਹੀ ਚੱਲ ਪਈ ਕਿ ਜਦੋਂ ਕਿਸੇ ਨੂੰ ਕਿਸੇ ਗੱਲੋਂ ਨਾਂਹ ਕਰਨੀ ਹੋਵੇ ਤਾਂ ਨਿਗੂਣਾ ਜਿਹਾ ਬਹਾਨਾ ਲਾ ਦਿੱਤਾ ਜਾਂਦਾ ਹੈ। ਸਿਆਣੇ ਇਸ ਜਵਾਬ ਦੀ ਗੱਡੇ ਨਾਲ਼ ਕੱਟਾ ਬੰਨ੍ਹਣ ਨਾਲ਼ ਤੁਲਨਾ ਕਰ ਦਿੰਦੇ ਹਨ। ਇਸ ਲਈ 'ਗੱਡੇ ਨਾਲ਼ ਕੱਟਾ ਬੱਧਾ ਹੋਇਆ' ਦੀ ਅਖੌਤ ਪੰਜਾਬ ਦੇ ਪੇਂਡੂ ਕਿਸਾਨੀ ਸਮਾਜ ਵਿੱਚ ਪ੍ਰਚੱਲਤ ਹੈ।

ਪਿਛਲੇ ਕੁਝ ਸਮੇਂ ਤੋਂ ਹਰੇ ਇਨਕਲਾਬ ਨਾਲ਼ ਆਈ ਪੰਜਾਬ ਦੇ ਕਿਸਾਨਾਂ ਵਿਚ ਬਾਹਰੋਂ ਦਿਸਦੀ ਖੁਸ਼ਹਾਲੀ ਕਰਕੇ, ਗੱਡਿਆਂ ਦੀ ਥਾਂ ਟਰੈਕਟਰ ਟਰਾਲੀਆਂ ਆ ਗਏ ਹਨ; ਇਸ ਲਈ ਹੁਣ ਗੱਡੇ ਦੀ ਲੋੜ ਨਹੀਂ ਰਹੀ। ਇਸ ਤੋਂ ਵੀ ਅੱਗੇ ਵਧ ਕੇ, ਪੇਂਡੂ ਸੂਝ ਨੇ ਇਕ 'ਘੜੁਕਾ' ਨਾਮੀ ਵਾਹਨ ਵੀ ਈਜਾਦ ਕਰ ਲਿਆ ਹੈ। ਸੁਰਜੀਤ ਪਾਤਰ ਦੀ ਕਵਿਤਾ ਦੀਆਂ ਇਹ ਦੋ ਲਾਈਨਾਂ ਹੁਣ ਬਹੁਤ ਪਿੱਛੇ ਰਹਿ ਚੁੱਕੇ ਸਮੇਂ ਉਪਰ ਝਾਤ ਪੁਆਉਂਦੀਆਂ ਹਨ:

ਪਿੰਡੀਂ ਜਿਨ੍ਹਾਂ ਦੇ ਗੱਡੇ ਚੱਲਣ ਨਾਲ਼ ਚੱਲੇ ਸਰਦਾਰੀ।

ਸ਼ਹਿਰ 'ਚ ਆ ਕੇ ਬਣ ਜਾਂਦੇ ਨੇ ਬੱਸ ਦੀ ਇੱਕ ਸਵਾਰੀ।

ਗੱਲ ਕਰ ਲਈਏ ਅਗਸਤ 1975 ਦੀ। ਮੈ ਅਫ਼ਰੀਕਾ ਅਤੇ ਯੂਰਪ ਦੇ ਕੁਝ ਮੁਲਕਾਂ ਵਿਚਦੀ ਘੁੰਮਦਾ ਘੁੰਮਾਉਂਦਾ ਹੋਇਆ, ਜੁਲਾਈ ਵਿੱਚ ਵਲੈਤ ਜਾ ਵੜਿਆ।

ਮੇਰੇ ਕੋਲ਼ ਲੰਡਨੋਂ ਦਿੱਲੀ ਤੱਕ ਜਾਪਾਨ ਏਅਰ ਲਾਈਨ ਦੀ 345 ਪੌਂਡਾਂ ਦੀ ਟਿਕਟ ਸੀ ਪਰ ਓਥੋਂ ਆਰੀਆਨਾ ਅਫ਼ਗਾਨ ਏਅਰ ਲਾਈਨ ਦੀ ਟਿਕਟ 80 ਪੌਂਡਾਂ ਦੀ ਆ ਜਾਂਦੀ ਸੀ। ਸੌਦੇਬਾਜ਼ੀ ਕਰਨ ਨਾਲ਼ ਦੋ ਕੁ ਪੌਂਡ ਹੋਰ ਵੀ ਸਸਤੀ ਮਿਲ਼ ਜਾਂਦੀ ਸੀ। ਜਦੋਂ ਅੰਮ੍ਰਿਤਸਰ ਵਿੱਚ 80 ਪੌਂਡਾਂ ਦੀ ਟਿਕਟ ਨਾਲ਼ ਜਾਇਆ ਜਾ ਸਕਦਾ ਸੀ ਤਾਂ ਫਿਰ ਮੇਰਾ ਸਿਰ ਫਿਰਿਆ ਸੀ ਕਿ ਮੈਂ 335 ਪੌਂਡ ਖ਼ਰਚ ਕੇ ਪਹਿਲਾਂ ਦਿੱਲੀ ਜਾਂਦਾ ਤੇ ਓਥੋਂ ਫਿਰ ਖ਼ੱਜਲ਼ ਖੁਆਰ ਹੋ ਕੇ ਅੰਮ੍ਰਿਤਸਰ ਅੱਪੜਦਾ! ਸੋ ਮੈਂ ਪਹਿਲੀ ਟਿਕਟ ਵਾਪਸ ਮਲਾਵੀ, ਸ. ਪੂਰਨ ਸਿੰਘ ਸਿੱਧੂ ਨੂੰ ਭੇਜ ਕੇ ਲਿਖ ਦਿੱਤਾ ਕਿ ਉਹ ਸਬੰਧਿਤ ਟਰੈਵਲ ਏਜੰਟ ਤੋਂ ਇਸ ਦਾ ਰੀਫ਼ੰਡ ਕਰਵਾ ਲਵੇ ਤੇ ਆਪ 80 ਪੌਂਡ ਦੀ, ਗਰੀਨ ਐਵੇਨਿਊ, ਸਾਊਥਾਲ ਵਾਲ਼ੇ, ਸ. ਹਰਭਜਨ ਸਿੰਘ ਬੱਲ ਤੋਂ ਖ਼ਰੀਦ ਕੇ ਗੀਸੇ ਵਿੱਚ ਪਾਈ। ਕੁਝ ਲੋਕ ਆਖਣ ਕਿ ਇਸ ਏਅਰ ਲਾਈਨ ਦੀ ਸਰਵਿਸ ਨਹੀਂ ਵਧੀਆ ਹੁੰਦੀ। ਇਹ ਰਸਤੇ ਵਿੱਚ ਖਾਣ ਪੀਣ ਦੀ ਠੀਕ ਸੇਵਾ ਨਹੀਂ ਕਰਦੇ ਵਗੈਰਾ। ਮੈਂ ਆਖਿਆ ਕਿ ਮੈਨੂੰ ਤਾਂ ਟਿਕਟ ਸਸਤੀ ਚਾਹੀਦੀ ਹੈ, ਭਾਵੇਂ ਪਾਣੀ ਨਾ ਦੇਣ ਪੀਣ ਨੂੰ ਤੇ ਭਾਵੇਂ ਜਹਾਜ਼ ਦੀ ਛੱਤ 'ਤੇ ਬਹਾ ਕੇ ਲੈ ਜਾਣ।

ਇਹ ਅਫ਼ਗਾਨਿਸਤਾਨ ਮੁਲਕ ਦੀ ਏਅਰ ਲਾਈਨ ਹੁੰਦੀ ਸੀ। ਹੁਣ ਪਤਾ ਨਹੀਂ, ਹੈ ਕਿ ਜਾਂ ਨਹੀਂ। ਇਹ ਲੰਡਨੋਂ ਆਪਣੇ ਸਵਾਰਾਂ ਨੂੰ ਚੁੱਕਦੀ ਸੀ ਤੇ ਰਾਤ ਉਹਨਾਂ ਨੂੰ ਕਾਬਲ ਦੇ ਹੁਮਾਯੂੰ ਹੋਟਲ ਵਿੱਚ ਰੱਖ ਕੇ, ਅਗਲੇ ਦਿਨ ਓਥੋਂ ਦਿੱਲੀ ਵਾਲ਼ਿਆਂ ਨੂੰ ਦਿੱਲੀ ਅਤੇ ਅੰਮ੍ਰਿਤਸਰ ਵਾਲਿਆਂ ਨੂੰ, ਛੋਟੇ ਜਿਹੇ ਜਹਾਜ਼ ਵਿੱਚ ਬਹਾ ਕੇ, ਅੰਮ੍ਰਿਤਸਰ ਲੈ ਜਾਂਦੀ ਸੀ।

ਜਿਥੋਂ ਤੱਕ ਜਹਾਜ਼ ਵਿੱਚ ਸੇਵਾ ਦਾ ਸਬੰਧ ਹੈ ਉਸ ਬਾਰੇ ਤਾਂ ਇਕ ਮਿਸਾਲ ਹੀ ਕਾਫ਼ੀ ਹੈ। ਮੈਂ ਹੋਸਟੈਸ ਪਾਸੋਂ ਕੋਕ ਦਾ ਡੱਬਾ ਮੰਗਿਆ ਤਾਂ ਉਹ ਇਕ ਨਿੱਕੇ ਜਿਹੇ ਗਲਾਸ ਵਿੱਚ ਪੌਣਾ ਕੁ ਕੋਕਾ ਕੋਲਾ ਪਾ ਕੇ ਲੈ ਆਈ ਜੋ ਮੈਂ ਲੈਣੋ ਨਾਂਹ ਕਰ ਦਿੱਤੀ। ਉਹ ਕੈਪਟਨ ਨੂੰ ਸੱਦ ਲਿਆਈ। ਉਸ ਦੇ ਪੁੱਛਣ 'ਤੇ ਮੈਂ ਦੱਸਿਆ ਕਿ ਮੈਨੂੰ ਕੋਕ ਦਾ ਡੱਬਾ ਚਾਹੀਦਾ ਹੈ; ਇਹ ਗਲਾਸ ਵਿਚਲਾ ਥੋੜ੍ਹਾ ਜਿਹਾ ਕੋਕ ਮੈਂ ਨਹੀਂ ਲੈਣਾ। ਉਸ ਨੇ ਬੰਦ ਡੱਬਾ ਕੋਕ ਦਾ ਨਾ ਦੇਣ ਦਾ ਕਾਰਨ ਇਹ ਦੱਸਿਆ ਕਿ ਕੁਝ ਯਾਤਰੂ ਬੰਦ ਡੱਬਾ ਲੈ ਲੈਂਦੇ ਨੇ ਤੇ ਪੀਂਦੇ ਨਹੀਂ; ਆਪਣੇ ਨਾਲ਼ ਲੈ ਜਾਂਦੇ ਹਨ। ਇਸ ਲਈ ਅਸੀਂ ਗਲਾਸ ਵਿੱਚ ਪਾ ਕੇ ਹੀ ਕੋਕ ਦਿੰਦੇ ਹਾਂ। ਅਖੀਰ ਫੈਸਲਾ ਹੋਇਆ ਕਿ ਉਹ ਵੱਡੇ ਗਲਾਸ ਵਿੱਚ, ਦੋ ਨਿੱਕੇ ਗਲਾਸਾਂ ਜਿੰਨਾ ਕੋਕ ਪਾ ਕੇ ਮੈਨੂੰ ਦੇਣਗੇ ਤੇ ਇਸ ਤਰ੍ਹਾਂ ਉਹਨਾਂ ਨੇ ਕਰ ਦਿੱਤਾ।

ਅਸਲੀ ਗੱਲ ਤਾਂ ਅਜੇ ਕਰਨੀ ਹੈ। ਇਹ ਗੱਲ ਥੋੜ੍ਹੇ ਦਿਨ ਹੋਏ ਇੱਕ ਦਿਨ ਪਰਵਾਰਕ ਇੱਕਠ ਵਿੱਚ ਮੈ ਸੁਣਾ ਬੈਠਾ ਤਾਂ ਮੇਰੇ ਨਿੱਕੇ ਭਰਾ, ਸ. ਹਰਜੀਤ ਸਿੰਘ ਨੇ ਇਸ ਨੂੰ ਲਿਖਤ ਵਿੱਚ ਲਿਆਉਣ ਦੀ ਪ੍ਰੇਰਨਾ ਕੀਤੀ।

ਉਹ ਗੱਲ ਇਉਂ ਹੋਈ: ਇਸ ਏਅਰ ਲਾਈਨ ਦੀ 'ਵਡਿਆਈ' ਏਨੀ ਸੀ ਕਿ ਇਸ ਨੂੰ ਵਲੈਤ ਦੇ ਕਿਸੇ ਹਵਾਈ ਅੱਡੇ ਤੇ ਉੱਤਰਨ/ਚੜ੍ਹਨ ਦੀ ਆਗਿਆ ਨਹੀਂ ਸੀ ਹੁੰਦੀ। ਇਹ ਆਪਣੇ ਸਵਾਰਾਂ ਨੂੰ ਲੰਡਨ ਦੇ ਹੀਥਰੋ ਏਅਰ ਪੋਰਟ ਤੋਂ ਫਰਾਂਸ ਦੀ ਏਅਰ ਲਾਈਨ ਦੇ ਜਹਾਜ਼ ਤੇ ਚੁੱਕ ਕੇ, ਪਹਿਲਾਂ ਪੈਰਿਸ ਲਿਜਾਂਦੇ ਸਨ ਤੇ ਓਥੋਂ ਫੇਰ ਆਪਣੇ ਜਹਾਜ਼ ਉਪਰ ਬੈਠਾ ਕੇ, ਵਾਇਆ ਈਸਤੰਬੋਲ, ਕਾਬਲ ਲੈ ਜਾਂਦੇ ਸਨ। ਰਾਤ ਆਪਣੇ ਖ਼ਰਚ 'ਤੇ ਹਮਾਯੂੰ ਹੋਟਲ ਵਿਚ ਰੱਖ ਕੇ ਓਥੋਂ ਅਗਲੇ ਦਿਨ ਸਵਾਰੀਆਂ ਨੂੰ ਦਿੱਲੀ ਅਤੇ ਅੰਮ੍ਰਿਤਸਰ ਜਾ ਉਤਾਰਦੇ ਸਨ।

ਸਾਨੂੰ ਆਪਣੇ ਸਵਾਰਾਂ ਨੂੰ, ਇਕ ਦਿਨ ਲੌਢੇ ਕੁ ਵੇਲ਼ੇ, ਇਸ ਏਅਰ ਲਾਈਨ ਨੇ, ਫਰਾਂਸੀਸੀ ਏਅਰ ਲਾਈਨ ਦੇ ਜਹਾਜ਼ ਉਪਰ, ਹੀਥਰੋ ਏਅਰਪੋਰਟ ਤੋਂ ਲੱਦਿਆ ਤੇ ਪੈਰਿਸ ਦੇ ਹਵਾਈ ਅੱਡੇ 'ਤੇ ਜਾ ਲਾਹਿਆ। ਓਥੋਂ ਤਕਾਲ਼ਾਂ ਦੇ ਸਮੇਂ ਸਾਨੂੰ ਆਪਣੇ ਵੱਡੇ ਸਾਰੇ ਜਹਾਜ਼ ਉਪਰ ਚੜ੍ਹਾ ਲਿਆ। ਜਹਾਜ਼ ਵਿੱਚ ਸੀਟਾਂ ਏਨੀਆਂ ਖਾਲੀ ਸਨ ਕਿ ਮੈ ਇਕ ਤਿੰਨ ਸੀਟਾਂ ਵਾਲ਼ੀ ਕੁਰਸੀ ਉਪਰ ਲੰਮਾ ਪੈ ਗਿਆ। ਜਹਾਜ਼ ਉੱਡੇ ਨਾ ਤੇ ਖਲੋਤਾ ਘੂੰ ਘੂੰ ਜਿਹੀ ਕਰੀ ਜਾਵੇ। ਕੁਝ ਸਮੇਂ ਬਾਅਦ ਜਹਾਜ਼ ਦਾ ਕੈਪਟਨ ਆਇਆ ਤੇ ਸਾਰੀਆਂ ਸਵਾਰੀਆਂ ਨੂੰ ਕੁਝ ਸਮੇਂ ਲਈ ਪਿਛਲੀਆਂ ਸੀਟਾਂ 'ਤੇ ਚਲੇ ਜਾਣ ਲਈ ਆਖਣ ਲੱਗਾ। ਇਸ ਦਾ ਕਾਰਨ ਉਸ ਨੇ ਇਹ ਦੱਸਿਆ ਕਿ ਜਹਾਜ਼ ਦੇ ਮੋਹਰਲੇ ਹਿੱਸੇ 'ਤੇ ਭਾਰ ਜ਼ਿਆਦਾ ਹੋ ਜਾਣ ਕਰਕੇ ਜਹਾਜ਼ ਉੱਡ ਨਹੀਂ ਰਿਹਾ। ਪਿਛਲੀਆਂ ਸੀਟਾਂ 'ਤੇ ਭਾਰ ਪੈ ਜਾਣ ਕਰਕੇ ਜਹਾਜ਼ ਉੱਡ ਜਾਵੇਗਾ। ਜਦੋਂ ਜਹਾਜ਼ ਉੱਡ ਕੇ ਆਸਮਾਨ ਵਿੱਚ ਚਲਿਆ ਜਾਵੇਗਾ ਤਾਂ ਫਿਰ ਅਸੀਂ ਜਿਹੜੀ ਸੀਟ 'ਤੇ ਚਾਹੀਏ ਬੈਠ ਸਕਦੇ ਹਾਂ। ਇਹ ਗੱਲ ਸੁਣ ਕੇ ਮੈਨੂੰ ਬੜੀ ਹੈਰਾਨੀ ਹੋਈ ਕਿ ਗੱਡੇ ਵਾਲਾ ਅਸੂਲ ਹੀ ਜਹਾਜ਼ ਉਪਰ ਵੀ ਲਾਗੂ ਹੁੰਦਾ ਹੈ। ਨਿੱਕੇ ਹੁੰਦੇ ਜਦੋਂ ਪਿੰਡ ਰਹਿੰਦਿਆਂ ਪੈਲ਼ੀ ਵਿੱਚ ਪੌਣ ਵਾਸਤੇ, ਰੂੜੀ ਟੋਕਰਿਆਂ ਨਾਲ਼ ਗੱਡੇ ਉਪਰ ਲੱਦਣੀ ਤਾਂ ਜਦੋਂ ਗੱਡਾ ਭਰ ਜਾਣਾ ਤਾਂ ਗੱਡੇ ਦੇ ਊਠਣੇ ਨੂੰ ਫੜ ਕੇ, ਉੱਤੇ ਚੁੱਕ ਕੇ ਵੇਖਣਾ ਕਿ ਗੱਡਾ ਦਾਬੂ ਜਾਂ ਉਲਾਰੂ ਤੇ ਨਹੀਂ! ਜੇ ਗੱਡਾ ਦਾਬੂ ਹੋਣਾ ਤਾਂ ਆਖਣਾ ਕਿ ਦੋ ਚਾਰ ਟੋਕਰੇ ਰੂੜੀ ਦੇ, ਗੱਡੇ ਦੇ ਪਿਛਲੇ ਪਾਸੇ ਸੁੱਟੋ। ਜੇ ਉਲਾਰੂ ਹੋਣਾ ਤਾਂ ਆਖਣਾ ਕਿ ਦੋ ਚਾਰ ਟੋਕਰੇ ਅਗਲੇ ਪਾਸੇ ਸੁੱਟੋ। ਇਸ ਸਮੇਂ ਏਹੀ ਕਾਨੂੰਨ ਜਹਾਜ਼ ਉਪਰ ਵੀ ਲਾਗੂ ਹੁੰਦਾ ਵੇਖਿਆ ਤਾਂ ਹੈਰਾਨੀ ਦੀ ਕੋਈ ਹੱਦ ਨਾ ਰਹੀ। ਸ਼ਾਇਦ ਏਸੇ ਕਰਕੇ ਹੀ ਨਿਹੰਗ ਸਿੰਘਾਂ ਨੇ ਗੱਡੇ ਦਾ ਨਾਂ ਜਹਾਜ਼ ਰੱਖ ਦਿੱਤਾ ਹੋਵੇ!

## ਇੱਕ ਵਾਰੀ ਲੰਘਿਆ ਵੇਲਾ.....

# ਕਿਤੇ ਜ਼ਿਆਦਾ ਚੰਗੇ ਸਨ ਅਜੋਕੇ ਪਦਾਰਥਵਾਦੀ ਯੁੱਗ ਨਾਲੋਂ ਪੁਰਾਣੇ ਵੇਲੇ

ਮਨਮੋਹਨ ਸਿੰਘ ਬਾਸਰਕੇ

ਕੁਦਰਤ ਦੇ ਰੰਗ ਨਿਆਰੇ ਹਨ। ਹਰ ਮਾਂ-ਬਾਪ ਬੱਚੇ ਦੀ ਚਾਹਤ ਰੱਖਦਾ ਹੈ। ਬੱਚੇ ਦੀ ਚਾਹਤ ਵੱਡਾ ਹੋਣ ਅਤੇ ਆਲੇ-ਦੁਆਲੇ ਨੂੰ ਸਮਝਣ ਦੀ ਹੁੰਦੀ ਹੈ। ਫਿਰ ਉਹ ਜਵਾਨੀ ਵਿਚ ਪੈਰ ਧਰਦਾ ਹੈ, ਵਿਆਹ ਕਰਵਾ ਕੇ ਗ੍ਰਹਿਸਥੀ ਜੀਵਨ ਮਾਣਦਾ ਹੈ। ਫਿਰ ਬੁਢਾਪਾ ਆਉਂਦਾ ਹੈ ਤੇ ਉਹ ਬਚਪਨ ਅਤੇ ਜਵਾਨੀ ਨੂੰ ਮੁੜ ਮਾਣਨਾ ਲੋਚਦਾ ਹੈ ਪਰ ਪੁਲਾਂ ਹੇਠੋਂ ਲੰਘਿਆ ਪਾਣੀ ਕਦੇ ਵਾਪਸ ਨਹੀਂ ਆਉਂਦਾ। ਮੈਂ ਅੱਜ ਵੀ ਜਦੋਂ ਪਿੱਛੇ ਪਰਤ ਕੇ ਵੇਖਦਾ ਹਾਂ ਤਾਂ ਮੈਨੂੰ ਧੁੰਦਲਾ-ਧੁੰਦਲਾ ਕਈ ਕੁਝ ਯਾਦ ਆਉਂਦਾ ਹੈ। ਕਣਕ ਸਾਂਭਣ ਲਈ ਪਹਿਲਾਂ ਥਰੈਸ਼ਰ ਆਏ, ਤੂੜੀ ਅੱਡ ਤੇ ਦਾਣੇ ਅੱਡ।

ਹੁਣ ਕੰਬਾਈਨਾਂ ਆ ਗਈਆਂ ਹਨ, ਨਾਲੋ-ਨਾਲ ਕਣਕ ਮੰਡੀ ਤੇ ਤੂੜੀ ਆਪਣੇ ਟਿਕਾਣੇ। ਪਹਿਲਾਂ ਕਣਕ ਘਰ ਪੁੱਜਣ ਲਈ ਦੋ-ਦੋ ਮਹੀਨੇ ਲੱਗ ਜਾਂਦੇ ਸਨ। ਪਹਿਲਾਂ ਕਣਕ ਹੱਥੀਂ ਦਾਤਰੀਆਂ ਨਾਲ ਵੱਢਣੀ, ਫਿਰ ਭਰੀਆਂ ਬੰਨ੍ਹ ਕੇ ਇਕੱਠੀਆਂ ਕਰਨੀਆਂ ਤੇ ਫਿਰ ਮਲ੍ਹਏ ਪਾਉਣੇ, ਹਵਾ ਦੀ ਉਡੀਕ ਕਰਨੀ, ਤੰਗਲੀ ਹਵਾ ਵਿਚ ਉਛਾਲਣੀ, ਫਿਰ ਕਣਕ ਅੱਡ ਹੋਣੀ ਤੇ ਤੂੜੀ ਅੱਡ। ਇਸ ਕੰਮ ਵਿਚ ਸਾਰੇ ਟੱਬਰ ਨੇ ਲੱਗੇ ਹੋਣਾ, ਆਦਮੀਆਂ ਨੇ ਖੇਤੀ ਦਾ ਕੰਮ ਕਰਨਾ ਤੇ ਔਰਤਾਂ ਨੇ ਰੋਟੀ-ਟੁੱਕ ਤਿਆਰ ਕਰ ਕੇ ਖੂਹ 'ਤੇ ਲੈ ਕੇ ਆਉਣਾ।

ਮਸ਼ੀਨੀਕਰਨ ਨੇ ਕੰਮ ਸੌਖਾਲਾ ਤਾਂ ਕਰ ਦਿੱਤਾ ਹੈ ਪਰ ਬੰਦਿਆਂ ਨੂੰ ਵਿਹਲੇ ਕਰ ਦਿੱਤਾ ਹੈ। ਪਹਿਲਾਂ ਜਿਹੜਾ ਕੰਮ ਦਸ ਬੰਦੇ ਕਰਦੇ ਸਨ, ਉਹ ਕੰਮ ਹੁਣ ਮਸ਼ੀਨਰੀ ਨਾਲ ਇਕੱਲਾ ਬੰਦਾ ਹੀ ਕਰ ਲੈਂਦਾ ਹੈ। ਪਹਿਲਾਂ ਤਾਂ ਕਿਸਾਨ ਬਲਦਾਂ ਨਾਲ ਹਲ ਵਾਹੁੰਦੇ ਸਨ, ਇਕ ਨੇ ਹਲ ਦਾ ਮੁੰਨਾ ਫੜਿਆ ਹੁੰਦਾ, ਦੂਸਰਾ ਪਿੱਛੇ ਬੀਜ ਕੇਰਦਾ ਪਰ ਹੁਣ ਟਰੈਕਟਰ ਪੈਲੀ ਵਾਹੀ ਵੀ ਜਾਂਦਾ ਹੈ ਅਤੇ ਨਾਲ ਬੀਜ ਵੀ ਕੇਰੀ ਜਾਂਦਾ ਹੈ। ਕੁਝ ਸਮੇਂ ਵਿੱਚ ਹੀ ਕੰਮ ਕਰ ਕੇ ਘਰ ਪਰਤ ਆਉਂਦਾ ਹੈ। ਹੁਣ ਬੰਬੀ ਦਾ ਬਟਨ ਨੱਪ ਕੇ ਘਰ ਆ ਜਾਓ, ਬਿਜਲੀ ਜਾਣ 'ਤੇ ਬੰਬੀ ਆਪ ਹੀ ਬੰਦ ਹੋ ਜਾਣੀ ਹੈ ਅਤੇ ਬਿਜਲੀ ਆਉਣ 'ਤੇ ਆਪ ਹੀ ਚੱਲ ਪੈਣੀ ਹੈ।

ਇਹ ਵੱਖਰੀ ਗੱਲ ਹੈ ਕਿ ਪੰਜਾਬ ਨੂੰ ਜਿੰਨੇ ਟਰੈਕਟਰਾਂ ਦੀ ਲੋੜ ਹੈ, ਓਹਦੇ ਨਾਲੋਂ ਪੰਜਾਬ ਵਿੱਚ ਟਰੈਕਟਰ ਚਾਰ ਗੁਣਾ ਵੱਧ ਹਨ। ਉਹਦਾ ਕਾਰਨ ਇਹ ਹੈ ਕਿ ਲੋਕ ਹੱਥੀਂ ਮਿਹਨਤ ਕਰਨੀ ਨਹੀਂ ਚਾਹੁੰਦੇ, ਉਹ ਮਸ਼ੀਨਰੀ ਦਾ ਆਸਰਾ ਤੱਕਦੇ ਹਨ। ਦੂਸਰਾ ਕਾਰਨ ਇਹ ਵੀ ਹੈ ਕਿ ਹੋਰਨਾਂ ਕੰਮਾਂ ਦੇ ਮੁਕਾਬਲੇ ਬੈਂਕ ਕਿਸਾਨਾਂ ਨੂੰ ਪੈਲੀ ਦੇ ਨੰਬਰ ਲੈ ਕੇ ਟਰੈਕਟਰ ਲਈ ਕਰਜ਼ਾ ਸੌਖਾ ਦੇ ਦੇਂਦੇ ਹਨ। ਹੁਣ ਖੂਹ ਬੀਤੇ ਦੀ ਗੱਲ ਹੋ ਗਏ ਹਨ। ਖੂਹਾਂ ਦੀ ਥਾਂ ਬੰਬੀਆਂ (ਟਿਊਬਵੈੱਲਾਂ) ਨੇ ਲੈ ਲਈ ਹੈ। ਪਹਿਲਾਂ ਖੇਤਾਂ ਨੂੰ ਖੂਹ ਦੇ ਪਾਣੀ ਨਾਲ ਸਿੰਜਿਆ ਜਾਂਦਾ ਸੀ ਜਾਂ ਨਹਿਰੀ ਪਾਣੀ ਲੱਗਦਾ ਸੀ।

ਜਿਸ ਪੈਲੀ ਨੂੰ ਨਹਿਰੀ ਪਾਣੀ ਪੈਣਾ, ਉਸ ਨੂੰ ਚਾਹੀ ਤੇ ਜੋ ਮੀਂਹ ਦੇ ਸਹਾਰੇ ਹੋਣੀ ਉਸ ਨੂੰ ਬੈਰਾਨੀ ਕਿਹਾ ਜਾਣਾ। ਨਹਿਰੀ ਪਾਣੀ ਦੀ ਵਾਰੀ ਨਹਿਰੀ ਵਿਭਾਗ ਵੱਲੋਂ ਨਿਯਤ ਹੁੰਦੀ ਸੀ। ਪਾਣੀ ਦੀ ਵਾਰੀ ਤੋਂ ਝਗੜੇ ਵੀ ਆਮ ਹੁੰਦੇ ਸਨ। ਸਾਨੂੰ ਅੱਜ ਵੀ ਕੱਲ੍ਹ ਵਾਂਗ ਯਾਦ ਹੈ। ਸਾਡੇ ਪਿੰਡ ਦੁਕਾਨਦਾਰ ਲੇਖ ਰਾਜ ਭੱਲਾ ਹੁੰਦਾ ਸੀ। ਉਸ ਦੀ ਆਟਾ ਚੱਕੀ ਸੀ ਅਤੇ ਨਾਲ ਕਰਿਆਨੇ ਦੀ ਦੁਕਾਨ ਵੀ ਸੀ। ਉਸ ਕੋਲ ਕੰਧ 'ਤੇ ਟੰਗਣ ਵਾਲਾ ਵੱਡਾ ਟਾਈਮ ਪੀਸ ਹੁੰਦਾ ਸੀ।

ਪਾਣੀ ਲਾਉਣ ਵਾਲਾ ਹਰ ਵਿਅਕਤੀ ਉਸ ਨੂੰ ਰਾਤ-ਬਰਾਤੇ ਵੀ ਦੁਕਾਨ 'ਤੇ ਆਵਾਜ਼ ਦੇ ਕੇ ਟਾਈਮ ਪੁੱਛਦਾ ਤਾਂ ਕਹਿ ਦੇਂਦਾ ਕਿ ਤੇਰੇ ਟਾਈਮ ਵਿੱਚ ਇੰਨੇ ਮਿੰਟ ਰਹਿ ਗਏ ਹਨ, ਫਟਾਫਟ ਤੁਰਿਆ ਚੱਲ। ਜੋ ਉਸ ਤੋਂ ਟਾਈਮ ਪੁੱਛ ਕੇ ਜਾਂਦੇ, ਉਹ ਉਨ੍ਹਾਂ ਤੋਂ ਹਾੜੀ-ਸਾਉਣੀ 'ਤੇ ਪੀਪਾ-ਪੀਪਾ ਕਣਕ, ਝੋਨੇ ਦਾ ਲੈਂਦਾ। ਫਿਰ ਮੇਜ਼ 'ਤੇ ਰੱਖਣ ਵਾਲੇ ਛੋਟੇ ਟਾਈਮ ਪੀਸ ਆ ਗਏ। ਇਹ ਟਾਈਮ ਪੀਸ ਸਾਡੇ ਘਰ ਵੀ ਹੁੰਦਾ ਸੀ। ਜਦੋਂ ਨੇੜੇ-ਤੇੜੇ ਕਿਸੇ ਨੇ ਅਖੰਡ ਪਾਠ ਕਰਾਉਣਾ ਹੁੰਦਾ ਤਾਂ ਉਹ ਆਪਣੀ ਸਹੂਲਤ ਲਈ ਟਾਈਮ ਪੀਸ ਸਾਡੇ ਘਰੋਂ ਲੈ ਜਾਂਦਾ। ਫਿਰ ਅਜਿਹਾ ਸਮਾਂ ਆਇਆ ਕਿ ਹਰ ਗੁੱਟ 'ਤੇ ਘੜੀ ਸੱਜ ਗਈ ਤੇ ਹੁਣ ਘੜੀਆਂ ਦੀ ਲੋੜ ਵੀ ਮੋਬਾਈਲ ਹੀ ਪੂਰੀ ਕਰ ਦੇਂਦਾ ਹੈ।ਜਦੋਂ ਦੂਰਦਰਸ਼ਨ ਕੇਂਦਰ ਅੰਮ੍ਰਿਤਸਰ ਦਾ 13 ਅਪ੍ਰੈਲ 1974 ਨੂੰ ਖ਼ਾਲਸਾ ਕਾਲਜ ਤੋਂ ਉਦਘਾਟਨ ਸ਼੍ਰੀਮਤੀ ਇੰਦਰਾ ਗਾਂਧੀ ਵੱਲੋਂ ਕੀਤਾ ਗਿਆ ਤਾਂ ਉਸ ਸਮੇਂ ਦੂਰਦਰਸ਼ਨ ਦਾ ਟਾਵਰ ਸਾਡੇ ਪਿੰਡ ਸਥਾਪਤ ਸੀ। ਸਾਡੇ ਪਿੰਡ ਦੇ ਦੋ ਭਰਾ ਇਕਬਾਲ ਸਿੰਘ ਸ਼ਾਹ ਅਤੇ ਪਾਲ ਸਿੰਘ ਸਨ। ਇਹ ਟਾਵਰ ਪਾਲ ਸਿੰਘ ਦੀ ਜ਼ਮੀਨ ਐਕਵਾਇਰ ਕਰ ਕੇ ਸਥਾਪਤ ਕੀਤਾ ਗਿਆ ਸੀ। ਸਾਡੇ ਪਿੰਡ ਬਾਸਰਕੇ ਗਿੱਲਾਂ ਨੂੰ ਪੰਚਾਇਤੀ ਟੀਵੀ ਸਰਕਾਰ ਵੱਲੋਂ ਦਿੱਤਾ ਗਿਆ ਸੀ। ਇਸ ਤੋਂ ਛੇਤੀ ਬਾਅਦ ਹੀ ਅਸੀਂ ਟੈਕਸਲਾ ਟੀਵੀ ਲੈ ਆਂਦਾ। ਫਿਰ ਵੇਖੋ-ਵੇਖੀ ਪਿੰਡ ਵਿੱਚ ਕਈ ਟੀਵੀ ਆ ਗਏ। ਉਦੋਂ ਅਜੇ ਬਲੈਕ ਐਂਡ ਵ੍ਹਾਈਟ ਟੀਵੀ ਹੁੰਦੇ ਸਨ। ਜਦੋਂ ਚਿੱਤਰਹਾਰ ਜਾਂ ਫਿਲਮ ਆਉਣੀ ਤਾਂ ਨਿਆਣਿਆਂ ਨੇ ਵੇਖਣ ਲਈ ਟੀਵੀ ਵਾਲੇ ਘਰ ਇਕੱਠੇ ਹੋ ਜਾਣਾ।

ਉਦੋਂ ਟੀਵੀ ਦੇ ਅੰਟੀਨੇ ਹੁੰਦੇ ਸਨ। ਕਈ ਵਾਰ ਅੰਟੀਨਾ ਸੈੱਟ ਕਰਦਿਆਂ ਹੀ ਪ੍ਰੋਗਰਾਮ ਖ਼ਤਮ ਹੋ ਜਾਣਾ। ਹੁਣ ਲੋਕ ਟੀਵੀ ਦੇ ਪ੍ਰੋਗਰਾਮ ਵੀ ਮੋਬਾਈਲ 'ਤੇ ਹੀ ਵੇਖ ਲੈਂਦੇ ਹਨ। ਸਮੇਂ ਨੇ ਅਜਿਹੀ ਕਰਵਟ ਲਈ ਹੈ ਕਿ ਸਭ ਕੁਝ ਬਦਲ ਗਿਆ ਹੈ। ਪਹਿਲਾਂ ਪਹਿਲਾਂ ਅੰਮ੍ਰਿਤਸਰ ਅਤੇ ਲਾਹੌਰ ਚੈਨਲ ਹੀ ਹੁੰਦੇ ਸਨ ਜਾਂ ਨੈਸ਼ਨਲ ਚੈਨਲ ਦਿੱਲੀ ਸੀ। ਦੂਰਦਰਸ਼ਨ ਜਲੰਧਰ ਵੀ ਬਾਅਦ ਵਿਚ ਬਣਿਆ ਹੈ। ਫਿਰ ਰੰਗਦਾਰ ਟੀਵੀ ਆਏ ਤੇ ਹੁਣ ਚੈਨਲਾਂ ਦੀ ਗਿਣਤੀ ਕਰਨੀ ਹੀ ਔਖੀ ਹੈ। ਰਾਮਾਇਣ, ਸ਼ਕਤੀਮਾਨ, ਚਿੱਤਰਹਾਰ ਅਤੇ ਫਿਲਮਾਂ ਲੋਕਾਂ ਦੇ ਮਨਪਸੰਦ ਦੇ ਪ੍ਰੋਗਰਾਮ ਹੁੰਦੇ ਸਨ।

ਹੁਣ ਦੀ ਪਨੀਰੀ ਨੂੰ ਤਾਂ ਇਹ ਵੀ ਪਤਾ ਨਹੀਂ ਹੋਣਾ ਕਿ ਘਰਾਟ ਕਿਵੇਂ ਕੰਮ ਕਰਦੇ ਸਨ ਅਤੇ ਖਰਾਸ ਕੀ ਹੁੰਦੇ ਸਨ। ਘਰਾਟ ਪਾਣੀ ਨਾਲ ਚੱਲਦੇ ਸਨ ਅਤੇ ਖਰਾਸ ਬਲਦ ਚਲਾਉਂਦੇ ਸਨ। ਜਿਨ੍ਹਾਂ ਦੀ ਥਾਂ ਹੁਣ ਆਟਾ ਚੱਕੀਆਂ ਨੇ ਲੈ ਲਈ ਹੈ। ਘਰਾਟਾਂ ਦਾ ਆਟਾ ਠੰਢਾ ਹੁੰਦਾ ਸੀ।

ਪਹਿਲਾਂ ਸਾਉਣ ਦੇ ਮਹੀਨੇ ਦੀ ਪਿੰਡ ਦੀਆਂ ਮੁਟਿਆਰਾਂ ਅਤੇ ਗੱਭਰੂਆਂ ਨੂੰ ਉਡੀਕ ਹੁੰਦੀ ਸੀ। ਸੱਜ ਵਿਆਹੀਆਂ ਕੁੜੀਆਂ ਵੀ ਸਾਉਣ 'ਚ ਪੇਕੇ ਆਉਂਦੀਆਂ, ਐਤਵਾਰ ਨੂੰ (ਬਾਕੀ ਸਫ਼ਾ 30 'ਤੇ)



# ਇੱਕ ਘਰ ਤੇਰਾ ਜੋੜਿਆ ਮਾਏ....

## ਜ਼ਿੰਦਗੀ 'ਚ ਜ਼ਿਨਾ ਹੱਸੀ, ਓਨਾ ਡੋਲੀ ਵੇਲੇ ਰੋਈ

### ਡੋਲੀ ਚੜ੍ਹਦੀ ਧੀ ਨੂੰ, ਮਾਂ ਦਿੰਦੀ ਮੱਤ






ਇਹ ਇੱਕ ਹਕੀਕਤ ਹੈ ਕਿ ਅੱਲ੍ਹੜ ਤੇ ਭਰ ਜੋਬਨ ਮੁਟਿਆਰਾਂ ਆਪਣੀ ਜ਼ਿੰਦਗੀ ਵਿੱਚ ਜਿੰਨਾ ਹੱਸਦੀਆਂ ਹਨ, ਉਸ ਤੋਂ ਵੱਧ ਉਹ ਲਾਵਾਂ- ਫੇਰਿਆਂ ਤੋਂ ਬਾਅਦ ਪੇਕਿਆਂ ਦੇ ਘਰੋਂ ਸਹੁਰੇ ਘਰ ਜਾਣ ਲਈ ਆਪਣੀ ਡੋਲੀ ਤੁਰਨ ਵੇਲੇ ਰੋਂਦੀਆਂ ਹਨ। ਅਸਲ ਵਿੱਚ ਇਸ ਸਮੇਂ ਵਿਆਂਹਦੜ ਕੁੜੀ ਦੇ ਰੋਣ ਨੂੰ ਵੀ ਇਕ ਸ਼ੁੱਭ ਸ਼ਗਨ ਹੀ ਸਮਝਿਆ ਜਾਂਦਾ ਹੈ। ਆਮ ਲੋਕਾਂ ਦਾ ਪੁਰਾਤਨ ਸਮੇਂ ਤੋਂ ਹੀ ਇਹ ਵਿਸ਼ਵਾਸ ਹੈ ਕਿ ਆਪਣੀ ਡੋਲੀ ਤੁਰਨ ਸਮੇਂ ਵਿਆਂਹਦੜ ਕੁੜੀ ਜਿੰਨਾ ਵੱਧ ਰੋਵੇਗੀ, ਉਹ ਆਉਣ ਵਾਲੀ ਆਪਣੀ ਵਿਆਹੁਤਾ ਜਿੰਦਗੀ ਵਿੱਚ ਓਨਾ ਹੀ ਹੱਸੇਗੀ ਭਾਵ ਖੁਸ਼ ਰਹੇਗੀ। ਇਸ ਤਰਾਂ ਹਰ ਵਿਆਂਹਦੜ ਕੁੜੀ ਦੀ ਨਵੀਂ ਜਿੰਦਗੀ ਦੀ ਸ਼ੁਰੂਆਤ ਉਸ ਕੁੜੀ ਦੇ ਰੋਣ ਨਾਲ ਹੀ ਕੀਤੀ ਜਾਂਦੀ ਹੈ।

ਆਪਣੀ ਡੋਲੀ ਤੁਰਨ ਵੇਲੇ ਹਰ ਨਵ ਵਿਆਹੁਤਾ ਕੁੜੀ ਪਹਿਲਾਂ ਆਪਣੀ ਮਾਂ ਦੇ ਗਲ ਲਗ ਕੇ ਰੋਂਦੀ ਹੈ, ਫਿਰ ਬਾਬਲ ਦੇ ਗਲ ਲੱਗ ਰੋਂਦੀ ਹੈ ਅਤੇ ਉਸ ਵੱਲੋਂ ਲਡਾਏ ਗਏ ਲਾਡਾਂ ਨੂੰ ਯਾਦ ਕਰਦੀ ਹੈ, ਉਸ ਤੋਂ ਬਾਅਦ ਉਹ ਆਪਣੇ ਭੈਣ ਭਰਾਵਾਂ ਦੇ ਗਲ ਲੱਗ ਰੋਂਦੀ ਹੈ। ਇਸ ਸਮੇਂ ਮਾਂ



ਬਾਪ ਭਾਵੇਂ ਉਸ ਨੂੰ ਚੁੱਪ ਰਹਿਣ ਲਈ ਕਹਿਣ ਤੇ ਰੋਣ ਤੋਂ ਰੋਕਦੇ ਹਨ ਪਰ ਅਸਲੀਅਤ ਇਹ ਹੈ ਕਿ ਇਸ ਸਮੇਂ ਨਵ ਵਿਆਹੀ ਮੁਟਿਆਰ ਦੇ ਮਾਪਿਆਂ ਦੇ ਨਾਲ ਨਾਲ ਉਸ ਦੇ ਭੈਣ ਭਰਾਵਾਂ ਦੀਆਂ ਅੱਖਾਂ ਵਿੱਚ ਵੀ ਹੰਝੂ ਹੁੰਦੇ ਹਨ। ਇਸ ਮੌਕੇ ਸ਼ਗਨਾਂ ਨੂੰ ਮਨਾਉਂਦਿਆਂ ਅਤੇ ਸ਼ਗਨਾਂ ਦੇ ਗੀਤ ਗਾਉਂਦਿਆਂ ਵਿਆਹੀ ਕੁੜੀ ਦੀ ਡੋਲੀ ਤੋਰੀ ਜਾਂਦੀ ਹੈ। ਡੋਲੀ ਤੁਰਨ ਸਮੇਂ ਵਿਆਂਹਦੜ ਕੁੜੀ ਚਾਵਲਾਂ ਦੀਆਂ ਮੁੱਠੀਆਂ ਭਰ ਕੇ ਆਪਣੇ ਸਿਰ ਉਪਰ ਦੀ ਆਪਣੇ ਪੇਕਿਆਂ ਦੇ ਘਰ ਵਿੱਚ ਸੁੱਟਦੀ ਜਾਂਦੀ ਹੈ ਤੇ ਪੇਕਿਆਂ ਦਾ ਭਲਾ ਲੋਚਦੀ ਸਹੁਰੇ ਘਰ ਜਾਣ ਲਈ ਤਿਆਰ ਹੋ ਜਾਂਦੀ ਹੈ ਅਤੇ ਆਪਣੀ ਮਾਂ ਨੂੰ ਕਹਿੰਦੀ ਹੈ ਕਿ ਇੱਕ ਘਰ ਤੇਰਾ ਜੋੜਿਆ ਮਾਏ, ਇੱਕ ਘਰ ਹੋਰ ਜੋੜਨ ਚੱਲੀ।

ਇਥੇ ਤਾਂ ਇਹ ਵੀ ਜ਼ਿਕਰਯੋਗ ਹੈ ਕਿ ਉਂਝ ਤਾਂ ਮਾਂ ਆਪਣੀ ਧੀ ਨੂੰ ਸਾਰੀ ਉਮਰ ਹੀ ਸਿੱਖਿਆ ਜਾਂ ਮੱਤ ਦਿੰਦੀ ਰਹਿੰਦੀ ਹੈ ਪਰ ਧੀ ਦੇ ਵਿਆਹ ਸਮੇਂ ਡੋਲੀ ਤੁਰਨ ਤੋਂ ਕੁੱਝ ਸਮਾਂ ਪਹਿਲਾਂ ਮਾਂ ਆਪਣੀ ਧੀ ਨਾਲ ਇਕਾਂਤ ਵਿੱਚ ਕੁੱਝ ਪਲ ਜਰੂਰ ਬੀਤਾਉਂਦੀ ਹੈ। ਇਸ ਸਮੇਂ ਮਾਵਾਂ- ਧੀਆਂ ਜਿੱਥੇ ਗਲ ਲੱਗਕੇ ਵਿਆਹ ਕਾਰਨ ਵਿਛੋੜਾ ਪੈਣ ਕਰਕੇ ਹੰਝੂ ਕੇਰਦੀਆਂ ਹਨ, ਉਥੇ ਹੀ ਮਾਂ ਆਪਣੀ ਧੀ ਇਸ ਸਮੇਂ ਅਹਿਮ ਸਿੱਖਿਆ ਦਿੰਦੀ ਹੈ। ਇਸ ਸਮੇਂ ਮਾਂ ਆਪਣੀ ਧੀ ਨੂੰ ਸਿਖਿਆ ਦਿੰਦੀ ਹੋਈ ਕਹਿੰਦੀ ਹੈ ਕਿ ਸਹੁਰੇ ਘਰ ਵਿੱਚ ਪੈਰ ਪਾਉਂਦੇ ਹੀ ਤੇਰੀ ਅਸਲੀ ਪਰੀਖਿਆ ਹੋਣੀ ਹੈ। ਹਰ ਕੰਮ ਜਿਥੇ ਧਿਆਨ ਨਾਲ ਕਰਨਾ ਹੈ ਉਥੇ ਹਰ ਵਿਅਕਤੀ ਦਾ ਸਤਿਕਾਰ ਬੱਚਿਆ ਨਾਲ ਪਿਆਰ ਕਰਨਾ ਹੈ। ਹਰ ਗਲ ਦਾ ਜੁਆਬ ਬਹੁਤ ਹੀ ਸੋਚ ਸਮਝ ਕੇ ਦੇਣਾ ਹੈ ਕਿਉਂਕਿ ਤੇਰੀ ਗਲ ਸਾਰਿਆਂ ਨੇ ਹੀ ਸੁਣਨੀ ਹੈ।





ਇਸ ਦੇ ਨਾਲ ਹੀ ਇੱਕ ਸਿਆਣੀ ਮਾਂ ਆਪਣੀ ਧੀ ਨੂੰ ਇਹ ਵੀ ਮਤ ਦਿੰਦੀ ਹੈ ਕਿ ਹੁਣ ਵਿਆਹ ਤੋਂ ਬਾਅਦ ਤੂੰ ਆਪਣੀ ਸੱਸ ਵਿਚੋਂ ਹੀ ਮਾਂ ਦਾ ਰੂਪ ਵੇਖੀਂ ਅਤੇ ਉਸ ਦੀ ਹਰ ਆਗਿਆ ਦਾ ਪਾਲਣ ਕਰੀਂ। ਉਸ ਦਾ ਹਰ ਕੰਮ ਖੁਸ਼ ਹੋਕੇ ਕਰੀ। ਨਵੇਂ ਘਰ ਵਿੱਚ ਹਰ ਚੀਜ਼ ਹੀ ਇਕ ਵਾਰ ਤਾਂ ਪਰੀ ਲੱਗਦੀ ਹੈ ਅਤੇ ਰਸੋਈ ਦਾ ਹੀ ਹਿਸਾਬ ਜਿਹਾ ਨਹੀਂ ਆਉਂਦਾ ਅਜਿਹੇ ਸਮੇਂ ਸੱਸ ਹੀ ਕੰਮ ਆਉਂਦੀ ਹੈ। ਜੇ ਕਿਸੇ ਕੰਮ ਦੀ ਜਾਂ ਗੱਲ ਦੀ ਸਮਝ ਨਾ ਲੱਗੇ ਤਾਂ ਆਪਣੀ ਸੱਸ ਨੂੰ ਪੁੱਛ ਲਵੀਂ।

ਇਸ ਤੋਂ ਇਲਾਵਾ ਮਾਂ ਆਪਣੀ ਧੀ ਨੂੰ ਸਿੱਖਿਆ ਦਿੰਦੀ ਹੋਈ ਕਹਿੰਦੀ ਹੈ ਕਿ ਆਪਣੇ ਗਹਿਣੇ ਅਤੇ ਹੋਰ ਕੀਮਤੀ ਸਮਾਨ ਆਪਣੀ ਸੱਸ ਕੋਲ ਹੀ ਸੰਵਾਲ ਦੇਂਵੀ ਕਿਉਂਕਿ ਬਜ਼ੁਰਗਾਂ ਨੂੰ ਹਰ ਚੀਜ਼ ਸੰਭਾਲਣ ਦੀ ਆਦਤ ਜਿਹੀ ਹੁੰਦੀ ਹੈ। ਪੇਕੇ ਆਉਂਦੇ ਸਮੇਂ ਜਿਹੜੇ ਗਹਿਣੇ ਸੱਸ ਆਪਣੀ ਮਰਜ਼ੀ ਨਾਲ ਪਾਉਣ ਨੂੰ ਦੇ ਦੇਵੇ ਉਹ ਹੀ ਪਾ ਕੇ ਆਵੀਂ । ਸਹੁਰੇ ਘਰ ਵਿੱਚ ਕੋਈ ਜਿੱਦ ਨਾ ਕਰੀਂ। ਹਰ ਮਾਂ ਇਹ ਵੀ ਸਿੱਖਿਆ ਧੀ ਨੂੰ ਦਿੰਦੀ ਹੈ ਕਿ ਉਹ ਆਪਣੇ ਪਤੀ ਦੇ ਨਾਲ ਨਾਲ ਸੱਸ ਅਤੇ ਨਣਦਾਂ ਦਾ ਵੀ ਖਿਆਲ ਰੱਖੇ। ਨਣਦਾਂ ਨੂੰ ਭੈਣਾਂ ਸਮਝੇ ਤਾਂ ਘਰ ਵਿੱਚ ਕਦੇ ਵੀ ਕਲੇਸ਼ ਨਹੀਂ ਪਵੇਗਾ। ਨਣਦ ਵੱਲੋਂ ਭਰਜਾਈ ਦੀ ਕਿਸੇ ਚੀਜ਼ ਦੀ ਵਰਤੋਂ ਕਰਨ 'ਤੇ ਗੁੱਸਾ ਨਹੀਂ ਕਰਨਾ ਅਤੇ ਹਰ ਪਾਸੇ ਹੀ ਤਨਾਉ ਰਹਿਤ ਵਾਤਾਵਰਨ ਪੈਦਾ ਕਰਨ ਦਾ ਯਤਨ ਕਰਨਾ ਹੈ।

ਇਹ ਹੈ ਕਿ ਡੋਲੀ ਚੜ੍ਹਦੀ ਧੀ ਨੂੰ ਮਾਂ ਵੱਲੋਂ ਦਿੱਤੀ ਗਈ ਸਿੱਖਿਆ ਹੀ ਉਸ ਦੇ ਸਹੁਰੇ ਘਰ ਵਿੱਚ ਵੱਸਣ ਦੇ ਲਈ ਸਹਾਈ ਹੁੰਦੀ ਹੈ। ਹਰ ਮਾਂ ਨੂੰ ਜਿਥੇ ਧੀ ਦੇ ਡੋਲੀ ਚੜ੍ਹਨ 'ਤੇ ਖੁਸ਼ੀ ਹੁੰਦੀ ਹੈ ਉਥੇ ਉਸ ਦੀ ਆਉਣ ਵਾਲੀ ਜਿੰਦਗੀ ਬਾਰੇ ਇੱਕ ਧੁੜਕੂ ਜਿਹਾ ਵੀ ਲੱਗਿਆ ਰਹਿੰਦਾ ਹੈ। ਉਹ ਸੋਚਾਂ ਵਿੱਚ ਡੁੱਬੀ, ਸ਼ਗਨ ਮਨਾਉਂਦੀ ਆਪਣੀ ਧੀ ਦੀ ਡੋਲੀ ਤੋਰਦੀ ਹੈ। ਇਸ ਦੇ ਨਾਲ ਹੀ ਡੋਲੀ ਵਿੱਚ ਰੋਂਦੀ ਰੋਂਦੀ ਬੈਠੀ ਨਵ ਵਿਆਹੁਤਾ ਦਾ ਸਹੁਰਾ ਘਰ ਜਦੋਂ ਨੇੜੇ ਆਉਣ ਲੱਗਦਾ ਹੈ ਤਾਂ ਉਸ ਦੇ ਮਨ ਵਿੱਚ ਖੁਸ਼ੀ ਦੀ ਲਹਿਰ ਦੌੜ ਜਾਂਦੀ ਹੈ ਤੇ ਉਹ ਆਪਣੀ ਸ਼ੁਰੂ ਹੋਣ ਵਾਲੀ ਜਿੰਦਗੀ ਬਾਰੇ ਜਾਗਦੀਆਂ ਅੱਖਾਂ ਨਾਲ ਹੀ ਸੁਪਨੇ ਲੈਣੇ ਸ਼ੁਰੂ ਕਰ ਦਿੰਦੀ ਹੈ ।





# ਸਰਕਾਰ ਪੰਜਾਬੀ ਬੋਲੀ ਪ੍ਰਤੀ ਸੁਹਿਰਦ ਹੋਵੇ ਤੇ ਰੂਸ ਅਤੇ ਯੂਕਰੇਨ ਤੋਂ ਸਬਕ ਸਿੱਖੇ

**ਮਹਿੰਦਰਪਾਲ ਸਿੰਘ ਧਾਲੀਵਾਲ**






ਪੰਜਾਬੀ ਪੰਜਾਬ ਦੀ ਬੋਲੀ ਹੈ ਤੇ ਪੰਜਾਬ ਦੀ ਹੋਂਦ ਸਦੀਆਂ ਪੁਰਾਣੀ ਹੈ। ਦੁਨੀਆਂ ਦੀਆਂ ਪਹਿਲੀਆਂ ਚਾਰ ਸੱਭਿਆਤਾਵਾਂ ਮੈਸੋਪੋਟੇਮੀਆ, ਮਿਸਰ, ਸਿੰਧ ਘਾਟੀ ਤੇ ਚੀਨ ਦੀਆਂ ਸੱਭਿਆਤਾਵਾਂ ਹਨ। ਸਿੰਧ ਘਾਟੀ ਜੋ ਪੰਜਾਬ ਦਾ ਹਿੱਸਾ ਹੈ ਤੇ ਜਦੋਂ ਖੇਤੀਬਾੜੀ ਨੇ ਲੋਕਾਂ ਲਈ ਇੱਕ ਥਾਂ ਪੱਕੇ ਤੌਰ 'ਤੇ ਰਹਿਣ ਦੀ ਲੋੜ ਪੈਦਾ ਕਰ ਦਿੱਤੀ ਤਾਂ ਉਹ ਉਪਜਾਊ ਜ਼ਮੀਨ ਅਤੇ ਪਾਣੀ ਦੀ ਲੋੜ ਨੂੰ ਮੁੱਖ ਰੱਖ ਕੇ ਆਪਣੇ ਟਿਕਾਣੇ ਤਲਾਸ਼ਣ ਲੱਗੇ। ਸਿੰਧ ਦੇ ਨੇੜੇ-ਤੇੜੇ ਬੈਠਣ ਤੋਂ ਬਾਅਦ ਆਸੇ ਪਾਸੇ ਫੈਲਣ ਲੱਗੇ। ਪਹਿਲਾਂ ਪੰਜਾਬ ਨੂੰ ਸਪਤ ਸਿੰਧੂ ਯਾਨੀ ਸੱਤ ਦਰਿਆਵਾਂ ਦੀ ਧਰਤੀ, ਪੰਚ ਨਾਦ ਤੇ ਫਿਰ ਪੰਜ-ਆਬ ਕਿਹਾ ਜਾਂਦਾ ਸੀ ਤੇ ਹੌਲੀ ਹੌਲੀ ਪੰਜਾਬ ਨਾਮ ਪ੍ਰਚੱਲਿਤ ਹੋ ਗਿਆ। ਵੈਸੇ ਹਿੰਦ ਅਤੇ ਹਿੰਦੂ ਸ਼ਬਦ ਵੀ ਸਿੰਧ ਅਤੇ ਸਿੰਧੂ ਤੋਂ ਹੀ ਬਣਿਆ ਹੈ। ਵੈਦਿਕ ਕਾਲ ਸਮੇਂ ਪੰਜਾਬ ਵਿੱਚ ਇਰਾਨ ਤੇ ਅਫ਼ਗਾਨਿਸਤਾਨ ਦੇ ਕੁਝ ਹਿੱਸੇ ਵੀ ਸ਼ਾਮਲ ਸਨ ਤੇ ਸੱਤ ਦਰਿਆ ਪੰਜਾਬ ਵਿੱਚ ਵਗਦੇ ਸਨ। ਵੈਦਿਕ ਕਾਲ ਦਾ ਸਮਾਂ 3500 ਕੁ ਸਾਲ ਪਹਿਲਾਂ ਦਾ ਮਿਥਿਆ ਜਾਂਦਾ ਹੈ, ਉਸ ਸਮੇਂ ਪੰਜਾਬ ਵਿੱਚ ਦ੍ਰਾਵੜ ਲੋਕ ਰਹਿੰਦੇ ਸਨ। ਸੌ ਕੁ ਸਾਲ ਪਹਿਲਾਂ ਮਹਿੰਜੋਦਾਰੋ ਤੇ ਹੜੱਪਾ ਦੇ ਥੇਹਾਂ ਦੀ ਖੁਦਾਈ ਕਰਨ 'ਤੇ ਇਤਿਹਾਸਕਾਰਾਂ ਨੂੰ ਪਤਾ ਚੱਲਿਆ ਕਿ ਉਸ ਸਮੇਂ ਦਾ ਪੰਜਾਬ ਕਾਫ਼ੀ ਅਮੀਰ ਸੀ। ਲੋਕ ਚੰਗੇ ਹਵਾਦਾਰ ਘਰਾਂ ਵਿੱਚ ਰਹਿੰਦੇ ਸਨ। ਖੇਤੀ ਦੇ ਨਾਲ ਵਪਾਰ ਵੀ ਹੋਂਦ ਵਿੱਚ ਆ ਚੁੱਕਾ ਸੀ। ਪਾਣੀ ਦੇ ਨਿਕਾਸ ਦਾ ਪੁਖਤਾ ਪ੍ਰਬੰਧ ਸੀ। ਅਮੀਰ ਲੋਕ ਵੱਡੇ ਮਹਿਲਾਂ ਵਿੱਚ ਰਹਿੰਦੇ ਸਨ।

ਆਰੀਅਨ ਲੋਕਾਂ ਨੇ ਸਿੰਧ ਘਾਟੀ ਦੇ ਲੋਕਾਂ 'ਤੇ ਹਮਲੇ ਕਰਨੇ ਸ਼ੁਰੂ ਕੀਤੇ ਤੇ ਹੌਲੀ ਹੌਲੀ ਜਿੱਤ ਪ੍ਰਾਪਤ ਕਰਨ ਵਿੱਚ ਕਾਮਯਾਬ ਹੋ ਗਏ। ਕੁਝ ਦ੍ਰਾਵੜ ਲੋਕ ਮਾਰੇ ਗਏ ਤੇ ਕੁਝ ਦੱਖਣ ਵੱਲ ਨੂੰ ਚਲੇ ਗਏ। ਜੋ ਰਹਿ ਗਏ ਉਨ੍ਹਾਂ ਨੂੰ ਆਰੀਅਨਾਂ ਨੇ ਗ਼ੁਲਾਮ ਬਣਾ ਲਿਆ। ਇੰਜ ਜਿੱਥੇ ਆਰੀਅਨ ਅਤੇ ਦ੍ਰਾਵੜਾਂ ਦੇ ਮੇਲ ਨਾਲ ਨਵੀਂ ਨਸਲ ਪੈਦਾ ਹੋਈ ਉਵੇਂ ਹੀ ਨਵੀਂ ਬੋਲੀ ਵੀ ਪੈਦਾ ਹੋਈ ਤੇ ਹੌਲੀ ਹੌਲੀ ਬਦਲਦੀ ਗਈ। ਬੋਲੀ ਚਾਹੇ ਕੋਈ ਵੀ ਹੋਵੇ ਉਸ ਦੇ ਜਿਉਂਦਾ ਰਹਿਣ ਲਈ ਉਸ ਵਿੱਚ ਸਮੇਂ ਅਤੇ ਲੋੜ ਅਨੁਸਾਰ ਤਬਦੀਲੀ ਜ਼ਰੂਰੀ ਹੈ ਤੇ ਹੁੰਦੀ ਰਹਿੰਦੀ ਹੈ। ਗੁਰੂ ਨਾਨਕ ਦੇਵ ਜੀ ਦੇ ਵੇਲੇ ਦੀ ਪੰਜਾਬੀ ਨੂੰ ਸਮਝਣਾ ਅੱਜ ਦੇ ਪੰਜਾਬੀਆਂ ਲਈ ਔਖਾ ਹੈ। ਕੁਝ ਇਤਿਹਾਸਕਾਰਾਂ ਅਨੁਸਾਰ ਪੰਜਾਬੀ ਵੈਦਿਕ ਕਾਲ ਤੋਂ ਹੀ ਬੋਲੀ ਜਾਂਦੀ ਸੀ, ਪਰ ਪੰਜਾਬੀ ਦਾ ਰੂਪ ਬਦਲਦਾ ਰਿਹਾ ਹੈ। ਉਸ ਤੋਂ ਬਾਅਦ ਕਈ ਸਾਰੀਆਂ ਬੋਲੀਆਂ ਪੰਜਾਬ ਅਤੇ ਨੇੜੇ ਦੇ ਵੱਖ ਵੱਖ ਖਿੱਤਿਆਂ ਵਿੱਚ ਪ੍ਰਫੁੱਲਿਤ ਹੋਈਆਂ। ਖੜੀ ਬੋਲੀ, ਅਵਧੀ, ਭੋਜਪੁਰੀ, ਪ੍ਰਕ੍ਰਿਤਕ ਭਾਸ਼ਾ ਆਦਿ ਤੇ ਸੰਸਕ੍ਰਿਤ ਵੀ। ਸੰਸਕ੍ਰਿਤ ਕਿਉਂਕਿ ਆਮ ਲੋਕਾਂ ਦੀ ਭਾਸ਼ਾ ਨਹੀਂ ਸੀ ਬਣਨ ਦਿੱਤੀ ਗਈ ਤੇ ਇਸ ਨੂੰ ਦੇਵਤਿਆਂ ਦੀ ਭਾਸ਼ਾ ਕਿਹਾ ਜਾਂਦਾ ਸੀ, ਇਸ ਲਈ ਇਹ ਪੰਡਤਾਂ ਤੱਕ ਹੀ ਸੀਮਤ ਰਹੀ ਤੇ ਆਮ ਲੋਕਾਂ ਦੀ ਭਾਸ਼ਾ ਨਾ ਬਣ ਸਕੀ। ਜੇ ਕੋਈ ਆਮ ਆਦਮੀ ਇਸ ਬੋਲੀ ਨੂੰ ਸੁਣ ਲੈਂਦਾ ਤਾਂ ਉਸ ਦੇ ਕੰਨਾਂ ਵਿੱਚ ਸਿੱਕਾ ਢਾਲ ਕੇ ਪਾ ਦਿੱਤਾ ਜਾਂਦਾ ਸੀ।

ਇਸਲਾਮ ਦੇ ਪੈਦਾ ਹੋਣ ਨਾਲ ਮਿਡਲ ਈਸਟ ਵਿੱਚ ਬਹੁਤ ਸਾਰੇ ਇਸਲਾਮਕ ਰਾਜੇ ਪੈਦਾ ਹੋ ਗਏ ਤੇ ਉਨ੍ਹਾਂ ਦਿਨਾਂ ਵਿੱਚ ਪੰਜਾਬ ਦੀ ਉਪਜਾਊ ਭੂਮੀ ਤੇ ਸ਼ਾਨਦਾਰ ਮੌਸਮ ਕਾਰਨ ਇਸ ਨੂੰ ਸੋਨੇ ਦੀ ਚਿੜੀ ਵੀ ਕਿਹਾ ਜਾਂਦਾ ਸੀ। ਇਸਲਾਮਿਕ ਰਾਜੇ ਸਮੇਂ ਸਮੇਂ ਪੰਜਾਬ 'ਤੇ ਹਮਲੇ ਕਰਦੇ ਰਹੇ। ਕਦੀ ਪੰਜਾਬ ਨੂੰ ਲੁੱਟ ਕੇ ਵਾਪਸ ਮੁੜ ਜਾਂਦੇ, ਕਦੀ ਕਿਸੇ ਰਾਜੇ ਨੂੰ ਹਰਾ ਦਿੰਦੇ ਤੇ ਕਦੀ ਹਾਰ ਜਾਂਦੇ। ਹੌਲੀ ਹੌਲੀ ਉਨ੍ਹਾਂ ਦੇ ਪੈਰ ਪੰਜਾਬ/ ਭਾਰਤ ਵਿੱਚ ਜੰਮਣ ਲੱਗੇ। ਜਿੰਨੇ ਵੀ ਇਸਲਾਮਿਕ ਰਾਜੇ ਆਏ ਉਨ੍ਹਾਂ ਨੇ ਪੰਜਾਬ ਅਤੇ ਹਿੰਦੁਸਤਾਨ ਦੇ ਲੋਕਾਂ 'ਤੇ ਇਸਲਾਮ ਅਪਨਾਉਣ ਲਈ ਹਰ ਵਸੀਲਾ ਵਰਤਿਆ। ਚਾਹੇ ਉਹ ਲਾਲਚ ਹੋਵੇ ਜਾਂ ਜ਼ੁਲਮ। ਬਾਬਰ ਹਿੰਦੁਸਤਾਨ 'ਤੇ ਰਾਜ ਕਰਨ ਦੀ ਮਨਸ਼ਾ ਨਾਲ ਆਇਆ ਤੇ ਉਸ ਨੇ ਰਾਜ ਕੀਤਾ ਵੀ। ਉਸ ਨੇ ਤੇ ਉਸ ਤੋਂ ਬਾਅਦ ਦੇ ਰਾਜਿਆਂ ਨੇ ਵੀ (ਅਕਬਰ ਨੂੰ ਛੱਡਕੇ) ਇਸਲਾਮ ਦੀ ਪ੍ਰਫੁੱਲਤਾ ਲਈ ਹਰ ਹੱਥਕੰਡਾ ਵਰਤਿਆ।

ਪੰਜਾਬ ਦੀ ਬੋਲੀ ਪੰਜਾਬੀ 'ਤੇ ਇਸਲਾਮਕ ਰਾਜਿਆਂ ਦੀ ਆਮਦ ਕਾਰਨ ਅਰਬੀ ਤੇ ਫ਼ਾਰਸੀ ਨੇ ਪ੍ਰਭਾਵ ਪਾਇਆ।



ਫ਼ਾਰਸੀ ਪੰਜਾਬ ਦੀ ਤੇ ਹਿੰਦੁਸਤਾਨ ਦੀ ਮੁੱਖ ਭਾਸ਼ਾ ਬਣ ਗਈ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵੀ ਫ਼ਾਰਸੀ ਹੀ ਦਫ਼ਤਰਾਂ ਦੀ ਭਾਸ਼ਾ ਸੀ। ਮਹਾਰਾਜਾ ਰਣਜੀਤ ਸਿੰਘ ਭਾਵੇਂ ਪੜ੍ਹਿਆ ਲਿਖਿਆ ਨਹੀਂ ਸੀ, ਪਰ ਕੁਝ ਫ਼ਾਰਸੀ ਬੋਲ ਲੈਂਦਾ ਸੀ। ਗੁਰੂ ਗੋਬਿੰਦ ਸਿੰਘ ਜੀ ਫ਼ਾਰਸੀ ਦੇ ਬਹੁਤ ਚੰਗੇ ਕਵੀ ਸਨ ਤੇ ਉਨ੍ਹਾਂ ਨੇ ਜ਼ਫ਼ਰਨਾਮਾ ਵੀ ਫ਼ਾਰਸੀ ਵਿੱਚ ਲਿਖਿਆ। ਆਮ ਲੋਕਾਂ ਦੀ ਬੋਲੀ ਵਿੱਚ ਵੀ ਫ਼ਾਰਸੀ (ਉਰਦੂ) ਦੇ ਸ਼ਬਦਾਂ ਦੀ ਵੱਡੀ ਮਾਤਰਾ ਵਿੱਚ ਆਮ ਵਰਤੋਂ ਕੀਤੀ ਜਾਂਦੀ ਸੀ।

ਬੋਲੀ ਵਗਦੇ ਪਾਣੀ ਵਾਂਗ ਹੁੰਦੀ ਹੈ। ਜਦੋਂ ਤੱਕ ਬੋਲੀ ਲੋੜ ਅਨੁਸਾਰ ਹੋਰ ਬੋਲੀਆਂ ਦੇ ਸ਼ਬਦਾਂ ਨੂੰ ਜਜ਼ਬ ਕਰਨ ਦੇ ਸਮਰੱਥ ਰਹਿੰਦੀ ਹੈ ਉਦੋਂ ਤੱਕ ਬੋਲੀ ਜਿਉਂਦੀ ਰਹਿੰਦੀ ਹੈ। ਜਦੋਂ ਉਹ ਖੜ੍ਹੇ ਪਾਣੀ ਵਾਂਗ ਖੜੋਤ ਵਿੱਚ ਆ ਜਾਂਦੀ ਹੈ ਤਾਂ ਉਸ ਬੋਲੀ ਦੀ ਮੌਤ ਕੁਦਰਤੀ ਬਣ ਜਾਂਦੀ ਹੈ। ਪੰਜਾਬੀ ਵਿੱਚ ਅਸੀਂ ਕੁਝ ਕੁ ਦਹਾਕੇ ਪਹਿਲਾਂ ਹੀ ਘੜਾ, ਗਾਗਰ, ਚੱਪਣ, ਕਸੋਰਾ, ਬਠਲੀ ਵਰਗੇ ਸ਼ਬਦ ਵਰਤਦੇ ਸੀ ਕਿਉਂਕਿ ਇਹ ਚੀਜ਼ਾਂ ਪੰਜਾਬੀ ਰਸੋਈ ਦਾ ਹਿੱਸਾ ਹੁੰਦੀਆਂ ਸਨ। ਇਸੇ ਤਰ੍ਹਾਂ ਛੰਨਾ, ਬਾਟੀ, ਥਾਲੀ ਆਦਿ ਸ਼ਬਦ ਵੀ ਵਰਤੇ ਜਾਂਦੇ ਸਨ। ਹੁਣ ਇਹ ਚੀਜ਼ਾਂ ਪੰਜਾਬੀ ਰਸੋਈ ਵਿੱਚੋਂ ਅਲੋਪ ਹੋ ਗਈਆਂ ਹਨ। ਇਹ ਹੁਣ ਅੱਜ ਦੇ ਬੱਚਿਆਂ ਲਈ ਕੋਈ ਮਾਅਨੇ ਨਹੀਂ ਰੱਖਦੀਆਂ ਤੇ ਨਾ ਹੀ ਉਨ੍ਹਾਂ ਨੂੰ ਇਨ੍ਹਾਂ ਬਾਰੇ ਗਿਆਨ ਹੈ। ਇਹ ਸ਼ਬਦਕੋਸ਼ ਦਾ ਹਿੱਸਾ ਬਣ ਕੇ ਰਹਿ ਗਈਆਂ ਹਨ। ਇਨ੍ਹਾਂ ਦੀ ਥਾਂ ਗਲਾਸ, ਪਲੇਟ, ਗੈਸ, ਕੱਪ, ਮਾਈਕਰੋਵੇਵ ਆਦਿ ਸ਼ਬਦ ਪੰਜਾਬੀ ਨੇ ਜਜ਼ਬ ਕਰ ਲਏ ਹਨ। ਇਹ ਸਭ ਅੰਗਰੇਜ਼ੀ ਦੇ ਸ਼ਬਦ ਹਨ, ਪਰ ਆਮ ਲੋਕਾਂ ਨੂੰ ਇਹ ਪੰਜਾਬੀ ਦੇ ਹੀ ਲੱਗਦੇ ਹਨ। ਇਵੇਂ ਖੇਤੀ ਦੇ ਸੰਦ, ਗੱਡਾ, ਹਲ, ਪੰਜਾਲੀ ਆਦਿ ਵੀ ਅਲੋਪ ਹੋ ਗਏ ਹਨ ਜਾਂ ਹੋ ਰਹੇ ਹਨ। ਹੁਣ ਟਰੈਕਟਰ, ਟਰਾਲੀ (ਟਰੌਲੀ) ਵਰਗੇ ਸ਼ਬਦ ਵੀ ਲੋਕ ਬੋਲੀ ਦਾ ਹਿੱਸਾ ਬਣ ਗਏ ਹਨ। ਬੱਸ, ਕਾਰ, ਟਰੱਕ, ਮੋਟਰ ਸਾਈਕਲ, ਸਕੂਟਰ ਵਰਗੇ ਅਨੇਕਾਂ ਹੀ ਸ਼ਬਦ ਅੰਗਰੇਜ਼ੀ ਦੇ ਹੋਣ ਦੇ ਬਾਵਜੂਦ ਪੰਜਾਬੀ ਦੇ ਲੱਗਦੇ ਹਨ ਕਿਉਂਕਿ ਹਰ ਵਿਅਕਤੀ ਇਨ੍ਹਾਂ ਦੀ ਵਰਤੋਂ ਮਾਂ ਬੋਲੀ ਵਾਂਗ ਹੀ ਕਰਦਾ ਹੈ।

ਬਹੁਤ ਸਾਰੇ ਸ਼ਬਦਾਂ ਦਾ ਲੋਕ ਆਪਣੇ ਉਚਾਰਣ ਅਤੇ ਲਹਿਜੇ ਅਨੁਸਾਰ ਪੰਜਾਬੀਕਰਨ ਕਰ ਲੈਂਦੇ ਹਨ। ਟਰੌਲੀ ਨੂੰ ਟਰਾਲੀ, ਟਿਊਬਵੈੱਲ-ਟੂਬੈਲ, ਸਵਿਚ-ਸੁੱਚ, ਡਾਕਟਰ-ਡਾਕਦਾਰ, ਹੌਸਪੀਟਲ-ਹਸਪਤਾਲ ਵਰਗੇ ਅਨੇਕਾਂ ਸ਼ਬਦਾਂ ਦਾ ਲੋਕਾਂ ਨੇ ਪੰਜਾਬੀਕਰਨ ਕਰ ਲਿਆ ਹੈ। ਅੱਜਕੱਲ੍ਹ ਕੁਝ ਅਜਿਹੇ ਸ਼ਬਦ ਹਨ ਜੋ ਲੋਕਾਂ ਦੀ ਬੋਲੀ ਦਾ ਬਦਲਦੇ ਹਾਲਾਤ ਨਾਲ ਪੈਦਾ ਹੋਈਆਂ ਸਮੱਸਿਆਵਾਂ ਕਾਰਨ ਹੀ ਹਿੱਸਾ ਬਣ ਗਏ ਜਿਵੇਂ 'ਟੈਨਸ਼ਨ' ਸ਼ਬਦ ਆਮ ਵਰਤਿਆ ਜਾਂਦਾ ਹੈ। ਪ੍ਰਾਬਲਮ, ਪ੍ਰਾਪਰਟੀ ਤੇ ਕਿਸਾਨ ਅੰਦੋਲਨ ਨੇ ਕਾਰਪੋਰੇਟ ਵਰਗੇ ਸ਼ਬਦ ਲੋਕਾਂ ਦੇ ਮੂੰਹ ਚਾੜ੍ਹ ਦਿੱਤੇ ਹਨ। ਬਹੁਤ ਸਾਰੇ ਪੰਜਾਬੀ ਦੇ ਸ਼ਬਦ ਵੀ ਲੋਕਾਂ ਨੂੰ ਸਮਝ ਨਹੀਂ ਆ ਸਕਦੇ ਤੇ ਉਨ੍ਹਾਂ ਦੀ ਥਾਂ ਅੰਗਰੇਜ਼ੀ ਦੇ ਸ਼ਬਦ ਵਰਤਦੇ ਹਨ। ਡਾਕਟਰ ਸ਼ਬਦ ਹਰ ਕਿਸੇ ਨੂੰ ਸਮਝ ਆਉਂਦਾ ਹੈ। ਇਸ ਦੀ ਥਾਂ ਹਕੀਮ ਜਾਂ ਵੈਦ ਸ਼ਬਦ ਕਿਸੇ ਦੇਸੀ ਦਵਾਈਆਂ ਦੇ ਮਾਹਰ ਦਾ ਬਿੰਬ ਉਸਾਰਦਾ ਹੈ। ਚਕਿਤਸਕ ਸ਼ਬਦ ਨੂੰ ਸ਼ਾਇਦ ਪਿੰਡ ਦੇ 90 ਪ੍ਰਤੀਸ਼ਤ ਲੋਕ ਨਾ ਸਮਝਦੇ ਹੋਣ। ਇਵੇਂ ਸੋਸ਼ਲ ਮੀਡੀਆ ਸ਼ਬਦ ਲੋਕਾਂ ਨੂੰ ਸਮਝ ਆਉਂਦਾ ਹੈ ਤੇ ਇਸ ਨਾਲ ਜੁੜੀ ਸ਼ਬਦਾਵਲੀ ਵੀ। ਆਮ ਲੋਕ ਹੀ ਕਹਿੰਦੇ ਹਨ ਐੱਸਐੱਮਐੱਸ ਕਰ ਦੇ, ਲੋਕੇਸ਼ਨ ਭੇਜ ਦੇ। ਫੇਸ ਬੁੱਕ 'ਤੇ ਪੋਸਟ ਆਦਿ ਸ਼ਬਦਾਂ ਦਾ ਮਤਲਬ ਕਿਸੇ ਨੂੰ ਸਮਝਾਉਣ ਦੀ ਲੋੜ ਨਹੀਂ ਪੈਂਦੀ। ਇਹ ਉਨ੍ਹਾਂ ਨੂੰ ਅੰਗਰੇਜ਼ੀ ਦੇ ਸ਼ਬਦ ਹੋਣ ਦੇ ਬਾਵਜੂਦ ਪੰਜਾਬੀ ਦੇ ਹੀ ਲੱਗਦੇ ਹਨ ਤੇ ਨਾ ਹੀ ਉਹ ਸੋਚਦੇ ਹਨ ਕਿ ਇਹ ਕਿਸ ਭਾਸ਼ਾ ਦਾ ਸ਼ਬਦ ਹੈ।

ਬੋਲੀ ਨੂੰ ਲੋਕ ਬਣਾਉਂਦੇ ਹਨ ਤੇ ਸ਼ਬਦਾਂ ਦੀ ਵਰਤੋਂ ਦੀ ਚੋਣ ਵੀ ਉਹੀ ਕਰਦੇ ਹਨ। ਕੋਈ ਭਾਸ਼ਾ ਵਿਗਿਆਨੀ ਜਾਂ ਵਿਦਵਾਨਾਂ ਦੀ ਸ਼ਬਦ ਚੋਣ ਨੂੰ ਉਹ ਮਾਨਤਾ ਨਹੀਂ ਦਿੰਦੇ। ਕਈ ਲੋਕ ਕੁਝ ਕੁ ਪੰਜਾਬੀ ਦੇ ਸ਼ਬਦ ਲੱਭ ਕੇ ਉਨ੍ਹਾਂ ਦੀ ਵਰਤੋਂ ਕਰਕੇ ਆਪਣੇ ਆਪ ਨੂੰ ਪੰਜਾਬੀ ਦੇ ਸੇਵਕ ਹੋਣ ਦਾ ਭਰਮ ਪਾਲਦੇ ਹਨ, ਪਰ ਨਾਲ ਹੀ ਉਨ੍ਹਾਂ ਨੂੰ ਆਪਣੀ ਸ਼ਬਦ ਚੋਣ ਦਾ ਮਤਲਬ ਸਮਝਾਉਣ ਲਈ ਅੰਗਰੇਜ਼ੀ ਦੇ ਸ਼ਬਦਾਂ ਦੀ ਚੋਣ ਕਰਨੀ ਪੈਂਦੀ ਹੈ। ਸੋਚਣ ਵਾਲੀ ਗੱਲ ਹੈ ਕਿ ਜਿਹੜਾ ਸ਼ਬਦ ਲੋਕਾਂ ਨੂੰ ਸਮਝ ਨਾ ਆਵੇ ਕੀ ਉਹ ਉਨ੍ਹਾਂ ਦੀ ਬੋਲੀ ਦਾ ਸ਼ਬਦ ਹੈ ਜਾਂ ਜਿਹੜਾ ਆਮ ਲੋਕਾਂ ਨੂੰ ਸਮਝ ਆਵੇ ਉਹ ਉਨ੍ਹਾਂ ਦੀ ਬੋਲੀ ਦਾ ਸ਼ਬਦ ਹੈ। ਅਜਿਹੇ ਸ਼ਬਦ ਥੋਪਣ ਨਾਲ ਬੋਲੀ ਨੂੰ ਕੋਈ ਫਾਇਦਾ ਨਹੀਂ ਹੁੰਦਾ। ਸੰਭਵ ਹੈ ਇਹ ਕਿਸੇ ਹੱਦ ਤੱਕ ਭੁਲੇਖਾ ਭਾਵੇਂ ਪਾ ਦੇਵੇ।

ਵੈਸੇ ਵੀ ਪੰਜਾਬੀ ਬੋਲੀ ਨੇ ਦਰਜਨ ਤੋਂ ਵੱਧ ਭਾਸ਼ਾਵਾਂ ਦੇ ਸ਼ਬਦਾਂ ਨੂੰ ਜਜ਼ਬ ਕੀਤਾ ਹੈ ਜੋ ਹੁਣ ਸਾਨੂੰ ਪੰਜਾਬੀ ਦੇ ਸ਼ਬਦ ਹੀ ਲੱਗਦੇ ਹਨ। ਜੇ ਉਨ੍ਹਾਂ ਸ਼ਬਦਾਂ ਨੂੰ ਪੰਜਾਬੀ ਵਿੱਚੋਂ ਮਨਫੀ ਕਰ ਦਿੱਤਾ ਜਾਵੇ ਤਾਂ ਸ਼ਾਇਦ ਪੰਜਾਬੀ ਦਾ ਕੋਈ ਵਾਕ ਵੀ ਪੂਰਾ ਨਾ ਹੋ ਸਕੇ। ਵੈਸੇ ਵੀ ਖਾਲਸ ਪੰਜਾਬੀ ਕਿਹੜੀ ਹੈ? ਇਹ ਕਿਸੇ ਖਾਸ ਸਮੇਂ 'ਤੇ ਹੀ ਨਿਰਭਰ ਕਰਦਾ ਹੈ। ਉਸ ਸਮੇਂ ਬੋਲੀ ਜਾਣ ਵਾਲੀ ਭਾਸ਼ਾ ਹੀ ਖਾਲਸ ਹੁੰਦੀ ਹੈ ਚਾਹੇ ਉਸ ਵਿੱਚ ਕਿੰਨੇ ਵੀ ਸ਼ਬਦ ਹੋਰ ਭਾਸ਼ਾਵਾਂ ਦੇ ਹੋਣ ਕਿਉਂਕਿ ਉਹ ਸ਼ਬਦ ਲੋਕਾਂ ਨੇ ਅਪਣਾ ਲਏ ਹੁੰਦੇ ਹਨ। ਵੈਸੇ ਖਾਲਸ ਸ਼ਬਦ ਵੀ ਪੰਜਾਬੀ ਦਾ ਨਹੀਂ ਹੈ।

ਕਿਸੇ ਵੀ ਬੋਲੀ ਨੂੰ ਜਿਉਂਦੇ ਰਹਿਣ ਲਈ ਉਸ ਦੀ ਲਿੱਪੀ ਦਾ ਹੋਣਾ ਜ਼ਰੂਰੀ ਹੈ। ਦੂਸਰਾ ਉਸ ਨੂੰ ਬੋਲਣ, ਸਮਝਣ ਤੇ ਪੜ੍ਹਨ ਲਿਖਣ ਵਾਲੇ ਹੋਣ। ਪੜ੍ਹਿਆ ਲਿਖਿਆ ਤਾਂ ਹੀ ਜਾ ਸਕਦਾ ਹੈ ਜੇ ਲਿੱਪੀ ਉਪਲੱਬਧ ਹੋਵੇ। ਪੰਜਾਬੀ ਦੀ ਲਿੱਪੀ ਗੁਰਮੁਖੀ ਹੈ ਤੇ ਇਸ ਵਿੱਚ ਸੈਂਕੜੇ ਸਾਲਾਂ ਤੋਂ ਸਾਹਿਤ ਸਿਰਜਣਾ ਹੋ ਰਹੀ ਹੈ। ਵੈਸੇ ਪੰਜਾਬੀ ਦਾ ਸਾਹਿਤ ਸ਼ਾਹਮੁਖੀ ਵਿੱਚ ਵੀ ਸਿਰਜਿਆ ਜਾਂਦਾ ਹੈ। ਕੁਝ ਲੋਕ ਸਮਝਦੇ ਹਨ ਕਿ ਗੁਰਮਖੀ ਨੂੰ ਗੁਰੂਆਂ ਨੇ ਹੋਂਦ ਵਿੱਚ ਲਿਆਂਦਾ। ਅਸਲ ਵਿੱਚ ਗੁਰਮਖੀ ਵਿੱਚ ਗੁਰੂ ਨਾਨਕ ਦੇਵ ਤੋਂ ਪਹਿਲਾਂ ਵੀ ਲਿਖਿਆ ਜਾਂਦਾ ਸੀ। ਬਾਬਾ ਕਬੀਰ ਗੁਰੂ ਨਾਨਕ ਦੇਵ ਤੋਂ ਤਕਰੀਬਨ 70 ਸਾਲ ਪਹਿਲਾਂ ਗੁਰਮਖੀ ਵਿੱਚ ਲਿਖ ਚੁੱਕੇ ਸਨ। ਭਾਵੇਂ ਉਦੋਂ ਗੁਰਮਖੀ ਵਿੱਚ ਕੁਝ ਲਗਾਂ ਮਾਤਰਾ ਦੀ ਅਣਹੋਂਦ ਸੀ। ਲੰਡਿਆਂ ਵਿੱਚ ਵੀ ਪੰਜਾਬੀ ਲਿਖੀ ਜਾਂਦੀ ਸੀ ਯਾਨੀ ਕਿਸੇ ਵੀ ਲਗਾਂ ਮਾਤਰਾ ਦੀ ਵਰਤੋਂ ਨਹੀਂ ਸੀ ਹੁੰਦੀ ਤੇ ਪੜ੍ਹਨ ਵਾਲੇ ਨੂੰ ਸ਼ਬਦਾਂ ਦੇ ਮਤਲਬ ਸਮਝਣ ਵਿੱਚ ਔਖ ਹੁੰਦੀ ਸੀ। ਗੁਰੂ ਨਾਨਕ ਦੇਵ ਨੇ ਆਪਣੀ ਸਾਰੀ ਰਚਨਾ ਦੂਸਰੇ ਗੁਰੂ ਜੀ ਨੂੰ ਸੌਂਪ ਦਿੱਤੀ ਸੀ ਤੇ ਇਹ ਸਿਲਸਲਾ ਅੱਗੋਂ ਵੀ ਗੁਰ ਗੱਦੀ ਦੀ ਤਬਦੀਲੀ ਸਮੇਂ ਚੱਲਦਾ ਰਿਹਾ। ਦੂਸਰੇ ਗੁਰੂ ਜੀ ਨੇ ਭਾਸ਼ਾ ਮਾਹਰਾਂ ਦੀ ਮਦਦ ਨਾਲ ਲਿੱਪੀ ਵਿੱਚ ਕੁਝ ਹੋਰ ਸੁਧਾਰ ਲਿਆਂਦਾ ਜਿਵੇਂ ਟਿੱਪੀ, ਅੱਧਕ ਤੇ ਦੁਲਾਵਾਂ ਆਦਿ ਦੀ ਵਰਤੋਂ ਸ਼ੁਰੂ ਕਰਵਾਈ ਜਿਸ ਨਾਲ ਬੋਲੀ ਦੇ ਲਿਖਣ ਅਤੇ ਬੋਲਣ ਵਿੱਚ ਹੋਰ ਵੀ ਨਿਖਾਰ ਤੇ ਸੁਧਾਰ ਆਇਆ।

ਕੁਝ ਕੁ ਗੱਲਾਂ ਵੱਲ ਧਿਆਨ ਦੇਣ ਨਾਲ ਸ਼ਾਇਦ ਪੰਜਾਬ ਦੀ ਜਵਾਨੀ ਅਤੇ ਪੰਜਾਬੀ ਨੂੰ ਫਾਇਦਾ ਹੋ ਸਕਦਾ ਹੈ। ਸਭ ਤੋਂ ਪਹਿਲੀ ਗੱਲ ਤਾਂ ਵਿਦਿਆ ਯਾਨੀ ਸਰਕਾਰੀ ਸਕੂਲਾਂ ਵਿੱਚ ਨਿਵੇਸ਼ ਕਰਨ ਦੀ ਲੋੜ ਹੈ। ਸਰਕਾਰ ਜਿਸ ਤਰ੍ਹਾਂ ਸਕੂਲਾਂ ਨੂੰ ਚਲਾ ਰਹੀ ਹੈ ਉਸ ਤੋਂ ਸਕੂਲਾਂ ਦਾ ਭਵਿੱਖ ਖਤਰੇ ਵਿੱਚ ਲੱਗਦਾ ਹੈ। ਬੱਚਿਆਂ ਨੂੰ ਮੌਜੂਦਾ ਪੜ੍ਹਾਈ ਦੇ ਨਾਲ ਕੁਝ ਹੁਨਰ ਸਿਖਾਉਣ ਦੀ ਲੋੜ ਹੈ। ਬਦਲੇ ਹਾਲਤਾਂ ਵਿੱਚ ਅਮਲੀ ਵਿਦਿਆ ਬਹੁਤ ਜ਼ਰੂਰੀ ਹੈ। ਮਕੈਨਿਕ, ਬਿਜਲੀ, ਪਲੰਬਿੰਗ, ਰਾਜਗਿਰੀ, ਵਪਾਰ ਆਦਿ ਦੀ ਅਮਲੀ ਸਿੱਖਿਆ ਬੱਚਿਆਂ ਨੂੰ ਸਕੂਲਾਂ ਵਿੱਚ ਹੀ ਦਿੱਤੀ ਜਾਵੇ ਤੇ ਅੱਗੇ ਉਹ ਆਪਣੇ ਭਵਿੱਖ ਬਾਰੇ ਖੁਦ ਨਿਰਣਾ ਕਰਨ।

ਸਕੂਲਾਂ ਵਿੱਚ ਜਿਹੜੇ ਪੰਜ ਸੱਤ ਹਜ਼ਾਰ ਦੀਆਂ ਤਨਖਾਹਾਂ 'ਤੇ ਅਧਿਆਪਕ ਭਰਤੀ ਕੀਤੇ ਜਾਂਦੇ ਹਨ ਉਹ ਬੰਦ ਕੀਤੇ ਜਾਣ। ਇਸ ਨਾਲ ਹੀਣੇਪਣ ਦਾ ਅਹਿਸਾਸ ਹੁੰਦਾ ਹੈ। ਪੱਕੀਆਂ ਨੌਕਰੀਆਂ ਪੂਰੀ ਤਨਖਾਹ 'ਤੇ ਦਿੱਤੀਆਂ ਜਾਣ। ਜੇ ਅਧਿਆਪਕਾਂ ਵਿੱਚ ਸਵੈ-ਵਿਸ਼ਵਾਸ, ਸਵੈ-ਸਤਿਕਾਰ ਹੀ ਪੈਦਾ ਨਹੀਂ ਹੋਵੇਗਾ ਤਾਂ ਬੱਚਿਆਂ 'ਤੇ ਵੀ ਇਸ ਦਾ ਨਾਂਹ ਵਾਚਕ ਅਸਰ ਪੈਣਾ ਕੁਦਰਤੀ ਹੈ। ਸਕੂਲਾਂ ਵਿੱਚ ਲੋੜ ਅਨੁਸਾਰ ਉਪਕਰਨ ਦਿੱਤੇ ਜਾਣ ਜਿਵੇਂ ਕੰਪਿਊਟਰ ਆਦਿ। ਜੇ ਸੱਚਮੁੱਚ ਹੀ ਸਰਕਾਰ ਵੀ ਪੰਜਾਬੀ ਬੋਲੀ ਪ੍ਰਤੀ ਸੁਹਿਰਦ ਹੋਵੇ ਤਾਂ ਉਸ ਨੂੰ ਰੂਸ ਅਤੇ ਯੁਕਰੇਨ ਤੋਂ ਸਿੱਖਣਾ ਚਾਹੀਦਾ ਹੈ ਜਿੱਥੇ ਭਾਰਤ ਵਿੱਚੋਂ ਬਹੁਤ ਸਾਰੇ ਵਿਦਿਆਰਥੀ ਸਾਇੰਸ ਅਤੇ ਮੈਡੀਕਲ ਦੀ ਸਿੱਖਿਆ ਲਈ ਜਾਂਦੇ ਹਨ। ਉੱਥੇ ਜਾ ਕੇ ਪਹਿਲਾਂ ਸਥਾਨਕ ਬੋਲੀ ਸਿੱਖਦੇ ਹਨ ਜਿਸ ਦਾ ਪੰਜਾਬ ਜਾਂ ਭਾਰਤੀ ਬੋਲੀਆਂ ਨਾਲ ਨਾਂਹ ਵਰਗਾ ਵਾਹ ਹੈ। ਅੰਗਰੇਜ਼ੀ ਤਾਂ ਸਾਡੇ ਸੰਵਿਧਾਨ ਵਿੱਚ ਵੀ ਮਾਨਤਾ ਪ੍ਰਾਪਤ ਬੋਲੀ ਹੈ। ਉਹ ਵਿਦਿਆਰਥੀ ਸਾਲ ਭਰ ਬੋਲੀ ਸਿੱਖਣ ਬਾਅਦ ਆਪਣੀ ਡਿਗਰੀ ਪੂਰੀ ਕਰਦੇ ਹਨ। ਜੇ ਪੰਜਾਬ ਦੀ ਸਰਕਾਰ ਚਾਹੇ ਤਾਂ ਪੰਜਾਬ ਵਿੱਚ ਵੀ ਉੱਚ ਵਿਦਿਆ ਨੂੰ ਵਪਾਰਕ ਪੱਖ ਤੋਂ ਵੀ ਵਿਕਸਤ ਕੀਤਾ ਜਾ ਸਕਦਾ ਹੈ ਜਿਸ ਨਾਲ ਪੰਜਾਬੀ ਬੋਲੀ ਨੂੰ ਵੀ ਵੱਡਾ ਫਾਇਦਾ ਹੋਵੇਗਾ। ਪਰ ਉਸ ਤੋਂ ਪਹਿਲਾਂ ਬਹੁਤ ਲਗਨ ਤੇ ਮਿਹਨਤ ਨਾਲ ਸਾਇੰਸ ਤੇ ਮੈਡੀਕਲ ਦੀ ਪੰਜਾਬੀ ਸ਼ਬਦਾਵਲੀ ਵਿਕਸਤ ਕਰਨੀ ਪਵੇਗੀ।

ਪੰਜਾਬ ਵਿੱਚ ਇੰਡਸਟਰੀ ਲਗਾਉਣ ਵੱਲ ਧਿਆਨ ਦਿੱਤਾ ਜਾਵੇ। ਲੋਕਾਂ ਤੋਂ ਜ਼ਮੀਨ ਖਰੀਦਣ (ਜੇ ਉਹ ਵੇਚਣਾ ਨਾ ਚਾਹੁਣ ਤਾਂ) ਦੀ ਥਾਂ ਪਟੇ 'ਤੇ ਲਈ ਜਾਵੇ ਤੇ ਉਨ੍ਹਾਂ ਨੂੰ ਜਿੰਨੀ ਕੁ ਆਮਦਨ ਫ਼ਸਲ ਨਾਲ ਹੁੰਦੀ ਹੈ ਉਸ ਅਨੁਸਾਰ ਠੇਕਾ ਦਿੱਤਾ ਜਾਵੇ ਜਿਸ ਵਿੱਚ ਮਹਿੰਗਾਈ ਦੇ ਵਾਧੇ ਅਨੁਸਾਰ ਹੀ ਸਾਲਾਨਾ ਵਾਧਾ ਹੋਵੇ। ਇੰਡਸਟਰੀ ਲਈ ਵਾਤਾਵਰਨ ਦੀ ਭਲਾਈ ਅਤੇ ਸੰਭਾਲ ਲਈ ਸਖ਼ਤ ਕਾਨੂੰਨ ਲਾਗੂ ਹੋਣ ਤੇ ਪ੍ਰਦੂਸ਼ਣ ਟੈਕਸ ਲਗਾਇਆ ਜਾਵੇ ਤਾਂ ਜੋ ਮਾਲਕ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਵੱਲ ਧਿਆਨ ਦੇਣ। ਅਜਿਹੇ ਹੋਰ ਵੀ ਕਦਮ ਉਠਾਏ ਜਾ ਸਕਦੇ ਹਨ, ਪਰ ਲੋਕਾਂ ਨੂੰ ਸਰਕਾਰ 'ਤੇ ਜ਼ੋਰ ਪਾਉਣਾ ਪਵੇਗਾ। ਪੰਜਾਬ ਅਤੇ ਪੰਜਾਬੀ ਦੀ ਭਲਾਈ ਚਾਹੁਣ ਵਾਲਿਆਂ ਨੂੰ ਪਿੰਡ ਪੱਧਰ ਤੋਂ ਅਜਿਹੀਆਂ ਮੰਗਾਂ ਉਠਾਉਣੀਆਂ ਪੈਣਗੀਆਂ ਕਿਉਂਕਿ ਸਾਡੀਆਂ ਸਰਕਾਰਾਂ ਉੱਚੀ ਆਵਾਜ਼ ਸੁਣਨ ਦੀਆਂ ਹੀ ਆਦੀ ਹੋ ਚੁੱਕੀਆਂ ਹਨ।

# ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਮਹਿਫ਼ੂਜ਼ ਸਨ ਹਿੰਦੋਸਤਾਨ ਦੀਆਂ ਸਰਹੱਦਾਂ



ਤਲਵਿੰਦਰ ਸਿੰਘ ਬੁੱਟਰ

ਭਾਰਤ ਦੇ ਨਾਮਵਰ ਸੁਰੱਖਿਆ ਮਾਹਰ ਤੇ ਲੇਖਕ ਅਭੀਜੀਤ ਭੱਟਾਚਾਰੀਆ ਨੇ ਕੁਝ ਸਾਲ ਪਹਿਲਾਂ ਇੱਕ ਲੇਖ ਵਿੱਚ ਬੜੀ ਮਹੱਤਵਪੂਰਨ ਟਿੱਪਣੀ ਕੀਤੀ ਸੀ ਕਿ, 'ਮਹਾਰਾਜਾ ਰਣਜੀਤ ਸਿੰਘ (1799-1839) ਦੇ ਰਾਜ ਨੂੰ ਛੱਡ ਕੇ ਹਿੰਦੋਸਤਾਨ ਦੀਆਂ ਪਵਿੱਤਰ ਸਰਹੱਦਾਂ 'ਤੇ ਵਿਦੇਸ਼ੀ ਹਮਲਿਆਂ ਨੇ ਹਮੇਸ਼ਾ ਹੀ ਭਾਰਤੀ ਇਤਿਹਾਸ ਦੇ ਹੁਕਮਰਾਨਾਂ ਨੂੰ ਸਤਾਇਆ ਹੈ। ਮਹਾਰਾਜਾ ਰਣਜੀਤ ਸਿੰਘ ਦੀ ਜ਼ਿੰਦਗੀ ਅਤੇ ਸਮੇਂ ਦੌਰਾਨ, ਨਾ ਤਾਂ ਅੰਗਰੇਜ਼ਾਂ ਨੇ ਦੱਖਣ ਵੱਲੋਂ ਸਤਲੁਜ ਦਰਿਆ ਪਾਰ ਕਰਨ ਦੀ ਹਿੰਮਤ ਕੀਤੀ, ਨਾ ਅਹਿਮਦ ਸ਼ਾਹ ਅਬਦਾਲੀ ਦੇ ਵਾਰਸਾਂ ਅਤੇ ਨਾ ਹੀ ਲਾਹੌਰ ਵੱਲ ਜਾਣ ਲਈ ਹਮੇਸ਼ਾ ਹੀ ਉਤਾਵਲੇ ਰਹਿਣ ਵਾਲੇ ਅਫ਼ਗਾਨਿਸਤਾਨ ਦੇ ਸਰਦਾਰਾਂ ਨੇ ਸ਼ੇਰ (ਮਹਾਰਾਜਾ ਰਣਜੀਤ ਸਿੰਘ) ਦੀ ਰਾਜਧਾਨੀ (ਲਾਹੌਰ) ਅਤੇ ਇਸ ਤੋਂ ਪਰ੍ਹੇ ਲੱਦਾਖ ਤੱਕ ਝਾਕਣ ਦੀ ਜ਼ੁਰਅਤ ਕੀਤੀ।

ਦੱਰਾ-ਏ-ਖੈਬਰ, ਜਿੱਥੋਂ ਕਿ ਹਮੇਸ਼ਾ ਵਿਦੇਸ਼ੀ ਹਮਲਾਵਰ ਹਿੰਦੋਸਤਾਨ 'ਚ ਪ੍ਰਵੇਸ਼ ਕਰਦੇ ਸਨ, ਤੋਂ ਲੈ ਕੇ ਕਸ਼ਮੀਰ, ਲੱਦਾਖ ਤੇ ਚੀਨ ਤੱਕ 'ਸ਼ੇਰ-ਏ-ਪੰਜਾਬ' ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਵਿਸਥਾਰ ਨੇ ਕੁਦਰਤੀ ਰੂਪ ਵਿੱਚ ਹਿੰਦੋਸਤਾਨ ਨੂੰ ਚੁਫ਼ੇਰਿਓਂ ਵਿਦੇਸ਼ੀ ਹਮਲਾਵਰਾਂ ਤੇ ਧਾੜਵੀਆਂ ਤੋਂ ਸੁਰੱਖਿਆ ਕਵਚ ਮੁਹੱਈਆ ਕਰਵਾਇਆ ਹੋਇਆ ਸੀ। ਇਤਿਹਾਸਕਾਰ ਖ਼ੁਸ਼ਵੰਤ ਸਿੰਘ ਅਨੁਸਾਰ 'ਸ਼ੇਰ-ਏ-ਪੰਜਾਬ' ਦੇ ਵਿਸ਼ਾਲ ਰਾਜ ਸਮੇਂ ਸਲਤਨਤ ਦਾ ਘੇਰਾ 1 ਲੱਖ 45 ਹਜ਼ਾਰ ਵਰਗ ਮੁਰੱਬਾ ਸੀ, ਜਿਸ ਤੋਂ 3 ਕਰੋੜ 24 ਲੱਖ 75000 ਰੁਪਏ ਦੀ ਸਾਲਾਨਾ ਆਮਦਨੀ ਹੁੰਦੀ ਸੀ। ਮਹਾਰਾਜੇ ਦੇ ਵਿਸ਼ਾਲ ਰਾਜ-ਭਾਗ ਦੀ ਗਵਾਹੀ ਸ਼ਾਹ ਮੁਹੰਮਦ ਵੀ ਆਪਣੇ 'ਜੰਗਨਾਮਾ@'ਦੇ ਪੰਜਵੇਂ ਬੰਦ ਵਿੱਚ ਇਉਂ ਭਰਦਾ ਹੈ:

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਖ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ,
ਜੰਮੂ, ਕਾਂਗੜਾ ਕੋਟ, ਨਿਵਾਇ ਗਿਆ।
ਤਿੱਬਤ ਦੇਸ਼ ਲੱਦਾਖ ਤੇ ਚੀਨ ਤੋੜੀਂ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਅੱਛਾ ਰੱਜ ਕੇ ਰਾਜ ਕਮਾਇ ਗਿਆ।

ਮਹਾਰਾਜਾ ਰਣਜੀਤ ਸਿੰਘ ਦੀਆਂ ਜਿੱਤਾਂ ਅਤੇ ਪ੍ਰਾਪਤੀਆਂ ਨੂੰ ਮੁੱਖ ਰੱਖਦਿਆਂ ਇਨ੍ਹਾਂ ਨਾਲ ਸੰਬੰਧਿਤ ਕਾਲ ਨੂੰ ਤਿੰਨ ਹਿੱਸਿਆਂ 'ਚ ਵੰਡ ਦੇ ਬਿਹਤਰੀਨ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ। ਪਹਿਲਾ ਸਮਾਂ ਸੰਨ 1799 ਤੋਂ 1809 ਤੱਕ ਦਾ ਬਣਦਾ ਹੈ, ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਛੋਟੀ ਉਮਰੇ ਕੇਂਦਰੀ ਪੰਜਾਬ 'ਚ ਖ਼ਾਲਸਾ ਰਾਜ ਦੀ ਨੀਂਹ ਰੱਖੀ। ਸ਼ੁਰੂ-ਸ਼ੁਰੂ 'ਚ ਸਤਿਲੁਜ ਅਤੇ ਜਿਹਲਮ ਦਰਿਆਵਾਂ ਦੇ ਦਰਮਿਆਨ ਇਲਾਕੇ 'ਚੋਂ ਕਰ ਇਕੱਠਾ ਕਰਨਾ ਅਤੇ ਆਪਣੀ ਸਰਦਾਰੀ ਕਾਇਮ ਕਰਨੀ ਹੀ ਉਸ ਦੇ ਮੁੱਖ ਨਿਸ਼ਾਨੇ ਸਨ। 'ਸ਼ੇਰ-ਏ-ਪੰਜਾਬ' ਦੀਆਂ ਪ੍ਰਾਪਤੀਆਂ ਦਾ ਦੂਜਾ ਸਮਾਂ ਸੰਨ 1809 ਤੋਂ 1822 ਦਰਮਿਆਨ ਸੀ। ਇਸ ਸਮੇਂ ਦੌਰਾਨ ਉਸ ਨੇ ਪਹਿਲਾਂ ਤੋਂ ਵੀ ਜ਼ਿਆਦਾ ਮਜ਼ਬੂਤੀ ਨਾਲ ਆਪਣਾ ਰਾਜ ਅੱਗੇ ਵਧਾਇਆ ਅਤੇ ਲਾਹੌਰ ਤੱਕ ਖ਼ਾਲਸਈ ਨਿਸ਼ਾਨ ਝੁਲਾ ਕੇ ਸ਼ਕਤੀਸ਼ਾਲੀ ਹਾਕਮ ਬਣ ਗਿਆ। ਇਸ ਤੋਂ ਬਾਅਦ ਉਸ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਤੀਜੇ ਸਮੇਂ ਦੌਰਾਨ ਮਹਾਰਾਜਾ ਰਣਜੀਤ ਸਿੰਘ ਨੇ ਸੰਨ 1824 ਤੋਂ ਸ਼ੁਰੂ ਹੋ ਕੇ 1839 ਵਿਚ ਅਕਾਲ ਚਲਾਣੇ ਤੱਕ ਪਿਸ਼ਾਵਰ ਨੂੰ ਵੀ ਆਪਣੇ ਰਾਜ ਵਿੱਚ ਮਿਲਾ ਲਿਆ। ਇਸ ਸਮੇਂ ਦੌਰਾਨ 'ਸਰਕਾਰ-ਏ-ਖ਼ਾਲਸਾ' ਦੇ ਝੰਡੇ ਦੱਰਾ-ਏ-ਖੈਬਰ ਤੱਕ ਲਹਿਰਾਉਣ ਲੱਗੇ। ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ 40 ਸਾਲਾਂ ਦਰਮਿਆਨ, ਇੱਕ ਮਿਸਲ ਦੇ ਸਰਦਾਰ ਤੋਂ ਆਪਣਾ ਸਫ਼ਰ ਸ਼ੁਰੂ ਕਰਦਿਆਂ ਬਾਦਸ਼ਾਹੀ ਤੱਕ ਦੀ ਮੰਜ਼ਿਲ ਤਹਿ ਕੀਤੀ। ਉਸ ਨੇ ਬਹਾਦਰੀ ਅਤੇ ਦਲੇਰੀ ਨਾਲ ਜਿੱਥੇ ਛੋਟੀਆਂ-ਛੋਟੀਆਂ ਅਤੇ ਕਮਜ਼ੋਰ ਸਿੱਖ ਮਿਸਲਾਂ ਨੂੰ ਇਕੱਠਿਆਂ ਕਰ ਕੇ ਉਨ੍ਹਾਂ ਨੂੰ ਇੱਕ ਤਕੜੇ ਖ਼ਾਲਸਾ ਰਾਜ ਦੇ ਰੂਪ ਵਿੱਚ ਲਿਆਂਦਾ, ਉੱਥੇ ਉਸ ਨੇ ਕਸ਼ਮੀਰ, ਮੁਲਤਾਨ, ਪਿਸ਼ਾਵਰ ਅਤੇ ਹੋਰ ਦੂਜੇ ਮਜ਼ਬੂਤ ਸੁਤੰਤਰ ਮੁਸਲਿਮ ਹਾਕਮਾਂ ਦੇ ਇਲਾਕੇ ਵੀ ਖ਼ਾਲਸਾ ਰਾਜ ਨਾਲ ਮਿਲਾਏ। ਹੁਣ ਉਸ ਦੀ ਹਕੂਮਤ ਉੱਤਰ ਵੱਲੋਂ ਹਿਮਾਲਿਆ ਪਰਬਤ ਤੋਂ ਸ਼ੁਰੂ ਹੋ ਕੇ ਦੱਖਣ ਵੱਲ ਸਿੰਧ ਦੇ ਰੇਗਿਸਤਾਨ ਤੱਕ ਫੈਲੀ ਹੋਈ ਸੀ ਅਤੇ ਪੱਛਮ ਵੱਲ ਸਿੰਧ ਦਰਿਆ ਤੱਕ ਜਾਂਦੀ ਸੀ। 'ਮਹਾਰਾਜਾ ਰਣਜੀਤ ਸਿੰਘ-ਜੀਵਨ ਤੇ ਘਾਲਣਾ' ਪੁਸਤਕ ਦਾ ਲੇਖਕ ਕਿਰਪਾਲ ਸਿੰਘ ਲਿਖਦਾ ਹੈ ਕਿ ਸੰਨ 991 'ਚ ਮਹਾਰਾਜਾ ਜੈ ਪਾਲ ਦੇ ਪੁੱਤਰ ਅਨੰਦਪਾਲ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਇਕਲੌਤਾ ਬਾਦਸ਼ਾਹ ਸੀ, ਜਿਸ ਨੇ ਪਿਛਲੇ 800 ਸਾਲਾਂ ਦਰਮਿਆਨ ਸਿੰਧ ਅਤੇ ਦੱਰਾ-ਏ-ਖੈਬਰ ਵਲੋਂ ਹਿੰਦੋਸਤਾਨ ਵੱਲ ਆਉਂਦੇ ਵਿਦੇਸ਼ੀ ਹਮਲਾਵਰਾਂ 'ਤੇ ਕਾਠੀ ਪਾਈ ਅਤੇ ਉਨ੍ਹਾਂ ਨੂੰ ਹਰਾ ਕੇ ਰਾਜ ਵੀ ਕੀਤਾ।



ਸੰਨ 1834 ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਦਰਬਾਰ ਦੇ ਅਧੀਨ ਜੰਮੂ ਰਿਆਸਤ ਦੀ ਫ਼ੌਜ ਨੇ ਜਰਨੈਲ ਜ਼ੋਰਾਵਰ ਸਿੰਘ ਦੀ ਅਗਵਾਈ ਵਿੱਚ ਲੱਦਾਖ ਨੂੰ ਜਿੱਤ ਕੇ ਖ਼ਾਲਸਾ ਰਾਜ ਦੀਆਂ ਸਰਹੱਦਾਂ ਨਿਪਾਲ ਦੇ ਨਾਲ ਮਿਲਾ ਦਿੱਤੀਆਂ ਸਨ। ਹਾਲਾਂਕਿ ਜਰਨੈਲ ਜ਼ੋਰਾਵਰ ਸਿੰਘ ਉਦੋਂ ਹੀ ਤਿੱਬਤ 'ਤੇ ਹਮਲਾ ਕਰ ਕੇ ਉਸ ਨੂੰ ਵੀ ਸਿੱਖ ਰਾਜ ਵਿੱਚ ਮਿਲਾਉਣਾ ਚਾਹੁੰਦਾ ਸੀ ਪਰ ਮਹਾਰਾਜਾ ਰਣਜੀਤ ਸਿੰਘ ਇਸ ਔਖੇ ਕੰਮ ਲਈ ਹੁੰਗਾਰਾ ਨਹੀਂ ਭਰ ਰਿਹਾ ਸੀ। ਮਹਾਰਾਜਾ ਰਣਜੀਤ ਸਿੰਘ ਦੀ ਸੰਨ 1839 ਵਿੱਚ ਮੌਤ ਹੋ ਗਈ। ਮਹਾਰਾਜਾ ਸ਼ੇਰ ਸਿੰਘ ਦੇ ਰਾਜ-ਕਾਲ ਦੌਰਾਨ ਜੂਨ 1841 ਵਿੱਚ ਜ਼ੋਰਾਵਰ ਸਿੰਘ ਨੇ ਬੇਮਿਸਾਲ ਹਿੰਮਤ, ਬਹਾਦਰੀ ਅਤੇ ਤਾਕਤ ਨਾਲ ਪੱਛਮੀ ਤਿੱਬਤ ਨੂੰ ਜਿੱਤ ਲਿਆ ਅਤੇ ਸਿੱਖ ਰਾਜ ਦੀਆਂ ਸਰਹੱਦਾਂ ਨੂੰ ਨਿਪਾਲ ਨਾਲ ਮਿਲਾ ਦਿੱਤਾ। ਜਰਨੈਲ ਜ਼ੋਰਾਵਰ ਸਿੰਘ ਨੇ ਕੈਲਾਸ਼ ਪਰਬਤ ਤੇ ਮਾਨ ਸਰੋਵਰ ਝੀਲ ਦੇ ਇਲਾਕੇ ਨੂੰ ਵੀ ਸਹਿਜੇ ਹੀ ਫਤਹਿ ਕਰ ਕੇ ਕਾਰਗਿਲ ਦੇ ਉੱਤਰ-ਪੱਛਮ ਵੱਲ ਬਾਲਤਿਸਤਾਨ 'ਤੇ ਕਬਜ਼ਾ ਕਰ ਕੇ ਖ਼ਾਲਸਾ ਰਾਜ ਦੇ ਅਧੀਨ ਕਰ ਦਿੱਤਾ ਸੀ। ਤਿੱਬਤ ਵਿੱਚ 12 ਦਸੰਬਰ ਸੰਨ 1841 ਨੂੰ ਮਾੜੇ ਮੌਸਮ ਵਿੱਚ ਘਿਰਨ ਦੇ ਬਾਵਜੂਦ ਦੁਸ਼ਮਣ ਫ਼ੌਜ ਨਾਲ ਸੂਰਮਗਤੀ ਨਾਲ ਲੜਦਾ ਹੋਇਆ ਜਰਨੈਲ ਜ਼ੋਰਾਵਰ ਸਿੰਘ ਸ਼ਹੀਦ ਹੋ ਗਿਆ। ਜਰਨੈਲ ਜ਼ੋਰਾਵਰ ਸਿੰਘ ਦੀ ਸੂਰਮਗਤੀ ਦੀ ਗਾਥਾ ਇੱਕ ਵੱਖਰਾ ਅਧਿਆਇ ਹੈ।

ਤਿੱਬਤ ਦੇ ਜਿਸ ਇਲਾਕੇ ਬਾਰੇ ਹੁਣ ਚੀਨ ਅਤੇ ਭਾਰਤ ਵਿਚਾਲੇ ਰੇੜਕਾ ਚੱਲ ਰਿਹਾ ਹੈ, ਉਹ ਇਲਾਕਾ ਸੰਨ 1841 ਵਿੱਚ 'ਸ਼ੇਰ-ਏ-ਪੰਜਾਬ' ਦੇ ਰਾਜ ਦਾ ਹਿੱਸਾ ਸੀ, ਜਿਸ ਦੀ ਗਵਾਹੀ ਟਕਲਾਕੋਟ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਜਰਨੈਲ ਜ਼ੋਰਾਵਰ ਸਿੰਘ ਵਲੋਂ ਉਸਾਰਿਆ 'ਜ਼ੋਰਾਵਰ ਕਿਲ੍ਹਾ' ਭਰਦਾ ਹੈ। ਜ਼ੋਰਾਵਰ ਸਿੰਘ ਦੀ ਮੌਤ ਤੋਂ ਕੁਝ ਮਹੀਨੇ ਬਾਅਦ, ਜਦੋਂ ਮੁੜ ਸਿੱਖ ਫ਼ੌਜਾਂ ਨੇ ਤਿੱਬਤ ਵੱਲ ਵਧਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਨੇ ਚੀਨ ਦੀ ਫ਼ੌਜ ਨਾਲ ਸਿੱਧੀ ਟੱਕਰ ਲੈਣੀ ਸ਼ੁਰੂ ਕਰ ਦਿੱਤੀ। ਆਖ਼ਰਕਾਰ2 ਅੱਸੂ ਸੰਮਤ 1899 (1842) ਦੇ ਦਿਨ ਚੀਨ ਅਤੇ 'ਸਿੱਖ ਰਾਜ' ਵਿਚਾਲੇ 'ਚੁਸ਼ੂਲ ਦਾ ਅਹਿਦਨਾਮਾ' ਹੋਇਆ, ਜਿਸ 'ਚ ਚੀਨ ਦੇ ਬਾਦਸ਼ਾਹ ਨਾਲ ਸਮਝੌਤੇ (ਜਿਸ 'ਤੇ ਲ੍ਹਾਸਾ ਦੇ ਕਾਲੋਂਸ ਸੁਕਾਨ ਤੇ ਬਖ਼ਸ਼ੀ ਸਪਜੂ, ਚੀਨ ਦੇ ਬਾਦਸ਼ਾਹ ਦੀਆਂ ਫ਼ੌਜਾਂ ਦੇ ਕਮਾਂਡਰ-ਇਨ-ਚੀਫ਼ ਅਤੇ ਖ਼ਾਲਸਾ ਰਾਜ ਤਰਫ਼ੋਂ ਕਸ਼ਮੀਰ ਦੇ ਰਾਜੇ ਦੇ ਪ੍ਰਤੀਨਿਧ ਹਰੀ ਚੰਦ ਅਤੇ ਵਜ਼ੀਰ ਰਤਨੂੰ ਦੇ ਦਸਤਖ਼ਤ ਹੋਏ ਸਨ) ਤਹਿਤ ਦੋਵਾਂ ਧਿਰਾਂ ਵਿਚਾਲੇ ਇਹ ਸਹਿਮਤੀ ਬਣੀ ਕਿ ਉਹ ਜਿੱਥੇ-ਜਿੱਥੇ ਹਨ, ਉਥੇ-ਉੱਥੇ ਟਿਕੇ ਰਹਿਣ ਅਤੇ ਦੋਵਾਂ ਵਿਚਾਲੇ ਇਕ-ਦੂਜੇ ਦੇ ਇਲਾਕਿਆਂ 'ਚ ਦਖ਼ਲ ਨਾ ਦੇਣ ਦਾ ਫ਼ੈਸਲਾ ਹੋਇਆ।

ਸੰਨ 1977 'ਚ ਮੋਰਾਰਜੀ ਦੇਸਾਈ ਦੀ ਅਗਵਾਈ ਵਾਲੀ ਜਨਤਾ ਪਾਰਟੀ ਦੀ ਕੇਂਦਰ 'ਚ ਸਰਕਾਰ ਬਣੀ ਤਾਂ ਵਿਦੇਸ਼ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਹੱਦਾਂ ਦਾ ਮਸਲਾ ਹੱਲ ਕਰਨ ਲਈ ਚੀਨ ਦਾ ਸਦਭਾਵਨਾ ਦੌਰਾ ਕੀਤਾ। ਉਨ੍ਹਾਂ ਦੇ ਨਾਲ ਪੱਤਰਕਾਰਾਂ ਦੇ ਵਫ਼ਦ 'ਚ ਚੀਨ ਗਏ ਦੇਸ਼ ਦੇ ਪ੍ਰਸਿੱਧ ਸਿਆਸੀ ਕਾਰਕੁੰਨ ਤੇ ਪੱਤਰਕਾਰ ਰਾਜਮੋਹਨ ਗਾਂਧੀ, ਜੋ ਮਹਾਤਮਾ ਗਾਂਧੀ ਦੇ ਪੋਤਰੇ ਹਨ, ਨੇ ਵਾਪਸ ਆ ਕੇ 'ਦਿ ਟ੍ਰਿਬਿਊਨ' ਵਿੱਚ ਇਸ ਦੌਰੇ ਬਾਰੇ ਲੇਖ ਲਿਖਿਆ। ਉਨ੍ਹਾਂ ਪੰਜਾਬ ਦੇ ਸੰਦਰਭ ਦੀ ਬੜੀ ਮਹੱਤਵਪੂਰਨ ਘਟਨਾ ਦਾ ਜ਼ਿਕਰ ਕੀਤਾ, ਜਿਸ ਦਾ ਪੰਜਾਬੀ ਵਿੱਚ ਤਰਜਮਾ ਪ੍ਰੋ. ਹਰਪਾਲ ਸਿੰਘ ਪੰਨੂੰ ਨੇ ਆਪਣੀ ਇੱਕ ਲਿਖਤ ਵਿੱਚ ਇਉਂ ਕੀਤਾ, ਜਦੋਂ ਨਕਸ਼ਾ ਵਿਛਾ ਕੇ ਹੱਦਾਂ ਬਾਬਤ ਵਿਚਾਰ-ਵਟਾਂਦਰਾ ਸ਼ੁਰੂ ਹੋਇਆ ਤਾਂ ਵਾਜਪਾਈ ਨੇ ਤਿੱਬਤ, ਲੇਹ ਅਤੇ ਲੱਦਾਖ ਦੇ ਇਲਾਕਿਆਂ ਉੱਪਰ ਉਂਗਲ ਫੇਰਦਿਆਂ ਕਿਹਾ, 'ਇਹ ਇਲਾਕੇ ਸਾਡੇ ਸਨ, ਇਨ੍ਹਾਂ ਉੱਪਰ ਤੁਹਾਡਾ ਕਬਜ਼ਾ ਨਾਜਾਇਜ਼ ਹੈ। ਚੀਨੀ ਵਿਦੇਸ਼ ਮੰਤਰੀ ਨੇ ਕਿਹਾ, ਨਹੀਂ। ਇਹ ਇਲਾਕੇ ਮਹਾਰਾਜਾ ਰਣਜੀਤ ਸਿੰਘ ਨੇ ਜਿੱਤੇ ਸਨ ਹਿੰਦੋਸਤਾਨ ਨੇ ਨਹੀਂ। ਉਦੋਂ ਸਰਕਾਰ ਖ਼ਾਲਸਾ ਸੀ, ਪੰਜਾਬ ਵੱਖਰਾ ਦੇਸ਼ ਸੀ ਤੇ ਹਿੰਦੋਸਤਾਨ ਵੱਖਰਾ। ਜਦੋਂ ਕਦੀ ਸਰਕਾਰ ਖ਼ਾਲਸਾ ਗੱਲਬਾਤ ਕਰੇਗੀ, ਅਸੀਂ ਸੁਣਾਂਗੇ, ਤੁਹਾਡੇ ਨਾਲ ਗੱਲ ਨਹੀਂ ਹੋ ਸਕਦੀ।



# ਗੁਰਦਾਸ ਮਾਨ : ਅਰਸ਼ ਤੋਂ ਫਰਸ਼ 'ਤੇ

## ਕੈਨੇਡਾ ਵਿੱਚ ਤਿੱਖਾ ਵਿਰੋਧ ਅਤੇ ਸ਼ੋਅ ਮੁਲਤਵੀ ਹੋਣ ਦਾ ਮਾਮਲਾ



ਡਾ. ਗੁਰਵਿੰਦਰ ਸਿੰਘ
ਕੋਆਰਡੀਨੇਟਰ, ਪੰਜਾਬੀ ਸਾਹਿਤ ਸਭਾ ਮੁੱਢਲੀ (ਰਜਿ.)
ਐਬਟਸਫੋਰਡ, ਕੈਨੇਡਾ
singhnewscanada@gmail.com
604-825-1550

ਕਿਸੇ ਸਮੇਂ 'ਪੰਜਾਬੀ ਦਾ ਮਾਣ' ਕਿਹਾ ਜਾਣ ਵਾਲਾ ਗੁਰਦਾਸ ਮਾਨ, ਅੱਜ 'ਪੰਜਾਬੀ ਦਾ ਅਪਮਾਨ' ਕਿਹਾ ਜਾ ਰਿਹਾ ਹੈ। ਗੁਰਦਾਸ ਮਾਨ ਦੇ ਅਰਸ਼ ਤੋਂ ਫਰਸ਼ ਤੇ ਤੱਕ ਦੇ ਸਫ਼ਰ ਦਾ ਲੇਖਾ-ਜੋਖਾ ਕਰਨਾ ਬਣਦਾ ਹੈ। ਕੈਨੇਡਾ ਵਿੱਚ ਗੁਰਦਾਸ ਮਾਨ ਦੇ ਸ਼ੋਆਂ ਦਾ ਵਿਰੋਧ ਲਗਾਤਾਰ ਕਈ ਸਾਲਾਂ ਤੋਂ ਹੋ ਰਿਹਾ ਹੈ, ਪਰ ਇਸ ਵਾਰ ਫੇਰ ਧੱਕੇ ਨਾਲ ਗੁਰਦਾਸ ਮਾਨ ਦੇ ਸ਼ੋਅ ਕਰਵਾਉਣ ਦੀ ਜਿੱਦ ਹੋ ਰਹੀ ਸੀ। ਤਾਜ਼ਾ ਖ਼ਬਰ ਇਹ ਹੈ ਕਿ ਗੁਰਦਾਸ ਮਾਨ ਦੇ ਕੈਨੇਡਾ ਵਿੱਚ ਹੋਣ ਵਾਲੇ ਸ਼ੋਅ ਮੁਲਤਵੀ ਹੋ ਗਏ ਹਨ। ਇਸ ਵਿੱਚ ਜਿੱਥੇ ਸਮੂਹ ਪੰਜਾਬੀਆਂ ਤੇ ਕੈਨੇਡਾ ਵੱਸਦੇ ਪੰਜਾਬੀਆਂ ਦੀ ਵਿਸ਼ੇਸ਼ ਭੂਮਿਕਾ ਹੈ, ਉੱਥੇ ਪਾਕਿਸਤਾਨੀ ਪੰਜਾਬੀ ਭਾਈਚਾਰੇ ਦਾ ਵੀ ਖਾਸ ਯੋਗਦਾਨ ਰਿਹਾ ਹੈ, ਜਿੰਨਾਂ ਗੁਰਦਾਸ ਮਾਨ ਦਾ ਪੰਜਾਬੀ ਬੋਲੀ ਦੇ ਅਪਮਾਨ ਤੇ ਅਪਸ਼ਬਦਾਂ ਲਈ ਵਿਰੋਧ ਕੀਤਾ ਅਤੇ ਉਸ ਨੂੰ 'ਵਾਰਿਸ ਸ਼ਾਹ ਅੰਤਰਰਾਸ਼ਟਰੀ ਪੁਰਸਕਾਰ' ਦੇਣ ਤੋਂ ਵੀ ਜਵਾਬ ਦਿੱਤਾ। ਹੁਣ ਗੁਰਦਾਸ ਮਾਨ ਦੇ ਸ਼ੋਅ ਮੁਲਤਵੀ ਹੋਣ 'ਤੇ ਮਾਂ ਬੋਲੀ ਪੰਜਾਬੀ ਦੀ ਵਾਰਿਸ ਸੰਸਥਾ ਤੋਂ ਇਲਾਵਾ, ਪਾਕਿਸਤਾਨੀ ਪੰਜਾਬ ਨਾਲ ਸਬੰਧਿਤ ਜਨਾਬ ਇਲਿਆਸ ਘੁੰਮਣ, ਨਜ਼ੀਰ ਕਹੂਟ, ਮੀਆਂ ਆਸਿਫ ਅਲੀ, ਮਸੂਦ ਖਾਲਿਦ, ਯੂਸਫ ਪੰਜਾਬੀ, ਸ਼ਫੀਕ ਭੱਟ, ਅਬਦੁਲ ਰਹਿਮਾਨ, ਅਰਸ਼ਦ ਅਲੀ ਜੱਟ ਆਸਿਫ ਰਾਜ, ਸ਼ਬੀਰ ਜੀ, ਸਦੀਕ ਭੱਟੀ, ਨਜ਼ੀਰ ਸੁਲਤਾਨੀ, ਲੋਕ ਸਾਂਝ ਪਾਕ ਪਟਨ, ਵਾਰਿਸ ਸ਼ਾਹ ਪ੍ਰਚਾਰ ਤੇ ਪ੍ਰਸਾਰ ਪਰਿਆ, ਆਸਿਫ਼ ਰਜ਼ਾ 'ਮਾਂ ਬੋਲੀ ਰਿਸਰਚ ਸੈਂਟਰ', ਸੁਫ਼ੀਕ ਬੱਟ ਲੋਕ ਸੁਜੱਗ ਸੰਸਥਾ, ਕੈਨੇਡਾ ਤੋਂ ਸਾਊਥ ਏਸ਼ੀਅਨ ਰਿਵਿਊ ਅਤੇ ਜੀਵੇ ਪੰਜਾਬ ਅਦਬੀ ਫਾਊਂਡੇਸ਼ਨ, 'ਮਾਂ ਬੋਲੀ ਪੰਜਾਬੀ ਦੇ ਵਾਰਿਸ' ਪੰਜਾਬ, 'ਪੰਜਾਬੀ ਸਾਹਿਤ ਸਭਾ ਮੁਢਲੀ ਰਜਿਸਟਰਡ' ਐਬਟਸਫੋਰਡ, ਲੋਕ ਲਿਖਾਰੀ ਸਹਿਤ ਸਭਾ ਉੱਤਰੀ ਅਮਰੀਕਾ, ਮਿਸ਼ਨ ਪੰਜ ਆਬ ਕਲਚਰਲ ਕਲੱਬ, ਵਣਜਾਰਾ ਨੋਮੈਡ ਸੰਸਥਾ ਕੈਨੇਡਾ, ਕੈਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੋਸਾਇਟੀ ਅਤੇ ਨੌਰਥ ਅਮਰੀਕਾ ਸਿੱਖ ਅਲਾਇੰਸ, ਪੰਜਾਬੀ ਅਦਬੀ ਸੰਗਤ, ਲਾਹੌਰ, ਲੋਕ ਸਾਂਝ, ਪੰਜਾਬੀ ਮਹਾਜ, ਲੋਕ ਫਨਕਾਰ ਸੱਥ, ਜੱਟ ਫੈਡਰੇਸ਼ਨ ਬਹਾਵਲਪੁਰ, ਪੰਜਾਬੀ ਸੱਥ ਨੇ ਸਾਂਝੇ ਰੂਪ ਵਿੱਚ ਇਸ ਕਦਮ ਨੂੰ 'ਪੰਜਾਬੀ ਮਾਂ ਬੋਲੀ ਦੀ ਫ਼ਤਿਹ' ਕਰਾਰ ਦਿੱਤਾ ਹੈ।ਗੁਰਦਾਸ ਮਾਨ ਦੇ ਸ਼ੋਅ ਮੁਲਤਵੀ ਹੋਣਾ ਅਸਲ ਵਿੱਚ ਚੜ੍ਹਦੇ ਤੇ ਲਹਿੰਦੇ ਪੰਜਾਬੀਆਂ ਦੀ ਸਾਂਝੀ ਜਿੱਤ ਹੈ। ਦੂਜੇ ਪਾਸੇ ਪੰਜਾਬੀ ਭਾਈਚਾਰੇ ਦੀ ਸੋਚ ਦੇ ਵਿਰੁੱਧ ਭੁਗਤਣ ਵਾਲੇ ਪ੍ਰਮੋਟਰਾਂ, ਸ਼ੋਅ ਦੀ ਇਸ਼ਤਿਹਾਰਬਾਜ਼ੀ ਕਰਨ ਵਾਲੇ ਮੀਡੀਆ ਅਤੇ ਗੁਰਦਾਸ ਮਾਨ ਦੀ ਪੁਸ਼ਤ-ਪਨਾਹੀ ਕਰਨ ਵਾਲੇ ਚੰਦ ਕੁ ਅਖੌਤੀ ਲੇਖਕ-ਲੇਖਿਕਾਵਾਂ ਦੀ ਇਸ ਵਿੱਚ ਵੱਡੀ ਹਾਰ ਹੋਈ ਹੈ। ਅਚਨਚੇਤੀ ਗੁਰਦਾਸ ਮਾਨ ਦੇ ਸ਼ੋਅ ਮੁਲਤਵੀ ਹੋਣ ਦੇ ਪਿੱਛੇ ਕਈ ਲੁਕਵੇਂ ਪਹਿਲੂ ਵੀ ਨਜ਼ਰ ਆ ਰਹੇ ਹਨ। ਪਿਛਲੇ ਕੁਝ ਦਿਨਾਂ ਤੋਂ ਕੈਨੇਡਾ ਅਤੇ ਭਾਰਤ ਦੇ ਸੰਬੰਧ ਵਿਗੜੇ ਹਨ, ਜਿਸ ਦਾ ਕਾਰਨ ਇਹ ਹੈ ਕਿ ਕੈਨੇਡਾ ਨੇ ਭਾਰਤ ਨੂੰ, ਕੈਨੇਡਾ ਦੀ ਧਰਤੀ 'ਤੇ ਉਸ ਦੇ ਨਾਗਰਿਕ ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਦੋਸ਼ਾਂ ਲਈ ਅੰਤਰ-ਰਾਸ਼ਟਰੀ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ। ਬੁਖਲਾ ਕੇ ਭਾਰਤ ਸਰਕਾਰ ਨੇ ਕੈਨੇਡੀਅਨ ਲੋਕਾਂ ਨੂੰ ਵੀਜ਼ੇ ਦੇਣੇ ਬੰਦ ਕਰ ਦਿੱਤੇ ਹਨ। ਇਸ ਤੋਂ ਇਲਾਵਾ ਕੈਨੇਡਾ ਦੇ ਬਹੁਤ ਸਾਰੇ ਡਿਪਲੋਮੇਟ ਭਾਰਤ ਵਿੱਚੋਂ ਕੱਢਣ ਵਾਸਤੇ ਜ਼ੋਰ ਪਾਇਆ ਹੈ ਤੇ ਕੈਨੇਡਾ ਨੇ ਉਹ ਕੱਢ ਵੀ ਲਏ ਹਨ। ਭਾਰਤ ਸਰਕਾਰ ਨੇ ਹੋਰ ਕਈ ਤਰ੍ਹਾਂ ਦੀਆਂ ਸਖਤਾਈਆਂ ਵੀ



ਵਰਤੀਆਂ ਹਨ।

ਗੁਰਦਾਸ ਮਾਨ ਦਾ ਸ਼ੋਅ ਮੁਲਤਵੀ ਕਰਨ ਦੀ ਚਾਲ ਵੀ ਭਾਰਤ ਸਰਕਾਰ ਦੇ ਇਸ਼ਾਰੇ 'ਤੇ ਹੀ ਹੋਈ ਜਾਪਦੀ ਹੈ, ਤਾਂ ਕਿ ਕੈਨੇਡਾ ਦੇ ਖ਼ਿਲਾਫ਼, ਕੈਨੇਡਾ ਵੱਸਦੇ ਭਾਰਤੀ ਹਮਾਇਤੀਆਂ ਅੰਦਰ ਇਸ ਗੱਲ ਦਾ ਗੁੱਸਾ ਪੈਦਾ ਕੀਤਾ ਜਾਏ ਅਤੇ ਕੈਨੇਡਾ ਦੁਆਰਾ ਉਠਾਏ ਗਏ ਗੰਭੀਰ ਮੁੱਦਿਆਂ ਖ਼ਿਲਾਫ਼ ਭਾਰਤ ਵੱਲੋਂ ਆਪਣਾ ਦਬਾਓ ਕੈਨੇਡਾ 'ਤੇ ਬਣਾਉਣ ਦੀ ਕੋਸ਼ਿਸ਼ ਕੀਤੀ ਜਾਏ। ਨਹੀਂ ਤਾਂ ਕੀ ਕਾਰਨ ਸੀ ਕਿ ਗੁਰਦਾਸ ਮਾਨ ਤੇ ਉਸ ਦੇ ਸਾਜਿੰਦਿਆਂ ਕੋਲ ਕੈਨੇਡਾ ਦੇ ਵੀਜ਼ੇ ਵੀ ਸਨ, ਸਭ ਕੁਝ ਤਿਆਰੀ ਸੀ, ਪਰ ਫਿਰ ਵੀ ਇਹ ਸ਼ੋਅ ਮੁਲਤਵੀ ਕਿਉਂ ਕਰ ਦਿੱਤੇ ਗਏ ? ਸਪੱਸ਼ਟ ਹੈ ਕਿ ਸ਼ੋਅ ਮੁਲਤਵੀ ਕਰਨ ਦਾ ਮਕਸਦ ਕੈਨੇਡਾ ਵਿੱਚ ਭਾਰਤ ਪੱਖੀ ਲੌਬੀ ਨੂੰ ਕੈਨੇਡਾ ਸਰਕਾਰ ਖ਼ਿਲਾਫ਼ ਭੜਕਾ ਕੇ ਮਾਹੌਲ ਖਰਾਬ ਕਰਨਾ ਹੈ। ਸਟੇਟ ਪੱਖੀ ਬਿਰਤਾਂਤ ਵਿੱਚ ਗੁਰਦਾਸ ਮਾਨ ਦਾ ਅੰਨਾ ਰਾਸ਼ਟਰਵਾਦ ਅਤੇ ਕੈਨੇਡਾ ਵਿਰੁੱਧ ਬਦਨੀਤੀ ਦਾ ਮੋਹਰਾ ਬਣਨਾ ਨਜ਼ਰ ਆਉਂਦਾ ਹੈ।

ਗੁਰਦਾਸ ਮਾਨ ਨੂੰ 'ਅਰਸ਼ ਤੋਂ ਫਰਸ਼' 'ਤੇ ਲਿਆਉਣ ਵਾਲੇ ਪੰਜਾਬੀਆਂ ਵੱਲੋਂ, ਉਸ ਦੇ ਵਿਰੋਧ ਦੇ ਕਾਰਨਾਂ ਨੂੰ ਸਮਝਣ ਲਈ ਪਿਛੋਕੜ ਦਾ ਘਟਨਾਕ੍ਰਮ ਜਾਣਨਾ ਜ਼ਰੂਰੀ ਹੈ। ਦਰਅਸਲ ਭਾਰਤ ਅੰਦਰ ਰਾਸ਼ਟਰਵਾਦੀ- ਫਾਸ਼ੀਵਾਦੀ ਏਜੰਡੇ ਤਹਿਤ ਅਪਣਾਏ ਜਾ ਰਹੇ ਰਾਹ ਇੱਕ ਦੇਸ਼ ਇੱਕ ਬੋਲੀ ਦੀ ਤਰਜ਼ 'ਤੇ ਪੰਜਾਬੀ ਗਾਇਕ ਗੁਰਦਾਸ ਮਾਨ ਦੇ ਸ਼ਬਦਾਂ ਨੂੰ ਲੈ ਕੇ ਕੈਨੇਡਾ ਵਸਦੇ ਪੰਜਾਬੀਆਂ ਵੱਲੋਂ ਉਸ ਦਾ ਤਿੱਖਾ ਵਿਰੋਧ ਹੋਇਆ ਸੀ। ਆਪਣੀ ਗਲਤੀ ਨੂੰ ਸਹੀ ਸਾਬਤ ਕਰਨ ਲਈ ਗੁਰਦਾਸ ਮਾਨ ਦਾ ਇਹ ਕਹਿਣਾ ਕਿ ਉੱਤਰ ਤੋਂ ਲੈ ਕੇ ਦੱਖਣ ਤੱਕ ਸਾਰੇ ਹਿੰਦੁਸਤਾਨ ਵਿੱਚ ਇੱਕ ਭਾਸ਼ਾ ਹੋਣੀ ਚਾਹੀਦੀ ਹੈ, ਜਿਵੇਂ ਕਿ ਫਰਾਂਸ ਦੇ ਵਿੱਚ ਤੇ ਜਰਮਨੀ ਦੇ ਵਿੱਚ ਇੱਕ ਭਾਸ਼ਾ ਹੈ, ਬਿਲਕੁਲ ਬੇਤੁਕਾ ਸੀ। ਭਾਰਤ ਵਿੱਚ ਅੱਜ ਵੀ ਸੰਘੀ ਤਾਕਤਾਂ ਅਜਿਹਾ ਕਰਨ ਦੀ ਕੋਸ਼ਿਸ਼ 'ਚ ਹਨ ਅਤੇ ਅਤੇ ਉਨ੍ਹਾਂ ਫਾਸ਼ੀਵਾਦੀ ਨੀਤੀਆਂ ਨਾਲ ਦੱਖਣੀ ਭਾਰਤ ਵਿੱਚ ਵੀ ਹਿੰਦੀ ਨੂੰ ਲਾਗੂ ਕਰਨ ਦਾ ਤਹੱਈਆ ਕੀਤਾ ਹੋਇਆ ਹੈ, ਪਰ ਇਸ ਦੇ ਤਿੱਖੇ ਵਿਰੋਧ ਵਿੱਚ ਉੱਥੋਂ ਦੇ ਸਾਹਿਤਕਾਰ, ਕਲਾਕਾਰ, ਗਾਇਕ-ਗੀਤਕਾਰ ਸਭ ਇੱਕ-ਮੁੱਠ ਹਨ। ਭਾਰਤ ਅੰਦਰ ਜਬਰੀ ਹਿੰਦੀ ਭਾਸ਼ਾ ਲਾਗੂ ਕਰਨ ਦੀ ਨੀਤੀ ਹਿੰਦੂਤਵੀ ਕੱਟੜਤਾ ਹੈ ਅਤੇ ਘੱਟ ਗਿਣਤੀਆਂ ਦੇ ਵਿਰੋਧ ਵਿੱਚ ਘੜੀ ਗਈ ਚਾਲ ਹੈ, ਜਿਸ ਦੀ 'ਹਾਂ ਵਿੱਚ ਹਾਂ' ਮਿਲਾਉਂਦੇ ਹੋਏ ਗੁਰਦਾਸ ਮਾਨ ਵੱਲੋਂ 'ਹੁੰਗਾਰਾ' ਭਰਿਆ ਜਾਣਾ, ਨਿਖੇਧੀਜਨਕ ਸੀ। ਗੁਰਦਾਸ ਮਾਨ ਕੈਨੇਡਾ ਦੀ ਸਥਿਤੀ ਦੇਖ ਸਕਦਾ ਸੀ ਕਿ ਇੱਥੋਂ ਦੇ ਹੀ ਇੱਕ ਸੂਬੇ ਕਿਊਬੈਕ ਵਿੱਚ ਫਰੈਂਚ ਭਾਸ਼ਾ ਦਾ ਬੋਲਬਾਲਾ ਹੈ ਤੇ ਉੱਥੇ ਧੱਕੇ ਨਾਲ ਕਿਸੇ ਹੋਰ ਭਾਸ਼ਾ ਨੂੰ ਲਾਗੂ ਕੀਤੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਦੁੱਖ ਇਸ ਗੱਲ ਦਾ ਹੈ ਕਿ ਮਾਨ ਨੇ ਕੈਨੇਡਾ ਦੀ ਉਦਾਹਰਨ ਛੱਡ ਕੇ ਉਹ ਉਦਾਹਰਨਾਂ ਦਿੱਤੀਆਂ, ਜਿੱਥੇ ਭਾਸ਼ਾਈ ਵੰਨ-ਸਵੰਨਤਾ ਨਹੀਂ ਹੈ। ਅਜਿਹੀ ਬਿਆਨਬਾਜ਼ੀ ਤੇ ਟਿੱਪਣੀਆਂ ਨੇ ਪੰਜਾਬੀ ਪ੍ਰੇਮੀਆਂ ਦੇ ਦਿਲਾਂ ਨੂੰ ਭਾਰੀ ਸੱਟ ਮਾਰੀ। ਇੱਥੇ ਹੀ ਬੱਸ ਨਹੀਂ, ਮਾਨ ਨੇ ਪੰਜਾਬੀ ਬੋਲੀ ਨੂੰ ਪ੍ਰਫੁੱਲਤ ਕਰਨ ਲਈ, ਸੋਸ਼ਲ ਮੀਡੀਆ ਦੇ ਵੱਖ-ਵੱਖ ਰੂਪਾਂ 'ਚ ਕੰਮ ਕਰ ਰਹੇ ਜਾਗਰੂਕ ਪੰਜਾਬੀਆਂ ਨੂੰ 'ਵਿਹਲੜ' ਕਹਿ ਕੇ ਨਕਾਰਿਆ।

ਵੱਡਾ ਸਵਾਲ ਇਹ ਹੈ ਕਿ ਗੁਰਦਾਸ ਮਾਨ ਕਿਹੋ ਜਿਹਾ ਸੇਵਾਦਾਰ ਹੈ ਮਾਂ ਪੰਜਾਬੀ ਦਾ ? ਜਿਸ ਪੰਜਾਬੀ ਨੇ ਉਸ ਨੂੰ ਧਨ-ਦੌਲਤ ਤੇ ਸ਼ੋਹਰਤ ਦਿੱਤੀ, ਉਸੇ ਦੀ ਹੀ ਬਦਨਾਮੀ ਕਰ ਰਿਹਾ ਹੈ। ਅਜਿਹੀ ਹਾਲਤ ਵਿੱਚ ਪੰਜਾਬੀ ਦੀ ਨੁਹਾਰ ਫਿੱਕੀ ਪਾਉਣ ਅਤੇ ਇਸ ਦਾ ਸ਼ਿੰਗਾਰ ਖੋਹਣ ਦਾ ਦੋਸ਼ੀ ਉਹ ਖੁਦ ਹੀ ਹੈ, ਹੋਰ ਕੋਈ ਨਹੀਂ। 'ਮਾਂ ਨੂੰ ਨਕਾਰ ਕੇ ਮਾਸੀ ਨੂੰ ਪ੍ਰਚਾਰਨ' ਦੀ ਸਾਜ਼ਿਸ਼ ਕਾਰਨ ਗੁਰਦਾਸ ਮਾਨ ਦੇ ਸ਼ੋਅ ਦੇ ਵਿਰੋਧ ਵਿੱਚ ਚਾਰ ਕੁ ਸਾਲ ਪਹਿਲਾਂ ਐਬਟਸਫੋਰਡ ਕਨਵੈਨਸ਼ਨ ਹਾਲ ਦੇ ਬਾਹਰ ਸੈਂਕੜੇ ਪ੍ਰਦਰਸ਼ਨਕਾਰੀ ਇਕੱਠੇ ਹੋਏ। ਉਨ੍ਹਾਂ ਸ਼ਾਂਤਮਈ ਢੰਗ ਨਾਲ ਗੁਰਦਾਸ ਮਾਨ ਦਾ ਵਿਰੋਧ ਕੀਤਾ, ਨਾ ਕਿ ਕੋਈ ਧਮਕੀ ਜਾਂ ਡਰਾਵਾ ਦਿੱਤਾ। ਕਿਸੇ ਨੇ ਗੁਰਦਾਸ ਮਾਨ ਨੂੰ ਮਾਂ- ਭੈਣ ਦੀ ਗਾਲ੍ਹ ਨਹੀਂ ਕੱਢੀ। ਪ੍ਰਦਰਸ਼ਨਕਾਰੀਆਂ ਵਿੱਚੋਂ ਇੱਕ ਸ਼ਖ਼ਸੀਅਤ, ਪੰਜਾਬੀ ਲੇਖਕ ਚਰਨਜੀਤ ਸਿੰਘ ਸੁੱਜੋ, ਜਿਨ੍ਹਾਂ ਨੇ ਪੰਜਾਬੀ ਵਿੱਚ ਨਾਵਲ 'ਮੌਤ ਦਾ ਰੇਗਿਸਤਾਨ' ਲਿਖਿਆ ਸੀ, ਵੱਲੋਂ ਹਾਲ ਅੰਦਰ ਜਾ ਕੇ ਅਤੇ ਪੋਸਟਰ ਲੈ ਕੇ ਮਾਨ ਦੇ ਸਾਹਮਣੇ ਰੋਸ ਪ੍ਰਦਰਸ਼ਨ ਕੀਤਾ ਗਿਆ।

ਆਪਣੇ ਵਿਰੋਧ ਤੋਂ ਬੌਖ਼ਲਾਏ ਹੋਏ ਗੁਰਦਾਸ ਮਾਨ ਨੇ ਇਹ ਨਾ ਦੇਖਿਆ ਕਿ ਹਾਲ ਵਿੱਚ ਮੌਜੂਦ ਧੀਆਂ ਭੈਣਾਂ ਮਾਵਾਂ ਕੀ ਸੋਚਦੀਆਂ ਹੋਣਗੀਆਂ, ਉਸ ਨੇ ਕ੍ਰੋਧ ਵਿੱਚ ਪ੍ਰਦਰਸ਼ਨਕਾਰੀ ਦੇ ਹੱਥ ਵਿੱਚ ਫੜੇ ਪੋਸਟਰ 'ਮਾਂ ਬੋਲੀ ਦਾ ਗੱਦਾਰ' ਵੱਲ ਦੇਖਦਿਆਂ, ਨੀਚਤਾ ਵਾਲੀ ਭਾਸ਼ਾ 'ਚ ਸਾਰੀਆਂ ਸੰਗਾਂ-ਸ਼ਰਮਾਂ ਲਾਹ ਕੇ, ਉਹ ਸ਼ਬਦ ਬੋਲੇ, ਜੋ ਕਦੇ ਕੋਈ ਬੰਦਾ ਦੋਸਤਾਂ ਦੀ ਮਹਿਫ਼ਿਲ ਵਿੱਚ ਵੀ ਨਹੀਂ ਬੋਲਦਾ। ਗੁਰਦਾਸ ਮਾਨ ਨੇ ਸਟੇਜ ਤੋਂ ਗੁੱਸੇ ਵਿੱਚ ਬੋਲਦਿਆਂ ਕਿਹਾ, 'ਇਹਨੂੰ ਮਰੋੜ ਕੇ..ਬਤੀ ਬਣਾ ਕੇ..ਲੈ ਲਾ...'' ਏਨੀ ਸ਼ਰਮਨਾਕ, ਅਪਮਾਨਜਨਕ ਤੇ ਗੈਰ-ਇਖਲਾਕੀ ਸ਼ਬਦਾਵਲੀ ਕਿਸੇ ਮਾੜੇ ਤੋਂ ਮਾੜੇ ਗਾਇਕ ਵੱਲੋਂ ਵੀ ਸਟੇਜ 'ਤੇ ਅੱਜ ਤੱਕ ਕਿਸੇ ਨੇ ਨਹੀਂ ਸੁਣੀ ਹੋਣੀ। ਮਾਂ ਬੋਲੀ ਪੰਜਾਬੀ ਦਾ ਤਾਂ ਜੋ ਅਪਮਾਨ ਉਸ ਨੇ ਕੀਤਾ, ਸੋ ਕੀਤਾ, ਪਰ ਪੰਜਾਬੀ ਮਾਵਾਂ ਧੀਆਂ ਬੱਚੀਆਂ ਦੇ ਸਾਹਮਣੇ ਜੋ ਘਟੀਆ ਭਾਸ਼ਾ ਵਰਤੀ, ਇਸ ਦਾ ਕਲੰਕ ਉਸ ਦੇ ਮੱਥੇ ਤੋਂ ਕਦੇ ਵੀ ਨਹੀਂ ਮਿਟੇਗਾ। ਗੁਰਦਾਸ ਮਾਨ ਦਾ ਇੱਕ ਬੋਲੀ-ਇੱਕ ਦੇਸ਼ ਫਾਸ਼ੀਵਾਦੀ ਏਜੰਡਾ ਜਿਥੇ ਪੰਜਾਬੀ ਮਾਂ ਬੋਲੀ ਦੀਆਂ ਮੁੱਢ ਬਹਿ ਕੇ 'ਜੜ੍ਹਾਂ ਟੁੱਕਣ' ਦੇ ਬਰਾਬਰ ਸੀ, ਉਥੇ ਮਾਂ ਬੋਲੀ ਪੰਜਾਬੀ ਰਾਹੀਂ ਘਟੀਆ ਸ਼ਬਦਾਵਲੀ ਵਰਤਣਾ ਹੰਕਾਰੀ ਅਤੇ ਕਰੋਧੀ ਸੁਭਾਅ ਦੀ ਜਿਉਂਦੀ ਜਾਗਦੀ ਮਿਸਾਲ ਸੀ। ਗੁਰਦਾਸ ਮਾਨ ਦੇ ਕਿਸਾਨ ਮੋਰਚੇ ਮੌਕੇ ਵਿਰੋਧ ਸਮੇਂ ਵੀ ਇਹ ਸੱਚ ਸਾਹਮਣੇ ਆ ਚੁੱਕਾ ਸੀ ਕਿ ਉਹ ਸਟੇਟ ਦੇ ਹੱਥਾਂ ਵਿੱਚ ਕਿਵੇਂ ਖੇਡ ਰਿਹਾ ਹੈ, ਜਿਸ ਕਾਰਨ ਕਿਸਾਨਾਂ ਨੇ ਉਸ ਦਾ ਵਿਰੋਧ ਕੀਤਾ ਸੀ। ਤਾਜ਼ਾ ਘਟਨਾਕਰਮ ਵਿੱਚ ਵੀ ਜਿੱਥੇ ਉਹ ਧੱਕੇ ਨਾਲ ਆਪਣੇ ਸ਼ੋਅ ਕਰਕੇ ਸਟੇਟ ਨੂੰ ਖੁਸ਼ ਕਰਨ ਦੀ ਹਰ ਕੋਸ਼ਿਸ਼ ਕਰ ਰਿਹਾ ਸੀ, ਉੱਥੇ ਹੁਣ ਸ਼ੋਅ ਮੁਲਤਵੀ ਕਰਕੇ ਵੀ, ਉਸੇ ਸਟੇਟ ਦੀ ਕੈਨੇਡਾ ਵਿਰੋਧੀ ਪਹੁੰਚ ਦਾ ਬਿਰਤਾਂਤ ਸਿਰਜ ਰਿਹਾ ਹੈ। ਗੁਰਦਾਸ ਮਾਨ ਦੇ ਸਾਜ਼ਸ਼ੀ ਰੂਪ ਵਿੱਚ ਇਹ ਸ਼ੋਅ ਮੁਲਤਵੀ ਕਰਨ ਦੀ ਮੁਕੰਮਲ ਸੱਚਾਈ ਜਲਦੀ ਹੀ ਸਾਹਮਣੇ ਆਏਗੀ ਕਿ ਅਸਲ ਵਿੱਚ ਪੰਜਾਬੀਆਂ ਵੱਲੋਂ ਗੁਰਦਾਸ ਮਾਨ ਦੇ ਸ਼ੋਆਂ ਦਾ ਵਿਰੋਧ, ਟਿਕਟਾਂ ਵਿਕਣ ਨੂੰ ਹੁੰਗਾਰਾ ਨਾ ਮਿਲਣਾ, ਸਪੌਂਸਰਾਂ ਵਿੱਚ ਦਿਲਚਸਪੀ ਦੀ ਘਾਟ ਅਤੇ ਸੁਰੱਖਿਆ ਖ਼ਰਚਿਆਂ ਦਾ ਵਾਧਾ ਆਦਿ ਅਜਿਹੇ ਤੱਥ ਹਨ, ਜਿਨ੍ਹਾਂ ਨੂੰ ਪ੍ਰਮੋਟਰ ਛੁਪਾ ਕੇ ਝੂਠ ਬੋਲ ਰਹੇ ਹਨ। ਸ਼ੋਅ ਮੁਲਤਵੀ ਕਰਕੇ ਬੇਸ਼ੱਕ ਕੈਨੇਡਾ ਵਾਸਤੇ ਪੰਜਾਬੀਆਂ ਅਤੇ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਸਮੂਹ ਪੰਜਾਬੀ ਪ੍ਰੇਮੀਆਂ ਨੂੰ ਇਸ ਗੱਲ ਲਈ ਰਾਹਤ ਮਹਿਸੂਸ ਹੋਈ ਹੈ ਕਿ ਬੇਸ਼ੱਕ ਕੁਝ ਵੀ ਕਾਰਨ ਕਿਉਂ ਨਾ ਹੋਵੇ, ਕੈਨੇਡਾ ਵਿੱਚ ਗੁਰਦਾਸ ਮਾਨ ਦੇ ਅਜਿਹੇ ਵਿਵਾਦਤ ਸ਼ੋਅ ਨਹੀਂ ਹੋ



ਰਹੇ। ਪਰ ਤਾਂ ਵੀ ਗੁਰਦਾਸ ਮਾਨ ਦੇ ਪੰਜਾਬੀ ਵਿਰੋਧੀ ਬਿਰਤਾਂਤ ਖ਼ਿਲਾਫ਼ ਸੰਘਰਸ਼ ਜਾਰੀ ਰਹੇਗਾ ਤੇ ਕੈਨੇਡਾ ਵੱਸਦੇ ਪੰਜਾਬੀ ਭਾਈਚਾਰੇ ਦੇ ਵਿਰੁੱਧ ਭੁਗਤਣ ਵਾਲੇ, ਸ਼ੋਅ ਦੇ ਪ੍ਰਮੋਟਰਾਂ ਵੱਲੋਂ ਜੇਕਰ ਕਦੇ ਵੀ ਭਵਿੱਖ ਵਿੱਚ ਨਵੀਆਂ ਤਾਰੀਖ਼ਾਂ ਦਾ ਐਲਾਨ ਕੀਤਾ ਜਾਏਗਾ, ਤਾਂ ਇਹਨਾਂ ਵਿਰੁੱਧ ਜ਼ੋਰਦਾਰ ਵਿਰੋਧ ਹੋਰ ਵੀ ਤਿੱਖਾ ਹੋ ਕੇ ਸਾਹਮਣੇ ਆਏਗਾ।

ਇੱਕ ਦੇਸ਼ ਇੱਕ ਬੋਲੀ ਦੇ ਫ਼ਾਰਮੂਲੇ ਦੇ ਹਮਾਇਤੀ ਗੁਰਦਾਸ ਮਾਨ ਅਤੇ ਹੋਰਨਾਂ ਨੂੰ ਸਵਾਲ ਹੈ ਕਿ ਜੇ ਇਹੀ ਏਜੰਡਾ ਲਾਗੂ ਕਰਨਾ ਸੀ, ਤਾਂ ਪੰਜਾਬੀ ਸੂਬੇ ਲਈ ਸ਼ਹਾਦਤਾਂ ਕਿਉਂ ਦਿੱਤੀਆਂ ਗਈਆਂ ? ਪੰਜਾਬੀ ਸੂਬੇ ਦੇ ਮੋਰਚੇ ਦੇ ਪਹਿਲੇ ਸ਼ਹੀਦ ਕਾਕਾ ਇੰਦਰਜੀਤ ਸਿੰਘ ਦੀ ਸ਼ਹਾਦਤ ਗੁਰਦਾਸ ਮਾਨ ਵਰਗੇ ਲੋਕਾਂ ਨੂੰ ਲਾਹਨਤਾਂ ਪਾ ਰਹੀ ਹੈ ਕਿ ਜਿਸ ਪੰਜਾਬੀ ਬੋਲੀ ਲਈ ਅਨੇਕਾਂ ਸ਼ਹਾਦਤਾਂ ਹੋਈਆਂ, ਉਸ ਦੇ ਸਤਿਕਾਰ ਨੂੰ ਘੱਟੇ ਰੋਲਣ ਵਾਲੇ ਅਕਿਰਤਘਣ ਅਤੇ ਪੰਜਾਬੀ ਬੋਲੀ ਦੇ ਗੱਦਾਰ ਹਨ ਤੇ ਇਤਿਹਾਸ ਵਿੱਚ ਹਮੇਸ਼ਾ 'ਅਪਮਾਨ' ਦੇ ਪਾਤਰ ਬਣਦੇ ਹਨ। ਮਾਂ ਬੋਲੀ ਨਾਲ ਗੱਦਾਰੀ ਕਰਕੇ ਹੀ ਉਹ 'ਅਰਸ਼ ਤੋਂ ਫਰਸ਼' 'ਤੇ ਆ ਡਿੱਗੇ ਹਨ। ਇਤਰਾਜ਼ ਉਨ੍ਹਾਂ ਲੋਕਾਂ 'ਤੇ ਵੀ ਹੈ, ਜਿਹੜੇ ਅਜੇ ਵੀ ਗੁਰਦਾਸ ਮਾਨ ਦੀ ਪੁਸ਼ਤਪਨਾਹੀ ਕਰ ਰਹੇ ਹਨ, ਅਜਿਹੇ 'ਦੋਗਲੇ ਬੰਦੇ ਦੋਗਲੀ ਨੀਤੀ' ਵਰਤ ਰਹੇ ਹਨ ਅਤੇ ਵਿਵਾਦਗ੍ਰਸਤ ਵਿਅਕਤੀ ਨੂੰ ਸੱਦ ਕੇ ਸ਼ੋਅ ਕਰਵਾ ਰਹੇ ਹਨ, ਜਿਹੜਾ ਇੱਕ ਪਾਸੇ ਸਟੇਟ ਰਾਹੀਂ ਲੋਕਾਂ ਨੂੰ ਨੀਵਾਂ ਦਿਖਾ ਰਿਹਾ ਹੈ, ਦੂਜੇ ਪਾਸੇ ਮਾਂ ਬੋਲੀ ਰਾਹੀਂ ਅਪਮਾਨ ਕਰਕੇ ਪੰਜਾਬੀ ਜ਼ੁਬਾਨ ਦੀ ਬੇਹੁਰਮਤੀ ਕਰ ਰਿਹਾ ਹੈ। ਯਕੀਨਨ ਤੌਰ 'ਤੇ 'ਜਾਗਦੀਆਂ ਜਮੀਰਾਂ ਵਾਲੇ' ਪੰਜਾਬੀਆਂ ਨੇ ਗੁਰਦਾਸ ਮਾਨ ਦੇ ਕੈਨੇਡਾ ਵਿਚਲੇ ਸ਼ੋਅ ਮੁਲਤਵੀ ਕਰਵਾ ਕੇ ਮਾਂ ਬੋਲੀ ਪੰਜਾਬੀ ਦਾ ਮਾਣ ਵਧਾਇਆ ਹੈ ਤੇ ਲਾਜ ਰੱਖੀ ਹੈ।

ਕੈਨੇਡਾ ਦੇ ਸਰੀ ਸ਼ਹਿਰ ਵਿੱਚ, ਸਨਿੱਚਰਵਾਰ 7 ਅਕਤੂਬਰ ਨੂੰ ਸ਼ਾਮੀ, ਪੰਜਾਬੀ ਮਾਂ ਬੋਲੀ ਦੇ ਵਾਰਿਸ ਸੰਸਥਾ ਦੇ ਨੁਮਾਇੰਦਿਆਂ ਦੀ ਮੀਟਿੰਗ ਹੋਈ, ਜਿਸ ਵਿੱਚ ਇਸ ਬਾਰੇ ਵਿਚਾਰ ਕੀਤੀ ਗਈ। ਪੰਜਾਬੀ ਮਾਂ ਬੋਲੀ ਦੇ ਵਾਰਸਾਂ ਦਾ ਮੰਨਣਾ ਹੈ ਕਿ ਗੱਲ ਗੁਰਦਾਸ ਮਾਨ ਦੇ ਇੱਕਲੇ ਸ਼ੋਅ ਨੂੰ ਰੱਦ ਜਾਂ ਮੁਲਤਵੀ ਕੀਤੇ ਜਾਣ ਦੀ ਨਹੀਂ ਹੈ, ਅਸਲ ਗੱਲ ਹੈ ਪੰਜਾਬੀਆਂ ਸਮੇਤ ਹੋਰਨਾਂ ਭਾਈਚਾਰਿਆਂ ਉੱਪਰ ਇੱਕ ਬੋਲੀ ਇੱਕ ਭਾਸ਼ਾ ਥੋਪਣ ਦੀ, ਸਮੂਹ ਘੱਟ ਗਿਣਤੀਆਂ ਦੀਆਂ ਭਾਸ਼ਾਵਾਂ ਨੂੰ ਰੋਲਣ ਦੀ, ਪੰਜਾਬੀ ਧੀਆਂ- ਭੈਣਾਂ ਦੀ ਮੌਜੂਦਗੀ ਵਿੱਚ ਸਟੇਜ ਤੋਂ ਗਾਲ੍ਹ ਕੱਢ ਕੇ, ਪੰਜਾਬੀ ਮਾਂ ਬੋਲੀ ਦੀ ਬੇਅਦਬੀ ਕਰਨ ਦੀ, ਗੁਰੂ ਸਾਹਿਬਾਨ ਦੇ ਵੰਸ਼ਜ ਨਸ਼ੇੜੀ ਅਤੇ ਭੰਗ ਪੀਣਿਆਂ ਨੂੰ ਦੱਸਦੇ ਹੋਏ ਗੁਰੂਆਂ ਦਾ ਅਪਮਾਨ ਕਰਨ ਦੀ, ਕੇਪੀਐਸ ਗਿੱਲ ਵਰਗੇ ਬੁੱਚੜਾਂ ਨੂੰ ਪ੍ਰਮੋਟ ਕਰਨ ਦੀ,ਪੰਜਾਬ ਦੀ ਜਵਾਨੀ ਨੂੰ ਨਸ਼ਿਆਂ 'ਚ ਧੱਕਣ ਦੀ ਤੇ ਮਾਸੂਮ ਬੱਚਿਆਂ ਦੇ ਮੂੰਹਾਂ 'ਚ ਸਿਗਰਟਾਂ ਤੁੰਨਣ ਦੀ। ਇਹ ਸਾਰਾ ਕੁਝ ਸਟੇਟ ਦੇ ਇਸ਼ਾਰੇ 'ਤੇ ਗੁਰਦਾਸ ਮਾਨ ਵੱਲੋਂ ਕੀਤਾ ਜਾ ਰਿਹਾ ਹੈ, ਜਿਸ ਦੀ ਪੰਜਾਬੀ ਬੋਲੀ ਦੇ ਵਾਰਸਾਂ ਨੇ ਜ਼ੋਰਦਾਰ ਸ਼ਬਦਾਂ ਵਿੱਚ ਨਿੰਦਿਆ ਕੀਤੀ ਹੈ। ਉਹਨਾਂ ਇਸ ਸਬੰਧ ਵਿੱਚ ਆਪਣੀ ਅਗਲੀ ਰਣਨੀਤੀ ਤੈਅ ਕਰਨ ਦਾ ਫੈਸਲਾ ਕਰਦਿਆਂ ਕਿਹਾ ਹੈ ਕਿ ਫਿਲਹਾਲ ਇਹ ਸ਼ੋਅ ਮੁਲਤਵੀ ਕੀਤੇ ਜਾਣ ਤੋਂ ਬਾਅਦ ਵੀ, ਗੁਰਦਾਸ ਮਾਨ ਦਾ ਵਿਰੋਧ ਜਾਰੀ ਰਹੇਗਾ ਅਤੇ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਗੁਰਦਾਸ ਮਾਨ ਵੱਲੋਂ ਸਰਕਾਰ ਦੇ ਫਾਸ਼ੀਵਾਦੀ ਏਜੰਡੇ ਨੂੰ ਤਿਲਾਂਜਲੀ ਦੇ ਕੇ, ਮਾਂ ਬੋਲੀ ਪੰਜਾਬੀ ਖ਼ਿਲਾਫ਼ ਕੀਤੀਆਂ ਗਲਤ ਟਿੱਪਣੀਆਂ ਦਾ ਅਹਿਸਾਸ ਨਹੀਂ ਕੀਤਾ ਜਾਂਦਾ ਅਤੇ ਆਪਣੇ ਮੂੰਹੋਂ ਕੱਢੇ ਪੰਜਾਬੀ ਵਿਰੋਧੀ ਸ਼ਬਦ ਰੱਦ ਕਰਕੇ, ਪਛਤਾਵਾ ਨਹੀਂ ਕੀਤਾ ਜਾਂਦਾ। ਉਂਝ ਇਹ ਵੀ ਸੱਚ ਹੈ ਕਿ ਗੁਰਦਾਸ ਮਾਨ ਨੇ ਆਪਣੀਆਂ ਗਲਤੀਆਂ ਦਾ ਪਛਤਾਵਾ ਤਾਂ ਕੀ ਕਰਨਾ ਸੀ, ਬਲਕਿ ਆਪਣੀਆਂ ਗਲਤੀਆਂ 'ਤੇ ਪਰਦਾ ਪਾਉਣ ਲਈ ਉਸਨੇ ਇੱਕ ਹੋਰ ਵਿਵਾਦਗ੍ਰਸਤ ਗੀਤ ਕੱਢ ਮਾਰਿਆ, ਜਿਸ ਵਿੱਚ ਆਪਣੇ ਕੀਤੇ ਗੁਨਾਹਾਂ ਦੀ ਉਹ ਪਰੋੜ੍ਹਤਾ ਕਰਦਾ ਹੈ। ਗੁਰਦਾਸ ਮਾਨ ਦੇ ਵਿਸ਼ੇ ਅਤੇ ਕਲਾ ਪੱਖੋਂ ਹਲਕੇ ਪੱਧਰ ਦੇ ਗੀਤ ਦਾ ਜਵਾਬ ਇਸ ਤਰ੍ਹਾਂ ਦੇਣਾ ਹੀ, ਪੰਜਾਬੀ ਪ੍ਰੇਮੀਆਂ ਨੇ ਆਪਣਾ ਫਰਜ਼ ਸਮਝਿਆ ਹੈ ;

ਸੱਚ ਸੁਣੀਂ ! ਮਰ ਜਾਣਿਆਂ,
ਤੇਰਾ ਹੁੰਦਾ ਸੀ ਸਤਿਕਾਰ।
ਪਰ ਸ਼ੋਹਰਤ ਚੜ੍ਹੀ ਦਿਮਾਗ ਨੂੰ,
ਮੱਤ ਐਸੀ ਦਿੱਤੀ ਮਾਰ।
ਬੇਅਦਬੀ ਦੀ ਸ਼ਬਦਾਵਲੀ,
ਤੈਨੂੰ ਗਈ ਜਿਉਂਦੇ ਮਾਰ।
ਧੀਆਂ ਭੈਣਾਂ ਸਾਹਮਣੇ,
ਤੂੰ ਦਿੱਤਾ ਅਦਬ ਵਿਸਾਰ।
ਮੂੰਹ ਥੁੱਕਾਂ ਫਿੱਕੇ ਪੈਂਦੀਆਂ,
ਸਿਰ 'ਪਾਣਾਂ' ਦੀ ਮਾਰ।
'ਤੇਰੀ ਬੱਤੀ' ਤੇਰੇ ਜਿਸਮ 'ਚੋਂ,
'ਬਣ ਬਰਛੀ' ਹੋ ਗਈ ਪਾਰ।
ਅਰਸ਼ੋਂ ਫਰਸ਼ੀਂ ਸੁੱਟਿਆ,
ਤੈਨੂੰ ਤੇਰੇ ਹੀ ਹੰਕਾਰ।
ਤਾਹੀਓ ਤੇਥੋਂ ਖੋਹਿਆ,
ਵਾਰਿਸ ਸ਼ਾਹ ਪੁਰਸਕਾਰ।
ਪੰਜਾਬੀ ਤਾਈਂ ਵਿਸਾਰ ਕੇ,
ਕਿਉਂ ਕੀਤਾ ਪਿੱਠ 'ਤੇ ਵਾਰ।
ਝੂਠਾ ਕਰਦਾ ਕਦੇ ਨਾ,
ਚਿੱਤ ਸੱਚੇ ਨਾਲ ਪਿਆਰ।
ਕਿਉਂ ਮਾਂ ਬੋਲੀ ਅਪਮਾਨ ਕੇ,
ਦਿੱਤਾ ਗ਼ੈਰਾਂ ਨੂੰ ਸਤਿਕਾਰ।
ਬੋਲੀ 'ਇੱਕੋ ਸਾਰੇ ਦੇਸ਼' ਦੀ,
ਦਿੱਤਾ ਨਾਅਰਾ ਜੋ ਸਰਕਾਰ।
ਤੂੰ ਜਾ ਕੇ ਦੇਸ਼-ਵਿਦੇਸ਼ ਵਿੱਚ,
ਕੀਤਾ ਉਸੇ ਦਾ ਪ੍ਰਚਾਰ।
ਪੰਜਾਬੀ ਦੇ ਗੱਦਾਰ ਨੂੰ,
ਪੈਂਦੀ ਹੈ ਫਿਟਕਾਰ।
ਆਖੇ 'ਸੁੱਜੋਂ' ਅਮਰ ਨੇ,
ਮਾਂ ਬੋਲੀ ਦੇ ਸੇਵਾਦਾਰ।
ਬੱਤੀ ਮਾਨ ਗੱਦਾਰ ਦਾ ,
ਜਿਹੜੇ ਬੁਰਕਾ ਦੇਣ ਉਤਾਰ।
ਤੇਰਾ ਇੱਕ ਗੁਨਾਹ ਨਹੀਂ ਭੈੜਿਆ,
ਹੈ ਲੰਮੀ ਬੜੀ ਕਤਾਰ।
ਸੀ ਬੁੱਚੜ ਕੁੱਲ ਪੰਜਾਬ ਦਾ,
ਤੇਰਾ ਕੇਪੀ ਐਸ ਗਿੱਲ ਯਾਰ।
ਰਿਹਾ ਨਕਲੀਆਂ ਨੂੰ ਪ੍ਰਚਾਰਦਾ,
ਤੂੰ ਛੱਡ ਨਾਨਕ ਦਾ ਦਰਬਾਰ।
ਕਦੇ ਚਿਲਮਾਂ ਪੀਣੇ ਸਾਧ ਨੂੰ
ਦੱਸੇਂ ਗੁਰੂਆਂ ਦਾ ਪਰਿਵਾਰ।
ਬਣੇ ਕੰਜਰੀ ਲਾਡੀ ਸ਼ਾਹ ਦੀ
ਸਰਬੰਸਦਾਨੀ ਤਾਈਂ ਵਿਸਾਰ॥
ਚੰਗਾ ਹੋਇਆ ਪਰਖ ਲਿਆ ,
ਆਪੇ ਬਣਿਆ ਲੰਬਰਦਾਰ।
ਜਦ ਵਿੱਚ ਚੁਰਾਹੇ ਭੱਜਿਆ,
ਇਹ ਦੋਹਰਾ ਕਿਰਦਾਰ।
ਤਦ ਗੀਤਾਂ ਦੇ ਵਿੱਚ ਆ ਗਿਆ,
ਸੱਚ ਅੰਦਰਲਾ ਬਾਹਰ।
ਸਦਾ 'ਚੜ੍ਹਦੀ ਕਲਾ' ਵਿੱਚ ਜੀਂਵਦੇ,
'ਪੰਜਾਬੀ ਦੇ ਪਹਿਰੇਦਾਰ'।

# ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ, ਸ੍ਰੀਨਗਰ



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ





ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਨ ਲਈ ਜਾਣ ਵਾਲੀ ਸੰਗਤ ਰਾਹ ਵਿੱਚ ਜਿਹੜੇ ਗੁਰਧਾਮਾਂ ਵਿਖੇ ਨਿਵਾਸ ਕਰਦੀ ਹੈ, ਉਹਨਾਂ ਵਿਚੋਂ ਉੱਤਰਾਖੰਡ ਦੇ ਪੌੜੀ ਜ਼ਿਲ੍ਹੇ ਵਿੱਚ ਪੈਂਦੇ ਸ੍ਰੀਨਗਰ ਦਾ ਗੁਰਦੁਆਰਾ ਸਾਹਿਬ ਇਕ ਪ੍ਰਮੁੱਖ ਸਥਾਨ ਹੈ ਜਿਹੜਾ ਕਿ ਰਿਸ਼ੀਕੇਸ਼ ਤੋਂ ਹੇਮਕੁੰਟ ਸਾਹਿਬ ਜਾਣ ਵਾਲੀ ਮੁੱਖ ਸੜਕ ’ਤੇ ਰਿਸ਼ੀਕੇਸ਼ ਤੋਂ ਲਗਪਗ 102 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ।

ਸ੍ਰੀਨਗਰ ਇੱਕ ਅਜਿਹਾ ਨਗਰ ਹੈ ਜਿਥੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਹੋਣ ਦੇ ਹਵਾਲੇ ਮਿਲਦੇ ਹਨ। ਗੁਰਦੁਆਰਿਆਂ ਨਾਲ ਸੰਬੰਧਿਤ ਸਰੋਤਾਂ ਵਿੱਚ ਇੱਥੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿੱਚ ਇਕ ਪੁਰਾਤਨ ਗੁਰਧਾਮ ‘ਚਰਨ ਪਾਦਕਾ’ ਬਾਰੇ ਜਾਣਕਾਰੀ ਮਿਲਦੀ ਹੈ। ਕਿਹਾ ਜਾਂਦਾ ਹੈ ਕਿ ਗੁਰੂ ਜੀ ਇਸ ਸਥਾਨ ’ਤੇ ਆਏ ਸਨ ਅਤੇ ਉਹਨਾਂ ਦੀ ਯਾਦ ਵਿੱਚ ਵਿੱਚ ਇੱਥੇ ਇੱਕ ਗੁਰਧਾਮ ਸ਼ਸ਼ੋਭਿਤ ਸੀ। ਗੰਗਾ ਨਦੀ ਵਿੱਚ ਹੜ੍ਹ ਆ ਜਾਣ ਕਰਕੇ ਇਹ ਨਗਰ ਪੂਰੀ ਤਰ੍ਹਾਂ ਨਾਲ ਖ਼ਤਮ ਹੋ ਗਿਆ ਸੀ ਜਿਸ ਕਰਕੇ ਗੁਰੂ ਸਾਹਿਬ ਦੀ ਕੋਈ ਨਿਸ਼ਾਨੀ ਨਾ ਬੱਚ ਸਕੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਇੱਥੇ ਮਰਾਠਾ ਸਰਦਾਰ ਸ਼ਿਵਾ ਜੀ ਦੇ ਧਾਰਮਿਕ ਆਗੂ ਸਮਰੱਥ ਰਾਮਦਾਸ ਜੀ ਨਾਲ ਮੁਲਾਕਾਤ ਹੋਈ ਦੱਸੀ ਜਾਂਦੀ ਹੈ ਜਿਸ ਦਾ ਜ਼ਿਕਰ ਪੰਜਾਹ ਸਾਖੀਆਂ ਅਤੇ ਮਰਾਠੀ ਦੇ ਸ੍ਰੀ ਹਨੁਮੰਤ ਸਵਾਮੀ ਦੀ ਰਚਨਾ ਸਮਰਥਾਂਚੀ ਬਖਰ ਵਿੱਚ ਮਿਲਦਾ ਹੈ। ਸਮਰੱਥ ਰਾਮਦਾਸ ਜੀ ਨੇ ਗੁਰੂ ਜੀ ਨੂੰ ਪ੍ਰਸ਼ਨ ਕੀਤਾ ਸੀ ਕਿ ਤੁਸੀਂ ਗੁਰੂ ਨਾਨਕ ਦੇਵ ਜੀ ਦੀ ਗੱਦੀ ’ਤੇ ਬੈਠੇ ਹੋ ਜਿਹੜੇ ਕਿ ਤਿਆਗੀ ਸਾਧੂ ਸਨ ਪਰ ਤੁਸੀਂ ਸ਼ਸਤਰ ਧਾਰਨ ਕੀਤੇ ਅਤੇ ਫੌਜ ਰੱਖੀ ਹੋਈ ਹੈ। ਤੁਸੀਂ ਸੱਚੇ ਪਾਤਸ਼ਾਹ ਅਖਵਾਉਂਦੇ ਹੋ, ਕੈਸੇ ਸਾਧੂ ਹੋ? ਗੁਰੂ ਜੀ ਨੇ ਸਮਰੱਥ ਰਾਮਦਾਸ ਨੂੰ ਜਵਾਬ ਦਿੰਦੇ ਹੋਏ ਕਿਹਾ ਕਿ ਬਾਬਾ ਨਾਨਕ ਜੀ ਨੇ ਸੰਸਾਰ ਨਹੀਂ ਤਿਆਗਿਆ ਸੀ ਬਲਕਿ ਮਾਇਆ ਦਾ ਤਿਆਗ ਕੀਤਾ ਸੀ। ਸ਼ਸਤਰ ਅਸੀਂ ਗਰੀਬ ਦੀ ਰੱਖਿਆ ਲਈ ਧਾਰਨ ਕੀਤੇ ਹਨ। ਗੁਰੂ ਜੀ ਦਾ ਉੱਤਰ ਸੁਣ ਕੇ ਸਮਰੱਥ ਰਾਮਦਾਸ ਬਹੁਤ ਪ੍ਰਸੰਨ ਹੋਇਆ। ਗੁਰੂ ਜੀ ਦੀ ਯਾਦ ਵਿਚ ਇੱਥੇ ਕੋਈ ਨਿਸ਼ਾਨੀ ਮੌਜੂਦ ਨਹੀਂ ਹੈ।

1894 ਵਿੱਚ ਇਹ ਨਗਰ ਹੜ੍ਹ ਦੀ ਭੇਟ ਚੜ੍ਹ ਗਿਆ ਸੀ ਅਤੇ ਸ੍ਰੀਨਗਰ ਦੇ ਰੂਪ ਵਿੱਚ ਨਵਾਂ ਨਗਰ ਬਾਅਦ ਵਿਚ ਵੱਸਿਆ ਹੈ। ਇਸ ਨਗਰ ਦੀ ਜਾਣਕਾਰੀ ਪ੍ਰਦਾਨ ਕਰਨ ਵਾਲੇ ਸਿੱਖ ਖੋਜੀਆਂ ਵਿਚੋਂ ਪੰਡਤ ਤਾਰਾ ਸਿੰਘ ਨਰੋਤਮ (1822-1891) ਇਕ ਉੱਘਾ ਨਾਂ ਹੈ ਜਿਨ੍ਹਾਂ ਨੇ 1883 ਵਿੱਚ ਸ੍ਰੀ ਗੁਰੂ ਤੀਰਥ ਸੰਗ੍ਰਹਿ ਸਿਰਲੇਖ ਅਧੀਨ ਇੱਕ ਪੁਸਤਕ ਦੀ ਰਚਨਾ ਕੀਤੀ ਸੀ ਜਿਹੜੀ ਕਿ ਗੁਰਦੁਆਰਾ ਸਾਹਿਬਾਨ ਬਾਰੇ ਬਹੁਤ ਹੀ ਭਾਵਪੂਰਤ ਜਾਣਕਾਰੀ ਪ੍ਰਦਾਨ ਕਰਦੀ ਹੈ। ਇਸ ਪੁਸਤਕ ਵਿੱਚ ਇਸ ਨਗਰ ਵਿਖੇ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇੱਕ ਗੁਰਦੁਆਰਾ ਸਾਹਿਬ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਹੈ ਕਿ ‘ਪੌੜੀ ਜ਼ਿਲ੍ਹੇ ਮੇ ਹੀ ਸ੍ਰੀਨਗਰ ਸੇ ਸਾਠ ਕੋਸ ਪੂਰਬ ਪਾਸੇ ਬਦ੍ਰੀ ਨਾਰਾਇਣ ਅਰ ਕੇਦਾਰ ਨਾਥ ਕੇ ਮੰਦਰ ਹੈਂ। ਸ੍ਰੀ ਨਗਰ ਸੇ ਚੱਲ ਗੁਰੂ (ਨਾਨਕ ਦੇਵ) ਜੀ ਬੈਕੁੰਠ ਮੇਂ ਭਗਵਾਨ ਕਾ ਦਰਸ਼ਨ ਕਰ ਫੇਰ ਭਾਰਤ ਖੰਡ ਮੇ ਸੁਲਤਾਨਪੁਰ ਆਏ।’

ਐਟਕਿਨਸਨ ਦੁਆਰਾ ਤਿਆਰ ਕੀਤਾ ਹਿਮਾਲਿਯਨ ਗਜ਼ਟੀਅਰ 1884 ਵਿੱਚ ਪਹਿਲੀ ਵਾਰੀ ਪ੍ਰਕਾਸ਼ਿਤ ਹੋਇਆ ਸੀ ਜਿਸ ਵਿੱਚ ਮੌਜੂਦਾ ਉੱਤਰਾਖੰਡ ਦੇ ਕੁੱਝ ਗੁਰਧਾਮਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਗਿਆ ਹੈ ਕਿ ਇਸ ਇਲਾਕੇ ਵਿੱਚ ਕੁੱਝ ਸਿੱਖ ਹਨ ਜਿਨ੍ਹਾਂ ਦੇ ਬੱਚੇ ਆਪਣੇ ਪਿਤਾ ਦੇ ਧਰਮ ਦਾ ਪਾਲਣ ਕਰਦੇ ਹਨ। ਤਰਾਈ ਦੇ ਪਰਗਣਿਆਂ ਵਿਚੋਂ ਇੱਕ ਨੂੰ ਇਹਨਾਂ ਦੇ ਮਹਾਨ ਗੁਰੂ ਦੇ ਨਾਂ ’ਤੇ ਨਾਨਕਮਤਾ ਕਿਹਾ ਜਾਂਦਾ ਹੈ। ਦੇਹਰੇ (ਦੇਹਰਾਦੂਨ) ਅਤੇ ਸ੍ਰੀਨਗਰ ਵਿਖੇ ਵੀ ਇਹਨਾਂ ਦੇ ਧਰਮ ਅਸਥਾਨ ਮੌਜੂਦ ਹਨ।

ਵੀਹਵੀਂ ਸਦੀ ਦੇ ਤੀਜੇ ਦਹਾਕੇ ਦੌਰਾਨ ਸਾਈਕਲ ’ਤੇ ਗੁਰਧਾਮਾਂ ਦੀ ਯਾਤਰਾ ਕਰਦੇ ਹੋਏ ਪਟਿਆਲੇ ਦਾ ਭਾਈ ਧੰਨਾ ਸਿੰਘ ਵੀ ਇਸ ਨਗਰ ਵਿਖੇ ਆਇਆ ਸੀ। ਉਸ ਸਮੇਂ ਪੁਰਾਤਨ ਨਗਰ ਨਦੀ ਵਿੱਚ ਆ ਗਿਆ ਸੀ ਅਤੇ ਨਵੀਂ ਜਗ੍ਹਾ ’ਤੇ ਅਬਾਦੀ ਵੱਸ ਰਹੀ ਸੀ। 10 ਮਈ 1931 ਨੂੰ ਸ੍ਰੀ ਨਗਰ ਦੇ ਅੱਖੀਂ ਡਿੱਠੇ ਹਾਲਾਤ ਬਾਰੇ ਜਾਣਕਾਰੀ ਦਿੰਦੇ ਹੋਏ ਇਹ ਦੱਸਦੇ ਹਨ ਕਿ ‘35-36 ਸਾਲ ਹੋਏ ਹੈ ਕਿ ਸ਼ੈਹਰ ਸ੍ਰੀਨਗਰ ਤੇ ਗੁਰਦੁਆਰਾ ਦਰਿਆ ਗੰਗਾ ਵਿੱਚ ਆ ਗਏ ਹੈ। ਇਹ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦਾ ਸੀ। ਸੋ ਅਜ ਕਲ ਗੰਗਾ ਦੇ ਵਿੱਚ ਆ ਚੁੱਕਾ ਹੈ। ਏਹ ਗੰਗਾ ਹਰਦੁਆਰ ਵਾਲੀ ਹੈ। ਜੋ ਅਜ ਕਲ ਸ਼ੈਹਰ ਸ੍ਰੀ ਨਗਰ ਹੈ, ਏਹ ਅਜ ਕਲ ਗੰਗਾ ਤੋਂ ਕੋਈ 2 ਫਰਲਾਂਗ ਪਿਛੇ ਹੱਟ ਕੇ ਪਹਾੜੀ ਦੇ ਉੱਤੇ ਬਸਿਆ ਹੋਇਆ ਹੈ। ਸਾਰੀ ਨਵੀਂ ਆਬਾਦੀ ਪਈ ਹੋਈ ਵੀ ਹੈ ਤੇ ਗੁਰਦੁਆਰਾ ਕਿਸੇ ਨੇ ਨਹੀਂ ਪਾਇਆ ਹੈ।’ ਸ੍ਰੀਨਗਰ ਦੀ ਨਵੀਂ ਅਬਾਦੀ ਵਿੱਚ ਸਿੱਖ ਪਰਿਵਾਰ ਬਹੁਤ ਘੱਟ ਸਨ ਜਿਸ ਕਰਕੇ ਇੱਥੇ ਗੁਰਦੁਆਰਾ ਸਾਹਿਬ ਦੀ ਉਸਾਰੀ ਨਹੀਂ ਹੋ ਸਕੀ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਾ ਜ਼ਿਕਰ ਕੁੱਝ ਸਰੋਤਾਂ ਵਿੱਚ ਮਿਲ ਜਾਂਦਾ ਹੈ।

ਜਿਹੜੇ ਯਾਤਰੂ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਨ ਲਈ ਜਾਂਦੇ ਸਨ, ਉਹਨਾਂ ਲਈ ਸ੍ਰੀ ਨਗਰ ਇੱਕ ਅਹਿਮ ਪੜਾਅ ਸੀ। ਸੋਹਣ ਸਿੰਘ ਫ਼ੀਰੋਜ਼ਪੁਰੀ ਨੇ ਗੁਰੂ ਗੋਬਿੰਦ ਸਿੰਘ ਜੀ ਨਾਲ ਜੁੜੇ ਹੋਏ ਇਸ ਅਸਥਾਨ ਦੀ ਕਈ ਵਾਰੀ ਯਾਤਰਾ ਕੀਤੀ ਹੈ ਅਤੇ ਉਹ ਅਕਸਰ ਇਸ ਨਗਰ ਵਿਖੇ ਨਿਵਾਸ ਕਰਕੇ ਇਲਾਕੇ ਦੀ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕਰਦੇ ਸਨ। ਇਸੇ ਆਹਰ ਦੌਰਾਨ ਇਹਨਾਂ ਨੇ ਹੇਮਕੁੰਟ ਦਰਸ਼ਨ ਸਿਰਲੇਖ ਅਧੀਨ ਇੱਕ ਪੁਸਤਕ ਦੀ ਰਚਨਾ ਵੀ ਕੀਤੀ ਜਿਹੜੀ ਕਿ 1945 ਵਿੱਚ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੋਈ ਸੀ। ਇਸ ਪੁਸਤਕ ਵਿੱਚ ਇਹ ਇਸ ਗੁਰਧਾਮ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹੋਏ ਦੱਸਦੇ ਹਨ, ‘ਏਹ ਯਾਦਗਾਰ (ਚਰਨ ਪਾਦਕਾ) ਕਿਸੇ ਸਮੇਂ ਅਲਕਨੰਦਾ ਵਿਖੇ ਭਾਰੀ ਹੜ ਆਉਣ ਨਾਲ ਜਿਥੇ ਸਾਰਾ ਸ੍ਰੀ ਨਗਰ ਸ਼ਹਿਰ ਉਜੜ ਗਿਆ, ਉਥੇ ਏਹ ਨਿਸ਼ਾਨ ਭੀ ਅਲੋਪ ਹੋ ਗਿਆ ਪਰ ਪੁਰਾਣੇ ਲੋਕ ਹੁਣ ਤਕ ਦੱਸਦੇ ਹਨ ਕਿ ਹੁਣ ਵਾਲੇ ਵਸਦੇ ਸ੍ਰੀਨਗਰ ਮੇਂ 1 ਮੀਲ ਹੇਠਾਂ ਪੁਰਾਣੇ ਸ੍ਰੀਨਗਰ ਦੇ ਖੰਡਰਾਂ ਵਿੱਚ ਰਾਜ ਮਹਿਲਾਂ ਪਾਸ ਏਹ ਅਸਥਾਨ ਸੀ ਪਰ ਹੁਣ ਇਸ ਪਵਿੱਤ੍ਰ ਯਾਦ ਨੂੰ ਤਾਜ਼ਾ ਰੱਖਣ ਵਾਲੇ ਇੱਕ ਉਦਾਸੀ ਸਾਧੂ ਹਨ, ਜਿਨ੍ਹਾਂ ਆਪਣੇ ਘਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਰੱਖ ਕੇ ਇਸ ਯਾਦ ਨੂੰ ਕਾਇਮ ਰਖਿਆ ਹੋਇਆ ਹੈ। ਇਨ੍ਹਾਂ ਦੀ ਕੁਟੀਆ ਸ੍ਰੀ ਨਗਰ ਦੇ ਬਜ਼ਾਰ ਦੇ ਪਿਛਲੇ ਪਾਸੇ ਡਾਕਖਾਨੇ ਦੇ ਲਾਗੇ ਕਰਕੇ ਹੈ। ਅਜੇ ਭੀ ਐਸੇ ਬ੍ਰਿਧ ਸਜਨ ਸ੍ਰੀ ਨਗਰ ਵਿਚ ਮਿਲਦੇ ਹਨ ਜੋ ਇਸ ਨਿਸ਼ਾਨ ਬਾਰੇ ਸਹੀ ਖੋਜ ਦੱਸਦੇ ਹਨ। ਪੰਥ ਨੂੰ ਐਸੇ ਅਸਥਾਨ ਦੀ ਸੰਭਾਲ ਕਰਕੇ ਇਸ ਨੂੰ ਇਸ ਪਾਸੇ ਪ੍ਰਚਾਰ ਦਾ ਕੇਂਦਰ ਬਨਾਉਣਾ ਚਾਹੀਦਾ ਹੈ।’

ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਵੀ ਚਾਹੁੰਦੀ ਸੀ ਕਿ ਰਿਸ਼ੀਕੇਸ਼ ਤੋਂ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਨ ਲਈ ਜਾਣ ਵਾਲੀ ਸੰਗਤ ਲਈ ਰਾਹ ਵਿੱਚ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਕੀਤਾ ਜਾਵੇ। ਇਸ ਸੰਬੰਧੀ ਮੈਨੇਜਮੈਂਟ ਦੀ ਇੱਕ ਮੀਟਿੰਗ ਮਾਰਚ 1963 ਵਿੱਚ ਹੋਈ ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ‘ਇੱਕ ਅਸਥਾਨ ਸ੍ਰੀਨਗਰ ਅਤੇ ਇੱਕ ਰਿਸ਼ੀਕੇਸ਼ ਵਿਖੇ ਬਣਾਇਆ ਜਾਵੇ। ਇਸ ਕਾਰਜ ਲਈ ਸ. ਗੁਰਬਖ਼ਸ਼ ਸਿੰਘ ਜੀ ਰਿਸ਼ੀਕੇਸ਼ ਨੂੰ ਸੇਵਾ ਸੌਂਪੀ ਗਈ।’

ਸ. ਗੁਰਬਖ਼ਸ਼ ਸਿੰਘ ਨੇ ਉਦਾਸੀ ਸਾਧੂਆਂ ਵੱਲੋਂ ਉਸਾਰੀ ਕੀਤੇ ਗਏ ਗੁਰਦੁਆਰਾ ਸਾਹਿਬ ਨੂੰ ਟਰੱਸਟ ਅਧੀਨ ਲਿਆਉਣ ਹਿਤ ਮਹੱਤਵਪੂਰਨ ਕਾਰਜ ਕੀਤਾ। ਇਹਨਾਂ ਨੇ ਪੱਕੇ ਤੌਰ ’ਤੇ ਇਸ ਗੁਰਦੁਆਰਾ ਸਾਹਿਬ ਦੀ ਜ਼ਮੀਨ ਦੀ

(ਬਾਕੀ ਸਫ਼ਾ 31 ’ਤੇ)

DIAMOND TRANSPORTATION
DIAMOND Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ

## (ਜੋਤੀ ਜੋਤਿ ਦਿਵਸ ’ਤੇ ਵਿਸ਼ੇਸ਼)

ਗੁਰੂ ਹਰਿ ਰਾਇ ਸਾਹਿਬ ਜੀ ਦੇ ਆਦਰਸ਼ਕ ਗੁਰ ਵਿਅਕਤੀ ਦੇ ਗੁਣ ਦੇਖਦੇ ਹੋਏ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪੋਤਰੇ ਨੂੰ ਸਿੱਖਾਂ ਦੇ ਸਤਵੀਂ ਪਾਤਿਸ਼ਾਹੀ ਦੀ ਗੁਰਗੱਦੀ ਸੌਂਪੀ। ਉਨ੍ਹਾਂ ਦੀ ਉਮਰ 14 ਸਾਲ ਸੀ। ਗੁਰੂ ਹਰਿ ਰਾਇ ਸਾਹਿਬ ਜੀ ਦੇ ਮਨ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਬੜਾ ਪ੍ਰਭਾਵ ਸੀ। ਉਨ੍ਹਾਂ ਦੀ ਨਿਗਰਾਨੀ ਹੇਠ ਆਪ ਜੀ ਨੂੰ ਅਧਿਆਤਮਕ, ਸੰਸਾਰਕ, ਵਿਹਾਰਕ, ਗੁਰਬਾਣੀ ਵਿਚਾਰ ਬੀਰ ਰਸ ਦੇ ਪ੍ਰਭਾਵਾਂ ਦੇ ਨਾਲ ਨਾਲ ਸ਼ਸਤਰ ਵਿਦਿਆ ਦੇ ਗਿਆਨ ਵਿੱਚ ਪ੍ਰਪੱਕ ਹੋਣ ਦਾ ਪ੍ਰਬੰਧ ਪ੍ਰਾਪਤ ਸੀ। ਛੋਟੀ ਉਮਰ ਵਿੱਚ ਹੀ ਆਪ ਸੰਤ ਸੁਭਾਅ ਅਤੇ ਕੋਮਲ ਹਿਰਦੇ ਦੇ ਮਾਲਕ ਸਨ। ਆਪ ਬਲਵਾਨ, ਵੀਰਤਾ ਅਤੇ ਸੇਵਾ ਦੇ ਪੁੰਜ ਸਨ। ਉਨ੍ਹਾਂ ਨੇ ਨਿਰਭਉ ਨਿਰਵੈਰ ਵਾਲਾ ਜੀਵਨ ਬਤੀਤ ਕੀਤਾ। ਉਨ੍ਹਾਂ ਨੂੰ ਇਹ ਸਿੱਖਿਆ ਮਿਲੀ ਹੋਈ ਸੀ ਕਿ ਸੰਸਾਰ ਵਿੱਚ ਵਿਚਰਦੇ ਸਮੇਂ ਸੰਜਮ ਵਿੱਚ ਰਹਿਣਾ ਹੈ। ਤਾਕਤ ਦੀ ਵਰਤੋ ਬੜੇ ਸੋਚ ਸਮਝ ਕੇ ਕਰਨੀ ਹੈ ਕਿ ਕੁਝ ਨਾਜਾਇਜ਼ ਨਾ ਹੋਵੇ। ਇਸੇ ਭਾਣੇ ਵਿੱਚ ਆਪ ਨੇ ਤਾਣ ਹੁੰਦਿਆਂ ਨਿਤਾਣੇ ਹੋ ਵਿਖਾਇਆ।

ਆਪ ਜੀ ਦਾ ਆਗਮਨ 16 ਜਨਵਰੀ 1630 ਈ. ਨੂੰ ਸ਼ੀਸ਼ ਮਹੱਲ ਕੀਰਤਪੁਰ ਹੁਣ ਜ਼ਿਲ੍ਹਾ ਰੋਪੜ ਪੰਜਾਬ ਵਿਖੇ ਬਾਬਾ ਗੁਰਦਿੱਤਾ ਜੀ ਤੇ ਮਾਤਾ ਨਿਹਾਲ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਦਾ ਵਿਆਹ 1640 ਈ. ਵਿੱਚ ਮਾਤਾ ਕ੍ਰਿਸ਼ਨਾ (ਸੁਲੱਖਣੀ) ਦੇ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਰਾਮ ਰਾਇ ਅਤੇ ਹਰਿ ਕ੍ਰਿਸ਼ਨ (ਗੁਰੂ ) ਜੀ ਸਨ।

ਆਪ ਜੀ ਦੀ ਗੁਰਿਆਈ ਦਾ ਸਮਾਂ ਮਾਰਚ 1644 ਤੋਂ 20 ਅਕਤੂਬਰ 1666 ਈ. ਦਾ ਹੈ। ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੀ ਸੋਚ, ਹੁਨਰ ਅਤੇ ਉਪਦੇਸ਼ ਨੂੰ ਅਗਾਂਹ ਤੋਰਿਆ। ਉਸ ਆਸ਼ੇ ਵਿੱਚ ਆਪ ਜੀ ਨੇ ਜ਼ਿੰਮੇਵਾਰੀਆਂ ਨਿਭਾਈਆਂ, ਆਪ ਨੇ ਸੰਗਤਾਂ ਵਿੱਚ ਚੜ੍ਹਦੀਕਲਾ ਦਾ ਜਜ਼ਬਾ ਭਰਿਆ ਕਿ ਅਧਿਆਤਮਕ ਉਚਾਈਆਂ ਦੇ ਨਾਲ ਨਾਲ ਧਰਮ ਵਿੱਚ ਵਿਸ਼ਵਾਸ ਨੂੰ ਨਹੀਂ ਤਿਆਗਣਾ। ਸਗੋਂ ਧਰਮ ਦੀ ਰੱਖਿਆ ਕਰਨੀ ਹੈ। ਜਿਸ ਲਈ ਜੀਵਨ ਘੋਲ ਘੁਮਾਉਣ ਲਈ ਹਮੇਸ਼ਾ ਤਿਆਰ ਰਹਿਣਾ ਹੈ। ਸਿੱਖ ਨਾ ਤਾਂ ਕਿਸੇ ਤੋਂ ਡਰਦਾ ਹੈ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ। ਨਿਰਭਊ ਨਿਰਵੈਰ ਹੈ। ਗੁਰੂ ਸਾਹਿਬ ਜੀ ਨੇ ਸੰਜਮ ਵਿੱਚ ਰਹਿਣ ਦਾ ਉਪਦੇਸ਼ ਦਿੱਤਾ ਕਿ ਥੋੜਾ ਖਾਣਾ, ਥੋੜਾ ਸੋਣਾ ਅਤੇ ਸਰੀਰ ਨੂੰ ਤੰਦਰੁਸਤ ਰੱਖਣਾ ਅਤੇ ਸਹਿਜ ਵਿੱਚ ਰਹਿਣਾ ਹੈ। ਲੋੜਵੰਦਾਂ ਦੀ ਖਿੜੇ ਮੱਥੇ ਸੇਵਾ ਕਰਨੀ ਹੈ। ਗੁਰੂ ਕੇ ਲੰਗਰਾਂ ਦੀ ਸੇਵਾ ਪ੍ਰਥਾ ਨੂੰ ਸਿੱਖਾਂ ਦੇ ਘਰਾਂ ਤਕ ਚਲਾਉਣ ਦੀ ਮਰਯਾਦਾ ਬਣਾ ਦਿੱਤੀ। ਉਹੀ ਲੰਗਰ ਸਫ਼ਲ ਮੰਨਿਆ ਜਾਵੇ ਜੋ ਹਰ ਸਮੇਂ ਹਰ ਪ੍ਰਾਣੀ ਮਾਤਰ ਲਈ ਵਰਤਾਇਆ ਜਾਵੇ। ਘਰ ਘਰ ਧਰਮਸਾਲ ਨਾਲ ਘਰ ਘਰ ਗੁਰੂ ਕੇ ਲੰਗਰਾਂ ਦੀ ਪ੍ਰਥਾ ਨੂੰ ਜੋੜ ਦਿੱਤਾ। ਸਿੱਖ ਦੇ ਘਰੋਂ ਕੋਈ ਭੁੱਖਾ ਨਾ ਜਾਵੇ। ਲੰਗਰਾਂ ਨੂੰ ਸਿੱਖੀ ਦੀ ਰਹਿਣੀ ਬਹਿਣੀ ਦਾ ਅਟੁੱਟ ਪ੍ਰਪੱਕ ਅੰਗ ਦੱਸਿਆ ਹੈ। ਇਸੇ ਉਪਦੇਸ਼ ਅਧੀਨ ਸਿੱਖ ਸੰਗਤਾਂ ਨੇ ਹਮੇਸ਼ਾ ਕੁਦਰਤੀ ਆਫ਼ਤਾਂ, ਮਹਾਂਮਾਰੀਆਂ ਵਿੱਚ ਬਿਮਾਰਾਂ , ਲਾਚਾਰਾਂ, ਲੋੜਵੰਦਾਂ ਦੀ ਤਨ,ਮਨ ਅਤੇ ਧਨ ਨਾਲ ਸੇਵਾ ਕਰਨ ਦੀ ਸੰਸਾਰ ਵਿੱਚ ਮਿਸਾਲ ਕਾਇਮ ਕੀਤੀ ਹੈ।

> *ਇਸ ਤਰ੍ਹਾਂ ਆਪ ਜੀ ਕੋਲ ਕੀਮਤੀ ਵਸਤਾਂ ਦਾ ਵੱਡਾ ਭੰਡਾਰ ਹੋ ਗਿਆ। ਇਨ੍ਹਾਂ ਦੁਰਲੱਭ ਵਸਤਾਂ ਨੇ ਇੱਕ ਚੰਗੇ ਦਵਾਖ਼ਾਨੇ ਦਾ ਰੂਪ ਧਾਰ ਲਿਆ ਸੀ। ਲੋੜਵੰਦ ਰੋਗੀਆਂ ਨੂੰ ਵਸਤਾਂ ਮੁਫ਼ਤ ਦਵਾਈ ਦੇ ਰੂਪ ਵਿੱਚ ਵੰਡੀਆਂ ਜਾਂਦੀਆਂ ਸਨ ਤਾਂ ਜੋ ਉਹ ਨਿਰੋਗ ਰਹਿ ਸਕਣ। ਜਦ ਮੁਗਲ ਬਾਦਸ਼ਾਹ ਸ਼ਾਹ ਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਸਖ਼ਤ ਬਿਮਾਰ ਹੋ ਗਿਆ ਤਾਂ ਗੁਰੂ ਸਾਹਿਬ ਜੀ ਦੇ ਦਵਾਖ਼ਾਨੇ ਦੀਆਂ ਔਸ਼ਧੀਆਂ ਵਸਤਾਂ ਨਾਲ ਤੰਦਰੁਸਤ ਹੋ ਗਿਆ ਸੀ। ਉਸ ਨੇ ਬੜੀ ਸ਼ਰਧਾ ਭਾਵਨਾ ਨਾਲ ਕੀਰਤਪੁਰ ਸਾਹਿਬ ਜਾ ਕੇ ਗੁਰੂ ਜੀ ਦਾ ਸ਼ੁਕਰਾਨਾ ਕੀਤਾ। ਉਹ ਗੁਰੂ ਜੀ ਦੇ ਉਪਦੇਸ਼ ਸੁਣ ਕੇ ਅਤੇ ਪ੍ਰਬੰਧ ਵੇਖ ਕੇ ਬੜਾ ਪ੍ਰਭਾਵਿਤ ਹੋਇਆ।*

ਆਪ ਜੀ ਨੂੰ ਗੁਰਿਆਈ ਬਖ਼ਸ਼ਣ ਵੇਲੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਜੀ ਨੂੰ ਹਦਾਇਤ ਕੀਤੀ ਕਿ ਸਵੈ ਰੱਖਿਆ ਲਈ ਲੋੜ ਅਨੁਸਾਰ ਫ਼ੌਜ ਜ਼ਰੂਰ ਰੱਖਣੀ ਹੈ। ਤਦ ਹੀ ਤਾਂ 2200 ਘੋੜ ਸਵਾਰਾਂ ਦੀ ਫ਼ੌਜ ਹਮੇਸ਼ਾ ਤਿਆਰ ਰਹਿੰਦੀ ਸੀ। ਜੋ ਖ਼ਾਲਸੇ ਦੇ ਜੁਝਾਰੂ ਜਲੋਅ ਦਾ ਪ੍ਰਤੀਕ ਸੀ। ਇਸ ਤਰਾਂ ਗੁਰਾਂ ਨੇ ਮੀਰੀ ਪੀਰੀ ਦੀ ਮਰਯਾਦਾ ਨੂੰ ਕਾਇਮ ਰੱਖਿਆ। ਇਸੇ ਨੀਤੀ ਹੇਠ ਜਾਨ ਬਚਾਉਣ ਲਈ ਭੱਜੇ ਜਾਂਦੇ ਦਾਰਾ ਸ਼ਿਕੋਹ ਦੀ ਬੇਨਤੀ ’ਤੇ ਦਰਿਆ ਦੀਆਂ ਸਾਰੀਆਂ ਬੇੜੀਆਂ ਕਬਜ਼ੇ ਵਿੱਚ ਲੈ ਕੇ ਔਰੰਗਜ਼ੇਬ ਦੀ ਫ਼ੌਜ ਨੂੰ ਰੋਕੀ ਰੱਖਿਆ ਤਾਂ ਜੋ ਦਾਰਾ ਸ਼ਕੋਅ ਸੁਰੱਖਿਅਤ ਬੱਚ ਨਿਕਲਣ ਵਿੱਚ ਸਫਲ ਹੋ ਸਕੇ। ਜਿੱਥੇ ਆਪ ਸੰਗਤਾਂ ਨੂੰ ਨਾਮ ਦਾਨ ਦੇ ਕੇ ਸਫਲ ਜੀਵਨ ਦੇ ਰਾਹ ਪਾਉਂਦੇ ਸਨ, ਉੱਥੇ ਰੋਗੀਆਂ ਦੇ ਰੋਗ ਦੂਰ ਕਰਨ ਵਿੱਚ ਵੀ ਸਹਾਇਤਾ ਕਰਦੇ ਸਨ। ਇਸ ਲਈ ਸੰਗਤਾਂ ਨੂੰ ਹਦਾਇਤ ਕੀਤੀ ਸੀ ਕਿ ਲੰਗਰਾਂ ਵਿੱਚ ਜੋ ਵੀ ਰਸਦ ਵਸਤ ਅਤੇ ਸਮਾਨ ਆਵੇ ਬੜਾ ਸੰਭਾਲ ਕੇ ਰਖਣਾ ਹੈ ਤਾਂ ਜੋ ਕਿਸੇ ਸਮੇਂ ਜੇ ਲੋੜ ਪਵੇ ਤਾਂ ਕੋਈ ਚੀਜ਼ ਕੰਮ ਆ ਸਕੇ। ਇਸ ਤਰ੍ਹਾਂ ਆਪ ਜੀ ਕੋਲ ਕੀਮਤੀ ਵਸਤਾਂ ਦਾ ਵੱਡਾ ਭੰਡਾਰ ਹੋ ਗਿਆ। ਇਨ੍ਹਾਂ ਦੁਰਲੱਭ ਵਸਤਾਂ ਨੇ ਇੱਕ ਚੰਗੇ ਦਵਾਖ਼ਾਨੇ ਦਾ ਰੂਪ ਧਾਰ ਲਿਆ ਸੀ। ਲੋੜਵੰਦ ਰੋਗੀਆਂ ਨੂੰ ਵਸਤਾਂ ਮੁਫ਼ਤ ਦਵਾਈ ਦੇ ਰੂਪ ਵਿੱਚ ਵੰਡੀਆਂ ਜਾਂਦੀਆਂ ਸਨ ਤਾਂ ਜੋ ਉਹ ਨਿਰੋਗ ਰਹਿ ਸਕਣ। ਜਦ ਮੁਗਲ ਬਾਦਸ਼ਾਹ ਸ਼ਾਹ ਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਸਖ਼ਤ ਬਿਮਾਰ ਹੋ ਗਿਆ ਤਾਂ ਗੁਰੂ ਸਾਹਿਬ ਜੀ ਦੇ ਦਵਾਖ਼ਾਨੇ ਦੀਆਂ ਔਸ਼ਧੀਆਂ ਵਸਤਾਂ ਨਾਲ ਤੰਦਰੁਸਤ ਹੋ ਗਿਆ ਸੀ। ਉਸ ਨੇ ਬੜੀ ਸ਼ਰਧਾ ਭਾਵਨਾ ਨਾਲ ਕੀਰਤਪੁਰ ਸਾਹਿਬ ਜਾ ਕੇ ਗੁਰੂ ਜੀ ਦਾ ਸ਼ੁਕਰਾਨਾ ਕੀਤਾ। ਉਹ ਗੁਰੂ ਜੀ ਦੇ ਉਪਦੇਸ਼ ਸੁਣ ਕੇ ਅਤੇ ਪ੍ਰਬੰਧ ਵੇਖ ਕੇ ਬੜਾ ਪ੍ਰਭਾਵਿਤ ਹੋਇਆ।

ਗੁਰੂ ਸਾਹਿਬ ਜੀ ਦਾ ਦਾਰਾ ਸ਼ਿਕੋਹ ਨਾਲ ਮੇਲ ਮਿਲਾਪ ਵਧਦਾ ਵੇਖ ਕੇ, ਬਾਦਸ਼ਾਹ ਔਰੰਗਜ਼ੇਬ ਨੇ ਈਰਖਾ ਵੱਸ ਹੋ ਕੇ ਬ ਹਾਨੇ ਨਾਲ ਗੁਰੂ ਸਾਹਿਬ ਜੀ ਨੂੰ ਤਲਬ ਕਰਨਾ ਚਾਹਿਆ । ਗੁਰੂ ਸਾਹਿਬ ਜੀ ਨੇ ਆਪਣੇ ਵੱਡੇ ਸਾਹਿਬਜ਼ਾਦਾ ਰਾਮ ਰਾਇ ਜੀ ਨੂੰ ਭੇਜ ਦਿੱਤਾ। ਬਾਦਸ਼ਾਹ ਔਰੰਗਜ਼ੇਬ ਇੱਕ ਕੱਟੜ ਸ਼ਰੱਈ ਮੁਸਲਮਾਨ ਸੀ। ਉਹ ਲੋਕਾਂ ਦਾ ਜਬਰੀ ਧਰਮ ਪ੍ਰੀਵਰਤਣ ਕਰਵਾਉਣ ਦਾ ਆਦੀ ਸੀ। ਉਸਨੇ ਚਾਹਿਆ ਕਿ ਰਾਮ ਰਾਇ ਜੀ ਦਾ ਦਿਲ ਜਿੱਤ ਕੇ ਇਸ ਨੂੰ ਇਸਲਾਮ ਵਿੱਚ ਲਿਆਂਦਾ ਜਾਵੇ। ਧਰਮ ਗ੍ਰੰਥ ਦੀ ਟਿੱਪਣੀ ਦੇ ਬਹਾਨੇ ਬਾਦਸ਼ਾਹ ਨੇ ਕਿਹਾ ਕਿ ਤੁਹਾਡੇ ਧਰਮ ਗ੍ਰੰਥ ਵਿੱਚ ਦਰਜ ਹੈ ਕਿ ਮ:1 ॥ ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ ॥ ਘੜਿ ਭਾਂਡੇ ਇਟਾ ਕੀਤਾ ਜਲਦੀ ਕਰੇ ਪੁਕਾਰ ॥ ਅੰਗ 466 ॥ ਇਹ ਇਸਲਾਮ ਧਰਮ ਦੀ ਸਿੱਧੀ ਨਿਰਾਦਰੀ ਨਹੀਂ ? ਬਾਦਸ਼ਾਹ ਨਾਲ ਬਣਦਾ ਜਾਂਦਾ ਰਸੂਖ ਜਾਣ ਕੇ ਰਾਮ ਰਾਇ ਜੀ ਨੇ ਝੱਟ ਕਹਿ ਦਿੱਤਾ ਕਿ ਹਜ਼ੂਰ ਇੱਥੇ ਮਿਟੀ ਮੁਸਲਮਾਨ ਕੀ ਨਹੀਂ ਬਲਕਿ ਮਿਟੀ ਬੇਈਮਾਨ ਕੀ ਹੈ। ਬਾਦਸ਼ਾਹ ਨੇ ਉਸ ਦੀ ਚਤੁਰਤਾ ਤੋਂ ਖ਼ੁਸ਼ ਹੋ ਕੇ ਦੂਨ ਦਾ ਇਲਾਕਾ ਜਗੀਰ ਵਿੱਚ ਦੇ ਦਿੱਤਾ।

ਜਦੋਂ ਗੁਰੂ ਹਰਿ ਰਾਏ ਸਾਹਿਬ ਜੀ ਨੂੰ ਰਾਮ ਰਾਇ ਜੀ ਦੀ ਚਤੁਰਾਈ ਅਤੇ ਕਮਜ਼ੋਰੀ ਦਾ ਪਤਾ ਲਗਾ ਤਾਂ ਉਨ੍ਹਾਂ ਦਾ ਮਨ ਉਚਾਟ ਹੋਇਆ। ਗੁਰੂ ਸਾਹਿਬ ਜੀ ਅਸੂਲਾਂ ਦੇ ਬੜੇ ਪੱਕੇ ਸਨ। ਉਨ੍ਹਾਂ ਨੇ ਬੜੀ ਦ੍ਰਿੜ੍ਹਤਾ ਨਾਲ ਫੈਸਲਾ ਕਰ ਲਿਆ ਕਿ ਰਾਮ ਰਾਇ ਗੁਰਗੱਦੀ ਦੇ ਲਾਇਕ ਨਹੀਂ ਹੈ। ਜਿੱਥੇ ਜਿੱਥੇ ਵੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਉਪਦੇਸ਼ ਮੰਨਣ ਵਾਲੇ ਵਸੇ ਸਨ, ਉਥੇ ਪ੍ਰਚਾਰਕ ਦੌਰੇ ਕੀਤੇ। ਉਨ੍ਹਾਂ ਨੇ ਸੰਗਤਾਂ ਨੂੰ ਗੁਰ ਉਦੇਸ਼ ਦ੍ਰਿੜ੍ਹ ਕਰਵਾਇਆ ਆਪ ਜੀ ਨੇ ਬਹੁਤ ਸਾਰੇ ਪ੍ਰਚਾਰਕ ਕੇਂਦਰ ਖੋਲੇ। ਉੱਥੇ ਆਪ ਜੀ ਨੇ ਸੁਚੱਜੇ ਪ੍ਰਚਾਰਕ ਥਾਪੇ। ਜਿਵੇਂ ਸੁਥੇਰ ਸ਼ਾਹੀ, ਭਗਤ ਭਗਵਾਨੀਏ, ਸੰਗਤ ਸਾਹਿਬੀਏ, ਇਹਨਾਂ ਕੇਂਦਰਾਂ ਨੂੰ ਚਲਾਉਣ ਲਈ ਭਾਈ ਬਹਿਲੋ, ਭਾਈ ਭੂੰਦੜ, ਭਾਈ ਪੰਜਾਬ, ਭਾਈ ਭਗਤੂ ਨਿਯੁਕਤ ਕੀਤੇ। 20 ਅਕਤੂਬਰ 1666 ਈ. ਨੂੰ ਆਪ ਜੀ ਨੇ ਛੋਟੇ ਸਾਹਿਬਜ਼ਾਦਾ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਗੱਦੀ ’ਤੇ ਬਿਠਾ ਕੇ ਜੋਤੀ ਜੋਤਿ ਸਮਾ ਗਏ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com ’ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ ’ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949



ਗੁਰਦੇਵ ਸਿੰਘ ਸਿੱਧੂ

# ਮਾਲਵੇ ਦਾ ਰੌਬਿਨ ਹੁਡ

# ਬੂੜ ਸਿੰਘ ਧਾੜਵੀ



ਰੌਬਿਨ ਹੁਡ ਮੱਧਕਾਲੀਨ ਬਰਤਾਨਵੀ ਲੋਕ ਕਹਾਣੀਆਂ ਦਾ ਉੱਘਾ ਨਾਇਕ ਹੈ। ਉਸ ਨੂੰ ਤੀਰਅੰਦਾਜ਼ੀ ਅਤੇ ਤਲਵਾਰਬਾਜ਼ੀ ਵਿੱਚ ਬੇਮਿਸਾਲ ਮੁਹਾਰਤ ਪ੍ਰਾਪਤ ਸੀ। ਧਨਾਢਾਂ ਦੀ ਅਣਉੱਚਿਤ ਸਾਧਨਾਂ ਰਾਹੀਂ ਇਕੱਠੀ ਕੀਤੀ ਪੂੰਜੀ ਉਨ੍ਹਾਂ ਤੋਂ ਖੋਹ ਕੇ ਲੋੜਵੰਦਾਂ ਅਤੇ ਗ਼ਰੀਬ ਗੁਰਬਿਆਂ ਵਿੱਚ ਵੰਡਣੀ ਉਸ ਦੀ ਖਾਸੀਅਤ ਮੰਨੀ ਜਾਂਦੀ ਹੈ। ਇਸ ਕਲਪਿਤ ਨਾਇਕ ਨੂੰ ਬਰਤਾਨੀਆ ਵਿੱਚ ਇੰਨੀ ਲੋਕਪ੍ਰਿਯਤਾ ਮਿਲੀ ਕਿ ਉਸ ਬਾਰੇ ਅਨੇਕਾਂ ਗੀਤ ਲਿਖੇ ਗਏ ਅਤੇ ਫਿਲਮਾਂ ਬਣਾਈਆਂ ਗਈਆਂ। ਲੋਕ-ਹਿਤ ਵਿੱਚ ਪ੍ਰਸ਼ਾਸਨ ਦਾ ਵਿਰੋਧ ਕਰਨ ਵਾਸਤੇ ਨਿਤਰਨ ਵਾਲੇ ਵਿਅਕਤੀ ਨੂੰ ਅੱਜ ਵੀ 'ਰੌਬਿਨ ਹੁਡ' ਕਹਿ ਕੇ ਯਾਦ ਕੀਤਾ ਜਾਂਦਾ ਹੈ। ਪੰਜਾਬੀ ਜੀਵਨ ਵਿੱਚ ਰੌਬਿਨ ਹੁਡ ਵਰਗੇ ਪਾਤਰਾਂ ਦੀ ਕਮੀ ਨਹੀਂ। ਮੱਧਕਾਲ ਵਿੱਚ ਦੁੱਲਾ ਭੱਟੀ ਇਸ ਦੀ ਮਿਸਾਲ ਹੈ ਅਤੇ ਉਨ੍ਹੀਵੀਂ ਸਦੀ ਵਿੱਚ ਜਿਉਣਾ ਮੌੜ, ਸੁੱਚਾ ਸਿੰਘ ਸੂਰਮਾ, ਹਰਫੂਲ ਸਿੰਘ ਜਿਲਾਣੀ ਵਾਲਾ ਆਦਿ ਅਜਿਹੇ ਲੋਕ ਨਾਇਕ ਹੋਏ ਹਨ। ਹਥਲੇ ਲੇਖ ਦਾ ਪਾਤਰ ਬੂੜ ਸਿੰਘ ਵੀ ਇਸੇ ਵਰਗ ਵਿਚ ਆਉਂਦਾ ਹੈ।

ਉਹ ਦਿਨ ਆਉਣ ਵਾਲੇ ਹਨ ਜਿਨ੍ਹੀਂ ਦਿਨੀ ਇਕ ਸਦੀ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿਚ ਸਿੱਖਾਂ ਨੇ ਅੰਗਰੇਜ਼ ਸਰਕਾਰ ਖਿਲਾਫ਼ ਲੰਮੀ ਲੜਾਈ ਲੜੀ ਜਿਸ ਨੂੰ ਜੈਤੋ ਦਾ ਮੋਰਚਾ ਕਿਹਾ ਗਿਆ। ਇਸ ਮੋਰਚੇ ਬਾਰੇ ਜਾਣਕਾਰੀ ਹਾਸਲ ਕਰਨ ਵਾਸਤੇ ਪੁਰਾਤਨ ਰਿਕਾਰਡ ਦੀ ਫਰੋਲਾ ਫਰਾਲੀ ਕਰਦਿਆਂ ਉਨ੍ਹੀਵੀਂ ਸਦੀ ਦੀ ਅੰਤਲੀ ਚੌਥਾਈ ਦੇ ਇੱਕ ਅਣਗੌਲੇ ਨਾਇਕ ਦੀ ਸੂਹ ਮਿਲੀ।

ਅੰਗਰੇਜ਼ ਸਰਕਾਰ ਵੱਲੋਂ 9 ਜੁਲਾਈ 1923 ਨੂੰ ਮਹਾਰਾਜਾ ਰਿਪੁਦਮਨ ਸਿੰਘ ਨੂੰ ਨਾਭੇ ਦੀ ਰਾਜਗੱਦੀ ਤੋਂ ਜ਼ਬਰਦਸਤੀ ਲਾਹੁਣ ਦੀ ਘਟਨਾ ਜੈਤੋ ਦੇ ਅਕਾਲੀ ਮੋਰਚੇ ਦੀ ਜੜ੍ਹ ਬਣੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 9 ਸਤੰਬਰ ਦਾ ਦਿਨ 'ਨਾਭਾ ਦਿਵਸ' ਵਜੋਂ ਮਨਾਉਣ ਦਾ ਸੱਦਾ ਦਿੱਤਾ ਤਾਂ ਸਿੱਖ ਸੰਗਤਾਂ ਇਸ ਦਿਹਾੜੇ ਨੂੰ ਵੱਡੀ ਪੱਧਰ ਉੱਤੇ ਮਨਾਉਣ ਦੀ ਤਿਆਰੀ ਕਰਨ ਵਾਸਤੇ ਥਾਂ ਪੁਰ ਥਾਂ, ਵਿਸ਼ੇਸ਼ ਕਰਕੇ ਨਾਭਾ ਰਿਆਸਤ ਵਿੱਚ, ਦੀਵਾਨ ਸਜਾਉਣ ਲੱਗੀਆਂ। ਜੈਤੋ ਇਲਾਕੇ ਦੇ ਸਥਾਨਕ ਅਕਾਲੀ ਜਥੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਸਮੇਤ ਤਿੰਨ ਰੋਜ਼ਾ ਦੀਵਾਨ 25, 26 ਅਤੇ 27 ਅਗਸਤ 1923 ਨੂੰ ਕਸਬੇ ਨੇੜਲੇ ਇਤਿਹਾਸਕ ਗੁਰਦੁਆਰਾ ਗੰਗਸਰ ਸਾਹਿਬ ਵਿੱਚ ਸਜਾਉਣ ਦੀ ਵਿਉਂਤ ਬਣਾਈ। ਪ੍ਰਸ਼ਾਸਕ ਦੇ ਹੁਕਮ ਅਨੁਸਾਰ ਪੁਲੀਸ ਨੇ ਦੀਵਾਨ ਨਾ ਹੋਣ ਦੇਣ ਵਾਸਤੇ ਅੱਡੀ ਚੋਟੀ ਦਾ ਜ਼ੋਰ ਲਾਇਆ ਪਰ ਲੋਕਾਂ ਦੇ ਹੜ੍ਹ ਅੱਗੇ ਬੇਵੱਸ ਰਹੀ। ਅੰਤਲੇ ਦਿਨ ਆਈ ਸੰਗਤ ਬੇਹਿਸਾਬੀ ਸੀ। ਇਸ ਲਈ ਗੁਰਦੁਆਰੇ ਦੀ ਇਮਾਰਤ ਛੋਟੀ ਹੋਣ ਕਾਰਨ ਦੀਵਾਨ ਗੁਰਦੁਆਰੇ ਤੋਂ ਬਾਹਰ ਖੁੱਲ੍ਹੇ ਮੈਦਾਨ ਵਿੱਚ ਸਜਾਇਆ ਗਿਆ। ਬੁਲਾਰਿਆਂ ਨੇ ਸਿੱਖ ਮਹਾਰਾਜੇ ਨੂੰ ਗੱਦੀ ਤੋਂ ਲਾਹੁਣ ਦੀ ਜ਼ਿੰਮੇਵਾਰ ਅੰਗਰੇਜ਼ ਸਰਕਾਰ ਨੂੰ ਤਾਂ ਖਰੀਆਂ ਖੋਟੀਆਂ ਸੁਣਾਉਣੀਆਂ ਹੀ ਸਨ, ਉਨ੍ਹਾਂ ਨੇ ਸਰਕਾਰ ਦੀ ਸ਼ਹਿ ਉੱਤੇ ਧੱਕਾ ਕਰ ਰਹੀ ਸਥਾਨਕ ਪੁਲਿਸ ਦੀ ਵੀ ਚੰਗੀ ਲਾਹ-ਪਾਹ ਕੀਤੀ, ਪੁਲਿਸ ਅਧਿਕਾਰੀਆਂ ਨੂੰ ਨਿੱਜੀ ਚੋਭਾਂ ਵੀ ਲਾਈਆਂ। ਬੌਖਲਾਈ ਪੁਲਿਸ ਨੇ ਸਭ ਤੋਂ ਤੇਜ਼ ਤਰਾਰ ਬੁਲਾਰੇ ਇੰਦਰ ਸਿੰਘ ਮੌੜ ਨੂੰ ਗ੍ਰਿਫ਼ਤਾਰ ਕਰ ਲਿਆ ਤਾਂ ਹੋਰ ਆਗੂਆਂ ਨੇ ਐਲਾਨ ਕਰ ਦਿੱਤਾ ਕਿ ਜਿੰਨੀ ਦੇਰ ਜਥੇਦਾਰ ਮੌੜ ਨੂੰ ਰਿਹਾਅ ਨਹੀਂ ਕੀਤਾ ਜਾਂਦਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਅਤੇ ਦੀਵਾਨ ਲਗਾਤਾਰ ਜਾਰੀ ਰਹੇਗਾ।

ਦੀਵਾਨ ਦੀ ਸਮਾਪਤੀ ਉਪਰੰਤ ਜਦ ਸੰਗਤ ਵਿੱਝੜ ਗਈ ਅਤੇ ਕੀਤੇ ਗਏ ਐਲਾਨ ਨੂੰ ਅਮਲ ਵਿੱਚ ਲਿਆਉਣ ਵਾਲੇ ਥੋੜ੍ਹੀ ਗਿਣਤੀ 'ਚ ਸਿੰਘ ਰਹਿ ਗਏ ਤਾਂ ਪੁਲਿਸ ਨੇ ਗੁਰਦੁਆਰਾ ਗੰਗਸਰ ਨੂੰ ਘੇਰਾ ਪਾ ਲਿਆ। ਅਗਲੇ ਦਿਨ ਪੁਲਿਸ ਦੀ ਇਸ ਕਾਰਵਾਈ ਬਾਰੇ ਲੋਕਾਂ ਨੂੰ ਪਤਾ ਲੱਗਾ ਤਾਂ ਲੋਕ ਆਉਣੇ ਸ਼ੁਰੂ ਹੋਏ ਪਰ ਪੁਲਿਸ ਨੇ ਕਿਸੇ ਨੂੰ ਗੁਰਦੁਆਰੇ ਦੇ ਨੇੜੇ ਨਾ ਜਾਣ ਦਿੱਤਾ।

ਗੁਰਦੁਆਰੇ ਨੂੰ ਘੇਰਾ ਪਿਆਂ ਦੋ ਹਫ਼ਤੇ ਲੰਘ ਗਏ। ਅਗਸਤ ਦੇ ਦੀਵਾਨ ਦੇ ਦਿਨੀਂ ਇਕੱਠਾ ਹੋਇਆ ਰਾਸ਼ਨ ਖ਼ਤਮ ਹੋਣ ਕੰਢੇ ਪੁੱਜ ਗਿਆ ਤਾਂ ਲੰਗਰ ਮਸਤਾਨਾ ਹੋਣ ਲੱਗਾ। ਕਈ ਦਿਨ ਇੱਕ ਡੰਗ ਰੋਟੀ ਖਾਣ ਦੀ ਨੌਬਤ ਆ ਗਈ। ਗੁਰਦੁਆਰੇ ਵਿੱਚ ਘਿਰੇ ਸਿੰਘਾਂ ਦੀ ਇਸ ਤਰਸਯੋਗ ਹਾਲਤ ਦੀ ਖ਼ਬਰ ਬਾਹਰ ਗਈ ਤਾਂ ਕੁਝ ਸਿਰੜੀ ਅਤੇ ਸਿਰਲੱਥ ਸਿੰਘਾਂ ਨੇ ਜਾਨ ਉੱਤੇ ਖੇਡ ਕੇ ਰਾਸ਼ਨ ਗੁਰਦੁਆਰੇ ਅੰਦਰ ਸੁੱਟਣ ਦਾ ਨਿਸ਼ਚਾ ਕਰ ਲਿਆ। 14 ਸਤੰਬਰ ਦੇ ਵੱਡੇ ਤੜਕੇ ਦੋ ਕੁ ਦਰਜਨ ਸਿੱਖ ਗੁਰਦੁਆਰੇ ਦੇ ਨੇੜੇ ਦਿਸੇ ਤਾਂ ਪੁਲਿਸ ਨਾਲ ਮੁੱਠ-ਭੇੜ ਸ਼ੁਰੂ ਹੋ ਗਈ। ਇਕ ਦਾਅ ਵਜੋਂ ਸਿੱਖ ਪਿੱਛੇ ਹਟਦੇ ਗਏ ਤਾਂ ਦਬਾਅ ਬਣਾਈ ਰੱਖਣ ਲਈ ਪਿੱਛੇ ਲੱਗੀ ਪੁਲਿਸ ਗੁਰਦੁਆਰੇ ਤੋਂ ਦੂਰ ਚਲੀ ਗਈ। ਮੌਕਾ ਤਾੜ ਕੇ ਸਿੱਖਾਂ ਦਾ ਵੱਡਾ ਜਥਾ ਰਾਸ਼ਨ ਲੈ ਕੇ ਆਇਆ ਅਤੇ ਪੁਲਿਸ ਦੀ ਹੋਰ ਟੁਕੜੀ ਵੱਲੋਂ ਰੋਕੇ ਜਾਣ ਦੇ ਬਾਵਜੂਦ ਰਾਸ਼ਨ ਗੁਰਦੁਆਰੇ ਅੰਦਰ ਸੁੱਟਣ ਵਿੱਚ ਕਾਮਯਾਬ ਹੋ ਗਿਆ। ਪੁਲਿਸ ਮੁਕਾਬਲੇ ਵਿੱਚ ਕੁੱਝ ਸਿੱਖ ਜ਼ਖਮੀ ਹੋਏ, ਦਰਜਨ ਭਰ ਗ੍ਰਿਫ਼ਤਾਰ ਵੀ ਹੋਏ ਪਰ ਵੱਡੀ ਗਿਣਤੀ ਪੁਲੀਸ ਨੂੰ ਝਕਾਨੀ ਦੇ ਕੇ ਨਿਕਲਣ ਵਿਚ ਸਫਲ ਰਹੀ। ਸਿੱਖ ਜਥੇ ਵੱਲੋਂ ਕੀਤੀ ਇਸ ਨਿਧੜਕ ਵਾਰਦਾਤ ਨੇ ਰਿਆਸਤੀ ਅਹਿਲਕਾਰਾਂ ਨੂੰ ਚਿੰਤਾ ਵਿੱਚ ਪਾ ਦਿੱਤਾ। ਘਟਨਾ ਦੇ ਮਹੱਤਵ ਨੂੰ ਵੇਖਦਿਆਂ ਇਸ ਦੀ ਪੜਤਾਲ ਉੱਚ-ਅਧਿਕਾਰੀ ਅੰਗਰੇਜ਼ ਪੁਲਿਸ ਅਫ਼ਸਰ ਨੇ ਆਪ ਕੀਤੀ। ਉਸ ਨੇ ਇਸ ਘਟਨਾ ਲਈ ਜ਼ਿੰਮੇਵਾਰ ਜਥੇ ਨੂੰ 'ਡੁਰਲੀ ਜਥਾ' ਨਾਂ ਦਿੱਤਾ, ਵਾਰਦਾਤ ਵਿੱਚ ਸ਼ਾਮਿਲ ਵਿਅਕਤੀਆਂ ਦੀ ਨਿਸ਼ਾਨਦੇਹੀ ਕੀਤੀ ਪਰ ਉੱਘੜਵਾਂ ਨਾਂ ਦੱਸਿਆ 'ਦੁੱਲਾ ਸਿੰਘ ਰੋਡੇ'। ਉਸ ਨੇ ਬੜੇ ਫਖਰ ਨਾਲ ਲਿਖਿਆ ਕਿ ਦੁੱਲਾ ਸਿੰਘ ਇੱਕ 'ਬਦਮਾਸ਼ ਡਾਕੂ' ਦਾ ਪੁੱਤਰ ਹੈ ਜਿਸ ਨੂੰ 23 ਸਾਲ ਪਹਿਲਾਂ ਫਿਰੋਜ਼ਪੁਰ ਦੇ ਪੁਲਿਸ ਸੁਪਰਡੈਂਟ ਕਰਨਲ ਗ੍ਰੈਗਸਨ ਨੇ ਮੁਕਾਬਲੇ ਵਿੱਚ ਮਾਰ ਮੁਕਾਇਆ ਸੀ। ਆਜ਼ਾਦੀ ਘੁਲਾਟੀਆਂ ਬਾਰੇ ਅੰਗਰੇਜ਼ ਅਫ਼ਸਰਾਂ ਦੀਆਂ ਟਿੱਪਣੀਆਂ ਪੜ੍ਹਦਿਆਂ ਮੈਂ ਏਨਾ ਕੁ ਜਾਣ ਗਿਆ ਸਾਂ ਕਿ ਅੰਗਰੇਜ਼ ਜਿਸ ਦੇਸ਼ਭਗਤ ਨੂੰ ਜ਼ਿਆਦਾ ਖ਼ਤਰਨਾਕ ਸਮਝਦੇ, ਉਸ ਨੂੰ ਬਦਨਾਮ ਕਰਨ ਵਾਸਤੇ ਉਸ ਲਈ ਭੈੜੇ ਤੋਂ ਭੈੜਾ ਵਿਸ਼ੇਸ਼ਣ ਵਰਤਦੇ ਸਨ। ਇਸ ਲਈ ਦੁੱਲਾ ਸਿੰਘ ਦੇ ਪਿਤਾ ਬਾਰੇ ਅੰਗਰੇਜ਼ ਅਫ਼ਸਰ ਦੀ ਟਿੱਪਣੀ ਨੇ ਉਸ ਬਾਰੇ ਜਾਣਨ ਦੀ ਜਗਿਆਸਾ ਪੈਦਾ ਕਰ ਦਿੱਤੀ।

ਅੰਗਰੇਜ਼ ਅਫ਼ਸਰ ਨੇ ਦੁੱਲਾ ਸਿੰਘ ਦੇ ਪਿਤਾ ਦਾ ਨਾਉਂ ਨਹੀਂ ਸੀ ਲਿਖਿਆ। ਇਸ ਲਈ ਪਹਿਲਾ ਕੰਮ ਦੁੱਲਾ ਸਿੰਘ ਦੇ ਪਿਤਾ ਦਾ ਨਾਉਂ ਪਤਾ ਕਰਨਾ ਸੀ। ਵਿਸਾਖਾ ਸਿੰਘ ਸੰਤ ਸਿਪਾਹੀ ਦੀ ਵੱਡ-ਆਕਾਰੀ ਰਚਨਾ 'ਮਾਲਵਾ ਇਤਿਹਾਸ' 'ਤੇ ਨਜ਼ਰ ਮਾਰੀ ਤਾਂ ਬੂੜ ਸਿੰਘ ਨਾਂ ਝੱਟ ਲੱਭ ਗਿਆ। ਲੇਖਕ ਨੇ ਬੂੜ ਸਿੰਘ ਬਾਰੇ ਇਹ ਹੋਰ ਜਾਣਕਾਰੀ ਵੀ ਦਰਜ ਕੀਤੀ ਸੀ, "ਸ. ਬੂੜ ਸਿੰਘ ਆਪਣੇ ਜ਼ਮਾਨੇ ਦੇ ਪ੍ਰਸਿੱਧ ਬਹਾਦਰ ਆਦਮੀ ਤੇ ਧਾੜਵੀ ਸਨ। ਪੰਜਾਬ ਦੀਆਂ ਜੇਲ੍ਹਾਂ ਵਿੱਚ ਮਿੱਟੀ ਦੇ ਠੂਠੇ ਭੰਨਵਾ ਕੇ ਸਾਰੇ ਕੈਦੀਆਂ ਲਈ ਲੋਹੇ ਦੇ ਬਾਟੇ ਪ੍ਰਵਾਨ ਕਰਾਉਣੇ ਆਪ ਦਾ ਹੀ ਸ਼ਾਨਦਾਰ ਕਾਰਨਾਮਾ ਸੀ। ਇਸ ਕੰਮ ਵਿੱਚ ਆਪ ਨੇ ਸਾਰੇ ਕੈਦੀਆਂ ਦੀ ਅਗਵਾਈ ਕੀਤੀ।" ਇਹ ਸਤਰਾਂ ਪੜ੍ਹਦਿਆਂ ਹੀ ਅਚੇਤ ਮਨ ਦੀਆਂ ਤਹਿਆਂ ਵਿਚੋਂ ਇਹ ਨਾਂ ਉੱਭਰਿਆ। ਯਾਦ ਆਇਆ ਕਿ ਇਸ ਨਾਂ ਦੇ ਡਾਕੂ ਬਾਰੇ ਲਿਖਿਆ ਇਕ ਕਿੱਸਾ ਮੇਰੇ ਕਿੱਸਾ ਸੰਗ੍ਰਹਿ ਵਿੱਚ ਉਪਲਬਧ ਹੈ। ਫਰੋਲਾ ਫਰਾਲੀ ਕੀਤੀ ਤਾਂ ਸ਼ਿਬੂ ਰਾਮ ਲਿਖਤ ਅਤੇ ਅਗਸਤ 1901 ਵਿੱਚ ਪ੍ਰਕਾਸ਼ਿਤ ਕਿੱਸਾ ਮਿਲ ਗਿਆ, ਨਾਂ ਸੀ 'ਬੂੜ ਸਿੰਘ ਧਾੜਵੀ' ਜੋ ਪਿੰਡ ਰੋਡੇ, ਜ਼ਿਲ੍ਹਾ ਫਿਰੋਜ਼ਪੁਰ, (ਵਰਤਮਾਨ ਜ਼ਿਲ੍ਹਾ ਮੋਗਾ) ਦੇ ਵਸਨੀਕ ਖੜਕ ਸਿੰਘ ਦਾ ਪੁੱਤਰ ਸੀ।

ਉਨ੍ਹੀਂ ਦਿਨੀਂ ਖੇਤੀ ਵਾਸਤੇ ਨਹਿਰੀ ਪਾਣੀ ਇੱਕ ਨਿਆਮਤ ਸੀ ਜਿਸ ਕਾਰਨ ਪਾਣੀ ਦੀ ਵਾਰੀ ਤੋਂ ਅਕਸਰ ਲੜਾਈਆਂ ਹੋ ਜਾਂਦੀਆਂ ਸਨ। ਅਜਿਹੇ ਇੱਕ ਝਗੜੇ ਵਿੱਚ ਬੂੜ ਸਿੰਘ ਤੋਂ ਕਤਲ ਹੋ ਗਿਆ ਤਾਂ ਪੁਲਿਸ ਦੀ ਕਾਰਵਾਈ ਤੋਂ ਡਰਦਾ ਉਹ ਫਰਾਰ ਹੋ ਗਿਆ। ਫਰਾਰੀ ਦੌਰਾਨ ਉਸ ਦਾ ਮੇਲ ਡਾਕੂਆਂ ਨਾਲ ਹੋਇਆ ਤਾਂ ਉਨ੍ਹਾਂ ਨਾਲ ਰਲ ਗਿਆ। ਰੱਜੇ-ਪੁੱਜੇ ਘਰ ਵਿੱਚ ਜਨਮਿਆ ਬੂੜ ਸਿੰਘ ਜਿੰਨਾ ਡੀਲ ਡੌਲ ਪੱਖੋਂ ਦਰਸ਼ਨੀ ਸੀ, ਨਿਡਰਤਾ ਅਤੇ ਹੌਸਲੇ ਵਿਚ ਉਸ ਤੋਂ ਵੀ ਦੂਗਣਾ ਚੌਗੁਣਾ। ਛੇਤੀ ਹੀ ਆਪਣੇ ਟੋਲੇ ਵਿੱਚ ਸਰਦਾਰ ਮੰਨਿਆ ਜਾਣ ਲੱਗਾ। ਮਨ ਵਿੱਚ ਠਾਣੀ ਕਿ ਜਿਉਣੇ ਮੌੜ ਅਤੇ 'ਚਿਤੂ ਮਿਤੂ ਵਾਂਗ ਚਾ ਕਢਾਈਏ ਨਾਮ ਨੂੰ।' ਉਸ ਨੇ ਦੂਰ ਦੂਰ ਤੱਕ ਡਾਕੇ ਮਾਰੇ। ਜਿੱਥੇ ਕਿਤੇ ਵੀ ਪਤਾ ਲੱਗਦਾ ਕਿ ਕੋਈ ਸ਼ਾਹੂਕਾਰ ਲੋਕਾਂ ਦਾ ਖ਼ੂਨ ਪੀ ਕੇ ਤਿਜੋਰੀਆਂ ਭਰੀ ਬੈਠਾ ਹੈ, ਬੂੜ ਸਿੰਘ ਉੱਥੇ ਜਾ ਪੁੱਜਦਾ। ਪਿੰਡ ਸਲੀਨੇ ਦਾ ਠਾਕਰ ਬਾਣੀਆ, ਫਤਿਹਗੜ੍ਹ ਦਾ ਰਲੀ, ਸੋਢੀਵਾਲੇ ਦੇ ਸ਼ਾਹੂਕਾਰ ਤਾਂ ਨੇੜੇ ਹੀ ਸਨ, ਉਸ ਨੇ ਰਿਆਸਤ ਪਟਿਆਲਾ ਵਿੱਚ ਮਹਿਲ ਪਿੰਡ ਦੇ ਬਾਣੀਆਂ ਨੂੰ ਵੀ ਨਾ ਬਖਸ਼ਿਆ। ਉਹ ਸ਼ਾਹੂਕਾਰ ਤੋਂ ਧਨ ਲੁੱਟਦਾ ਪਰ ਇਸ ਗੱਲ ਦਾ ਧਿਆਨ ਰੱਖਦਾ ਕਿ ਕਿਸੇ ਦੀ ਜਾਨ ਨਾ ਜਾਵੇ। ਧਨਾਢ ਵਿਅਕਤੀ ਨੂੰ "ਬਾਰ ਬਾਰ ਬੂੜਾ ਏਹੋ ਮੁੱਖ ਤੋਂ

(ਬਾਕੀ ਸਫ਼ਾ 31 'ਤੇ)



# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035








# ਬੱਚਿਆਂ ਨੂੰ ਬਚਾਓ ਤਣਾਓ ਤੋਂ

## ਮਾਪਿਆਂ ਤੋਂ ਦੂਰ ਰਹਿੰਦੇ ਬੱਚੇ ਅਕਸਰ ਹੋ ਜਾਂਦੇ ਨੇ ਤਣਾਓ ਦਾ ਸ਼ਿਕਾਰ

ਅੱਜ ਕੱਲ੍ਹ ਹਰ ਮਾਤਾ ਪਿਤਾ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦਿਵਾਉਣਾ ਚਾਹੁੰਦਾ ਹੈ। ਇਸਦੇ ਲਈ ਅਕਸਰ ਬੱਚਿਆਂ ਨੂੰ ਮਾਪਿਆਂ ਤੋਂ ਦੂਰ ਦੂਜੇ ਸ਼ਹਿਰਾਂ ਵਿੱਚ ਸਕੂਲਾਂ, ਹੋਸਟਲਾਂ ਵਿੱਚ ਰਹਿਣਾ ਪੈਂਦਾ ਹੈ। ਮਾਪਿਆਂ ਤੋਂ ਦੂਰ ਰਹਿੰਦੇ ਹੋਏ ਬੱਚੇ ਅਕਸਰ ਇੱਕਲਤਾ ਅਤੇ ਤਣਾਓ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਤੋਂ ਇਲਾਵਾ ਨੌਕਰੀਪੇਸ਼ਾ ਮਾਪਿਆਂ ਦੇ ਬੱਚੇ ਵੀ ਅਕਸਰ ਤਣਾਓ ਦਾ ਸ਼ਿਕਾਰ ਹੋ ਜਾਂਦੇ ਹਨ। ਕਈ ਵਾਰ ਮਾਪੇ ਆਪਣੇ ਬੱਚਿਆਂ ’ਤੇ ਪੜ੍ਹਾਈ ਦਾ ਏਨਾ ਬੋਝ ਲੱਦ ਦਿੰਦੇ ਹਨ, ਕਿ ਬੱਚੇ ਤਣਾਓ ਦਾ ਸ਼ਿਕਾਰ ਹੋ ਜਾਂਦੇ ਹਨ। ਅਸਲ ਵਿੱਚ ਬੱਚਿਆਂ ਦੇ ਤਣਾਓ ਵਿੱਚ ਆਉਣ ਦੇ ਕਈ ਕਾਰਨ ਹਨ।

ਜ਼ਿਆਦਾਤਰ ਬੱਚੇ ਪੜ੍ਹਾਈ ਪੂਰੀ ਕਰਨ ਲਈ ਘਰੋਂ ਦੂਰ ਚਲੇ ਜਾਂਦੇ ਹਨ। ਇਸ ਲਈ, ਹੁਣ ਮਾਪੇ ਆਪਣੇ ਬੱਚਿਆਂ ਦੇ ਕੈਰੀਅਰ ਦੀ ਯੋਜਨਾ ਉਸ ਸਮੇਂ ਤੋਂ ਸ਼ੁਰੂ ਕਰਦੇ ਹਨ ਜਦੋਂ ਉਹ ਉਨ੍ਹਾਂ ਨੂੰ ਸਕੂਲ ਵਿੱਚ ਦਾਖਲ ਕਰਵਾਉਂਦੇ ਹਨ। ਆਪਣੀ ਪੜ੍ਹਾਈ ਦੇ ਖ਼ਰਚਿਆਂ ਦੀ ਯੋਜਨਾ ਬਣਾਉਣ ਵੇਲੇ, ਮਾਪੇ ਆਪਣੀ ਫੀਸ, ਹੋਸਟਲ ਦੇ ਖਰਚੇ ਅਤੇ ਕਿਤਾਬਾਂ ਦੇ ਖਰਚੇ ਆਦਿ ਦਾ ਹਿਸਾਬ ਲਗਾਉਂਦੇ ਹਨ, ਤਾਂ ਜੋ ਉਹ ਆਪਣੀ ਪੜ੍ਹਾਈ ’ਤੇ ਚੰਗੀ ਤਰ੍ਹਾਂ ਧਿਆਨ ਦੇ ਸਕਣ। ਪਰ ਇਸ ਤੋਂ ਇਲਾਵਾ ਉਨ੍ਹਾਂ ਦੇ ਖਰਚੇ ਵੀ ਹਨ ਜੋ ਉਹ ਆਪਣੇ ਬਜਟ ਵਿੱਚ ਸ਼ਾਮਲ ਨਹੀਂ ਕਰਦੇ। ਬੱਚੇ ਦੀਆਂ ਆਪਣੀਆਂ ਲੋੜਾਂ ਵੀ ਹੁੰਦੀਆਂ ਹਨ ਜਿਨ੍ਹਾਂ ਦਾ ਉਸ ਨੂੰ ਅਹਿਸਾਸ ਉਦੋਂ ਹੁੰਦਾ ਹੈ ਜਦੋਂ ਉਹ ਘਰੋਂ ਦੂਰ ਹੁੰਦਾ ਹੈ। ਜਦੋਂ ਉਨ੍ਹਾਂ ਲੋੜਾਂ ਲਈ ਪੈਸੇ ਨਹੀਂ ਹੁੰਦੇ ਹਨ, ਤਾਂ ਬੱਚੇ ਤਣਾਅ ਵਿੱਚ ਰਹਿੰਦੇ ਹਨ ਅਤੇ ਆਪਣੀ ਪੜ੍ਹਾਈ ’ਤੇ ਧਿਆਨ ਨਹੀਂ ਦੇ ਪਾਉਂਦੇ ਹਨ।

**ਲੋੜੀਂਦੇ ਖਰਚੇ**

ਸਿੱਖਿਆ ਦੀ ਯੋਜਨਾ ਬਣਾਉਣ ਵੇਲੇ ਮਾਪੇ ਹੋਰ ਖ਼ਰਚਿਆਂ ਲਈ ਬਜਟ ਨਾ ਬਣਾਉਣ ਦੀ ਇੱਕ ਆਮ ਗਲਤੀ ਕਰਦੇ ਹਨ। ਇਹ ਉਹ ਖਰਚੇ ਹਨ ਜੋ ਨਿਸ਼ਚਿਤ ਨਹੀਂ ਹਨ। ਉਦਾਹਰਨ ਲਈ, ਜੇ ਬੱਚਾ ਨੇੜੇ-ਤੇੜੇ ਦੋਸਤਾਂ ਨਾਲ ਬਾਹਰ ਜਾਣਾ ਚਾਹੁੰਦਾ ਹੈ, ਚਿਪਸ ਜਾਂ ਬਿਸਕੁਟ ਖਾਣਾ ਚਾਹੁੰਦਾ ਹੈ, ਕੁਝ ਖਰੀਦਣਾ ਚਾਹੁੰਦਾ ਹੈ, ਜਾਂ ਜੇ ਉਹ ਬੀਮਾਰ ਹੋ ਜਾਂਦਾ ਹੈ, ਤਾਂ ਉਸ ਕੋਲ ਖਰਚ ਕਰਨ ਲਈ ਪੈਸੇ ਹੋਣੇ ਚਾਹੀਦੇ ਹਨ। ਤੁਸੀਂ ਆਪਣੇ ਬੱਚੇ ਨੂੰ ਮਹੀਨਾਵਾਰ ਖ਼ਰਚਿਆਂ ਦੀ ਇੱਕ ਨਿਸ਼ਚਿਤ ਰਕਮ ਦਿੱਤੀ ਹੈ, ਪਰ ਇਹ ਸੰਕਟਕਾਲੀਨ ਸਥਿਤੀਆਂ ਤੋਂ ਬਚਾਉਣ ਲਈ ਕਾਫ਼ੀ ਨਹੀਂ ਹੈ।

**ਮਹਿੰਗਾਈ ਨੂੰ ਧਿਆਨ ਵਿੱਚ ਰੱਖੋ**

ਰੁਪਏ ਦੀ ਕੀਮਤ ਕਦੇ ਵੀ ਸਥਿਰ ਨਹੀਂ ਰਹਿੰਦੀ ਅਤੇ ਮਹਿੰਗਾਈ ਦੇ ਪ੍ਰਭਾਵਾਂ ਕਾਰਨ ਬਦਲਦੀ ਰਹਿੰਦੀ ਹੈ। ਤੁਹਾਨੂੰ ਆਪਣੀ ਭਵਿੱਖੀ ਲੋੜ ਦੀ ਗਣਨਾ ਕਰਦੇ ਸਮੇਂ ਮਹਿੰਗਾਈ ਨੂੰ ਜੋੜ ਕੇ ਆਪਣੇ ਪੈਸੇ ਦੇ ਭਵਿੱਖੀ ਮੁੱਲ ’ਤੇ ਵਿਚਾਰ ਕਰਨਾ ਚਾਹੀਦਾ ਹੈ।

**ਪਹਿਲਾਂ ਆਪਣੀਆਂ ਸ਼ਕਤੀਆਂ ਨੂੰ ਜਾਣੋ**

ਭਵਿੱਖ ਦੀ ਸਿੱਖਿਆ ਦੀ ਯੋਜਨਾ ਬਣਾਉਂਦੇ ਸਮੇਂ, ਮਾਪਿਆਂ ਨੂੰ ਪਹਿਲਾਂ ਉਨ੍ਹਾਂ ਦੀ ਸਮਰੱਥਾ ਦੀ ਜਾਂਚ ਕਰਨੀ ਚਾਹੀਦੀ ਹੈ। ਜੇਕਰ ਐਜੂਕੇਸ਼ਨ ਲੋਨ ਲੈ ਕੇ ਆਪਣੇ ਬੱਚਿਆਂ ਦੀ ਪੜ੍ਹਾਈ ਦਾ ਵਿੱਤ ਪੋਸ਼ਣ ਕਰਨ ਦੀ ਯੋਜਨਾ ਬਣਾ ਰਹੇ ਹਨ, ਤਾਂ ਉਨ੍ਹਾਂ ਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਜਦੋਂ ਤੱਕ ਉਨ੍ਹਾਂ ਦਾ ਬੱਚਾ ਕਮਾਉਣਾ ਸ਼ੁਰੂ ਨਹੀਂ ਕਰਦਾ, ਉਦੋਂ ਤੱਕ ਉਨ੍ਹਾਂ ਨੂੰ ਕਰਜ਼ੇ ’ਤੇ ਘੱਟੋ-ਘੱਟ ਵਿਆਜ ਦਾ ਖਰਚਾ ਚੁੱਕਣਾ ਪਵੇਗਾ। ਇਸ ਲਈ ਉਨ੍ਹਾਂ ਨੂੰ ਆਪਣੀ ਸਮਰੱਥਾ ਅਨੁਸਾਰ ਵਿਦਿਅਕ ਅਦਾਰਿਆਂ ਦੀ ਚੋਣ ਕਰਨੀ ਚਾਹੀਦੀ ਹੈ।

**ਬੱਚਤ ਯੋਜਨਾਵਾਂ ਵੱਲ ਧਿਆਨ ਦਿਓ**

ਮਾਪੇ ਵੱਡੇ ਖ਼ਰਚਿਆਂ ਲਈ ਯੋਜਨਾ ਬਣਾਉਂਦੇ ਹਨ ਜਿਵੇਂ ਕਿ ਫੀਸਾਂ, ਹੋਸਟਲ ਅਤੇ ਸਿੱਖਿਆ ਕਰਜ਼ਾ ਵੀ ਇਹਨਾਂ ਵੱਡੇ ਖ਼ਰਚਿਆਂ ਲਈ ਲਿਆ ਜਾ ਸਕਦਾ ਹੈ। ਪਰ ਉਹਨਾਂ ਨੂੰ ਮਾਸਿਕ ਅਧਾਰ ’ਤੇ ਕੁਝ ਛੋਟੀਆਂ ਬੱਚਤਾਂ ਸ਼ੁਰੂ ਕਰਨ ਦੀ ਯੋਜਨਾ ਬਣਾ ਕੇ ਹੋਰ ਖ਼ਰਚਿਆਂ ਲਈ ਇੱਕ ਚੰਗਾ ਫੰਡ ਇਕੱਠਾ ਕਰਨਾ ਚਾਹੀਦਾ ਹੈ।

**ਮਾਨਸਿਕ ਸਿਹਤ ਪ੍ਰਭਾਵਿਤ ਹੁੰਦੀ ਹੈ...**

ਵੱਡੇ ਸ਼ਹਿਰਾਂ ਦੇ ਵੱਕਾਰੀ ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹਨ ਦਾ ਸੁਪਨਾ ਪੂਰਾ ਕਰਨ ਲਈ ਯੋਗਤਾ ਦੀ ਲੋੜ ਹੁੰਦੀ ਹੈ ਪਰ ਇਸ ਦੇ ਨਾਲ ਹੀ ਇਹ ਸੋਚਣਾ ਵੀ ਜ਼ਰੂਰੀ ਹੈ ਕਿ ਕੀ ਬੱਚੇ ਨੇ ਹੁਣ ਤੱਕ ਪੈਸੇ ਦੀ ਘਾਟ ਦਾ ਸਾਹਮਣਾ ਕੀਤਾ ਹੈ ਜਾਂ ਪੈਸੇ ਦੀ ਬੱਚਤ ਕਰਨੀ ਹੈ ਜਾਂ ਨਹੀਂ। ਜਦੋਂ ਬੱਚੇ ਘਰੋਂ ਦੂਰ ਚਲੇ ਜਾਂਦੇ ਹਨ ਅਤੇ ਇਕੱਲੇ ਰਹਿੰਦੇ ਹਨ ਅਤੇ ਪੈਸੇ ਦੀ ਘਾਟ ਹੁੰਦੀ ਹੈ, ਤਾਂ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ ਕਿ ਉਹ ਇਨ੍ਹਾਂ ਲੋੜਾਂ ਨੂੰ ਕਿਵੇਂ ਪੂਰਾ ਕਰਨਗੇ। ਉਹ ਜਾਣਦੇ ਹਨ ਕਿ ਉਨ੍ਹਾਂ ਨੂੰ ਜੋ ਪੈਸਾ ਮਿਲਿਆ ਹੈ ਉਹ ਉਨ੍ਹਾਂ ਦੇ ਰਹਿਣ-ਸਹਿਣ ਦੇ ਖ਼ਰਚਿਆਂ ਨੂੰ ਪੂਰਾ ਕਰਦਾ ਹੈ। ਇਸ ਦੇ ਨਾਲ ਹੀ ਛੋਟੀਆਂ-ਛੋਟੀਆਂ ਚੀਜ਼ਾਂ ਲਈ ਕੋਈ ਵੱਖਰਾ ਬਜਟ ਨਹੀਂ ਹੈ, ਇਸ ਲਈ ਸਾਡੀਆਂ ਜ਼ਰੂਰਤਾਂ ਨੂੰ ਉਸੇ ਮਾਤਰਾ ਵਿੱਚ ਹੀ ਪੂਰਾ ਕਰਨਾ ਪੈਂਦਾ ਹੈ। ਵਧਦੀਆਂ ਕੀਮਤਾਂ ਅਤੇ ਅਚਾਨਕ ਖ਼ਰਚਿਆਂ ਦੇ ਵਿਚਕਾਰ, ਵਿਦਿਆਰਥੀਆਂ ਦਾ ਮਾਨਸਿਕ ਤਣਾਅ ਵੀ ਵਧਦਾ ਹੈ।

**ਕਮੀ ਕਾਰਨ ਵਧਦਾ ਹੈ ਤਣਾਓ**

ਵਿੱਤੀ ਸੰਘਰਸ਼ ਵਿਦਿਆਰਥੀਆਂ ਦੀ ਸਿੱਖਿਆ ’ਤੇ ਸਭ ਤੋਂ ਵੱਧ ਪ੍ਰਭਾਵ ਪਾਉਂਦੇ ਹਨ, ਜਿਸ ਕਾਰਨ ਉਹ ਆਪਣੇ ਅਨਿਸ਼ਚਿਤ ਭਵਿੱਖ ਨੂੰ ਲੈ ਕੇ ਚਿੰਤਾ ਅਤੇ ਉਦਾਸੀ ਦਾ ਸ਼ਿਕਾਰ ਹੁੰਦੇ ਹਨ। ਉਹ ਪਰਿਵਾਰ ਅਤੇ ਦੋਸਤਾਂ ਨਾਲ ਰਹਿਣ-ਸਹਿਣ ਦੇ ਖ਼ਰਚਿਆਂ ਨਾਲ ਜੁੜੇ ਵਿੱਤੀ ਤਣਾਅ ਨੂੰ ਸਾਂਝਾ ਕਰਨ ਦੇ ਯੋਗ ਨਾ ਹੋਣ ਕਰਕੇ ਫਸੇ ਹੋਏ ਮਹਿਸੂਸ ਕਰਦੇ ਹਨ। ਇਸ ਤਣਾਅ ਦੇ ਤਹਿਤ, ਅਸੀਂ ਕਈ ਵਾਰ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਖਾਣਾ ਖਾਣਾ ਭੁੱਲ ਜਾਂਦੇ ਹਾਂ ਜਾਂ ਗਲਤ ਤਰੀਕਾ ਚੁਣਦੇ ਹਾਂ।

**ਮਨ ਵਿੱਚ ਨਕਾਰਾਤਮਕ ਵਿਚਾਰ**

ਅਜਿਹੀ ਸਥਿਤੀ ਵਿੱਚ, ਪੜ੍ਹਾਈ ਵਿੱਚ ਧਿਆਨ ਕੇਂਦਰਿਤ ਕਰਨ ਦੇ ਯੋਗ ਹੋਣ ਦੀ ਬਜਾਏ, ਬੱਚੇ ਆਪਣੇ ਆਪ ਨੂੰ ਘੱਟ ਸਮਝਣਾ ਸ਼ੁਰੂ ਕਰ ਦਿੰਦੇ ਹਨ। ਜੇ ਮੈਂ ਅਗਲੇ ਸਮੈਸਟਰ ਲਈ ਫੀਸਾਂ ਦਾ ਭੁਗਤਾਨ ਕਰਨ ਦੇ ਯੋਗ ਨਹੀਂ ਹਾਂ ਤਾਂ ਕੀ ਹੋਵੇਗਾ? ਜੇ ਤੁਹਾਨੂੰ ਕਾਲਜ ਤੋਂ ਬਾਅਦ ਨੌਕਰੀ ਨਹੀਂ ਮਿਲਦੀ ਤਾਂ ਕੀ ਹੋਵੇਗਾ? ਮੈਨੂੰ ਪਾਰਟ-ਟਾਈਮ ਨੌਕਰੀ ਮਿਲਣੀ ਚਾਹੀਦੀ ਹੈ। ਭਾਵੇਂ ਮੈਨੂੰ ਨੌਕਰੀ ਮਿਲ ਜਾਂਦੀ ਹੈ, ਕੀ ਮੇਰੇ ਗ੍ਰੇਡ ਕੰਮ ਅਤੇ ਪੜ੍ਹਾਈ ਵਿਚਕਾਰ ਨਹੀਂ ਵਿਗੜਨਗੇ? - ਕੁਝ ਅਜਿਹੇ ਵਿਚਾਰ ਮਨ ਵਿਚ ਆਉਣੇ ਸ਼ੁਰੂ ਹੋ ਜਾਂਦੇ ਹਨ। ਜਦੋਂ ਪੈਸੇ ਸਮੇਂ ਤੋਂ ਪਹਿਲਾਂ ਖਤਮ ਹੋ ਜਾਂਦੇ ਹਨ, ਤਾਂ ਬੱਚੇ ਡਰ ਦੇ ਮਾਰੇ ਝੂਠ ਬੋਲਣ ਲੱਗ ਪੈਂਦੇ ਹਨ। ਕੁਝ ਮਾਮਲਿਆਂ ਵਿੱਚ ਉਹ ਡਿਪਰੈਸ਼ਨ ਵਿੱਚ ਵੀ ਜਾ ਸਕਦੇ ਹਨ।

**ਮਾਪਿਆਂ ਨੂੰ ਸਮਝਣਾ ਚਾਹੀਦਾ ਹੈ...**

ਇਹ ਬੱਚੇ ਛੋਟੀਆਂ-ਛੋਟੀਆਂ ਗੱਲਾਂ ਲਈ ਵਾਰ-ਵਾਰ ਪੈਸੇ ਮੰਗ ਕੇ ਆਪਣੇ ਮਾਪਿਆਂ ’ਤੇ ਬੋਝ ਨਹੀਂ ਬਣਨਾ ਚਾਹੁੰਦੇ। ਅਸੀਂ ਘਰ ਤੋਂ ਦੂਰ ਰਹਿੰਦੇ ਹਾਂ ਇਸ ਲਈ ਸਾਨੂੰ ਛੋਟੀਆਂ ਚੀਜ਼ਾਂ ਦੀ ਲੋੜ ਹੁੰਦੀ ਹੈ। ਇਸ ਦੇ ਨਾਲ ਹੀ ਜੇਕਰ ਤੁਸੀਂ ਦੋਸਤਾਂ ਨਾਲ ਡਿਨਰ ਖਾ ਰਹੇ ਹੋ ਜਾਂ ਕਿਸੇ ਦੇ ਜਨਮਦਿਨ ’ਤੇ ਸਾਰੇ ਦੋਸਤ ਪੈਸੇ ਇਕੱਠੇ ਕਰਕੇ ਕੇਕ ਲੈ ਕੇ ਆਉਂਦੇ ਹਨ ਤਾਂ ਉਨ੍ਹਾਂ ਨੂੰ ਇਸ ਲਈ ਕੁਝ ਰਕਮ ਵੀ ਅਦਾ ਕਰਨੀ ਪਵੇਗੀ। ਜੇਕਰ ਉਸ ਕੋਲ ਭੁਗਤਾਨ ਕਰਨ ਲਈ ਪੈਸੇ ਨਹੀਂ ਹਨ, ਤਾਂ ਬੱਚਾ ਆਪਣੇ ਆਪ ਨੂੰ ਸਾਰਿਆਂ ਤੋਂ ਅਲੱਗ ਕਰ ਸਕਦਾ ਹੈ। ਇਕੱਲਤਾ ਨਕਾਰਾਤਮਕ ਬਣ ਸਕਦੀ ਹੈ।

ਇਸ ਲਈ ਬੱਚਿਆਂ ਨੂੰ ਤਣਾਓ ਤੋਂ ਬਚਾਉਣ ਲਈ ਮਾਪਿਆਂ ਨੂੰ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਚੰਗੀ ਸਿੱਖਿਆ ਲਈ ਬੱਚਿਆਂ ਨੂੰ ਦੂਜੇ ਸ਼ਹਿਰਾਂ ਵਿੱਚ ਭੇਜਣ ਸਮੇਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰਖਣਾ ਚਾਹੀਦਾ ਹੈ।



# ਬੱਚਿਆਂ ਦੀ ਸਿਹਤ ਦਾ ਰੱਖੋ ਧਿਆਨ

## ਸਿਹਤ ਸਮੱਸਿਆਵਾਂ ਲਈ ਜ਼ਿੰਮੇਵਾਰ ਹਨ ਜੀਵਨ ਸ਼ੈਲੀ ਅਤੇ ਬੁਰੀਆਂ ਆਦਤਾਂ

ਚੰਗੇ ਅਤੇ ਸਿਹਤਮੰਦ ਸਮਾਜ ਲਈ ਬੱਚਿਆਂ ਦੀ ਸਿਹਤ ਪ੍ਰਤੀ ਗੰਭੀਰ ਹੋਣਾ ਬਹੁਤ ਜ਼ਰੂਰੀ ਹੈ। ਮਾਹਿਰਾਂ ਅਨੁਸਾਰ ਜੇਕਰ ਬੱਚਿਆਂ ਦੇ ਪੋਸ਼ਣ, ਜੀਵਨ ਸ਼ੈਲੀ ਅਤੇ ਆਦਤਾਂ ਵੱਲ ਧਿਆਨ ਦੇ ਕੇ ਉਨ੍ਹਾਂ ਦੀ ਸਿਹਤ ਨੂੰ ਸੁਧਾਰਨ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਭਵਿੱਖ ਵਿੱਚ ਉਨ੍ਹਾਂ ਨੂੰ ਕਈ ਸਿਹਤ ਸਮੱਸਿਆਵਾਂ ਤੋਂ ਬਚਾਇਆ ਜਾ ਸਕਦਾ ਹੈ। ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਅੱਜ ਕੱਲ੍ਹ ਬੱਚਿਆਂ ਵਿੱਚ ਅਜਿਹੀਆਂ ਕਈ ਸਿਹਤ ਸਮੱਸਿਆਵਾਂ ਪਾਈਆਂ ਜਾ ਰਹੀਆਂ ਹਨ, ਜਿਨ੍ਹਾਂ ਲਈ ਜੀਵਨ ਸ਼ੈਲੀ ਅਤੇ ਬੁਰੀਆਂ ਆਦਤਾਂ ਨੂੰ ਮੁੱਖ ਕਾਰਨ ਮੰਨਿਆ ਜਾਂਦਾ ਹੈ। ਇਨ੍ਹਾਂ ਵਿੱਚੋਂ ਕੁਝ ਆਦਤਾਂ ਲੰਬੇ ਸਮੇਂ ਲਈ ਸਿਹਤ ਲਈ ਖ਼ਤਰੇ ਵਿੱਚ ਪੈ ਸਕਦੀਆਂ ਹਨ, ਇਸ ਲਈ ਮਾਪਿਆਂ ਨੂੰ ਇਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਬਚਪਨ ਸਿਹਤਮੰਦ ਜੀਵਨ ਦਾ ਆਧਾਰ ਹੁੰਦਾ ਹੈ, ਅਜਿਹੇ ’ਚ ਬੱਚਿਆਂ ਦੀਆਂ ਆਦਤਾਂ ’ਤੇ ਨਜ਼ਰ ਰੱਖਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਬਾਲ ਰੋਗ ਮਾਹਿਰਾਂ ਦਾ ਕਹਿਣਾ ਹੈ ਕਿ ਬੱਚਿਆਂ ਦੀ ਖ਼ੁਰਾਕ ਅਤੇ ਜੀਵਨ ਸ਼ੈਲੀ ਨੂੰ ਬਣਾਈ ਰੱਖਣ ਵੱਲ ਧਿਆਨ ਦੇਣਾ ਚਾਹੀਦਾ ਹੈ।

ਸਿਹਤ ਮਾਹਿਰ ਬੱਚਿਆਂ ਵਿੱਚ ਜੰਕ ਫੂਡ ਦੇ ਸੇਵਨ ਦੀ ਵਧਦੀ ਆਦਤ ਨੂੰ ਸਿਹਤ ਲਈ ਬਹੁਤ ਹਾਨੀਕਾਰਕ ਮੰਨਦੇ ਹਨ। ਖੋਜ ਦਰਸਾਉਂਦੀ ਹੈ ਕਿ ਨਿਯਮਤ ਜੰਕ ਫੂਡ ਦਾ ਸੇਵਨ ਲੰਬੇ ਸਮੇਂ ਲਈ ਸਿਹਤ ਸਮੱਸਿਆਵਾਂ ਜਿਵੇਂ ਕਿ ਮੋਟਾਪਾ, ਹਾਈ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਦੇ ਜੋਖਮ ਨੂੰ ਕਾਫ਼ੀ ਵਧਾਉਂਦਾਹੈ। ਇਹ ਸਥਿਤੀਆਂ ਕਈ ਪੁਰਾਣੀਆਂ ਬਿਮਾਰੀਆਂ ਦਾ ਗੰਭੀਰ ਖ਼ਤਰਾ ਵੀ ਰੱਖਦੀਆਂ ਹਨ। ਜੰਕ ਫੂਡ ਦਾ ਜ਼ਿਆਦਾ ਸੇਵਨ ਕਰਨ ਨਾਲ ਕੈਲੋਰੀ ਦੀ ਮਾਤਰਾ ਵੱਧ ਜਾਂਦੀ ਹੈ, ਜਿਸ ਨਾਲ ਸਿਹਤ ਨੂੰ ਕਈ ਤਰ੍ਹਾਂ ਦੇ ਨੁਕਸਾਨ ਦਾ ਖਤਰਾ ਰਹਿੰਦਾ ਹੈ।



ਕੋਰੋਨਾ ਦੇ ਇਸ ਦੌਰ ਵਿੱਚ ਬੱਚਿਆਂ ਦੀ ਪੜ੍ਹਾਈ ਔਨਲਾਈਨ ਮੋਡ ’ਤੇ ਜ਼ਿਆਦਾ ਨਿਰਭਰ ਹੋ ਗਈ ਹੈ, ਜਿਸ ਕਾਰਨ ਬੱਚਿਆਂ ਵਿੱਚ ਮੋਬਾਈਲ ਫੋਨ ਦੀ ਵਰਤੋਂ ਕੁਦਰਤੀ ਤੌਰ ’ਤੇ ਕਾਫ਼ੀ ਵਧ ਗਈ ਹੈ। ਹਾਲਾਂ ਕਿ, ਸਿਹਤ ਮਾਹਰ ਇਸ ਨੂੰ ਬਹੁਤ ਗੰਭੀਰ ਸਿਹਤ ਜੋਖਮਾਂ ਵਿੱਚ ਇੱਕ ਕਾਰਕ ਮੰਨਦੇ ਹਨ।

ਅਧਿਐਨ ਦਰਸਾਉਂਦੇ ਹਨ ਕਿ ਬੱਚਿਆਂ ਦੁਆਰਾ ਮੋਬਾਈਲ ਫੋਨ ਜਾਂ ਕਿਸੇ ਵੀ ਸਕ੍ਰੀਨ ’ਤੇ ਜ਼ਿਆਦਾ ਸਮਾਂ ਬਿਤਾਉਣਾ ਉਨ੍ਹਾਂ ਲਈ ਸਰੀਰਕ ਅਤੇ ਮਾਨਸਿਕ ਤੌਰ ’ਤੇ ਨੁਕਸਾਨਦੇਹ ਹੋ ਸਕਦਾ ਹੈ। ਖਾਸ ਤੌਰ ’ਤੇ ਇਸ ਕਾਰਨ ਬੱਚਿਆਂ ਦੇ ਆਈਕਿਊ ਪੱਧਰ ਅਤੇ ਮਾਨਸਿਕ ਵਿਕਾਸ ’ਚ ਕਮੀ, ਨੀਂਦ ਦੀ ਕਮੀ, ਬ੍ਰੇਨ ਟਿਊਮਰ ਅਤੇ ਮਾਨਸਿਕ ਰੋਗਾਂ ਦਾ ਖਤਰਾ ਵਧਿਆ ਹੈ।

ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਦੇਰ ਨਾਲ ਸੌਣ ਜਾਂ ਪੂਰੀ ਨੀਂਦ ਨਾ ਆਉਣ ਵਰਗੀਆਂ ਸਮੱਸਿਆਵਾਂ ਕਈ ਬੱਚਿਆਂ ਵਿੱਚ ਦੇਖਣ ਨੂੰ ਮਿਲ ਰਹੀਆਂ ਹਨ। ਰਾਤ ਨੂੰ ਪੂਰੀ ਨੀਂਦ ਨਾ ਲੈਣ ਦੀ ਆਦਤ ਬੱਚਿਆਂ ਦੀ ਸਿਹਤ ’ਤੇ ਮਾੜਾ ਅਸਰ ਪਾ ਸਕਦੀ ਹੈ। ਇਸ ਕਾਰਨ ਬੱਚਿਆਂ ਵਿੱਚ ਗੁੱਸਾ ਅਤੇ ਹਾਈਪਰਐਕਟੀਵਿਟੀ ਕਾਫ਼ੀ ਵੱਧ ਰਹੀ ਹੈ। ਨੀਂਦ ਦੀ ਕਮੀ ਬੱਚਿਆਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ’ਤੇ ਕਈ ਤਰੀਕਿਆਂ ਨਾਲ ਮਾੜਾ ਪ੍ਰਭਾਵ ਪਾ ਸਕਦੀ ਹੈ।

ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਬੱਚਿਆਂ ਨੂੰ ਕੋਲਡ ਡਰਿੰਕ ਅਤੇ ਚਾਕਲੇਟ ਵਰਗੀਆਂ ਚੀਜ਼ਾਂ ਤੋਂ ਦੂਰ ਰੱਖਣਾ ਚਾਹੀਦਾ ਹੈ, ਇਨ੍ਹਾਂ ਦਾ ਜ਼ਿਆਦਾ ਜਾਂ ਲਗਾਤਾਰ ਸੇਵਨ ਕਰਨ ਦੀ ਆਦਤ ਲੰਬੇ ਸਮੇਂ ਤੱਕ ਦੰਦਾਂ ਸਮੇਤ ਸਿਹਤ ਨੂੰ ਕਈ ਤਰ੍ਹਾਂ ਦੇ ਨੁਕਸਾਨ ਪਹੁੰਚਾ ਸਕਦੀ ਹੈ। ਸੋਡਾ ਜਾਂ ਮਿੱਠੇ ਪੀਣ ਵਾਲੇ ਪਦਾਰਥ ਅਤੇ ਚਾਕਲੇਟ ਦੰਦਾਂ ਦੇ ਸੜਨ ਨੂੰ ਵਧਾਉਂਦੇ ਹਨ। ਇਸ ਤੋਂ ਇਲਾਵਾ ਇਨ੍ਹਾਂ ’ਚ ਜ਼ਿਆਦਾ ਮਾਤਰਾ ’ਚ ਖੰਡ ਪਾਈ ਜਾਂਦੀ ਹੈ, ਜਿਸ ਦਾ ਲਗਾਤਾਰ ਸੇਵਨ ਡਾਇਬਟੀਜ਼ ਦਾ ਖਤਰਾ ਵਧਾ ਸਕਦਾ ਹੈ।

ਕਹਾਣੀ

# ਬੱਸ ਕੰਡਕਟਰ

-ਦਲੀਪ ਕੌਰ ਟਿਵਾਣਾ



ਲੇਡੀ ਡਾਕਟਰ ਪਾਲੀ ਦੀ ਬਦਲੀ ਨਾਭੇ ਤੋਂ ਪਟਿਆਲੇ ਦੀ ਹੋ ਗਈ। ਘਰ ਦੇ ਕੋਸ਼ਿਸ਼ ਕਰ ਰਹੇ ਸਨ ਕਿ ਬਦਲੀ ਰੁਕਵਾ ਲਈ ਜਾਵੇ। ਜਿਸ ਕਰਕੇ ਪਟਿਆਲੇ ਮਕਾਨ ਲੈ ਕੇ ਰਹਿਣ ਦੀ ਥਾਂ ਵੱਡੇ ਡਾਕਟਰ ਤੋਂ ਇਜਾਜ਼ਤ ਲੈ ਹਰ ਰੋਜ਼ ਬੱਸ 'ਤੇ ਸਵੇਰੇ ਨਾਭੇ ਤੋਂ ਚਲੀ ਜਾਂਦੀ ਤੇ ਆਥਣ ਨੂੰ ਪਰਤ ਆਉਂਦੀ। ਬੱਸਾਂ ਦੀ ਖੜ-ਖੜ, ਗਰਮੀ, ਪਸੀਨਾ, ਭੀੜ ਤੇ ਕੰਡਕਟਰਾਂ ਦੀਆਂ ਬੇਹੂਦਾ ਹਰਕਤਾਂ, ਅਸੱਭਿਅ ਗੱਲਾਂ ਤੋਂ ਉਹਦਾ ਜੀਅ ਕਾਹਲਾ ਪੈਂਦਾ। ਪਰ ਕੁਝ ਦਿਨਾਂ ਦੀ ਤਾਂ ਗੱਲ ਏ ਸੋਚ, ਉਹ ਸਭੋ ਕੁਝ ਜ਼ਰ ਲੈਂਦੀ। ਜਿਸ ਦਿਨ ਜੀਤ ਦੀ ਉਸ ਬੱਸ ਤੇ ਡਿਊਟੀ ਹੁੰਦੀ ਉਹ ਥੋੜ੍ਹੀ ਸੌਖੀ ਰਹਿੰਦੀ ਕਿਉਂਕਿ ਕੰਡਕਟਰ ਹੁੰਦਾ ਹੋਇਆ ਵੀ ਉਹ ਬੜਾ ਸਾਊ ਦਿੱਸਦਾ ਸੀ।

ਇਹ ਬੈਗ ਵਾਲੀ ਕੁੜੀ ਕਾਸੇ ਵਿੱਚ ਨੌਕਰ ਏ? ਇੱਕ ਦਿਨ ਇੱਕ ਭਾਈ ਨੇ ਜੀਤ ਨੂੰ ਪੁਛਿਆ।

ਆਹੋ ਜੀ! ਡਾਕਟਰਨੀ ਏ, ਵੱਡੀ ਡਾਕਟਰਨੀ। ਆਂਹਦੇ ਨੇ ਪੂਰਾ ਤਿੰਨ ਸੌ ਰੁਪਈਆ ਤਨਖਾਹ ਲੈਂਦੀ ਏ ਜੀਤ ਨੇ ਟਿਕਟ ਫੜਾਂਦਿਆਂ ਹੌਲੀ ਜਿਹੀ ਦੱਸਿਆ।

ਜੀ ਅੱਜਕੱਲ੍ਹ ਤਾਂ ਕੁੜੀਆਂ ਵੀ ਆਦਮੀਆਂ ਤੋਂ ਵੱਧ ਕਮਾਉਂਦੀਆਂ ਨੇ। ਤਦੇ ਤਾਂ ਆਦਮੀਆਂ ਦਾ ਰੋਅਬ ਨਹੀਂ ਰਿਹਾ ਨਾਲ ਦੀ ਸੀਟ ਤੇ ਬੈਠੇ ਅੱਧਖੜ੍ਹ ਜੇਹੇ ਬੰਦੇ ਨੇ ਆਖਿਆ।

ਜੀ, ਭਾਵੇਂ ਕਿੰਨਾ ਹੀ ਕਮਾਉਣ, ਘਰਾਣਿਆਂ ਦੀਆਂ ਕਾਹਨੂੰ ਆਦਮੀ ਸਾਹਮਣੇ ਅੱਖ ਚੁੱਕਦੀਆਂ ਨੇ.... ਤੇ ਆਹ ਕੁੜੀ ਡਾਕਟਰਨੀ, ਮੈਂ ਕਈ ਵਾਰ ਪਟਿਆਲੇ ਜਾਂਦਾ ਰਹਿਨਾਂ, ਦੇਖੀ ਐ, ਸੁਹਰੀ ਦੇ ਜਾਣੀਂ ਮੂੰਹ ਵਿੱਚ ਬੋਲ ਨੀਂ... ਪਾਲੀ ਵੱਲ ਤੱਕਦਿਆਂ ਪਿਛਲੀਆਂ ਸੀਟਾਂ 'ਤੇ ਬੈਠੇ ਇੱਕ ਸਰਦਾਰ ਨੇ ਆਖਿਆ।

ਯਾ ਰੱਬ! ਸਾਡੀ ਵੀ ਕਿਸੇ... ਫਿਕਰਾ ਵਿੱਚ ਹੀ ਰਹਿ ਗਿਆ ਜਦੋਂ ਟਿਕਟ ਫੜਾਂਦਿਆਂ ਗੁਲਾਬੀ ਜਿਹੇ ਕੁੜਤੇ ਵਾਲੇ ਧੇਲੇ ਦੇ ਸ਼ੁਕੀਨ ਵੱਲ ਜੀਤ ਨੇ ਘੂਰ ਕੇ ਤੱਕਿਆ ਤੇ ਆਖਿਆ, ਕਿਉਂ ਬਈ ਓਏ ਜਾਣ ਦੀ ਸਲਾਹ ਕਿ ਲਾਹ ਦਿਆਂ ਹੁਣੇ ਈ ਭੁੰਜੇ?

ਮੈਂ ਤਾਂ ਕੰਡਕਟਰ ਸਾਹਿਬ ਕੁਝ ਨਹੀਂ ਆਖਿਆ, ਐਵੇਂ ਕਾਹਨੂੰ ਗਰਮ ਹੁੰਦੇ ਓ....।

ਪਾਲੀ ਨੂੰ ਜਦੋਂ ਜੀਤ ਨੇ ਟਿਕਟ ਫੜਾਇਆ ਤਾਂ, ਉਹ ਅੱਗੋਂ ਦਸਾਂ ਦਾ ਨੋਟ ਕੱਢ ਕੇ ਦੇਣ ਲੱਗੀ।

ਭਾਨ ਤਾਂ ਹੈ ਨਹੀਂ ਮੇਰੇ ਕੋਲ, ਚਲੋ ਪੈਸੇ ਕੱਲ੍ਹ ਦੇ ਦੇਣਾ, ਆਖ, ਉਹ ਅਗਾਂਹ ਲੰਘ ਗਿਆ।

ਅੱਗੋਂ ਇਕ ਬੁੱਢੀ ਨੇ ਹੋਰ ਦਸਾਂ ਦਾ ਨੋਟ ਹੀ ਕੱਢਿਆ ਮਾਏ ਟੁੱਟੇ ਹੋਏ ਨਹੀਂ ਮੇਰੇ ਕੋਲ। ਸਾਢੇ ਦਸ ਆਨੇ ਸਾਰਾ ਭਾੜੈ ਤੇ ਐਡਾ ਸਾਰਾ ਨੋਟ ਕੱਢ ਫੜਾਉਂਦੇ ਓ। ਚੰਗਾ ਜਾਹ ਪੈਸੇ ਭਨਾ ਲਿਆ ਉਤਰ ਕੇ, ਜੀਤ ਨੇ ਜ਼ਰਾ ਸਖ਼ਤ 'ਵਾਜ਼ ਨਾਲ ਆਖਿਆ।

ਵੇ ਪੁੱਤਾ! ਐਨੇ ਨੂੰ ਬੱਸ ਨਾ ਤੁਰ ਜਾਵੇ, ਮੈਂ ਤਾਂ ਜ਼ਰੂਰੀ ਜਾਣਾ ਏ। ਤੂੰ ਬਾਕੀ ਪੈਸੇ ਮੈਨੂੰ ਪਟਿਆਲੇ ਜਾ ਕੇ ਦੇਵੀਂ, ਬੁੱਢੀ ਨੇ ਤਰਲੇ ਨਾਲ ਆਖਿਆ।

ਅੱਛਾ ਮਾਈ ਬੈਠ ਜਾ, ਆਖ, ਉਹ ਟਿਕਟ ਕੱਟਣ ਲੱਗ ਪਿਆ।

ਪਾਲੀ ਆਪਣੇ ਹਸਪਤਾਲ, ਮਰੀਜ਼ਾਂ, ਦਵਾਈਆਂ, ਨਰਸਾਂ, ਡਿਊਟੀਆਂ ਬਾਰੇ ਸੋਚ ਰਹੀ ਸੀ ਕਿ ਬੱਸ ਰੱਖੜਾ, ਕਲਿਆਣ ਤੇ ਰੌਣੀ ਪਿੱਛੇ ਛੱਡਦੀ ਹੋਈ ਚੁੰਗੀ ਦੇ ਕੋਲ ਪਹੁੰਚ ਗਈ।

ਯਾਰ, ਅੱਜ ਏਧਰ ਦੀ ਚੱਲੀਂ ਨੀਲਾ ਭਵਨ ਕੰਨੀ ਦੀ, ਜੀਤ ਨੇ ਡਰਾਈਵਰ ਨੂੰ ਆਖਿਆ।

ਗੁਰਦੁਆਰੇ ਵੱਲ ਨੂੰ ਜਾਣ ਵਾਲੀਆਂ ਸਵਾਰੀਆਂ ਜ਼ਰਾ ਕੁ ਬੁੜਬੁੜਾਈਆਂ ਪਰ ਹੁਣ ਤੀਕ ਤਾਂ ਬੱਸ ਮੁੜ ਕੇ ਸਿੱਧੀ ਸੜਕੇ ਵੀ ਪੈ ਚੁੱਕੀ ਸੀ। ਫੂਲ ਸਿਨਮੇ ਕੋਲ ਕੰਡਕਟਰ ਨੇ ਘੰਟੀ ਕਰ ਕੇ ਬੱਸ ਰੋਕ ਲਈ ਤੇ ਤਾਕੀ ਖੋਲ੍ਹਦਿਆਂ ਪਾਲੀ ਨੂੰ ਆਖਣ ਲੱਗਾ, ਤੁਸੀਂ ਏਧਰ ਉਤਰ ਜਾਓ, ਹਸਪਤਾਲ ਨੇੜੇ ਰਹੂਗਾ।

ਪਾਲੀ ਕਾਹਲੀ ਨਾਲ ਉਤਰ ਗਈ। ਉਹ ਉਹਦਾ ਧੰਨਵਾਦ ਕਰਨਾ ਵੀ ਭੁੱਲ ਗਈ। 'ਬਚਾਰਾ ਬੜਾ ਚੰਗਾ ਕੰਡਕਟਰ ਏ' ਉਹਨੂੰ ਇੱਕ ਵਾਰੀ ਖਿਆਲ ਆਇਆ।

ਅੱਜ ਸ਼ਾਮ ਨੂੰ ਵਾਪਸ ਜਾਣ ਲੱਗਿਆਂ ਜਦੋਂ ਉਹ ਬੱਸ ਅੱਡੇ 'ਤੇ ਪਹੁੰਚੀ ਤਾਂ ਬੱਸ ਭਰ ਚੁੱਕੀ ਸੀ। ਬੜੀ ਔਖੀ ਹੋ ਕੇ ਪੌਣਾ ਘੰਟਾ ਦੂਸਰੀ ਬੱਸ ਦਾ ਇੰਤਜ਼ਾਰ ਕੀਤਾ। ਕਿਸੇ ਬੱਸ ਦਾ ਇਕ ਕੰਡਕਟਰ ਕਮੀਜ਼ ਦੇ ਗਲਮੇਂ ਦੇ ਬੱਟਣ ਖੋਲ੍ਹ ਆਵਾਰਾ ਫਿਲਮ ਦਾ ਗਾਣਾ ਗੁਣਗੁਣਾਂਦਾ ਦੋ ਤਿੰਨ ਵਾਰੀ ਉਹਦੇ ਅੱਗੋਂ ਦੀ ਲੰਘਿਆ। ਇਕ ਮੰਗਤੀ ਨੂੰ ਆਨਾ ਦੇ ਕੇ ਉਸ ਮਸਾਂ ਗਲੋਂ ਲਾਹਿਆ। ਪਤਾ ਨਹੀਂ ਕਿਉਂ ਲੋਕੀ ਉਸ ਵੱਲ ਅੱਖਾਂ ਪਾੜ-ਪਾੜ ਤੱਕਦੇ ਸਨ।

ਅਗਲੇ ਦਿਨ ਫਿਰ ਚਾਨਸ ਅਜਿਹਾ ਹੋਇਆ ਕਿ ਜਦੋਂ ਉਹ ਨਾਭੇ ਅੱਡੇ 'ਤੇ ਪਹੁੰਚੀ ਤਾਂ ਬੱਸ ਭਰ ਚੁੱਕੀ ਸੀ ਤੇ ਬਿਨਾਂ ਟਿਕਟੋਂ, ਵਾਧੂ ਸਵਾਰੀਆਂ ਨੂੰ ਜੀਤ ਫੜ-ਫੜ ਉਤਾਰ ਰਿਹਾ ਸੀ। ਜੀਤ, ਇਕ ਪਲ ਉਹਦੇ ਕੋਲ ਆਇਆ ਤੇ ਆਖਣ ਲੱਗਾ, 'ਤੁਸੀਂ ਅਗਲੀ ਸੀਟ ਤੋਂ ਝੋਲਾ ਚੁੱਕ ਕੇ ਬੈਠ ਜਾਵੋ। ਤੁਹਾਡੀ ਖ਼ਾਤਰ ਸੀਟ ਰੱਖੀ ਪਈ ਐ।'

ਕਈ ਘੂਰਦੀਆਂ ਨਜ਼ਰਾਂ ਕੋਲੋਂ ਲੰਘ, ਪਾਲੀ ਸੀਟ 'ਤੇ ਜਾ ਬੈਠੀ ਤੇ ਜੀਤ ਨੇ ਝੱਟ ਬੱਸ ਨੂੰ ਚੱਲਣ ਦੀ ਘੰਟੀ ਮਾਰ ਦਿੱਤੀ।

ਇਹ ਤਾਂ ਵਿਚਾਰਾ ਬੜਾ ਚੰਗਾ ਕੰਡਕਟਰ ਏ ਪਾਲੀ ਨੂੰ ਦਿਲ 'ਚ ਇੱਕ ਵਾਰੀ ਖਿਆਲ ਆਇਆ।

ਬਦਲੀ ਮੁੜ ਨਾਭੇ ਦੀ ਕਰਾਣ ਵਿੱਚ ਜਿਉਂ-ਜਿਉਂ ਦੇਰ ਹੋ ਰਹੀ ਸੀ ਪਾਲੀ ਦੁਖੀ ਹੁੰਦੀ। ਬੱਸਾਂ ਦੀ ਖੜਖੜ ਬੱਸ ਨਿਕਲ ਜਾਣ ਦਾ ਡਰ ਹਰ ਵੇਲੇ ਦਿਮਾਗ ਤੇ ਚੜ੍ਹੇ ਰਹਿੰਦੇ। ਕਈ ਵਾਰੀ ਜਦੋਂ ਕਦੇ ਮੋਟੀਆਂ ਸਵਾਰੀਆਂ ਨਾਲ ਬੈਠਣਾ ਪੈਂਦਾ ਉਹਦੇ ਵਧੀਆ ਕੱਪੜੇ ਵੱਟੋ ਵੱਟ ਹੋ ਜਾਂਦੇ ਤੇ ਕਿਸੇ ਕੋਲੋਂ ਆਉਂਦੀ ਪਸੀਨੇ ਦੀ ਬੋ ਉਹਦਾ ਸਿਰ ਚਕਰਾਣ ਲਾ ਦਿੰਦੀ।

ਫਿਰ ਇਕ ਦਿਨ ਪਾਲੀ ਜਦੋਂ ਟਿਕਟ ਦੇ ਪੈਸੇ ਦੇਣ ਲੱਗੀ ਤਾਂ, ਨਹੀਂ ਬੀਬੀ ਰਹਿਣ ਦਿਓ ਆਖ ਜੀਤ ਅਗਾਂਹ ਲੰਘ ਗਿਆ।

ਨਹੀਂ ਬਈ ਪੈਸੇ ਲੈ ਲੇ, ਪਾਲੀ ਨੇ ਜ਼ੋਰ ਲਾਇਆ।

ਕੀ ਫ਼ਰਕ ਪੈ ਚੱਲਿਆ ਏ, ਆਖ ਉਹ ਹੋਰ ਅਗਾਂਹ ਜਾ ਕੇ ਕਿਸੇ ਨੂੰ ਟਿਕਟ ਦੇਣ ਲੱਗ ਪਿਆ।

ਝਗੜਾ ਕਰਦਿਆਂ ਪਾਲੀ ਨੂੰ ਸੰਗ ਲੱਗੀ ਤੇ ਉਹ ਚੁੱਪ ਕਰ ਕੇ ਬੈਠ ਗਈ, ਪਰ ਸਾਰੇ ਰਾਹ ਉਹ ਹੈਰਾਨ ਹੁੰਦੀ ਰਹੀ ਕਿ ਕੰਡਕਟਰ ਨੇ ਉਹਦੇ ਕੋਲੋਂ ਪੈਸੇ ਕਿਉਂ ਨਹੀਂ ਲਏ। ਉਹਨੂੰ ਇਹ ਚੰਗਾ ਵੀ ਨਾ ਲੱਗਿਆ। ਤਿੰਨ ਸੌ ਰੁਪਈਆ ਕਮਾਣ ਵਾਲੀ ਲਈ ਸਾਢੇ ਦਸ ਆਨੇ ਭਲਾ ਕੀ ਮਾਇਨੇ ਰੱਖਦੇ ਸਨ।

(ਬਾਕੀ ਸਫ਼ਾ 31 'ਤੇ)

ਕਹਾਣੀ

ਅੰਤਿਮ ਕਿਸ਼ਤ

# ਦੋ-ਕਮੀਜ਼ਾਂ

ਗੁਰਬਖ਼ਸ਼ ਸਿੰਘ ਪ੍ਰੀਤਲੜੀ

**(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)**

ਮੈਂ ਤਾਂ ਭੈਣ ਨਾਲ ਹੋਲੀ ਖੇਡਣ ਆਇਆ ਸਾਂ!

ਪਰ ਕਾਕਾ, ਇਹ ਦੂਜੀ ਹੋਲੀ ਏ, ਜਿਹੜੀ ਮੈਂ ਖੇਡੀ ਨਹੀਂ ਹੁਣ ਖੇਡਣ ਦੀ ਉਮਰ ਮੇਰੀ ਲੰਘ ਗਈ ਏ

ਤੁਸੀਂ ਹੋ ਤਾਂ ਮੇਰੇ ਜੇਡੇ ਹੀ!

ਹਾਂ, ਤੇਰੇ ਜੇਡੀ ਹੀ ਹੋਵਾਂਗੀ — ਪਰ — ਪਰ — ਹੱਛਾ — ਹੱਛਾ — ਤੂੰ ਆ ਜਾ ਸਾਡੇ ਅੰਦਰ — ਮੇਰੀ ਮਾਂ ਅੰਦਰ ਈ ਏ — ਮੈਂ ਤੇਰੀ ਖ਼ੁਸ਼ੀ ਕਰ ਦੇਨੀ ਆਂ।

ਮੈਨੂੰ ਆਪਣੀ ਮਾਂ ਕੋਲ ਖਲ੍ਹਾਰ ਕੇ ਇਹ ਕਹਿੰਦੀ ਹੋਈ ਉਹ ਅੰਦਰ ਚਲੀ ਗਈ — ਇਹ ਪਰਾਹੁਣਾ ਕਾਕਾ, ਮਾਂ, ਮੇਰੇ ਉਤੇ ਰੰਗ ਸੁੱਟਣ ਆਇਐ — ਇਹਨੂੰ ਮੈਂ ਨਾਰਾਜ਼ ਨਹੀਂ ਕਰਨਾ — ਇਹ ਬੜਾ ਬੀਬਾ ਏ — ਮੈਂ ਕਮੀਜ਼ ਵਟਾ ਆਵਾਂ।

ਪੁੱਤਰਾ, ਚੰਗਾ ਕੀਤਾ ਈ ਆ ਗਇਓਂ, ਭੈਣ ਤੇਰੀ ਨੂੰ ਪਤਾ ਨਹੀਂ ਕਿਉਂ ਸੰਗ ਪੈਂਦੀ ਜਾਂਦੀ ਏ!

ਝੰਮ ਝੰਮ ਕਰਦੀ ਉਹ ਅੰਦਰੋਂ ਆਈ — ਉਹਦੀ ਮੁਸਕਰਾਹਟ ਐਉਂ ਖਿੜੀ ਸੀ ਜਿਵੇਂ ਕੰਮੀਂ ਦੀ ਕਲੀ ਮਲਕੜੇ ਈ ਖੁੱਲ੍ਹ ਪੈਂਦੀ ਏ। ਓਸ ਚਿੱਟੀ ਕਮੀਜ਼ ਪਾਈ ਤੇ ਚਿੱਟੀ ਚੁੰਨੀ ਲਈ ਹੋਈ ਸੀ।

ਲੈ ਕਾਕਾ, ਓਸ ਮੇਰੇ ਉਤੇ ਮੁਸਕਰਾਹਟ ਐਉਂ ਸੁੱਟੀ ਜਿਵੇਂ ਫੱਵਾਰਾ ਖੋਲ੍ਹਣ ਉਤੇ ਚਿੱਟੀ ਫੁਹਾਰ ਝਰ ਪੈਂਦੀ ਏ — ਭਾਵੇਂ ਆਪਣੇ ਸਾਗਰ ਦੀ ਸਾਰੀ ਗੰਗਾ ਤੂੰ ਮੇਰੇ ਉਤੇ ਰੋੜ੍ਹ ਲੈ!

ਉਹਦੇ ਮਿੱਠੇ ਬੋਲ ਤੇ ਉਹਦੀ ਅਦਾ ਦੀ ਮੁਸਕਰਾਂਦੀ ਰਵਾਨੀ ਨੇ ਮੈਨੂੰ ਆਪਾ ਭੁਲਾ ਦਿੱਤਾ।

ਆਇਆ ਸਾਂ ਉਹਦੇ ਉੱਤੇ ਰੰਗ ਡੋਲ੍ਹਣ ਪਰ ਓਸ ਖਿੜੇ ਕੰਵਲ ਉਤੇ ਬਾਂਹ ਉਲਾਰ ਕੇ ਕੁਝ ਡੋਲ੍ਹਣ ਦਾ ਹੀਆ ਨਾ ਕਰ ਸਕਿਆ, ਨਾ ਮੂੰਹੋਂ ਹੀ ਕੁਝ ਬੋਲ ਸਕਿਆ। ਉਹਦੇ ਬੜੇ ਚੰਗੇ ਮੂੰਹ ਵਲ ਠੰਠਬਰਿਆ ਮੈਂ ਤੱਕਦਾ ਰਿਹਾ। ਮੇਰਾ ਝਾਕਾ ਵੇਖ ਕੇ ਓਸ ਮੇਰੇ ਹੱਥੋਂ ਗੰਗਾ-ਸਾਗਰ ਫੜ ਲਿਆ।

ਲਿਆ, ਪਹਿਲਾਂ ਮੈਂ ਤੇਰੇ ਉੱਤੇ ਸੁੱਟ ਵੇਖਾਂ।

ਤੇ ਉਸ ਨੇ ਦੋ ਛਿਣਕੇ ਮੇਰੇ ਸਾਹਮਣੇ ਪਾਸੇ, ਤੇ ਦੋ ਪਿਛਲੇ ਪਾਸੇ ਸੁੱਟ ਦਿੱਤੇ।

ਆਪਣੇ ਅੱਗੇ ਪਲਮਦੀ ਕਮੀਜ਼ ਦਾ ਪੱਲਾ ਚੁੱਕ ਕੇ, ਗਲ਼ ਪਈ ਕਮੀਜ਼ ਦੇ ਫਿੱਕੇ ਹੁੰਦੇ ਜਾਂਦੇ ਛਿੱਟਿਆਂ ਨੂੰ ਉਨ੍ਹਾਂ ਚੁੰਮ ਕੇ ਆਖਿਆ, ਰਿਤੂ-ਰਾਜੇ, ਇਹ ਛਿੱਟੇ ਉਨ੍ਹਾਂ ਹੱਥਾਂ ਦੇ ਹੈਨ ਤੇ ਫੇਰ ਉਸ ਨੇ ਗੰਗਾ-ਸਾਗਰ ਮੈਨੂੰ ਫੜਾ ਦਿੱਤਾ ਸੀ। ਹੁਣ ਮੇਰੇ ਵਿੱਚ ਦਲੇਰੀ ਆ ਗਈ ਸੀ, ਤੇ ਜਿਸ ਤਰ੍ਹਾਂ ਦੋ ਧਾਰਾਂ ਮੇਰਾ ਅੱਗੇ-ਪਿੱਛੇ ਉਸ ਸੁੱਟੀਆਂ ਸਨ, ਉਸੇ ਤਰ੍ਹਾਂ ਮੈਂ ਵੀ ਉਹਦੇ ਉਤੇ ਸੁੱਟ ਦਿੱਤੀਆਂ। ਉਹ ਹੱਸ ਪਈ, ਉਹਦੀ ਮਾਂ ਵੀ ਹੱਸ ਪਈ। ਤੇ ਮੈਂ ਦਲੇਰ ਹੋਏ ਨੇ ਆਪਣੇ ਬੋਝੇ ਵਿਚੋਂ ਤਾਸ਼ ਦੀ ਇੱਕ ਡੱਬੀ ਕੱਢੀ। ਇਹ ਖ਼ਾਲੀ ਡੱਬੀ ਘਰ ਵਿੱਚ ਪਈ ਮੈਨੂੰ ਲੱਭੀ ਸੀ, ਇਹਦੇ ਵਿੱਚ ਥੋੜ੍ਹੀ ਜਿੰਨੀ ਸੰਦਲ-ਖ਼ੁਸ਼ਬੋਈ ਗੁਲਾਲ ਮੈਂ ਪੁਆ ਲਿਆਇਆ ਸਾਂ। ਖੋਲ੍ਹ ਕੇ ਭੋਰਾ ਕੁ ਤਲੀ ਉਤੇ ਪਾ ਲਈ।

ਪਰ ਕਾਕਾ, ਓਸ ਸੰਗ ਕੇ ਆਖਿਆ — ਬੁਹਤੀ ਨਾ ਪਾਈਂ — ਮਤੇ ਮੈਨੂੰ ਫੇਰ ਸਿਰ ਨਹਾਉਣਾ ਪਏ — ਮੈਂ ਸਵੇਰੇ ਹੀ ਨਹਾ ਸੁਕਾ ਬੈਠੀ ਆਂ।

ਮੈਂ ਉਹਦੇ ਨਹਾਏ-ਸੁਕਾਏ ਕੇਸਾਂ ਵਲ ਤੱਕਿਆ। ਤੈਨੂੰ ਕੀ ਦੱਸਾਂ, ਮੇਰੇ ਰਿਤੂ-ਰਾਣੇ, ਉਹ ਕਿਹੋ ਜਿਹੇ ਕੇਸ ਸਨ! ਮੇਰੀ ਆਪਣੀ ਮਾਂ ਦੇ ਕੇਸਾਂ ਵਰਗੇ, ਰਿਤੂ, ਤੇਰੀ ਅੰਮੀ ਦੇ ਕੇਸਾਂ ਵਰਗੇ — ਬੜੇ ਹੀ ਪਿਆਰੇ ਕੇਸ! ਤਲੀ ਵਾਲੀ ਗੁਲਾਲ ਮੈਂ ਡੱਬੀ ਵਿੱਚ ਪਾ ਲਈ, ਤੇ ਤਲੀ ਆਪਣੇ ਕਮੀਜ਼ ਨਾਲ ਮਲ ਕੇ ਪੂੰਝ ਲਈ। ਸਿਰਫ਼ ਇੱਕ ਚੁਟਕੀ ਗੁਲਾਲ ਦੀ ਉਹਦੇ ਮੂੰਹ ਦੇ ਇਕ ਪਾਸੇ, ਤੇ ਦੂਜੀ ਦੂਜੇ ਪਾਸੇ ਮੈਂ ਛਿਣਕ ਦਿੱਤੀ। ਤੇ ਸ਼ੁਕਰੀਏ ਭਰਿਆ ਦਿਲ ਤੇ ਆਦਰ ਭਰੇ ਹੱਥ, ਦੋਵੇਂ ਹੱਥ ਮੈਂ ਉਹਦੇ ਸਾਹਮਣੇ ਜੋੜ ਦਿੱਤੇ। ਉਸ ਨੇ ਮੇਰੇ ਹੱਥਾਂ ਵਿਚੋਂ ਗੁਲਾਲ ਦੀ ਡੱਬੀ ਮੰਗ ਲਈ, ਤੇ ਦੋ ਪੋਟਿਆਂ ਨਾਲ ਗੁਲਾਲ ਚੁੱਕ ਕੇ ਮੇਰੇ ਮੱਥੇ ਉਤੇ ਤਿਲਕ ਲਾ ਦਿੱਤਾ।

ਘਰ ਆ ਕੇ, ਉਹ ਕਮੀਜ਼ ਸੁਕਾ, ਤਹਿ ਕਰ ਕੇ ਮੈਂ ਸਾਂਭ ਲਈ, ਤੇ ਹਰ ਹੋਲੀ ਦੇ ਅਖ਼ੀਰਲੇ ਦਿਨ ਉਤੇ ਇਹ ਕਮੀਜ਼ ਕੱਢ ਕੇ ਮੈਂ ਓਸ ਰਾਂਗਲੇ ਦਿਨ ਨੂੰ ਯਾਦ ਕਰ ਲੈਂਦਾ ਸਾਂ। ਕਈ ਵਰ੍ਹੇ ਮੈਂ ਉਸ ਨੂੰ ਮਿਲ ਨਾ ਸਕਿਆ, ਜ਼ਿੰਦਗੀ ਕਿਤੋਂ ਦੀ ਕਿਤੇ ਮੈਨੂੰ ਭੁੜਕਾਂਦੀ ਰਹੀ। ਤੇ ਜੇ ਕਦੇ ਮੈਂ ਉਹਦੇ ਸ਼ਹਿਰ ਇਕ-ਅੱਧ ਦਿਨ ਲਈ ਗਿਆ ਵੀ, ਤਾਂ ਓਦੋਂ ਉਹ ਸਹੁਰੇ ਗਈ ਹੁੰਦੀ। ਸਿਰਫ਼ ਇੱਕੋ ਵਾਰੀ ਮੇਲ ਹੋਇਆ। ਉਹ ਘਰ ਵਿੱਚ ਸੀ ਵੀ ਇਕੱਲੀ।

ਮੇਰੇ ਹੱਥ ਵਿਚ ਲਿਫ਼ਾਫ਼ਾ ਫੜਿਆ ਵੇਖ ਕੇ ਉਹ ਪੁੱਛਣ ਲੱਗੀ, ਤੁਸੀਂ ਮੇਰੇ ਲਈ ਸੁਗ਼ਾਤ ਲਿਆਏ ਹੋ!

ਏਸ ਵਾਰੀ ਉਹ ਮੈਨੂੰ 'ਤੁਸੀਂ' ਆਖਣ ਲੱਗ ਪਈ ਸੀ, ਪਹਿਲਾਂ ਵਰਗੀ ਉਹਦੀ ਮਾਸੂਮ ਸਰਲਤਾ ਉਤੇ ਕਿਸੇ ਉਦਾਸੀ ਦਾ ਕੋਰਾ ਜੰਮ ਗਿਆ ਸੀ। ਸੁਹਣੀ ਤੇ ਪਿਆਰੀ ਉਹ ਅੱਗੇ ਨਾਲੋਂ ਵੀ ਵੱਧ ਲੱਗਦੀ ਸੀ। ਰਿਤੂ, ਅਸਲੀ ਸੁਹਣੇ ਮੂੰਹ ਉਦਾਸੀ ਵਿੱਚ ਹੋਰ ਵੀ ਪਿਆਰੇ ਦਿੱਸਦੇ ਨੇ — ਪਰ ਉਹਦੇ ਮੂੰਹ ਉਤੋਂ ਪ੍ਰਸੰਨ ਲਕੀਰਾਂ ਘਟ ਗਈਆਂ ਸਨ।

ਸੁਗ਼ਾਤ ਕੋਈ ਨਹੀਂ, ਇਕ ਯਾਦ ਲਿਆਇਆ ਹਾਂ।

ਤੇ ਲਿਫ਼ਾਫ਼ੇ ਵਿਚੋਂ ਕੱਢ ਕੇ ਉਹ ਕਮੀਜ਼ ਮੈਂ ਉਹਦੇ ਸਾਹਮਣੇ ਕਰ ਦਿੱਤੀ ਜਿਦ੍ਹੇ ਉਤੇ ਉਹਦੇ ਹੱਥਾਂ ਦੇ ਰੰਗ-ਛਿੱਟੇ ਗੇਂਦੇ ਦੇ ਫੁੱਲਾਂ ਵਾਂਗ ਖਿੜੇ ਹੋਏ ਸਨ। ਉਸ ਨੇ ਕਮੀਜ਼ ਨੂੰ ਚੁੰਮ ਲਿਆ।

ਆਹ — ਭਰਾ ਜੀ, ਉਸ ਹਉਕਾ ਭਰਿਆ, ਕਿੰਨੇ ਹੀ ਚਿਰ ਤੋਂ ਮੈਂ ਤੁਹਾਨੂੰ ਮਿਲਣਾ ਉਡੀਕ ਰਹੀ ਸਾਂ, ਤੁਹਾਡੀ ਸਾਂਭੀ ਹੋਈ ਯਾਦ ਹੁਣ ਮੇਰੇ ਲਈ ਮੁਸੀਬਤ ਬਣਦੀ ਜਾ ਰਹੀ ਸੀ। ਏਸ ਘਰ ਵਿੱਚ ਵੀ ਮੇਰਾ ਆਉਣ ਜਾਣ ਹੁਣ ਮੁੱਕਣ ਵਾਲਾ ਏ।

ਇਹ ਕਹਿ ਕੇ ਉਹ ਰੇਸ਼ਮੀ ਰੁਮਾਲ ਵਿਚ ਕੁਝ ਬੱਧਾ ਹੋਇਆ ਲੈ ਆਈ, ਜਿਸ ਨੂੰ ਜਦੋਂ ਖੋਲ੍ਹਿਆ, ਮੇਰਾ ਤਨ ਮਨ ਉਹਦੇ ਤੋਂ ਨਿਛਾਵਰ ਹੋਣ ਲਈ ਧੜਕ ਪਿਆ। ਇਹ ਉਹਦੀ ਉਹੋ ਕਮੀਜ਼ ਸੀ, ਜਿਦ੍ਹੇ ਉਤੇ ਕਦੇ ਮੈਂ ਆਪਣਾ ਦਿਲ-ਘੁਲਿਆ ਰੰਗ ਡੋਲ੍ਹਿਆ ਸੀ।

ਇਹ ਆਪਣੀ ਅਮਾਨਤ ਹੁਣ ਮੈਂ ਤੁਹਾਡੀ ਸੰਭਾਲ ਵਿੱਚ ਰੱਖਣਾ ਚਾਹੁੰਦੀ ਹਾਂ।

ਤੇ ਉਸ ਨੇ ਮੇਰੇ ਲਿਫ਼ਾਫ਼ੇ ਜੇਡੀ ਤਹਿ ਕਰ ਕੇ ਆਪਣੀ ਕਮੀਜ਼ ਮੇਰੀ ਕਮੀਜ਼ ਨਾਲ ਜੋੜ ਦਿੱਤੀ।

ਇਹ ਰੁਮਾਲ ਹੀ ਇਹਦੀ ਯਾਦ ਵਿੱਚ ਮੈਂ ਸੰਭਾਲ ਕੇ ਰੱਖਾਂਗੀ, ਓਸ ਹਉਕਾ ਭਰਿਆ।

ਇਹ ਦੋ ਕਮੀਜ਼ਾਂ ਰਿੱਤੂ ਪੁੱਤਰ, ਮੇਰੀ ਜ਼ਿੰਦਗੀ ਦੀਆਂ ਕਈ ਹਨੇਰੀਆਂ ਰਾਤਾਂ ਵਿੱਚ ਦੋ ਚਰਾਗ਼ ਲਟਲਟਾਂਦੇ ਰਹੇ ਨੇ। ਹਰ ਵਰ੍ਹੇ ਇਨ੍ਹਾਂ ਦੀ ਰਾਂਗਲੀ ਯਾਦ ਨਾਲ ਮੈਂ ਆਪਣੀਆਂ ਬੇ-ਰੰਗ ਘੜੀਆਂ ਵੀ ਰੰਗ ਲੈਂਦਾ ਰਿਹਾ ਹਾਂ।

ਪਰ ਅਚਾਨਕ ਉਨ੍ਹਾਂ ਦੀਆਂ ਅੱਖਾਂ ਗੰਭੀਰ ਹੋ ਗਈਆਂ, ਤੇ ਫੇਰ ਬੇ-ਲਿਸ਼ਕ ਹੋ ਗਈਆਂ।

ਪਰ, ਰਿਤੂ, ਉਹਦੀ ਜ਼ਿੰਦਗੀ ਵਿਚ ਚਾਨਣ ਘਟਦਾ ਹੀ ਗਿਆ। ਹਰ ਵਰ੍ਹੇ ਕੁਝ ਨਾ ਕੁਝ ਬੁਝਦੇ ਜਾਣ ਦੀਆਂ ਖ਼ਬਰਾਂ ਮੈਨੂੰ ਮਿਲਦੀਆਂ ਰਹੀਆਂ। ਮੈਂ ਉਹਦੇ ਕਿਸੇ ਕੰਮ ਨਾ ਆ ਸਕਿਆ। ਇਕ ਤਾਂ ਤਕਦੀਰ ਮੈਨੂੰ ਉਹਦੇ ਕੋਲੋਂ ਸੈਂਕੜੇ-ਹਜ਼ਾਰਾਂ ਮੀਲਾਂ ਦੀ ਦੂਰੀ ਉਤੇ ਭਟਕਾਂਦੀ ਰਹੀ; ਦੂਜੇ ਮੇਰੇ ਤੇ ਉਹਦੇ ਵਿਚਕਾਰ ਪਰਬਤ ਜੇਡੇ ਓਹਲੇ ਖੜ੍ਹੇ ਕਰਦੀ ਰਹੀ। ਉਹ ਮੈਨੂੰ ਦਿੱਸਣੋਂ ਹਟ ਗਈ। ਉਹਦੀ ਹਵਾ ਮੇਰੇ ਤਕ ਆਉਣੋਂ ਰੁਕ ਗਈ ਤੇ ਓੜਕ ਉਹਦੇ ਮਰ ਜਾਣ ਦੀ ਖ਼ਬਰ ਮੈਨੂੰ ਆ ਗਈ —

ਬਾਬਾ ਜੀ ਕਿੰਨਾ ਚਿਰ ਚੁੱਪ ਰਹੇ।

ਰਿਤੂ, ਦੁਨੀਆ ਮੈਨੂੰ ਖ਼ਾਲਮ-ਖ਼ਾਲੀ ਜਾਪਣ ਲੱਗ ਪਈ, ਉਨ੍ਹਾਂ ਸਿਰ ਚੁੱਕ ਕੇ ਆਖਿਆ,

ਮੇਰਾ ਕੰਮਾਂ ਵਿਚ ਜੀਅ ਲੱਗਣਾ ਘਟ ਗਿਆ, ਕੰਮਾਂ ਆਸਰੇ ਹੀ ਮੈਂ ਉਡਿਆ ਫਿਰਦਾ ਸਾਂ।

ਪਰ ਓਸੇ ਦੀ ਸਖ਼ਾਵਤ ਨੇ ਫੇਰ ਮੇਰੀ ਦੁਨੀਆਂ ਦਾ ਰੰਗ ਸੁਆਹੀਓਂ ਸੁਨਹਿਰਾ ਕਰ ਦਿੱਤਾ।

ਇੱਕ ਰਾਤ ਉਹ ਮੇਰੇ ਸੁਪਨੇ ਵਿੱਚ ਆਈ। ਅਖ਼ੀਰਲੀ ਮਿਲਣੀ ਵਰਗੀ ਨਹੀਂ, ਪਹਿਲੀ ਮਿਲਣੀ ਵਰਗਾ ਉਹਦਾ ਮੂੰਹ ਸੀ। ਕਈ ਰੰਗਾਂ ਨਾਲ ਭਰੀਆਂ ਪਿਚਕਾਰੀਆਂ ਉਹਦੇ ਹੱਥ ਵਿੱਚ ਫੜੀ ਫੁੱਲ-ਟੋਕਰੀ ਵਿਚ ਸਨ। ਹੱਸ ਹੱਸ ਕੇ ਓਸ ਮੇਰੇ ਨਾਲ ਹੋਲੀ ਖੇਡੀ।

ਤੇ ਜਾਂਦੀ ਹੋਈ ਉਹ ਮੈਨੂੰ ਕਹਿਣ ਲੱਗੀ, ਹੁਣ ਤੂੰ ਮੈਨੂੰ ਬੜੀ ਵਾਰੀ ਮਿਲ ਸਕੇਂਗਾ — ਮੇਰੀ ਕੈਦ ਹੁਣ ਮੁੱਕ ਗਈ ਏ — ਹੁਣ ਮੈਂ ਹਰ ਚੰਗੀ ਇਸਤ੍ਰੀ ਦੇ ਮੂੰਹ ਦਾ ਹੁਸਨ ਬਣ ਗਈ ਹਾਂ — ਤੂੰ ਦਲੇਰ ਹੋ ਕੇ ਵੇਖਿਆ ਕਰ — ਕਦੇ ਤੈਨੂੰ ਜਾਪੇਗਾ ਮੈਂ ਤੇਰੀ ਜ਼ਿੰਦਗੀ ਵਿੱਚ ਆ ਹੀ ਗਈ ਹਾਂੜ ਹੁਣ ਤੂੰ ਏਸ ਤਰ੍ਹਾਂ ਨਹੀਂ ਰਹਿਣਾ ਹੋਵੇਗਾ — ਵੇਖ, ਮੇਰੇ ਵੱਲ ਤੇ ਉਹ ਰੰਗ-ਪਿਚਕਾਰੀਆਂ ਮਾਰਦੀ, ਅਕਾਸ਼ ਵਿਚ ਮੰਗਲ ਤਾਰੇ ਵਲ ਉੱਡ ਗਈ। ਓਸ ਦਿਨ ਤੋਂ ਮੇਰੀ ਦੁਨੀਆ ਫੇਰ ਭਰਪੂਰ ਹੋ ਗਈ ਏ। ਮੈਂ ਹਰ ਚੰਗੇ ਮੂੰਹ ਵਲ ਸ਼ੌਕ ਨਾਲ ਤੱਕਦਾ ਹਾਂ। ਕਿਸੇ ਦੇ ਬੋਲ ਉਹਦੇ ਵਰਗੇ, ਕਿਸੇ ਦੀ ਤੋਰ ਉਹਦੇ ਵਰਗੀ, ਕਿਸੇ ਦੀ ਸਖ਼ਾਵਤ ਉਹਦੇ ਵਰਗੀ, ਕਿਸੇ ਦਾ ਮੁਹਾਂਦਰਾ ਉਹਦੇ ਵਰਗਾ, ਤੇ ਕਿਸੇ ਇਕ ਦਾ ਸਾਰਾ ਦਿਲ ਹੀ ਉਹਦੇ ਵਰਗਾ ਮੈਨੂੰ ਦਿਸ ਪਿਐ। ਕਈ ਵਾਰੀ ਮੈਨੂੰ ਜਾਪਿਐ ਉਹ ਆ ਗਈ ਏ। ਨਿਰੀ ਉਹੋ ਹੀ ਨਹੀਂ ਆਈ, ਇਕ ਚਾਨਣ ਵੀ ਆਇਐ! ਮੈਂ ਸੁਣਿਆ ਕਰਦਾ ਸਾਂ, ਮੈਂ ਪੜ੍ਹਿਆ ਕਰਦਾ ਸਾਂ ਕਿ ਪਿਆਰ ਪ੍ਰਭੂ ਹੁੰਦੈ, ਪਰ ਮੈਂ ਸਮਝ ਨਹੀਂ ਸਾਂ ਸਕਦਾ ਕਿ ਇਕ ਸਖ਼ੀ, ਸਹੇਲੀ, ਸਾਜਣ ਦਾ ਪਿਆਰ ਪ੍ਰਭੂ ਕਿਵੇਂ ਹੋ ਸਕਦਾ ਏ! — ਪਰ ਜਿਹੜਾ ਚਾਨਣ ਉਹ ਨਾਲ ਲਿਆਈ ਏ, ਉਹਦੇ ਨਾਲ ਇਕਾ-ਇਕ ਮੇਰੀ ਧੁੰਦ ਮਿਟ ਗਈ ਏ। ਜਦੋਂ, ਰਿਤੂ ਬੇਟਾ, ਪ੍ਰਭੂ ਬਣ ਸਕਣ ਵਾਲਾ ਪਿਆਰ ਕਿਸੇ ਨੂੰ ਆਉਂਦਾ ਏ, ਸਾਰੀ ਧਰਤੀ ਉਹਨੂੰ ਪਿਆਰੀ ਲੱਗਣ ਲੱਗ ਪੈਂਦੀ ਏ, — ਆਹ ਇਹਦੇ ਉਤੇ ਉਹਦੇ ਪੈਰ ਵੀ ਤੁਰਦੇ ਹੋਣਗੇ। ਚੰਨ ਸੂਰਜ ਪਿਆਰੇ ਲੱਗਣ ਲੱਗ ਪੈਂਦੇ ਨੇ। ਕੀ ਪਤੈ ਉਹ ਵੀ ਏਸ ਵੇਲੇ ਇਨ੍ਹਾਂ ਵਲ ਤੱਕਦੀ ਹੋਵੇ! ਸਾਰੀ ਪੌਣ ਪਿਆਰੀ ਲੱਗਣ ਲੱਗ ਪੈਂਦੀ ਹੈ — ਕੀ ਪਤੈ ਇਹ ਉਹਦੇ ਨਾਲ ਲੱਗ ਕੇ ਆਈ ਹੋਵੇ। ਉਹਦੇ ਤੇ ਮੇਰੇ ਦੋਹਾਂ ਦੇ ਪ੍ਰਾਣ — ਇਹ ਪਿਆਰੀ ਪੌਣ! ਸਭ ਇਸਤ੍ਰੀਆਂ ਚੰਗੀਆਂ ਲੱਗਣ ਲੱਗ ਪੈਂਦੀਆਂ ਨੇ — ਉਨ੍ਹਾਂ ਦੀ ਜ਼ਾਤ ਉਹਦੇ ਨਾਲ ਰਲਦੀ ਹੁੰਦੀ ਏ। ਸਭ ਆਦਮੀ ਚੰਗੇ ਲੱਗਦੇ ਨੇ — ਉਹ ਇਸਤ੍ਰੀ ਦੇ ਜਾਏ ਹੁੰਦੇ ਨੇ, ਤੇ ਮਾਵਾਂ ਨੇ ਆਪਣੇ ਜਾਇਆਂ ਦੇ ਮੁਖ ਉਤੇ ਕਈ ਚੁੰਮਣ ਧਰੇ ਹੁੰਦੇ ਨੇ।

ਰਿਤੂ-ਰਾਣੇ, ਸੱਚੀਂ-ਮੁੱਚੀਂ ਪਿਆਰ ਦਾ ਪ੍ਰਭੂ ਹੋਣਾ ਪ੍ਰਤੱਖ ਹੋ ਜਾਂਦਾ ਹੈ। ਪ੍ਰਭੂ ਹੋਣ, ਥੀਣ ਤੇ ਬਣਨ ਦਾ ਨਾਂ ਏ, ਤੇ ਜਦੋਂ ਮਨੁੱਖ ਪਿਆਰ ਕਰਦਾ ਏ, ਉਹਨੂੰ ਹੋਣ, ਥੀਣ ਤੇ ਬਣਦੇ ਜਾਣ ਦਾ ਵਿਸਮਾਦ ਆ ਜਾਂਦਾ ਹੈ। ਇਹ ਵਿਸਮਾਦ ਹੀ ਪ੍ਰਭੂ ਏ। ਪਰ ਉਹ ਪਿਆਰ ਪ੍ਰਭੂ ਨਹੀਂ ਹੁੰਦਾ, ਜਿਹੜਾ ਹਰ ਹੱਕ ਤੇ ਫ਼ਰਜ਼ ਨੂੰ ਰਾਹੋਂ ਸੁੱਟ ਵਗਾਹ ਕੇ ਆਪਣੇ ਪਿਆਰ ਨੂੰ ਧਰੂਹ-ਘਸੀਟ ਲਿਆਉਂਦਾਏ।

ਕੀ ਰਿਤੂ, ਮੇਰੇ ਬੇਟੇ ਨੇ ਮੇਰੀ ਗੱਲ ਸਮਝ ਲਈ ਏ? ਉਨ੍ਹਾਂ ਥਾਪੀ ਦੇ ਕੇ ਪੁੱਛਿਆ।

ਸਮਝੀ ਸਾਰੀ ਭਾਵੇਂ ਨਾ ਹੀ ਹੋਵੇ, ਪਰ ਬਾਬਾ ਜੀ, ਇਹ ਮੈਨੂੰ ਚੰਗੀ ਬੜੀ ਲੱਗੀ ਏ — ਮੇਰੇ ਅੰਦਰ ਏਸ ਵੇਲੇ ਬੜਾ ਚੰਗਾ ਚੰਗਾ ਕੁਝ ਹੋ ਰਿਹੈ।

ਰਿਤੂ ਦਾ ਮੂੰਹ ਹੁਣ ਨਿਰਾ ਅਦਬ ਦੀ ਹੀ ਨਹੀਂ, ਪਿਆਰ ਤੇ ਇਰਾਦੇ ਦੀ ਤਸਵੀਰ ਵੀ ਬਣਿਆ ਹੋਇਆ ਸੀ।

ਬਸ, ਬਸ, ਰਿਤੂ-ਰਾਜੇ, ਇਹੀ ਚੰਗਾ ਚੰਗਾ ਕੁਝ ਹੀ ਪਿਆਰ ਹੁੰਦੈ, ਇਹੀ ਪ੍ਰਭੂ ਹੁੰਦਾ ਏ। ਤੇ ਏਸ ਵੇਲੇ ਤੈਨੂੰ ਆਪਣੇ ਨਾਲ ਬੈਠਾ ਵੇਖ ਕੇ ਮੈਂ ਬੜਾ ਖੁਸ਼ ਹੋ ਰਿਹਾ ਆਂ। ਤੂੰ ਮੈਨੂੰ ਮੇਰਾ ਆਪਣਾ ਆਪ ਜਾਪ ਰਿਹਾ ਏਂ। ਇਹ ਦੋਵੇਂ ਕਮੀਜ਼ਾਂ, ਹਨੇਰੀਆਂ ਰਾਤਾਂ ਦੇ ਚਰਾਗ਼ ਵੀ ਤੇਰੇ ਹੀ ਨੇ।

ਲੋਕ ਕਹਿੰਦੇ ਨੇ ਮੈਂ ਸੱਤਰਾਂ ਦੇ ਨੇੜੇ ਪਹੁੰਚ ਰਿਹਾ ਆਂ। ਪਰ ਮੈਂ ਏਸ ਵੇਲੇ ਇਹ ਮਹਿਸੂਸ ਕਰ ਰਿਹਾ ਆਂ ਕਿ ਸੋਲ੍ਹਾਂ ਦੀ ਭਰ-ਜੁਆਨੀ ਮੈਂ ਚੜ੍ਹਿਆ ਹਾਂ, ਤੇਰੀਆਂ ਪਿਆਰ-ਜਿੱਤਾਂ ਸਭ ਮੇਰੀਆਂ ਹੀ ਹੋਣਗੀਆਂ।

ਤੇ ਬਾਬਾ ਜੀ ਨੇ ਰਿਤੂ-ਰਾਜ ਨੂੰ ਘੁੱਟ ਕੇ ਆਪਣੇ ਨਾਲ ਲਾ ਲਿਆ ਤੇ ਕਿੰਨਾ ਹੀ ਚਿਰ ਉਮਰ ਦੇ ਪੱਕੇ ਬੁੱਲ੍ਹ ਜਵਾਨੀ ਦੇ ਕੂਲੇ ਮੱਥੇ ਨਾਲ ਜੁੜੇ ਰਹੇ।

# ਮੇਰੀ ਕਲਮ

## ਸ਼ਬਦਾਂ ਦਾ ਜਾਦੂਗਰ

ਸੁਰਜੀਤ ਪਾਤਰ



ਮੈਡਲਿਨ ਸ਼ਹਿਰ ਵਿੱਚ
ਕਵਿਤਾ ਉਤਸਵ ਦੇ ਦਿਨੀਂ
ਉਬਰੇਗੁ ਪਾਰਕ ਵਿੱਚ
ਸਾਈਕਲ 'ਤੇ ਇੱਕ ਬੱਚਾ ਮੇਰੇ ਕੋਲ ਆਇਆ
ਮੇਰੀ ਪਗੜੀ ਤੇ ਦਾੜੀ ਦੇਖ ਕੇ ਪੁੱਛਣ ਲੱਗਾ:
'ਤੂੰ ਜਾਦੂਗਰ ਏਂ' ?
ਮੈਂ ਹੱਸ ਪਿਆ
ਕਹਿਣ ਲੱਗਾ ਸੀ ਨਹੀਂ ਪਰ ਅਚਾਨਕ ਕਿਹਾ, ਹਾਂ, ਮੈਂ ਜਾਦੂਗਰ ਹਾਂ
ਮੈਂ ਅੰਬਰਾਂ ਤੋਂ ਤਾਰੇ ਤੋੜ ਕੇ ਕੁੜੀਆਂ ਲਈ ਹਾਰ ਬਣਾ ਸਕਦਾ ਹਾਂ
ਮੈਂ ਜ਼ਖ਼ਮਾਂ ਨੂੰ ਫੁੱਲਾਂ ਵਿੱਚ ਬਦਲ ਸਕਦਾ ਹਾਂ
ਰੁੱਖਾਂ ਨੂੰ ਸਾਜ਼ ਬਣਾ ਸਕਦਾ ਹਾਂ
ਤੇ ਹਵਾ ਨੂੰ ਸਾਜ਼ਨਵਾਜ਼
ਸੱਚਮੁੱਚ ! ਬੱਚੇ ਨੇ ਕਿਹਾ
ਤਾਂ ਫਿਰ ਤੂੰ ਮੇਰੇ ਸਾਈਕਲ ਨੂੰ ਘੋੜਾ ਬਣਾ ਦੇ
ਨਹੀਂ ! ਮੈਂ ਬੱਚਿਆਂ ਦਾ ਜਾਦੂਗਰ ਨਹੀਂ
ਮੈਂ ਵੱਡਿਆਂ ਦਾ ਜਾਦੂਗਰ ਹਾਂ
ਤਾਂ ਫਿਰ ਸਾਡੇ ਘਰ ਨੂੰ ਮਹਿਲ ਬਣਾ ਦੇ
ਨਹੀਂ ! ਸੱਚੀ ਗੱਲ ਤਾਂ ਇਹ ਹੈ
ਕਿ ਮੈਂ ਚੀਜ਼ਾਂ ਦਾ ਜਾਦੂਗਰ ਨਹੀਂ
ਮੈਂ ਸ਼ਬਦਾਂ ਦਾ ਜਾਦੂਗਰ ਹਾਂ
ਉਹ ! ਹੁਣ ਸਮਝਿਆ
ਬੱਚਾ ਸਾਈਕਲ ਚਲਾਉਂਦਾਮੁਸਕੁਰਾਉਂਦਾਹੱਥ ਹਿਲਾਉਂਦਾਪਾਰਕ
ਤੋਂ ਬਾਹਰ ਚਲਾ ਗਿਆ
ਤੇ ਦਾਖ਼ਲ ਹੋ ਗਿਆ ਮੇਰੀ ਕਵਿਤਾ ਵਿੱਚ !

## ਚਿੜੀਆਂ ਦੀ ਡਾਰ

ਕਿਰਨਵੀਰ ਸਿੱਧੂ



ਚਿੜੀਆਂ ਦੀ ਡਾਰ
ਮੈਂ ਉਡਦੀ ਦੇਖੀ ਵੇ
ਕਦੇ ਇਸ ਬਨੇਰੇ
ਕਦੇ ਉਸ ਬਨੇਰੇ
ਦਾਣੇ ਮੈਂ ਚੁਗਦੀ ਦੇਖੀ ਵੇ
ਚਿੜੀਆਂ ਦੀ ਡਾਰ
ਮੈਂ ਉਡਦੀ ਦੇਖੀ ਵੇ,
ਮਿੱਟੀ ਮੈਂ ਰੁੜਦੀ ਦੇਖੀ ਵੇ
ਕਦੇ ਟਿੱਬੇ-ਟੋਏ, ਰੋੜੇ
ਕਦੇ ਬੁੱਤਾਂ ਦਾ ਜੋੜੇ
ਬੁੱਤਾਂ ਤੋਂ ਪਾਣੀਆਂ ਵਿੱਚ
ਘੁਲਦੀ ਦੇਖੀ ਵੇ
ਮਿੱਟੀ ਮੈਂ ਰੁੜਦੀ ਦੇਖੀ ਵੇ,
ਬਾਪੂ ਹਲ ਵਾਹੁੰਦਾ ਦੇਖਿਆ ਵੇ
ਰੇਹ ਨਾਲ ਬੋਰਾ ਭਰਿਆ
ਮੋਢੇ ਤੇ ਧਰਿਆ
ਬੋਰੇ ਦੇ ਬੋਝ ਨਾਲ
ਢੂੰਹੀ ਝੁਕਾਉਂਦਾ ਦੇਖਿਆ ਵੇ
ਬਾਪੂ ਹਲ ਵਾਹੁੰਦਾ ਦੇਖਿਆ ਵੇ,
ਮਾਂ ਚੁੱਲ੍ਹਾ ਤਪਾਉਦੀਂ ਦੇਖੀ ਵੇ
ਰੀਝਾਂ ਨਾਲ ਗੁਹਾਰਾ ਬਣਾਉਂਦੀ
ਹੱਥੀਂ ਫੇਰ ਪਾੜ ਲਾਉਂਦੀ
ਚਿਣ ਚਿਣ ਪਾਥੀਆਂ ਲਾਉਂਦੀ
ਅੱਗ ਦਾ ਸੇਕ ਜਗਾਉਂਦੀ ਦੇਖੀ ਵੇ
ਮਾਂ ਚੁੱਲ੍ਹਾ ਤਪਾਉਦੀਂ ਦੇਖੀ ਵੇ,
ਪਾਣੀ ਮੈਂ ਰੁੜਦੇ ਦੇਖੇ ਵੇ
ਜੋ ਖੜ ਗਏ, ਸੜ ਗਏ
ਪਾਣੀਆਂ ਤੋਂ ਪਾਣੀ
ਮੈਂ ਛੁੱਟਦੇ ਦੇਖੇ
ਜੁੜਦੇ ਦੇਖੇ ਵੇ
ਪਾਣੀ ਮੈਂ ਰੁੜਦੇ ਦੇਖੇ ਵੇ ,
ਚਿੜੀਆਂ ਦੀ ਡਾਰ
ਮੈਂ ਉਡਦੀ ਦੇਖੀ ਵੇ
ਕਦੇ ਇਸ ਬਨੇਰੇ
ਕਦੇ ਉਸ ਬਨੇਰੇ
ਦਾਣੇ ਮੈਂ ਚੁਗਦੀ ਦੇਖੀ ਵੇ
ਚਿੜੀਆਂ ਦੀ ਡਾਰ
ਮੈਂ ਉਡਦੀ ਦੇਖੀ ਵੇ ...

## ਕੈਸੀ ਮੁਸ਼ਕਿਲ ਬਣੀ ਹੈ ਨਦੀ ਵਾਸਤੇ

ਸੁਖਵਿੰਦਰ ਅੰਮ੍ਰਿਤ

ਕੈਸੀ ਮੁਸ਼ਕਿਲ ਬਣੀ ਹੈ ਨਦੀ ਵਾਸਤੇ
ਅੱਜ ਬਿਹਬਲ ਦਿਸੇ ਇੱਕ ਕਣੀ ਵਾਸਤੇ
ਕੋਈ ਸਾਗਰ ਜਾਂ ਦਰਿਆ ਜ਼ਰੂਰੀ ਨਹੀਂ
ਇੱਕੋ ਹੰਝੂ ਬੜਾ ਖ਼ੁਦਕੁਸ਼ੀ ਵਾਸਤੇ
ਪੁੱਛ ਨਾ ਕਿੰਨੀਆਂ ਬਿਜਲੀਆਂ ਲਿਸ਼ਕੀਆਂ
ਮੈਂ ਜੋ ਕੀਤੀ ਦੁਆ ਰੌਸ਼ਨੀ ਵਾਸਤੇ
ਉਮਰ ਭਰ ਫੇਰ ਦੁੱਖਾਂ ਦੇ ਚਾਕਰ ਰਹੇ
ਵਿਕ ਗਏ ਸੀ ਅਸੀਂ ਇੱਕ ਖ਼ੁਸ਼ੀ ਵਾਸਤੇ
ਰੌਸ਼ਨਾਈ ਨੇ ਕਰਨੀ ਨਹੀਂ ਰੌਸ਼ਨੀ
ਲਾਜ਼ਮੀ ਹੈ ਲਹੂ ਸ਼ਾਇਰੀ ਵਾਸਤੇ

## ਜੰਗਲ ਹਾਂ

ਗੁਰਦਿਆਲ ਰੌਸ਼ਨ



ਮੈਂ ਸੂਲਾਂ ਨਾਲ ਭਰਿਆ ਰੇਤਲੀ ਮਿੱਟੀ ਦਾ ਜੰਗਲ ਹਾਂ।
ਮੈਂ ਇੱਕ ਤਸਵੀਰ ਹਾਂ, ਐਪਰ ਅਜੇ ਤੱਕ ਨਾਮੁਕੰਮਲ ਹਾਂ।
ਅਸੰਭਵ ਆਪਣਾ ਨਜ਼ਦੀਕ ਆਉਣਾ, ਮੇਲ ਨਾਮੁਮਕਿਨ,
ਹੈ ਬਿਹਤਰ ਦੂਰ ਹੀ ਰਹਿਣਾ, ਤੂੰ ਖੁਸ਼ਬੂ ਏਂ ਮੈਂ ਦਲਦਲ ਹਾਂ।
ਕਈ ਵਾਰੀ ਮੇਰੇ ਕੰਨਾਂ 'ਚ ਆ ਕੇ ਵਕਤ ਕਹਿੰਦਾ ਹੈ,
ਮੈਂ ਛੁਪਿਆ ਵਾਵਰੋਲਾ ਹਾਂ, ਬੜੀ ਖ਼ਾਮੋਸ਼ ਹਲਚਲ ਹਾਂ।
ਮੈਂ ਟੁੱਟਣਾ ਲੋਚਦਾਂ ਮੇਰੇ ਤੋਂ ਪਰ ਟੁੱਟਿਆ ਨਹੀਂ ਜਾਂਦਾ,
ਮੈਂ ਬੰਧਨ ਹਾਂ, ਮੈਂ ਖ਼ੁਦ ਹੀ ਆਪਣੇ ਪੈਰਾਂ ਦਾ ਸੰਗਲ ਹਾਂ।
ਅਸੀਮਤ ਫ਼ਰਕ ਹੈ, ਕੀ ਹੋਂਦ, ਕੀ ਔਕਾਤ ਹੈ ਮੇਰੀ,
ਤੂੰ ਜਗਮਗ ਕਰ ਰਿਹਾ ਅੰਬਰ, ਮੈਂ ਕਿਣਕੇ ਦਾ ਧਰਾਤਲ ਹਾਂ।
ਮੈਂ ਹੰਝੂ ਪੀ ਲਏ ਨੇ ਖਾ ਲਏ ਹਨ ਕੱਚ ਦੇ ਟੁਕੜੇ,
ਕਮੀ ਕੋਈ ਨਹੀਂ ਹੈ, ਹੁਣ ਤਾਂ ਬਸ ਮੰਗਲ ਹੀ ਮੰਗਲ ਹਾਂ।
ਜੋ ਆਉਂਦੇ ਦਿਲ 'ਚ, ਮੈਂ ਬੇਬਾਕ ਹੋ ਕੇ ਬੋਲਦਾ ਰਹਿੰਨੈ,
ਕਈ ਵਾਰੀ ਤਾਂ ਸੱਚਮੁੱਚ ਜਾਪਦੈ ਮੈਨੂੰ, ਮੈਂ ਪਾਗਲ ਹਾਂ।

## ਬਾਬਲ ਦੀਆਂ ਜੂਹਾਂ

ਛਿੰਦਰ ਕੌਰ ਸਿਰਸਾ

ਨਹੀਂ ਮੰਨਦੇ ਖ਼ਿਆਲ ਤੇਰੇ ਮੇਰੀ ਫ਼ਰਿਆਦ ਨੂੰ
ਭੂਤਾਂ ਪ੍ਰੇਤਾਂ ਦੇ ਵਾਂਗ ਮੈਨੂੰ ਫੜ ਕੇ ਬਹਿ ਗਏ
ਉੱਬੜ ਵਿਰਾਨ ਥਾਈਂ ਭਟਕਣਾ ਪੁੱਠੇ ਪੈਰੀਂ ਘੁੰਮੇ
ਜਾਣ ਵਾਲੇ ਤਕਦੀਰਾਂ ਦੇ ਸਿਰਨਾਵੇਂ ਵੀ ਲੈ ਗਏ
ਇਕ ਪਰਿੰਦੇ ਦੀ ਆਲ੍ਹਣੇ ਦੇ ਵਿੱਚ ਮੌਤ ਹੋ ਗਈ
ਤਨਹਾਈ ਦੇ ਕਾਰੇ ਫੇਰ ਕਾਮਯਾਬੀ ਲੈ ਗਏ
ਬਰਸਾਤੋਂ ਬਾਅਦ ਦੀ ਹਵਾ ਨੂੰ ਝੱਖੜ 'ਚ ਬਦਲ ਕੇ
ਮੇਰੀ ਪਰਵਾਜ਼ ਨੂੰ ਸਗੋਂ ਹੋਰ ਉੱਚਾ ਲੈ ਗਏ
ਹਨੇਰਿਆਂ ਦੇ ਖ਼ਿਲਾਫ਼ ਜੁਗਨੂੰ ਹੀ ਲੜਦੇ ਰਹੇ
ਇਨਸਾਨ ਪਤਾ ਨਹੀਂ ਕਿੱਥੇ ਲੁਕ ਕੇ ਬਹਿ ਗਏ
ਉਹ ਝਰਨੇ ਜੋ ਨਦੀਆਂ 'ਚ ਡਿੱਗਦੇ ਸਨ ਕਦੀ
ਰੇਤਾ ਨਾਲ ਪਿਆਸ ਬੁਝਾਉਣ ਨੂੰ ਕਹਿ ਗਏ
ਕੁਝ ਮਸੀਹੇ ਅਜ਼ਲਾਂ ਤੋਂ ਜ਼ਿੰਦਗੀ ਨੂੰ ਸਾਹ ਵੰਡ ਕੇ
ਕਬਰਾਂ ਦੇ ਵਾਸੀਆਂ ਨੂੰ ਵੀ ਜਿਉਣ ਲਈ ਕਹਿ ਗਏ
ਪੁੰਨਿਆਂ ਦੀ ਰਾਤੇ ਪੂਰੇ ਚੰਨ ਤੇ ਤਾਰਿਆਂ ਦੇ ਨਾਲ
ਆਰਤੀ ਦੇ ਥਾਲ ਵਾਲੇ ਦੀਵੇ ਤੈਨੂੰ ਉਡੀਕਣ ਬਹਿ ਗਏ
ਦੋ ਹੱਥ ਦੂਰ ਹੈ ਪਿੰਡ ਖੇੜਿਆਂ ਦਾ ਇੱਕ ਪਲ ਠਹਿਰੋ ਕਹਾਰੋ
ਬਾਬਲ ਧਰਮੀ ਦੀਆਂ ਜੂਹਾਂ ਨੂੰ ਮੱਥੇ ਟੇਕਣੇ ਰਹਿ ਗਏ

## ਜ਼ਲਜ਼ਲੇ ਧਰਤੀ ਦੇ ਚੜ੍ਹਦੇ ਜਾ ਰਹੇ ਨੇ ਅੰਬਰਾਂ 'ਤੇ

ਜਸਵਿੰਦਰ

ਜ਼ਲਜ਼ਲੇ ਧਰਤੀ ਦੇ ਚੜ੍ਹਦੇ ਜਾ ਰਹੇ ਨੇ ਅੰਬਰਾਂ 'ਤੇ
ਕੋਈ ਵੀ ਤਾਰਾ ਕਦੇ ਵੀ ਡਿੱਗ ਸਕਦਾ ਹੈ ਘਰਾਂ 'ਤੇ

ਕਾਫ਼ਲਾ ਲੁੱਟਿਆ ਹੈ ਕਿਸ ਨੇ ਬਹਿਸ ਸਾਰੀ ਰਾਤ ਹੋਈ
ਸਾਰੀਆਂ ਹੀ ਉਂਗਲਾਂ ਟਿਕੀਆਂ ਸਵੇਰੇ ਰਹਿਬਰਾਂ 'ਤੇ

ਖ਼ਾਬ ਮਾਸੂਮਾਂ ਦੇ ਖ਼ਰਗੋਸ਼ਾਂ ਜਿਹੇ ਹੁੰਦੇ ਨੇ ਯਾਰੋ
ਮੂਰਤਾਂ ਸ਼ੇਰਾਂ ਦੀਆਂ ਕਿਉਂ ਛਾਪਦੇ ਹੋ ਚਾਦਰਾਂ 'ਤੇ

ਇਹ ਜਦੋਂ ਵੀ ਚਹਿਕਦਾ ਤਾਂ ਮੈਂ ਜਿਵੇਂ ਸੂਲੀ 'ਤੇ ਹੋਵਾਂ
ਦਰਦ ਉਹ ਪੰਛੀ ਹੈ ਜਿਸਦਾ ਆਲ੍ਹਣਾ ਹੈ ਆਂਦਰਾਂ 'ਤੇ

ਮੁੱਕ ਹੀ ਜਾਣਾ ਸੀ ਝਗੜਾ, ਮਿਲ ਹੀ ਜਾਣੀ ਸੀ ਖ਼ੁਦਾਈ
ਜੇ ਕਿਤੇ ਵਿਸ਼ਵਾਸ ਕਰਕੇ ਦੇਖ ਲੈਂਦੇ ਕਾਫ਼ਰਾਂ 'ਤੇ

ਵਕਤ ਸੀ ਭਾਰਾ ਤੇ ਉਹ ਰਿਸ਼ਤਾ ਸੀ ਹੌਲਾ ਫੁੱਲ ਵਰਗਾ
ਦੋਸ਼ ਨਾ ਪੂਰਨ ਦਾ, ਨਾ ਇਲਜ਼ਾਮ ਕੋਈ ਸੁੰਦਰਾਂ 'ਤੇ

## ਹੇ ਪ੍ਰਾਣੀਆਂ ਤੂੰ ਨਾ ਜਾਣੀਆਂ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308

ਹੇ ਪ੍ਰਾਣੀਆਂ, ਤੂੰ ਨਾ ਜਾਣੀਆਂ,
ਜਿੰਦ ਦੀਆਂ ਗੁੰਝਲਾਂ, ਤੂੰ ਨਾ ਪਛਾਣੀਆਂ।
ਛੱਡ ਜਾਵੇਂਗਾ, ਸਭ ਤਜ ਜਾਵੇਂਗਾ,
ਕੱਚ ਸੱਚ ਦੀਆਂ ਕਿੰਨੀਆਂ ਕਹਾਣੀਆਂ।

ਖੁੱਸ ਜਾਣਗੇ, ਟੁੱਟ ਜਾਣਗੇ,
ਮੋਹ ਵਾਲੇ ਰਿਸ਼ਤੇ ਵੀ ਮੁੱਕ ਜਾਣਗੇ।
ਭੁੱਲ ਜਾਣਗੇ, ਰੁਲ ਜਾਣਗੇ,
ਕੀਮਤੀ ਦਿਲਾਂ ਦੇ ਮੋਤੀ ਡੁੱਲ੍ਹ ਜਾਣਗੇ।
ਰਹਿ ਜਾਣੀਆਂ ਖ਼ਾਕਾਂ ਛਾਣੀਆਂ,
ਕੱਚ ਸੱਚ ਦੀਆਂ ਕਿੰਨੀਆਂ ਕਹਾਣੀਆਂ।
ਹੇ ਪ੍ਰਾਣੀਆਂ ਤੂੰ ਨਾ ਜਾਣੀਆਂ,
ਜਿੰਦ ਦੀਆਂ ਗੁੰਝਲਾਂ, ਤੂੰ ਨਾ ਪਛਾਣੀਆਂ।

ਯਾਦ ਆਉਣਗੇ, ਦਿਲ ਬਹਿਲਾਉਣਗੇ,
ਬੋਲ ਤੇਰੇ ਮਿੱਠੇ ਨਹੀਂ ਭੁੱਲ ਪਾਉਣਗੇ।
ਫਲਸਫੇ ਤੇਰੇ ਸਦਾ ਕੰਮ ਆਉਣਗੇ,
ਤੇਰੇ ਜਾਨਸ਼ੀਨਾਂ ਨੂੰ ਉਹ ਰਾਹ ਦਿਖਾਉਣਗੇ।
ਸੁਨਹਿਰੀ ਅੱਖਰਾਂ ਦੇ ਵਿੱਚ ਰਹਿ ਜਾਣੀਆਂ,
ਕੱਚ ਸੱਚ ਦੀਆਂ ਕਿੰਨੀਆਂ ਕਹਾਣੀਆਂ।
ਹੇ ਪ੍ਰਾਣੀਆਂ ਤੂੰ ਨਾ ਜਾਣੀਆਂ,
ਜਿੰਦ ਦੀਆਂ ਗੁੰਝਲਾਂ, ਤੂੰ ਨਾ ਪਛਾਣੀਆਂ।

ਇਹ ਜੱਗ ਫਾਨੀ ਏ, ਨਾ ਕੋਈ ਤੇਰਾ ਜਾਨੀ ਏ,
ਸਭ ਦੀਆਂ ਨਜ਼ਰਾਂ 'ਚ ਬੇਈਮਾਨੀ ਏ,
ਇਹੀ ਜ਼ਿੰਦਗਾਨੀ ਇੱਕੋ ਹੀ ਨਿਸ਼ਾਨੀ ਏ,
ਕਰਦਾ ਹਰੇਕ ਇੱਥੇ ਮਨਮਾਨੀ ਏ।
ਕੀਤੀਆਂ ਕਰਾਈਆਂ ਅਸਾਂ ਪਾ ਜਾਣੀਆਂ,
ਕੱਚ ਸੱਚ ਦੀਆਂ ਕਿੰਨੀਆਂ ਕਹਾਣੀਆਂ।
ਹੇ ਪ੍ਰਾਣੀਆਂ ਤੂੰ ਨਾ ਜਾਣੀਆਂ,
ਜਿੰਦ ਦੀਆਂ ਗੁੰਝਲਾਂ, ਤੂੰ ਨਾ ਪਛਾਣੀਆਂ।
ਛੱਡ ਜਾਵੇਂਗਾ, ਸਭ ਤਜ ਜਾਵੇਂਗਾ,
ਕੱਚ ਸੱਚ ਦੀਆਂ ਕਿੰਨੀਆਂ ਕਹਾਣੀਆਂ।

## ਤੈਨੂੰ ਲੱਭਦਾ

ਹਨੀ ਰਾਮਪੁਰਾ

ਤੂੰ ਵੀ ਖਸਮਾਂ ਕੂੰਦਾ ਕੋਈ ਨਹੀਂ,
ਤੈਨੂੰ ਲੱਭਦਾ ਆਪਾ ਖੋ ਬੈਠਾ ਹਾਂ,
ਹੁਣ ਆਪਾ ਮੁੜਨ ਦੀ ਆਸ ਵੀ ਨਾਹੀਂ,
ਤਨ ਮਨ ਦੇ ਬੂਹੇ ਢੋ ਬੈਠਾ ਹਾਂ,
ਹਾਸੇ ਮੇਰੇ ਗੁਆਚੇ ਕਦ ਦੇ,
ਹਾਸਿਆਂ ਥਾਵੇਂ ਰੋ ਬੈਠਾ ਹਾਂ,
ਡੂੰਮਣਾ ਲੱਗਾ ਦੁੱਖਾਂ ਦਾ ਦਿਲ ਨੂੰ,
ਧੁਖਾ ਆਂਦਰਾਂ ਇਹਨੂੰ 'ਚੋ ਬੈਠਾ ਹਾਂ,
ਘੜੀ ਵਸਲ ਦੀ ਉਡੀਕਣ ਅੱਖੀਆਂ,
ਕਰਕੇ ਹਿਜ਼ਰ ਦੀ ਲੋਅ ਬੈਠਾ ਹਾਂ,
ਅੰਦਰ ਹੈਂ ਤਾਂ ਹਲਚਲ ਕਰ,
ਮੈਂ ਤੇ ਸਾਹ ਵੀ ਖੋ ਬੈਠਾ ਹਾਂ,
ਤੂੰ ਵੀ ਖਸਮਾਂ ਕੂੰਦਾ ਕੋਈ ਨਹੀਂ,
ਤੈਨੂੰ ਲੱਭਦਾ ਆਪਾ ਖੋ ਬੈਠਾ ਹਾਂ।

## ਚੁੱਪ

ਕਮਲਦੀਪ ਕੌਰ 'ਸੋਨਟ'



ਚੁੱਪ ਨੂੰ ਅਸੀਂ ਲਭੀਏ ਚੁੱਪ ਕੀ ਹੁੰਦੀ ਏ,
ਚੁੱਪ ਰਹਿਣ ਵਾਲੇ ਨੂੰ ਪੁੱਛੋ, ਚੁੱਪ ਕੀ ਹੁੰਦੀ ਏ,
ਸੋਚਾਂ 'ਚ ਡੁੱਬੇ ਨੂੰ ਪੁੱਛੋ, ਚੁੱਪ ਕੀ ਹੁੰਦੀ ਏ,
ਅੱਖਾਂ ਦੀ ਬੋਲੀ ਬੋਲਣ ਵਾਲੇ ਨੂੰ ਪੁੱਛੋ, ਚੁੱਪ ਕੀ ਹੁੰਦੀ ਏ,
ਪੀੜ ਸਹਿਣ ਵਾਲੇ ਨੂੰ ਪੁੱਛੋ, ਚੁੱਪ ਕੀ ਹੁੰਦੀ ਏ,
ਦੁੱਖਾਂ 'ਚ ਮੁਸਕਰਾਉਣ ਵਾਲ਼ੇ ਨੂੰ ਪੁੱਛੋ, ਚੁੱਪ ਕੀ ਹੁੰਦੀ ਏ,
ਕਲੇਸ਼ ਤੋਂ ਡਰਨ ਵਾਲ਼ੇ ਨੂੰ ਪੁੱਛੋ, ਚੁੱਪ ਕੀ ਹੁੰਦੀ ਏ,
ਜ਼ੁਲਮ ਸਹਿਣ ਵਾਲ਼ੇ ਨੂੰ ਪੁੱਛੋ, ਚੁੱਪ ਕੀ ਹੁੰਦੀ ਏ,
ਥਾਂ-ਥਾਂ ਤੇ ਠੋਕਰ ਖਾਣ ਵਾਲੇ ਨੂੰ ਪੁੱਛੋ, ਚੁੱਪ ਕੀ ਹੁੰਦੀ ਏ,
'ਕਮਲ' ਪੁੱਛਣਾ ਏ ਤਾਂ ਕਿਸੇ ਲੇਖਕ ਕੋਲ ਜਾ ਪੁੱਛੋ, ਅਸਲ ਚੁੱਪ ਕੀ ਹੁੰਦੀ ਏ

ਕਾਮੇਡੀ, ਪਿਆਰ ਨਾਲ ਭਰਪੂਰ ਦਿਲਕਸ਼ ਫ਼ਿਲਮ

# 'ਮੌਜਾਂ ਹੀ ਮੌਜਾਂ'

## 20 ਅਕਤੂਬਰ ਨੂੰ ਹੋਵੇਗੀ ਰਿਲੀਜ਼




ਚੰਡੀਗੜ੍ਹ /ਏ.ਟੀ.ਨਿਊਜ਼- ਨਿਰਦੇਸ਼ਕ ਸਮੀਪ ਕੰਗ ਪੰਜਾਬੀ ਫ਼ਿਲਮ ਇੰਡਸਟਰੀ 'ਚ ਕਾਮੇਡੀ, ਹਾਸੇ-ਮਜ਼ਾਕ ਤੇ ਸ਼ਾਨਦਾਰ ਕਹਾਣੀਆਂ ਨੂੰ ਦਰਸ਼ਕਾਂ ਸਾਹਮਣੇ ਪੇਸ਼ ਕਰਨ ਲਈ ਜਾਣੇ ਜਾਂਦੇ ਹਨ ਤੇ ਇਸੇ ਕਰਕੇ ਉਨ੍ਹਾਂ ਨੇ ਪੰਜਾਬੀ ਸਿਨੇਮਾ ਦੀ ਦੁਨੀਆ ਵਿੱਚ ਆਪਣਾ ਇੱਕ ਵਿਲੱਖਣ ਸਥਾਨ ਬਣਾਇਆ ਹੈ। ਨਿਰਦੇਸ਼ਕ ਦੀਆਂ ਪਿਛਲੀਆਂ ਕੁਝ ਫ਼ਿਲਮਾਂ 'ਚ 'ਕੈਰੀ ਆਨ ਜੱਟਾ', 'ਕੈਰੀ ਆਨ ਜੱਟਾ 2', 'ਲੱਕੀ ਦੀ ਅਨਲੱਕੀ ਸਟੋਰੀ', 'ਬਾਈ ਜੀ ਕੁੱਟਣਗੇ', 'ਨੌਕਰ ਵਹੁਟੀ ਦਾ' ਆਦਿ ਸ਼ਾਮਲ ਹਨ ਤੇ ਹੋਰ ਵੀ ਬਹੁਤ ਸਾਰੀਆਂ ਫ਼ਿਲਮਾਂ ਹਨ। ਇਨ੍ਹਾਂ ਫ਼ਿਲਮਾਂ ਨੇ ਨਾ ਸਿਰਫ਼ ਦਰਸ਼ਕਾਂ ਨੂੰ ਗੁੰਝਲਦਾਰ ਬਣਾਇਆ ਤੇ ਉਨ੍ਹਾਂ ਨੂੰ ਹਸਾਇਆ, ਸਗੋਂ ਉਨ੍ਹਾਂ ਦੇ ਸਬੰਧਿਤ ਕਿਰਦਾਰਾਂ ਤੇ ਹਾਸੋਹੀਣੀਆਂ ਕਹਾਣੀਆਂ ਨਾਲ ਇੱਕ ਸਥਾਈ ਪ੍ਰਭਾਵ ਵੀ ਛੱਡਿਆ।

ਹੁਣ ਨਿਰਦੇਸ਼ਕ ਆਪਣੀ ਆਉਣ ਵਾਲੀ ਬਲਾਕਬਸਟਰ ਫ਼ਿਲਮ 'ਮੌਜਾਂ ਹੀ ਮੌਜਾਂ' ਨਾਲ ਇੱਕ ਵਾਰ ਫਿਰ ਵੱਡੇ ਪਰਦੇ 'ਤੇ ਆਉਣ ਲਈ ਤਿਆਰ ਹਨ। ਇਹ ਫ਼ਿਲਮ ਤਿੰਨ ਅਪਾਹਜ ਭਰਾਵਾਂ ਦੇ ਜੀਵਨ 'ਤੇ ਕੇਂਦਰਿਤ ਇੱਕ ਦਿਲ ਨੂੰ ਛੂਹਣ ਵਾਲੀ ਕਹਾਣੀ ਹੋਣ ਦਾ ਵਾਅਦਾ ਕਰਦੀ ਹੈ, ਜਿਸ ਨੂੰ ਗਿੱਪੀ ਗਰੇਵਾਲ (ਬੋਲ਼ੇ), ਬੀਨੂੰ ਢਿੱਲੋਂ (ਅੰਨ੍ਹਾ) ਤੇ ਕਰਮਜੀਤ ਅਨਮੋਲ (ਗੂੰਗੇ) ਵੱਲੋਂ ਸ਼ਾਨਦਾਰ ਢੰਗ ਨਾਲ ਦਰਸਾਇਆ ਗਿਆ ਹੈ। ਬਿਰਤਾਂਤ ਉਨ੍ਹਾਂ ਦੀਆਂ ਚੁਨੌਤੀਆਂ ਤੇ ਜਿੱਤਾਂ ਨੂੰ ਗੁੰਝਲਦਾਰ ਢੰਗ ਨਾਲ ਬੁਣਦਾ ਹੈ, ਉਨ੍ਹਾਂ ਦੇ ਸੰਸਾਰ ਵਿੱਚ ਇੱਕ ਪ੍ਰਭਾਵਸ਼ਾਲੀ ਝਲਕ ਪੇਸ਼ ਕਰਦਾ ਹੈ। ਕਹਾਣੀ ਦੇ ਕੇਂਦਰ ਵਿੱਚ ਉਸ ਦੀ ਭੈਣ ਹੈ, ਜਿਸ ਦੀ ਭੂਮਿਕਾ ਹਸ਼ਨੀਨ ਚੌਹਾਨ ਵੱਲੋਂ ਨਿਭਾਈ ਗਈ ਹੈ।

ਨਿਰਦੇਸ਼ਕ ਸਮੀਪ ਕੰਗ ਨੇ ਆਪਣਾ ਉਤਸ਼ਾਹ ਸਾਂਝਾ ਕੀਤਾ ਤੇ ਕਿਹਾ ਕਿ ਮੈਂ ਹਾਸੇ ਤੇ ਕਹਾਣੀ ਸੁਣਾਉਣ ਦੀ ਸ਼ਕਤੀ ਵਿੱਚ ਵਿਸ਼ਵਾਸ ਰੱਖਦਾ ਹਾਂ, ਜੋ ਸਾਨੂੰ ਲੋਕਾਂ ਨਾਲ ਜੋੜਦਾ ਹੈ। ਅਸੀਂ ਕਹਾਣੀ ਨੂੰ ਦਰਸ਼ਕਾਂ ਤੱਕ ਪਹੁੰਚਾਉਣ ਲਈ ਉਤਸ਼ਾਹਿਤ ਹਾਂ।

ਫ਼ਿਲਮ ਦੀ ਕਹਾਣੀ ਤੇ ਡਾਇਲਾਗ ਵੈਭਵ ਸੁਮਨ ਤੇ ਸ਼੍ਰੇਆ ਸ਼੍ਰੀਵਾਸਤਵ ਵੱਲੋਂ ਲਿਖੇ ਗਏ ਹਨ ਤੇ ਸੰਵਾਦ ਨਰੇਸ਼ ਕਥੂਰੀਆ ਦੇ ਹਨ। ਈਸਟ ਸਨਸ਼ਾਈਨ ਪ੍ਰੋਡਕਸ਼ਨ ਵੱਲੋਂ ਪੇਸ਼ ਕੀਤਾ ਗਿਆ ਹੈ ਤੇ ਓਮਜੀ ਗਰੁੱਪ ਵੱਲੋਂ ਵਿਸ਼ਵ ਭਰ ਵਿੱਚ ਰਿਲੀਜ਼ ਕੀਤਾ ਜਾਵੇਗਾ, ਫ਼ਿਲਮ ਨੂੰ ਅਮਰਦੀਪ ਗਰੇਵਾਲ ਵੱਲੋਂ ਨਿਰਮਿਤ ਕੀਤਾ ਗਿਆ ਹੈ। ਫ਼ਿਲਮ 20 ਅਕਤੂਬਰ, 2023 ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ।

# 'ਯਾਰੀਆਂ-2' ਨੇ ਬੀ.ਐੱਸ.ਐੱਫ.ਦੀ ਟੀਮ ਨਾਲ ਵਾਘਾ ਬਾਰਡਰ 'ਤੇ ਜਾ ਕੇ ਭਾਰਤ ਦਾ ਉਤਸ਼ਾਹ ਵਧਾਇਆ

ਮੁੰਬਈ/ਏ.ਟੀ.ਨਿਊਜ਼ : ਆਉਣ ਵਾਲੀ ਫ਼ਿਲਮ 'ਯਾਰੀਆਂ 2' ਦੀ ਕਾਸਟ ਭਾਰਤ ਬਨਾਮ ਪਾਕਿਸਤਾਨ ਮੈਚ ਦੇਖਣ ਲਈ ਵਾਹਗਾ ਬਾਰਡਰ 'ਤੇ ਸੀਮਾ ਸੁਰੱਖਿਆ ਬਲ (ਬੀ.ਐੱਸ.ਐੱਫ.) ਟੀਮ ਨਾਲ ਸ਼ਾਮਲ ਹੋਈ। ਜਿਵੇਂ ਹੀ ਕ੍ਰਿਕਟ ਪ੍ਰੇਮੀ ਅਹਿਮਦਾਬਾਦ ਪੁੱਜੇ 'ਯਾਰੀਆਂ-2' ਦੇ ਕਲਾਕਾਰ ਦਿਵਿਆ ਖੋਸਲਾ ਕੁਮਾਰ, ਪਰਲ ਵੀ. ਪੁਰੀ ਤੇ ਯਸ਼ ਦਾਸਗੁਪਤਾ ਨੇ ਬੀ.ਐੱਸ.ਐੱਫ. ਟੀਮ ਨਾਲ ਮਿਲ ਕੇ ਵਾਹਗਾ ਬਾਰਡਰ 'ਤੇ ਭਾਰਤ ਦਾ ਸਮਰਥਨ ਕਰਨ ਦਾ ਖਾਸ ਤਰੀਕਾ ਚੁਣਿਆ।

ਜਿਵੇਂ ਹੀ ਸਰਹੱਦ 'ਤੇ ਭਾਰਤੀ ਝੰਡੇ ਲਹਿਰਾਏ , ਉਤਸਾਹਿਤ ਕਲਾਕਾਰਾਂ ਨੇ ਬੀ.ਐੱਸ.ਐਫ. ਟੀਮ ਨਾਲ ਭਾਰਤ ਦਾ ਸਮਰਥਨ ਕੀਤਾ। 'ਯਾਰੀਆਂ=2' ਦੀ ਰਿਲੀਜ਼ ਡੇਟ ਨੇੜੇ ਆਉਣ ਨਾਲ, ਵਾਹਗਾ ਬਾਰਡਰ 'ਤੇ ਉਨ੍ਹਾਂ ਦਾ ਖਾਸ ਦਿਨ ਇਕ ਸਦੀਵੀ ਯਾਦ ਬਣ ਜਾਵੇਗਾ।




# ਸੋਨਾਕਸ਼ੀ ਸਿਨਹਾ ਦੀ ਪਹਿਲੀ ਕਮਾਈ ਸੀ ਤਿੰਨ ਹਜ਼ਾਰ ਰੁਪਏ



ਸੋਨਾਕਸ਼ੀ ਸਿਨਹਾ ਨੇ ਕਾਲਜ ਵਿੱਚ ਪੜ੍ਹਦਿਆਂ ਹੀ ਕਮਾਈ ਕਰਨੀ ਸ਼ੁਰੂ ਕਰ ਦਿੱਤੀ ਸੀ। ਇਸ ਦੌਰਾਨ ਇੱਕ ਦਿਨ ਉਨ੍ਹਾਂ ਦੀ ਮੁਲਾਕਾਤ ਸਲਮਾਨ ਖਾਨ ਅਤੇ ਅਰਬਾਜ਼ ਖਾਨ ਨਾਲ ਹੋਈ। ਗੱਲਬਾਤ ਦੌਰਾਨ ਜਦੋਂ ਸਲਮਾਨ ਨੂੰ ਪਤਾ ਲੱਗਾ ਕਿ ਸੋਨਾਕਸ਼ੀ ਦੀ ਪਹਿਲੀ ਕਮਾਈ ਤਿੰਨ ਹਜ਼ਾਰ ਰੁਪਏ ਹੈ ਤਾਂ ਉਹ ਖੂਬ ਹੱਸਣ ਲੱਗੇ। ਬਾਅਦ 'ਚ ਸਲਮਾਨ ਨੇ ਸੋਨਾਕਸ਼ੀ ਨੂੰ ਉਸੇ ਪੈਸੇ ਨਾਲ ਤੋਹਫਾ ਖਰੀਦਣ ਲਈ ਕਿਹਾ।

ਸੋਨਾਕਸ਼ੀ ਦੇ ਕੈਰੀਅਰ ਦੀ ਪਹਿਲੀ ਫਿਲਮ ਦਬੰਗ ਸੀ। ਇਸ ਫਿਲਮ 'ਚ ਕੰਮ ਕਰਨ ਲਈ ਉਨ੍ਹਾਂ ਨੇ ਆਪਣਾ ਵਜ਼ਨ 30 ਕਿਲੋ ਘਟਾਇਆ ਸੀ। ਇੱਕ ਇੰਟਰਵਿਊ ਵਿੱਚ ਸੋਨਾਕਸ਼ੀ ਨੇ ਦੱਸਿਆ ਕਿ ਜਦੋਂ ਉਹ ਕਾਲਜ ਵਿੱਚ ਪੜ੍ਹਦੀ ਸੀ ਤਾਂ ਕਾਲਜ ਵਿੱਚ ਇੱਕ ਫੈਸ਼ਨ ਵੀਕ ਈਵੈਂਟ ਸੀ। ਇਹ ਸਮਾਗਮ 5 ਦਿਨਾਂ ਦਾ ਸੀ। ਇਸ ਈਵੈਂਟ 'ਚ ਸੋਨਾਕਸ਼ੀ ਨੇ ਵਲੰਟੀਅਰ ਵਜੋਂ ਕੰਮ ਕੀਤਾ। ਇੱਥੇ ਉਸਦਾ ਕੰਮ ਮਹਿਮਾਨਾਂ ਦੀ ਦੇਖਭਾਲ ਕਰਨਾ ਸੀ।

ਇਸ ਈਵੈਂਟ 'ਚ ਸਲਮਾਨ ਖਾਨ ਵੀ ਆਪਣੇ ਭਰਾ ਅਰਬਾਜ਼ ਖਾਨ ਨਾਲ ਪਹੁੰਚੇ ਸਨ। ਸਲਮਾਨ ਨੇ ਜਦੋਂ ਸੋਨਾਕਸ਼ੀ ਨੂੰ ਕੰਮ ਕਰਦੇ ਦੇਖਿਆ ਤਾਂ ਉਹ ਹੈਰਾਨ ਰਹਿ ਗਏ। ਕਾਰਨ ਇਹ ਸੀ ਕਿ ਸੋਨਾਕਸ਼ੀ ਦੇ ਪਿਤਾ ਸ਼ਤਰੂਘਨ ਸਿਨਹਾ ਇੱਕ ਮਸ਼ਹੂਰ ਐਕਟਰ ਅਤੇ ਰਾਜਨੇਤਾ ਸਨ। ਇਸ ਦੇ ਬਾਵਜੂਦ ਸੋਨਾਕਸ਼ੀ ਆਪਣਾ ਕੰਮ ਬੜੀ ਸਾਦਗੀ ਨਾਲ ਕਰ ਰਹੀ ਸੀ। ਮੁਲਾਕਾਤ ਦੌਰਾਨ ਗੱਲਬਾਤ ਦੌਰਾਨ ਸਲਮਾਨ ਨੇ ਸੋਨਾਕਸ਼ੀ ਤੋਂ ਉਸ ਦੀ ਪਹਿਲੀ ਫੀਸ ਬਾਰੇ ਪੁੱਛਿਆ, ਜੋ ਇਵੈਂਟ ਦੌਰਾਨ ਮਿਲੀ ਸੀ। ਜਵਾਬ ਵਿੱਚ ਉਸਨੇ 3 ਹਜ਼ਾਰ ਰੁਪਏ ਦੱਸੇ। ਇਹ ਸੁਣ ਕੇ ਸਲਮਾਨ ਹੱਸਣ ਲੱਗੇ ਅਤੇ ਸੋਨਾਕਸ਼ੀ ਤੋਂ (ਬਾਕੀ ਸਫ਼ਾ 31 'ਤੇ)

# ਮੈਂ ਆਪਣੀ ਮਰਜ਼ੀ ਨਾਲ ਨਹੀਂ, ਕਿਸਮਤ ਕਾਰਨ ਫਿਲਮਾਂ 'ਚ ਆਈ : ਰੇਖਾ

ਭਾਵੇਂ ਹਰ ਬਾਲੀਵੁੱਡ ਸਟਾਰ ਦੀ ਆਪਣੀ ਕਹਾਣੀ ਹੁੰਦੀ ਹੈ ਪਰ ਰੇਖਾ ਉਹ ਕਿਰਦਾਰ ਹੈ, ਜਿਸ ਦੀ ਜ਼ਿੰਦਗੀ ਦੀ ਹਰ ਕਹਾਣੀ ਲੋਕ ਸੁਣਨਾ ਚਾਹੁੰਦੇ ਹਨ। ਆਓ ਰੇਖਾ ਦੀ ਇਹ ਕਹਾਣੀ ਉਸ ਦੇ ਬਚਪਨ ਤੋਂ ਸ਼ੁਰੂ ਕਰੀਏ।

ਰੇਖਾ ਦਾ ਜਨਮ ਦੱਖਣੀ ਅਦਾਕਾਰ ਜੇਮਿਨੀ ਗਣੇਸ਼ਨ ਅਤੇ ਅਦਾਕਾਰਾ ਪੁਸ਼ਪਾਵਲੀ ਦੇ ਘਰ ਹੋਇਆ ਸੀ। ਪੁਸ਼ਪਾਵਲੀ ਜੇਮਿਨੀ ਦੀ ਪਤਨੀ ਨਹੀਂ ਸੀ। ਦਰਅਸਲ, ਜਦੋਂ ਉਨ੍ਹਾਂ ਦਾ ਰਿਸ਼ਤਾ ਸ਼ੁਰੂ ਹੋਇਆ ਸੀ, ਜੇਮਿਨੀ ਪਹਿਲਾਂ ਤੋਂ ਹੀ ਵਿਆਹੀ ਹੋਈ ਸੀ। ਇਸ ਦੇ ਨਾਲ ਹੀ ਪੁਸ਼ਪਾਵਲੀ ਨੇ ਵੀ ਆਪਣੇ ਪਤੀ ਨੂੰ ਤਲਾਕ ਨਹੀਂ ਦਿੱਤਾ। ਅਜਿਹੇ 'ਚ ਉਨ੍ਹਾਂ ਨੂੰ ਵਿਆਹ ਕਰਵਾਉਣਾ ਮਨਜ਼ੂਰ ਨਹੀਂ ਸੀ।

ਰੇਖਾ ਦੀ ਮਾਂ ਪੁਸ਼ਪਾਵਲੀ ਇੱਕ ਮਸ਼ਹੂਰ ਅਭਿਨੇਤਰੀ ਸੀ, ਜਿਨ੍ਹਾਂ ਨੇ ਤਾਮਿਲ ਅਤੇ ਤੇਲਗੂ ਭਾਸ਼ਾਵਾਂ ਵਿੱਚ ਕਈ ਫਿਲਮਾਂ ਕੀਤੀਆਂ ਸਨ।

ਜੈਮਿਨੀ ਨੇ ਪੁਸ਼ਪਾਵਲੀ ਨੂੰ ਸਭ ਕੁਝ ਦਿੱਤਾ, ਪਰ ਆਪਣਾ ਨਾਮ ਨਹੀਂ ਦੇ ਸਕਿਆ। ਇਹੀ ਕਾਰਨ ਸੀ ਕਿ ਜਦੋਂ ਰੇਖਾ ਦਾ ਜਨਮ ਹੋਇਆ ਤਾਂ ਉਸ ਨੂੰ ਜੇਮਿਨੀ ਅਤੇ ਪੁਸ਼ਪਾਵਲੀ ਦੀ ਨਾਜਾਇਜ਼ ਧੀ ਕਿਹਾ ਜਾਂਦਾ ਸੀ। ਨਤੀਜੇ ਵਜੋਂ, ਰੇਖਾ ਦਾ ਬਚਪਨ ਆਪਣੇ ਪਿਤਾ ਦੇ ਪਿਆਰ ਤੋਂ ਬਿਨਾਂ ਬੀਤਿਆ। ਰੇਖਾ ਦੀ ਪੜ੍ਹਾਈ ਮਦਰਾਸ ਦੇ ਪ੍ਰੈਜ਼ੈਂਟੇਸ਼ਨ ਕਾਨਵੈਂਟ ਸਕੂਲ ਵਿੱਚ ਹੋਈ, ਉਹੀ ਸਕੂਲ ਜਿੱਥੇ ਜੇਮਿਨੀ ਗਣੇਸ਼ਨ ਅਤੇ ਉਸ ਦੀ ਪਹਿਲੀ ਪਤਨੀ ਦੇ ਬੱਚੇ ਪੜ੍ਹਦੇ ਸਨ। ਜੇਮਿਨੀ ਹਰ ਰੋਜ਼ ਆਪਣੇ ਬੱਚਿਆਂ ਨੂੰ ਲੈਣ ਜਾਂਦੀ ਸੀ, ਪਰ ਉਹ ਰੇਖਾ ਨੂੰ ਨਜ਼ਰ ਅੰਦਾਜ਼ ਕਰਦੀ ਸੀ।

ਇਸ ਦੌਰਾਨ ਜੇਮਿਨੀ ਦਾ ਅਫੇਅਰ ਕੋ-ਸਟਾਰ ਸਾਵਿਤਰੀ ਨਾਲ ਸ਼ੁਰੂ ਹੋਇਆ। ਦੋਹਾਂ ਨੇ ਗੁਪਤ ਵਿਆਹ ਵੀ ਕਰ ਲਿਆ। ਇਹ ਖ਼ਬਰ ਸੁਣ ਕੇ ਪੁਸ਼ਪਾਵਲੀ ਦੁਖੀ ਹੋ ਗਈ। ਪਰਿਵਾਰ ਦੀਆਂ ਜ਼ਿੰਮੇਵਾਰੀਆਂ ਉਸ ਦੇ ਮੋਢਿਆਂ 'ਤੇ ਆ ਗਈਆਂ।

ਇਸ ਸਮੇਂ 14 ਸਾਲ ਦੀ ਰੇਖਾ ਪਰਿਵਾਰ ਦੀ ਸਥਿਤੀ ਨੂੰ ਸਮਝ ਰਹੀ ਸੀ। ਮਾਂ ਦੇ ਕਹਿਣ 'ਤੇ ਉਨ੍ਹਾਂ ਨੇ ਫਿਲਮਾਂ 'ਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਭਾਵੇਂ ਉਹ ਇਸ ਖੇਤਰ ਵਿੱਚ ਨਹੀਂ ਆਉਣਾ ਚਾਹੁੰਦੀ ਸੀ ਪਰ ਪਰਿਵਾਰਕ ਮਜਬੂਰੀਆਂ ਨੇ ਉਸ ਨੂੰ ਖਿੱਚ ਲਿਆ। ਉਸ ਦਾ ਝੁਕਾਅ ਡਾਂਸ ਅਤੇ ਖੇਡਾਂ ਵੱਲ ਸੀ। ਉਹ ਏਅਰ ਹੋਸਟੇਸ ਵਜੋਂ ਆਪਣਾ ਭਵਿੱਖ ਦੇਖ ਰਹੀ ਸੀ। ਰੇਖਾ ਦੇ ਫਿਲਮੀ ਸਫ਼ਰ ਦੀ ਸ਼ੁਰੂਆਤ ਚੰਗੀ ਨਹੀਂ ਰਹੀ। ਸਾਊਥ ਇੰਡਸਟਰੀ 'ਚ ਕੰਮ ਲੈਣ ਲਈ ਉਨ੍ਹਾਂ ਨੂੰ ਕਾਫ਼ੀ ਮਿਹਨਤ ਕਰਨੀ ਪਈ। ਸੱਚ ਤਾਂ ਇਹ ਸੀ ਕਿ ਉਹ ਜੇਮਿਨੀ ਗਣੇਸ਼ਨ ਦੀ ਧੀ ਸੀ। ਜੇਕਰ ਉਨ੍ਹਾਂ 'ਤੇ ਪਿਤਾ ਦਾ ਪਰਛਾਵਾਂ ਹੁੰਦਾ ਤਾਂ ਉਨ੍ਹਾਂ ਨੂੰ ਆਸਾਨੀ ਨਾਲ ਫਿਲਮਾਂ 'ਚ ਕੰਮ ਮਿਲ ਜਾਂਦਾ। ਜੇਮਿਨੀ ਨਾ ਸਿਰਫ਼ ਇੱਕ ਅਭਿਨੇਤਾ ਸੀ ਬਲਕਿ ਇੱਕ ਵਪਾਰੀ ਵੀ ਸੀ। ਇੰਡਸਟਰੀ 'ਚ ਉਸ ਦਾ ਰੁਤਬਾ ਬਹੁਤ ਉੱਚਾ ਸੀ, ਸਭ ਕੁਝ ਉਸ ਦੇ ਇੱਕ ਇਸ਼ਾਰੇ 'ਤੇ ਹੁੰਦਾ ਸੀ।

ਇਸ ਦੇ ਨਾਲ ਹੀ ਰੇਖਾ ਲਈ ਜੇਮਿਨੀ ਸਰਨੇਮ ਦੀ ਵਰਤੋਂ ਕਰਨਾ ਵੀ ਮੁਸ਼ਕਲ ਸੀ। ਕਈ ਨਿਰਮਾਤਾ ਨਿਰਦੇਸ਼ਕ ਜੇਮਿਨੀ ਦੇ ਡਰ ਕਾਰਨ ਉਸ ਨੂੰ ਫਿਲਮਾਂ ਦੀ ਪੇਸ਼ਕਸ਼ ਨਹੀਂ ਕਰ ਰਹੇ ਸਨ।

ਦੂਜੇ ਪਾਸੇ ਰੇਖਾ ਨੂੰ ਵੀ ਆਪਣੇ ਲੁੱਕ ਕਾਰਨ ਰਿਜੈਕਟ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਸ ਦਾ ਗੂੜ੍ਹਾ ਰੰਗ, ਜ਼ਿਆਦਾ ਭਾਰ ਅਤੇ ਟੌਮ ਬੁਆਏ ਲੁੱਕ ਵੀ ਕੰਮ ਮਿਲਣ ਵਿੱਚ ਰੁਕਾਵਟ ਬਣ ਗਿਆ। ਹਾਲਾਂ ਕਿ ਕੁਝ ਸਮੇਂ ਬਾਅਦ ਰੇਖਾ ਨੂੰ ਫਿਲਮਾਂ 'ਚ ਛੋਟੀਆਂ-ਛੋਟੀਆਂ ਭੂਮਿਕਾਵਾਂ ਮਿਲਣ ਲੱਗੀਆਂ ਪਰ ਉਨ੍ਹਾਂ ਦੀ ਮਾਂ ਦਾ ਸੁਪਨਾ ਸੀ ਕਿ ਰੇਖਾ ਆਪਣੇ ਪਿਤਾ ਦੀ ਤਰ੍ਹਾਂ ਫਿਲਮੀ ਪਰਦੇ 'ਤੇ ਰਾਜ ਕਰੇ। ਇਸ ਉਥਲ-ਪੁਥਲ ਦੌਰਾਨ ਫਿਲਮ ਨਿਰਦੇਸ਼ਕ ਤੇ ਨਿਰਮਾਤਾ ਕੁਲਜੀਤ ਪਾਲ ਮਸੀਹਾ ਬਣ ਕੇ ਸਾਹਮਣੇ ਆਏ। ਉਹ ਆਪਣੀ ਫਿਲਮ ਦੋ ਸ਼ਿਕਾਰੀ ਲਈ ਨਵੇਂ ਚਿਹਰੇ ਦੀ ਤਲਾਸ਼ ਕਰ ਰਹੇ ਸਨ। ਉਹ ਇਸੇ ਖੋਜ ਵਿੱਚ ਮਦਰਾਸ ਆਇਆ। ਇੱਥੇ ਇੱਕ ਫਿਲਮ ਦੇ ਸੈੱਟ 'ਤੇ ਉਸ ਦੀ ਨਜ਼ਰ ਰੇਖਾ 'ਤੇ ਪਈ। ਉਸ ਨੂੰ ਰੇਖਾ ਦੀਆਂ ਵਿਸ਼ੇਸ਼ਤਾਵਾਂ ਬਹੁਤ ਪਸੰਦ ਸਨ। ਅਗਲੇ ਦਿਨ ਉਹ ਰੇਖਾ ਦੇ ਘਰ ਪਹੁੰਚਿਆ ਅਤੇ ਉਸ ਨੂੰ ਫਿਲਮ ਦੀ ਪੇਸ਼ਕਸ਼ ਕੀਤੀ। (ਬਾਕੀ ਸਫ਼ਾ 31 'ਤੇ)



# ਏਸ਼ਿਆਈ ਖੇਡਾਂ



## ਭਾਰਤੀ ਖਿਡਾਰੀਆਂ ਨੇ ਤ.ਗਮਿਆਂ ਨਾਲ ਦਿਲ ਵੀ ਜਿੱਤੇ

ਨਵਦੀਪ ਸਿੰਘ ਗਿੱਲ

ਚੀਨ ਦੇ ਸ਼ਹਿਰ ਹਾਂਗਜ਼ੂ ਵਿਖੇ ਸੰਪੰਨ ਹੋਈਆਂ ਏਸ਼ਿਆਈ ਖੇਡਾਂ ਭਾਰਤ ਅਤੇ ਪੰਜਾਬ ਲਈ ਯਾਦਗਾਰ ਹੋ ਨਿੱਬੜੀਆਂ। ਇਨ੍ਹਾਂ ਖੇਡਾਂ ਵਿੱਚ ਜਿੱਥੇ ਪਹਿਲੀ ਵਾਰ ਭਾਰਤ ਨੇ ਤ.ਗਮਿਆਂ ਦਾ ਸੈਂਕੜਾ ਪਾਰ ਕੀਤਾ, ਉੱਥੇ ਪੰਜਾਬ ਦੇ ਖਿਡਾਰੀਆਂ ਨੇ ਵੀ ਖੇਡਾਂ ਦੇ 72 ਵਰ੍ਹਿਆਂ ਦੇ ਸਾਰੇ ਰਿਕਾਰਡ ਤੋੜਦਿਆਂ ਸੋਨੇ ਦੇ ਤ.ਗਮੇ ਅਤੇ ਕੁੱਲ ਤ.ਗਮੇ ਸਭ ਤੋਂ ਵੱਧ ਜਿੱਤੇ। ਭਾਰਤ ਨੇ 28 ਸੋਨੇ, 38 ਚਾਂਦੀ ਤੇ 41 ਕਾਂਸੀ ਦੇ ਤ.ਗਮਿਆਂ ਨਾਲ ਕੁੱਲ 107 ਤ.ਗਮੇ ਜਿੱਤੇ। ਭਾਰਤ ਤ.ਗਮਾ ਸੂਚੀ ਵਿੱਚ ਚੀਨ, ਜਪਾਨ ਤੇ ਦੱਖਣੀ ਕੋਰੀਆਂ ਤੋਂ ਬਾਅਦ ਚੌਥੇ ਸਥਾਨ ’ਤੇ ਰਿਹਾ। ਹਾਲਾਂਕਿ ਭਾਰਤ 1951 ਦੀਆਂ ਨਵੀਂ ਦਿੱਲੀ ਏਸ਼ਿਆਈ ਖੇਡਾਂ ਦੀ ਤ.ਗਮਾ ਸੂਚੀ ਵਿੱਚ ਦੂਜੇ ਅਤੇ 1962 ਜਕਾਰਤਾ ਵਿੱਚ ਤੀਜੇ ਸਥਾਨ ਉਤੇ ਸੀ, ਪਰ ਤ.ਗਮੇ ਜਿੱਤਣ ਪੱਖੋਂ ਇਸ ਵਾਰ ਸਰਵੋਤਮ ਪ੍ਰਦਰਸ਼ਨ ਰਿਹਾ। ਭਾਰਤ ਨੇ ਸਾਰੀਆਂ 19 ਏਸ਼ਿਆਈ ਖੇਡਾਂ ਵਿੱਚ ਹਿੱਸਾ ਲਿਆ ਹੈ ਅਤੇ 1951 ਨਵੀਂ ਦਿੱਲੀ ਤੋਂ 2023 ਹਾਂਗਜ਼ੂ ਤੱਕ ਇਨ੍ਹਾਂ ਖੇਡਾਂ ਵਿੱਚ ਕੁੱਲ 183 ਸੋਨੇ, 239 ਚਾਂਦੀ ਤੇ 357 ਕਾਂਸੀ ਦੇ ਤ.ਗਮਿਆਂ ਨਾਲ ਕੁੱਲ 779 ਤ.ਗਮੇ ਜਿੱਤੇ ਹਨ ਅਤੇ ਓਵਰਆਲ ਪੰਜਵੇਂ ਸਥਾਨ ਉਤੇ ਹੈ।

ਪੰਜਾਬ ਦੇ ਵੀ 32 ਖਿਡਾਰੀਆਂ ਨੇ 8 ਸੋਨੇ, 6 ਚਾਂਦੀ ਤੇ 6 ਕਾਂਸੀ ਦੇ ਤ.ਗਮਿਆਂ ਨਾਲ ਕੁੱਲ 20 ਤ.ਗਮੇ ਜਿੱਤੇ। ਏਸ਼ਿਆਈ ਖੇਡਾਂ ਦੇ ਇਤਿਹਾਸ ਵਿੱਚ ਪੰਜਾਬ ਦੇ ਖਿਡਾਰੀਆਂ ਨੇ ਇਸ ਤੋਂ ਪਹਿਲਾਂ ਸਭ ਤੋਂ ਵੱਧ ਸੋਨ ਤ.ਗਮੇ 1951 ਵਿੱਚ ਨਵੀਂ ਦਿੱਲੀ ਅਤੇ 1962 ਵਿੱਚ ਜਕਾਰਤਾ ਏਸ਼ੀਅਨ ਗੇਮਜ਼ ਵਿੱਚ 7-7 ਸੋਨ ਤ.ਗਮੇ ਜਿੱਤੇ ਸਨ ਅਤੇ ਇਸ ਵਾਰ ਇਹ ਰਿਕਾਰਡ ਤੋੜਦਿਆਂ ਪੰਜਾਬ ਦੇ ਖਿਡਾਰੀਆਂ ਨੇ 8 ਸੋਨ ਤ.ਗਮੇ ਜਿੱਤ ਲਏ। ਇਸ ਤੋਂ ਇਲਾਵਾ ਪੰਜਾਬੀ ਖਿਡਾਰੀਆਂ ਨੇ ਕੁੱਲ ਸਭ ਤੋਂ ਵੱਧ 15 ਤ.ਗਮੇ 1951 ਵਿੱਚ ਨਵੀਂ ਦਿੱਲੀ ਵਿਖੇ ਜਿੱਤੇ ਸਨ। ਇਸ ਵਾਰ ਇਹ ਵੀ ਰਿਕਾਰਡ ਤੋੜਦਿਆਂ ਕੁੱਲ 20 ਤ.ਗਮੇ ਜਿੱਤੇ ਹਨ। ਫ਼ਰੀਦਕੋਟ ਦੀ ਨਿਸ਼ਾਨੇਬਾਜ਼ ਸਿਫ਼ਤ ਕੌਰ ਸਮਰਾ ਨੇ ਜਿੱਥੇ ਵਿਸ਼ਵ ਰਿਕਾਰਡ ਤੋੜਿਆ ਉੱਥੇ ਇੱਕ ਸੋਨੇ ਅਤੇ ਇੱਕ ਚਾਂਦੀ ਦਾ ਤ.ਗਮਾ ਵੀ ਜਿੱਤਿਆ। ਅਥਲੀਟ ਤੇਜਿੰਦਰ ਪਾਲ ਸਿੰਘ ਤੂਰ ਨੇ ਲਗਾਤਾਰ ਦੂਜੀ ਵਾਰ ਏਸ਼ਿਆਈ ਖੇਡਾਂ ਵਿਚ ਸ਼ਾਟਪੁੱਟ ਮੁਕਾਬਲੇ ਵਿਚ ਸੋਨੇ ਦਾ ਤ.ਗਮਾ ਜਿੱਤਿਆ। ਤੂਰ ਤੇ ਨੀਰਜ ਚੋਪੜਾ ਦੋ ਹੀ ਅਜਿਹੇ ਅਥਲੀਟ ਸਨ ਜਿਨ੍ਹਾਂ ਲਗਾਤਾਰ ਦੂਜੀ ਵਾਰ ਇਨ੍ਹਾਂ ਖੇਡਾਂ ਵਿੱਚ ਸੋਨੇ ਦਾ ਤ.ਗਮਾ ਜਿੱਤਿਆ। ਸੋਨ ਤ.ਗਮਾ ਜਿੱਤਣ ਵਾਲੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਪੰਜਾਬੀ ਹੈ।

ਹਾਕੀ ਵਿੱਚ ਚੌਥੀ ਵਾਰ ਏਸ਼ਿਆਈ ਖੇਡਾਂ ਵਿੱਚ ਸੋਨ ਤ.ਗਮਾ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਵਿੱਚ ਕਪਤਾਨ ਹਰਮਨਪ੍ਰੀਤ ਸਿੰਘ ਸਮੇਤ ਕੁੱਲ 10 ਖਿਡਾਰੀ ਪੰਜਾਬ ਤੋਂ ਸਨ। ਹਰਮਨਪ੍ਰੀਤ ਸਿੰਘ ਨੇ ਭਾਰਤ ਵੱਲੋਂ ਸਭ ਤੋਂ ਵੱਧ 13 ਗੋਲ, ਮਨਦੀਪ ਸਿੰਘ ਨੇ 12 ਗੋਲ ਅਤੇ ਵਰੁਣ ਕੁਮਾਰ ਨੇ 8 ਗੋਲ ਕੀਤੇ। ਭਾਰਤ ਨੇ ਕੁੱਲ 68 ਗੋਲ ਕੀਤੇ ਜਿਨ੍ਹਾਂ ਵਿਚੋਂ ਇਕੱਲੇ ਪੰਜਾਬੀ ਖਿਡਾਰੀਆਂ ਨੇ 43 ਗੋਲ ਕੀਤੇ। ਹਾਂਗਜ਼ੂ ਵਿਖੇ ਏਸ਼ੀਅਨ ਗੇਮਜ਼ ਵਿੱਚ ਭਾਰਤ ਨੇ ਪੁਰਸ਼ ਹਾਕੀ ਦੇ ਫਾਈਨਲ ਵਿੱਚ ਪਿਛਲੇ ਗੋਲਡ ਮੈਡਲਿਸਟ ਜਪਾਨ ਨੂੰ 5-1 ਨਾਲ ਹਰਾ ਕੇ ਸੋਨੇ ਦਾ ਤਮ.ਗਾ ਜਿੱਤਿਆ। ਇਸ ਤੋਂ ਪਹਿਲਾਂ ਭਾਰਤ ਨੇ 1966 ਬੈਂਕਾਂਕ, 1998 ਬੈਂਕਾਂਕ ਤੇ 2014 ਇੰਚੇਓਨ ਵਿਖੇ ਸੋਨੇ ਦਾ ਤ.ਗਮਾ ਜਿੱਤਿਆ ਸੀ। ਇਸ ਦੇ ਨਾਲ ਹੀ ਭਾਰਤੀ ਹਾਕੀ ਟੀਮ ਨੇ 2024 ਪੈਰਿਸ ਓਲੰਪਿਕਸ ਦੀ ਟਿਕਟ ਵੀ ਕਟਾ ਲਈ ਹੈ। ਭਾਰਤੀ ਹਾਕੀ ਟੀਮ ਕੋਲ ਪਹਿਲੀ ਵਾਰ ਇਕੋ ਮੌਕੇ ਸਾਰੀਆਂ ਖੇਡਾਂ (ਓਲੰਪਿਕਸ/ਏਸ਼ਿਆਈ/ਰਾਸ਼ਟਰਮੰਡਲ ਖੇਡਾਂ) ਦਾ ਤ.ਗਮਾ ਹੈ ਅਤੇ ਸਾਰੇ ਰੰਗਾਂ ਦੇ ਤ.ਗਮੇ ਹਨ। ਭਾਰਤੀ ਹਾਕੀ ਟੀਮ ਕੋਲ 2021 ਵਿੱਚ ਟੋਕੀਓ ਓਲੰਪਿਕ ਖੇਡਾਂ ਵਿੱਚ ਕਾਂਸੀ, 2022 ਵਿੱਚ ਬਰਮਿੰਘਮ ਰਾਸ਼ਟਰਮੰਡਲ ਖੇਡਾਂ ਦਾ ਚਾਂਦੀ ਅਤੇ ਹੁਣ 2023 ਵਿੱਚ ਹਾਂਗਜ਼ੂ ਏਸ਼ਿਆਈ ਖੇਡਾਂ ਦਾ ਸੋਨ ਤ.ਗਮਾ ਹੈ। ਭਾਰਤੀ ਹਾਕੀ ਖਿਡਾਰੀ ਮਨਪ੍ਰੀਤ ਸਿੰਘ ਤੇ ਪੀ.ਆਰ. ਸ੍ਰੀਜੇਸ਼ ਦੋ ਅਜਿਹੇ ਭਾਰਤੀ ਹਾਕੀ ਖਿਡਾਰੀ ਬਣ ਗਏ ਜਿਨ੍ਹਾਂ ਏਸ਼ਿਆਈ ਖੇਡਾਂ ਵਿੱਚ ਦੋ ਵਾਰ ਸੋਨੇ ਦਾ ਤ.ਗਮਾ (ਇੰਚੇਓਨ 2014 ਤੇ ਹਾਂਗਜ਼ੂ 2023) ਜਿੱਤਿਆ ਹੈ। 1966 ਵਿੱਚ ਪਹਿਲੀ ਵਾਰ ਏਸ਼ੀਅਨ ਸੋਨ ਤ.ਗਮਾ ਜਿੱਤਣ ਵਾਲੀ ਭਾਰਤੀ ਟੀਮ ਵਿਚ 10 ਖਿਡਾਰੀ ਪੰਜਾਬੀ ਸਨ ਅਤੇ ਹੁਣ 2023 ਵਿੱਚ ਚੌਥੀ ਵਾਰ ਸੋਨ ਤ.ਗਮਾ ਜਿੱਤਣ ਵਾਲੀ ਟੀਮ ਵਿਚ ਵੀ 10 ਖਿਡਾਰੀ ਪੰਜਾਬੀ ਹਨ। ਪੰਜਾਬ ਦੇ 48 ਖਿਡਾਰੀਆਂ ਨੂੰ ਇਸ ਵਾਰ ਏਸ਼ਿਆਈ ਖੇਡਾਂ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਸੂਬਾ ਸਰਕਾਰ ਨੇ 8 ਲੱਖ ਰੁਪਏ ਪ੍ਰਤੀ ਖਿਡਾਰੀ ਦੇ ਹਿਸਾਬ ਨਾਲ ਕੁੱਲ 4.64 ਕਰੋੜ ਰੁਪਏ ਦੀ ਇਨਾਮ ਰਾਸ਼ੀ ਦਿੱਤੀ।



ਇਸ ਵਾਰ ਹਾਂਗਜ਼ੂ ਵਿੱਚ ਭਾਰਤ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਖੇਡ ਦਲ 653 ਮੈਂਬਰੀ ਹਿੱਸਾ ਲੈਣ ਗਿਆ ਸੀ। ਭਾਰਤ ਨੇ ਐਤਕੀ 22 ਖੇਡਾਂ ਵਿੱਚ ਤਮ.ਗੇ ਜਿੱਤੇ। ਨਿਸ਼ਾਨੇਬਾਜ਼ੀ ਵਿੱਚ ਸਭ ਤੋਂ ਵੱਧ 6 ਸੋਨੇ ਦੇ ਤ.ਗਮਿਆਂ ਸਮੇਤ ਕੁੱਲ 22 ਤ.ਗਮੇ ਜਿੱਤੇ ਜਦੋਂਕਿ ਅਥਲੈਟਿਕਸ ਵਿੱਚ ਕੁੱਲ ਸਭ ਤੋਂ ਵੱਧ 29 ਤ.ਗਮੇ ਜਿੱਤੇ ਜਿਨ੍ਹਾਂ ਵਿੱਚ ਪੰਜ ਸੋਨੇ, 14 ਚਾਂਦੀ ਤੇ 9 ਕਾਂਸੀ ਦੇ ਤ.ਗਮੇ ਸ਼ਾਮਲ ਹਨ। ਤੀਰਅੰਦਾਜ਼ੀ ਵਿੱਚ ਪਹਿਲੀ ਵਾਰ ਸਰਵੋਤਮ ਪ੍ਰਦਰਸ਼ਨ ਕਰਦਿਆਂ 5 ਸੋਨੇ ਦੇ ਤ.ਗਮਿਆਂ ਸਮੇਤ ਕੁੱਲ 9 ਤ.ਗਮੇ ਜਿੱਤੇ। ਗੌਰਤਲਬ ਹੈ ਕਿ ਨਿਸ਼ਾਨੇਬਾਜ਼ੀ ਤੇ ਤੀਰਅੰਦਾਜ਼ੀ ਦੋਵੇਂ ਖੇਡਾਂ ਓਲੰਪਿਕਸ ਖੇਡਾਂ ਵੀ ਹਨ, ਪਰ ਪਿਛਲੇ ਸਾਲ ਦੋਵੇਂ ਖੇਡਾਂ ਬਰਮਿੰਘਮ ਰਾਸ਼ਟਰਮੰਡਲ ਖੇਡਾਂ ਵਿਚ ਸ਼ਾਮਲ ਨਹੀਂ ਕੀਤੀਆਂ ਗਈਆਂ। ਕਬੱਡੀ ਤੇ ਕ੍ਰਿਕਟ ਵਿੱਚ ਦੋਵੇਂ ਵਰਗਾਂ ਵਿੱਚ ਸੋਨੇ ਦੇ ਤ.ਗਮੇ ਜਿੱਤਦਿਆਂ 2-2 ਸੋਨੇ ਦੇ ਤ.ਗਮਿਆਂ ਨਾਲ ਹੂੰਝਾ ਫੇਰਿਆ, ਹਾਲਾਂਕਿ ਇਹ ਦੋਵੇਂ ਖੇਡਾਂ ਓਲੰਪਿਕਸ ਦਾ ਹਿੱਸਾ ਨਹੀਂ ਹਨ।

(ਬਾਕੀ ਸਫ਼ਾ 30 ’ਤੇ)






# ਗੌਰਵਸ਼ਾਲੀ ਵਿਰਸਾ ਵਿਸਰ ਰਹੀਆਂ ਲੋਕ-ਖੇਡਾਂ

ਡਾ. ਸੁਰਿੰਦਰ ਕੌਰ








ਪੰਜਾਬ ਵਿੱਚ ਲੋਕ ਖੇਡਾਂ ਦਾ ਅਤੁੱਟ ਭੰਡਾਰ ਮੌਜੂਦ ਹੈ ਪਰ ਅਫ਼ਸੋਸ ਇਸ ਮਹਾਨ ਖਜ਼ਾਨੇ ਦੇ ਗੁਆਚਣ ਦਾ ਹੈ। ਸਾਡੇ ਸੱਭਿਆਚਾਰ ਵਿਚੋਂ ਸਾਡੀਆਂ ਲੋਕ ਖੇਡਾਂ ਨੂੰ ਵਿਗਿਆਨਕ ਤਰੱਕੀ ਦਾ ਵਾ-ਵਰੋਲਾ ਉਡਾ ਕੇ ਲੈ ਗਿਆ ਹੈ ਜਾਂ ਕਿਸੇ ਭੁਚਾਲ ਨੇ ਆਪਣੇ ਥੱਲੇ ਦੱਬ ਲਿਆ ਹੈ। ਅੱਜ ਦੇ ਵਿਗਿਆਨਕ ਯੁੱਗ ਨੇ ਬੱਚਿਆਂ ਤੋਂ ਲੋਕ ਖੇਡਾਂ ਖੋਹ ਕੇ ਉਨ੍ਹਾਂ ਦੇ ਹੱਥਾਂ ਵਿੱਚ ਨਵੇਂ ਖਿਡੌਣੇ ਮੋਬਾਇਲ, ਕੰਪਿਊਟਰ, ਪਲੇ ਸਟੇਸ਼ਨ, ਐਕਸ ਬਾਕਸ ਆਦਿ ਦੇ ਦਿੱਤੇ ਹਨ, ਜਿਨ੍ਹਾਂ ਨੇ ਬੱਚਿਆਂ ਦੀਆਂ ਨਜ਼ਰਾਂ ਕਮਜ਼ੋਰ ਕਰਕੇ ਘੱਟ ਉਮਰ ਵਿੱਚ ਹੀ ਉਨ੍ਹਾਂ ਦੇ ਐਨਕਾਂ ਲਗਵਾ ਦਿੱਤੀਆਂ ਹਨ। ਬੱਚਿਆਂ ਵਿੱਚ ਮੋਟਾਪਾ ਤੇ ਮਾਨਸਿਕ ਤਣਾਅ ਵਧ ਗਿਆ ਹੈ।

ਕੁਝ ਖੇਡਾਂ ਤਾਂ ਆਧੁਨਿਕ ਜੀਵਨ ਵਿਚੋਂ ਅਲੋਪ ਹੀ ਹੋ ਗਈਆਂ ਹਨ ਤੇ ਕੁਝ ਕੁ ਅਜੇ ਸਹਿਕ ਰਹੀਆਂ ਹਨ ਤੇ ਕਦੇ ਕਦਾਈਂ ਹੀ ਮੇਲਿਆਂ-ਟੂਰਨਾਮੈਂਟਾਂ ਜਾਂ ਸਕੂਲਾਂ ਵਿੱਚ ਦੇਖਣ ਨੂੰ ਮਿਲਦੀਆਂ ਹਨ। ਲੋਕ ਖੇਡਾਂ ਦੀ ਸਾਂਝ ਬਾਰੇ ਕਿਹਾ ਗਿਆ ਹੈ:-

ਸਾਂਝੀਆਂ ਸੀ ਈਦਾਂ, ਦੀਵਾਲੀਆਂ ਤੇ ਹੋਲੀਆਂ
ਤਾਸ਼ ਦੀਆਂ ਬਾਜ਼ੀਆਂ ਤੇ ਕੱਚ ਦੀਆਂ ਗੋਲੀਆਂ

ਖੇਡਾਂ ਰੂਹ ਨੂੰ ਖੇੜਾ ਤੇ ਹੁਲਾਸ ਦਿੰਦੀਆਂ ਹਨ। ਨਰੋਈ ਕਿਸਮ ਦਾ ਮਨੋਰੰਜਨ ਆਤਮਾ ਨੂੰ ਸ਼ਕਤੀ ਦਿੰਦਾ ਹੈ ਜੋ ਮਨ ਤੇ ਸਰੀਰ ਨੂੰ ਕਦੇ ਬੁੱਢਿਆਂ ਨਹੀਂ ਹੋਣ ਦਿੰਦਾ।

ਪੰਜਾਬ ਵਿਚ ਪ੍ਰਚੱਲਤ ਖੇਡਾਂ ਦਾ ਭੰਡਾਰਾ ਬੜਾ ਭਰਪੂਰ ਹੈ। ਹਰ ਉਮਰ ਦੇ ਹਿਸਾਬ ਨਾਲ ਉਸਦੀ ਬਲ ਤੇ ਸਮਰੱਥਾ ਦੇ ਅਨੁਸਾਰ ਵੱਖੋ ਵੱਖਰੀਆਂ ਖੇਡਾਂ ਹਨ। ਲੋਕ ਖੇਡਾਂ ਬਿਨਾਂ ਕਿਸੇ ਖਾਸ ਸਾਜ਼ੋ-ਸਮਾਨ, ਖਿਡਾਰੀਆਂ ਦੀ ਗਿਣਤੀ ਅਨਿਸਚਿਤ ਤੇ ਕਿਸੇ ਵੀ ਖੁੱਲ੍ਹੀ ਜਗ੍ਹਾ ’ਤੇ ਖੇਡੀਆਂ ਜਾ ਸਕਦੀਆਂ ਹਨ। ਇਨ੍ਹਾਂ ਦੇ ਨਿਯਮ ਬਹੁਤ ਕਰੜੇ ਨਹੀਂ ਹੁੰਦੇ ਬਲਕਿ ਸਾਧਾਰਨ ਜਿਹੇ ਹੀ ਹੁੰਦੇ ਹਨ ਜੋ ਸੁਵਿਧਾ ਅਨੁਸਾਰ ਬਦਲੇ ਵੀ ਜਾ ਸਕਦੇ ਹਨ। ਪਿੰਡਾਂ ਵਿੱਚ ਭਾਵੇਂ ਕਦੇ ਕਦਾਈਂ ਇਹ ਖੇਡਾਂ ਵੇਖਣ ਦਾ ਮੌਕਾ ਸ਼ਾਇਦ ਮਿਲ ਜਾਵੇ ਪਰ ਗੁਆਚ ਰਿਹਾ ਇਹ ਮਹਾਨ ਵਿਰਸਾ ਚਿੰਤਾ ਦਾ ਵਿਸ਼ਾ ਹੈ। ਕੁਝ ਕੁ ਲੋਕ ਖੇਡਾਂ ਇਸ ਪ੍ਰਕਾਰ ਹਨ:- ਊਠਕ-ਬੈਠਕ, ਊਚ-ਨੀਚ, ਆਂਟੜੇ ਮਨ ਮਾਂਟੜੇ, ਅੰਨ੍ਹਾ-ਝੋਟਾ, ਅੰਨ੍ਹਾ-ਅੰਨ੍ਹੀ, ਅੱਡੀ-ਟੱਪਾ, ਅੰਗਲਾ-ਪਤੰਗਲਾ, ਅਖਰੋਟ/ਗੀਠੇ/ਬੰਟੇ, ਇੱਟ ਪੈਰ ਸੌ, ਇੱਧਰ ਮਾਰਾਂ ਉਧਰ ਮਾਰਾਂ ਲੋਹੇ ਦੀ ਪੰਸੇਰੀ ਮਾਰਾਂ, ਹੀਰਾ ਘੋੜਾ ਕਿਥੇ ਐ, ਸੌਂਚੀ ਪੱਕੀ, ਸ਼ੇਰ ਤੇ ਬੱਕਰੀ, ਸਮੁੰਦਰ ਮੱਛੀ, ਹਰਾ ਸਮੁੰਦਰ, ਕਬੱਡੀ, ਕੋਟਲਾ ਛਪਾਕੀ, ਕੀੜ-ਕੜਾਂਗਾ, ਕੂਕਾਂ-ਕਾਂਗੜੇ, ਕਿਣਮਿਣ ਕਾਣੀ ਕੌਣ ਗਿਣਿਆ, ਖਾਨ-ਘੋੜੀ, ਖਿੱਦੋ ਖੂੰਡੀ, ਖੇਹਨੂੰ/ਥਾਲ, ਗੀਟੇ/ਟਹਿਣਾ, ਘਰ ਮੱਲਣਾ, ਘੋਲ/ਕੁਸ਼ਤੀ, ਚੋਰ-ਸਿਪਾਹੀ, ਚੌਪੜ/ਪਾਸਾ, ਪੀਲ੍ਹ ਪਲਾਂਗੜਾ/ਡੰਡਾ ਡੁੱਕ, ਪਿੱਠੂ ਗਰਮ, ਫੂਲੋਂ ਸੇ ਹਮ ਆਤੇ ਹੈਂ, ਬੁੱਢੀ ਮਾਈ, ਬਾਂਦਰ ਕਿੱਲਾ, ਬਿੱਲ ਬੱਚਿਆਂ ਦੀ ਮਾਂ, ਬਾਰਾਂ ਬੀਕਰੀ, ਡੁੰਮਣਾ ਮਖਿਆਲ, ਮੂੰਗਲੀਆਂ ਫੇਰਨਾ, ਰੱਸਾ-ਕਸ਼ੀ ਆਦਿ।

ਮਸ਼ੀਨੀ ਸੱਭਿਅਤਾ ਕਾਰਨ ਮਨੋਰੰਜਨ ਦੇ ਸਾਧਨ ਬਦਲ ਗਏ ਹਨ। ਲੋਕ ਆਪਣੇ ਪਰੰਪਰਾਗਤ ਤੇ ਰਵਾਇਤੀ ਵਿਰਸੇ ਤੋਂ ਦੂਰ ਜਾ ਰਹੇ ਹਨ ਤੇ ਲੋਕ ਖੇਡਾਂ ਵਿਸਰ ਰਹੀਆਂ ਹਨ। ਪੰਜਾਬੀ ਅਖਾਣ ਹੈ ਖੇਡਾਂ ਤੇ ਮਾਵਾਂ ਮੁੱਕਣ ’ਤੇ ਹੀ ਚੇਤੇ ਆਉਂਦੀਆਂ ਹਨ। ਇਹ ਸਾਡਾ ਗੌਰਵਸ਼ਾਲੀ ਵਿਰਸਾ ਸਾਨੂੰ ਆਪਣੀ ਵਿਰਾਸਤ ਨਾਲ ਜੋੜਦਾ ਹੈ। ਲੋੜ ਹੈ ਬੱਚਿਆਂ ਨੂੰ ਆਪਣੇ ਇਸ ਅਮੀਰ ਵਿਰਸੇ ਤੋਂ ਜਾਗਰੂਕ ਕਰਨ ਦੀ ਤਾਂ ਜੋ ਇਸ ਅਣਮੋਲ ਖ਼ਜ਼ਾਨੇ ਨੂੰ ਸੰਭਾਲਿਆ ਜਾ ਸਕੇ।

## ਐਸ.ਵਾਈ.ਐਲ. ਦਾ ਨਿਕਲ ਸਕੇਗਾ

ਉਸ ਤੋਂ ਅਗਲੇ ਦਿਨ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਕੋਲ ਕਿਸੇ ਸੂਬੇ ਨੂੰ ਦੇਣ ਲਈ ਇੱਕ ਬੂੰਦ ਵੀ ਪਾਣੀ ਫਾਲਤੂ ਨਹੀਂ ਹੈ। ਇਥੇ ਕਹਿਣ ਦਾ ਭਾਵ ਹੈ ਕਿ ਭਗਵੰਤ ਮਾਨ ਸਰਕਾਰ ਵੀ ਪੁਰਾਣੀਆਂ ਸਰਕਾਰਾਂ ਵਾਂਗ ਸਿਆਸੀ ਚਾਲ ਚੱਲ ਰਿਹਾ ਹੈ।

ਐਸ. ਵਾਈ. ਐਲ. ਦੇ ਨਿਰਮਾਣ ਨੂੰ ਲੈ ਕੇ ਪਿਛਲੇ ਪੰਜ ਦਹਾਕਿਆਂ ਤੋਂ ਚੱਲ ਰਿਹਾ ਵਿਵਾਦ ਬਰਕਰਾਰ ਹੈ, ਤੇ ਹੈਰਾਨੀ ਦੀ ਗੱਲ ਇਹ ਹੈ ਕਿ ਲੰਘੇ ਸਮੇਂ ਦੇ ਵਿੱਚ ਅਜਿਹਾ ਵੀ ਹੋਇਆ ਕਿ ਪੰਜਾਬ ਹਰਿਆਣਾ ਸਮੇਤ ਕੇਂਦਰ ਵਿੱਚ ਇਕੋ ਪਾਰਟੀ ਦੀ ਸਰਕਾਰ ਸੀ ਪਰ ਐਸ. ਵਾਈ. ਐਲ. ਦੇ ਮੁੱਦੇ 'ਤੇ ਕੋਈ ਹੱਲ ਨਾ ਨਿਕਲਣਾ ਵੱਡੇ ਸਵਾਲ ਖੜ੍ਹੇ ਕਰਦਾ ਹੈ। ਅੱਜ ਦੀ ਨੌਜਵਾਨ ਪੀੜ੍ਹੀ ਸਰਕਾਰ ਦੀ ਰਮਜ਼ ਸਮਝ ਚੁੱਕੀ ਹੈ ਕਿ ਸਰਕਾਰਾਂ ਨੇ ਇਸ ਮੁੱਦੇ ਨੂੰ ਚੋਣਾਂ ਦੌਰਾਨ ਵੋਟਾਂ ਵਟੋਰਣ ਲਈ ਰੱਖਿਆ ਹੋਇਆ ਹੈ। ਚੋਣਾਂ ਨੇੜੇ ਇਹ ਮੁੱਦਾ ਬਾਬੇ ਬਾਦਲ ਵਾਲੇ ਪੁਰਾਣੇ ਝੋਲੇ ਵਿਚੋਂ ਕੱਢ ਲਿਆ ਜਾਂਦਾ ਹੈ ਅਤੇ ਵੋਟਾਂ ਲੈਣ ਤੋਂ ਬਾਅਦ ਉਸੇ ਝੋਲੇ ਵਿੱਚ ਲਪੇਟ ਕੇ ਰੱਖ ਦਿੱਤਾ ਜਾਂਦਾ ਹੈ।

ਸੁਪਰੀਮ ਕੋਰਟ ਵੱਲੋਂ 4 ਜੂਨ 2004 ਨੂੰ ਹਰਿਆਣਾ ਦੇ ਹੱਕ ਵਿੱਚ ਫ਼ੈਸਲਾ ਦਿੱਤੇ ਜਾਣ ਤੋਂ ਬਾਅਦ ਇਸ ਮੁੱਦੇ 'ਤੇ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੀ ਕਈ ਵਾਰ ਮੀਟਿੰਗ ਹੋਈ ਪਰ ਹਰ ਵਾਰ ਬੇਸਿੱਟਾ ਰਹੀ ਹੈ। ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ 12 ਜੁਲਾਈ 2004 ਨੂੰ ਤਤਕਾਲੀ ਪੰਜਾਬ ਸਰਕਾਰ ਨੇ ਪੰਜਾਬ ਦੇ ਦਰਿਆਈ ਪਾਣੀਆਂ ਦੇ ਸਾਰੇ ਸਮਝੌਤੇ ਰੱਦ ਕਰਨ ਦਾ ਬਿਲ ਪਾਸ ਕੀਤਾ, ਤੇ ਉਸੇ ਦਿਨ ਪੰਜਾਬ ਦੇ ਰਾਜਪਾਲ ਦੇ ਹਸਤਾਖ਼ਰ ਕਰਵਾ ਕੇ ਕਾਨੂੰਨ ਬਣਾ ਦਿੱਤਾ। 1960 ਵਿੱਚ ਗਿਲਡ 15.8 ਮਿਲੀਅਨ ਏਕੜ ਜ਼ਮੀਨ ਯਾਨੀ ਐਮ. ਏ. ਐਫ਼. ਪਾਣੀ 'ਤੇ ਪੰਜਾਬ ਦਾ ਹੱਕ ਸੀ। ਉਸ ਵਿਚੋਂ 8 ਐਮ. ਏ. ਐਫ. ਰਾਜਸਥਾਨ ਤੇ 1966 ਦੇ ਵਿੱਚ 3.5 ਐਮ. ਏ. ਐਫ. ਹਰਿਆਣਾ ਨੂੰ ਤੇ ਕੁੱਝ ਪਾਣੀ ਚੰਡੀਗੜ੍ਹ ਨੂੰ ਦਿੱਤਾ ਗਿਆ ਤੇ ਪੰਜਾਬ ਕੋਲ ਪਾਣੀ ਸਿਰਫ਼ 3.5 ਐਮ.ਏ. ਐਫ. ਰਹਿ ਗਿਆ। ਸਰਕਾਰਾਂ ਬਦਲਦੀਆਂ ਰਹੀਆਂ, ਮੁੱਦੇ ਅੱਜ ਵੀ ਉਸੇ ਤਰਾਂ ਬਰਕਰਾਰ ਹਨ, ਜਿਵੇਂ ਪਹਿਲਾਂ ਸਨ।

ਪੰਜਾਬ ਕੋਲ ਹਰਿਆਣਾ ਨੂੰ ਦੇਣ ਲਈ ਇੱਕ ਬੂੰਦ ਵੀ ਪਾਣੀ ਨਹੀਂ, ਜਦੋਂ ਕਿ 1996 ਵਿੱਚ ਹਰਿਆਣਾ ਫਿਰ ਤੋਂ ਅਦਾਲਤ ਵਿੱਚ ਪਹੁੰਚਿਆ ਸੀ। ਕਿਹਾ ਜਾਂਦਾ ਹੈ ਕਿ ਧਰਤੀ ਹੇਠਲਾ ਪਾਣੀ ਦਾ ਪੱਧਰ ਘਟਣ ਕਾਰਨ ਪੰਜਾਬ ਦੇ 150 ਬਲਾਕਾਂ ਵਿਚੋਂ 78 ਫੀਸਦੀ ਬਲਾਕ ਡਾਰਕ ਜ਼ੋਨ ਵਿੱਚ ਪਹੁੰਚ ਚੁੱਕੇ ਹਨ। ਇਸ ਕਰਕੇ ਪੰਜਾਬ ਕਿਸੇ ਹੋਰ ਸੂਬੇ ਵਿੱਚ ਪਾਣੀ ਨਹੀਂ ਦੇ ਸਕਦਾ। ਜਦੋਂ ਇਸ ਨਹਿਰ ਦੇ ਲਈ ਇਹ ਪੰਜਾਬ ਵਿਰੋਧੀ ਸਮਝੌਤਾ ਕੀਤਾ ਗਿਆ ਸੀ, ਉਸ ਵੇਲੇ ਸੂਬੇ ਨੂੰ 18.56 ਮਿਲੀਅਨ ਏਕੜ ਫੁੱਟ ਪਾਣੀ ਮਿਲ ਰਿਹਾ ਸੀ, ਜੋ ਹੁਣ ਘੱਟ ਕੇ 12.63 ਐਮ.ਏ. ਐਫ. ਰਹਿ ਗਿਆ ਹੈ।

**ਚੋਣਾਂ 'ਚ ਸਿਆਸੀ ਲਾਭ ਲੈਣ ਦੇ ਯਤਨ :** ਹੁਣ ਰਾਜਸਥਾਨ ਦੀਆਂ ਚੋਣਾਂ ਨੂੰ ਵੇਖਦਿਆਂ ਵੱਖ ਵੱਖ ਸਿਆਸੀ ਪਾਰਟੀਆਂ ਐਸ.ਵਾਈ.ਐਲ ਦੇ ਮੁੱਦੇ 'ਤੇ ਮੁੜ ਸਿਆਸੀ ਰੋਟੀਆਂ ਸੇਕਣ ਲਈ ਤਿਆਰ ਹੋ ਗਈਆਂ ਹਨ।

ਆਮ ਆਦਮੀ ਪਾਰਟੀ ਦੇ ਆਗੂ ਬਹੁਤ ਸੰਭਲ ਸੰਭਲ ਕੇ ਬਿਆਨ ਦੇ ਰਹੇ ਹਨ। ਆਮ ਆਦਮੀ ਪਾਰਟੀ ਪੰਜਾਬ ਤੇ ਹਰਿਆਣਾ ਵਿੱਚ ਕਿਸੇ ਵੀ ਧਿਰ ਨੂੰ ਨਾਰਾਜ਼ ਨਾ ਕਰਨ ਦੇਣ ਦੇ ਚੱਕਰ ਵਿੱਚ ਅਟਪਟੇ ਬਿਆਨ ਦੇ ਰਹੀ ਹੈ।

ਪੰਜਾਬ ਵਿੱਚ ਭਾਜਪਾ ਇਸ ਸਮੇਂ ਪੂਰੀ ਤਰਾਂ ਪੈਰ ਜਮਾਉਣ ਦੇ ਯਤਨ ਕਰ ਰਹੀ ਹੈ ਪਰ ਦੁਚਿੱਤੀ ਉਸ ਦੀ ਵੀ ਆਮ ਆਦਮੀ ਪਾਰਟੀ ਵਰਗੀ ਹੈ। ਕਿਉਂਕਿ ਉਹ ਵੀ ਪੰਜਾਬ ਅਤੇ ਹਰਿਆਣਾ ਵਿੱਚ ਉਲਝੀ ਹੋਈ ਹੈ।

ਜਿਥੋਂ ਤਕ ਅਕਾਲੀ ਦਲ ਬਾਦਲ ਦਾ ਸਵਾਲ ਹੈ ਤਾਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਤਾਂ ਇਸ ਮਾਮਲੇ 'ਤੇ 'ਆਪ' ਸਰਕਾਰ ਤੋਂ ਅਸਤੀਫ਼ੇ ਦੀ ਮੰਗ ਕਰ ਚੁੱਕੇ ਹਨ। ਅਕਾਲੀ ਦਲ ਵੀ ਇਸ ਮੁੱਦੇ 'ਤੇ ਆਪਣਾ ਖੋਇਆ ਹੋਇਆ ਆਧਾਰ ਮੁੜ ਪ੍ਰਾਪਤ ਕਰਨ ਦੇ ਯਤਨ ਕਰ ਰਿਹਾ ਹੈ ਪਰ ਸਵਾਲ ਇਹ ਉੱਠਦਾ ਹੈ ਕਿ ਕੇਂਦਰ ਵਿੱਚ ਕਈ ਵਾਰੀ ਭਾਈਵਾਲੀ ਦੇ ਬਾਵਜੂਦ ਚੁੱਪ ਦੀ ਚਾਦਰ ਕਿਓਂ ਲਈ ਰੱਖੀ।

**ਆਮ ਆਦਮੀ ਪਾਰਟੀ 'ਤੇ ਵੀ ਉੱਠੇ ਸਵਾਲ :** ਹੁਣ ਸੁਪਰੀਮ ਕੋਰਟ ਦਾ ਫ਼ੈਸਲਾ ਪੰਜਾਬ ਦੇ ਖ਼ਿਲਾਫ਼ ਆਉਣ ਤੋਂ ਬਾਅਦ ਪੰਜਾਬ ਦੀ ਮੌਜੂਦਾ 'ਆਪ' ਸਰਕਾਰ 'ਤੇ ਵੀ ਸਵਾਲ ਉੱਠ ਰਹੇ ਹਨ। ਕਿਹਾ ਜਾਂਦਾ ਹੈ ਕਿ ਇਸ ਸਰਕਾਰ ਵੱਲੋਂ ਸੁਪਰੀਮ ਕੋਰਟ ਵਿੱਚ ਪੰਜਾਬ ਦੇ ਪੱਖ ਦੀ ਸਹੀ ਤਰੀਕੇ ਨਾਲ ਪੈਰਵਾਈ ਨਹੀਂ ਕੀਤੀ ਗਈ, ਜਿਸ ਕਾਰਨ ਸੁਪਰੀਮ ਕੋਰਟ ਦਾ ਫ਼ੈਸਲਾ ਪੰਜਾਬ ਦੇ ਖ਼ਿਲਾਫ਼ ਆ ਗਿਆ ਹੈ।

**ਪਰਗਟ ਸਿੰਘ :** ਤਮਾਸ਼ਵੀਨ ਡਿਬੇਟਾਂ ਨਾਲ ਪੰਜਾਬ ਦਾ ਕੋਈ ਫਾਇਦਾ ਨਹੀਂ ਹੋਣਾ, ਲੋੜ ਹੈ ਪੰਜਾਬ ਦੇ ਪਾਣੀਆਂ 'ਤੇ ਇੱਕਜੁਟਤਾ ਦਿਖਾਉਣ ਦੀ। ਲੋੜ ਹੈ ਕਿ ਸੁਪਰੀਮ ਕੋਰਟ ਵਿੱਚ ਬਹਿਸ ਕਰਨ ਦੀ, ਜਿਥੇ ਸਰਕਾਰ ਨੇ ਕਮਜ਼ੋਰ ਪੱਖ ਰੱਖਿਆ ਹੈ। ਸਾਨੂੰ ਸੰਜੀਦਗੀ ਦਿਖਾਉਣੀ ਚਾਹੀਦੀ ਹੈ ਨਾ ਕਿ ਮੁੱਦੇ ਭੜਕਾਉਣ ਲਈ ਡਰਾਮੇ ਕਰਨੇ ਚਾਹੀਦੇ ਹਨ।

**ਪ੍ਰਤਾਪ ਸਿੰਘ ਬਾਜਵਾ :** ਮਹਾਰਾਜਾ ਸਤੌਜ, ਜਦੋਂ ਸੁਪਰੀਮ ਕੋਰਟ ਦੀਆਂ ਹਦਾਇਤਾਂ 'ਤੇ ਐਸ.ਵਾਈ.ਐਲ. ਦੇ ਸਰਵੇਖਣ ਲਈ ਪੰਜਾਬ ਆਵੇਗੀ ਤਾਂ ਸਭ ਤੋਂ ਪਹਿਲਾਂ ਉਸ 'ਤੇ ਆਪਣੀ ਪਾਰਟੀ ਅਤੇ ਸਰਕਾਰ ਦਾ ਸਟੈਂਡ ਸਪਸ਼ਟ ਕਰੋ। ਕੀ ਤੁਸੀਂ ਉਸ ਸਰਵੇਖਣ ਨੂੰ ਰੋਕਣ ਵਿੱਚ ਸਹਾਈ ਹੋਵੋਗੇ ਤੇ ਸਾਨੂੰ ਦਸੋ ਤੁਹਾਡੀ ਕਾਨੂੰਨੀ ਟੀਮ ਨੇ ਸੁਪਰੀਮ ਕੋਰਟ ਵਿੱਚ ਪੰਜਾਬ ਦੀ ਸਾਹ-ਰਗ ਪਾਣੀਆਂ 'ਤੇ ਪੰਜਾਬ ਦਾ ਪੱਖ ਕਮਜ਼ੋਰ ਕਿਉਂ ਰੱਖਿਆ?

ਪਹਿਲੀ ਗੱਲ ਤਾਂ ਇਹ ਹੈ ਕਿ ਪੰਜਾਬ ਸਰਕਾਰ ਨੇ ਡਿਬੇਟ ਦਾ ਸੱਦਾ ਦਿੱਤਾ ਹੈ ਪਰ ਦੁੱਖ ਦੀ ਗੱਲ ਇਹ ਹੈ ਕਿ ਦੂਜੀਆਂ ਧਿਰਾਂ ਨੇ ਹਾਂ ਕਹਿ ਕੇ ਨਕਾਰ ਦਿੱਤਾ। ਹੋ ਸਕਦਾ ਹੈ ਕਿ ਇਹ ਚੀਜ਼ ਵੀ ਪੰਜਾਬ ਦੇ ਭਲੇ ਦੇ ਲਈ ਹੋਵੇ ਪਰ ਮੁੱਖ ਮੰਤਰੀ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਹ ਸੱਤਾ ਦੇ ਵਿੱਚ ਹਨ ਨਾ ਕਿ ਵਿਰੋਧੀ ਧਿਰ ਵਿੱਚ। ਜੇ ਡਿਬੇਟ ਕਰਨ ਦਾ ਸ਼ੌਕ ਹੀ ਹੈ ਤਾਂ ਆਮ ਲੋਕਾਂ ਦੇ ਨਾਲ ਕਰੋ। ਮੀਡੀਆ ਤੁਹਾਡੀ ਮਰਜ਼ੀ ਦਾ, ਪ੍ਰਸ਼ਾਸਨ ਤੁਹਾਡੀ ਮਰਜ਼ੀ ਦਾ, ਤੇ ਲੋਕਾਂ ਨਾਲ ਡਿਬੇਟ ਕਿਉਂ ਨਹੀਂ ਕੀਤੀ ਜਾ ਰਹੀ। ਗੱਲ ਸਰਾਰੀ ਦੀ ਕਰੋ, ਅਮਿਤ ਰਤਨ, ਮਾਣੂੰਕੇ ਦੀ ਕੋਠੀ, ਕਟਾਰੂਚੱਕ ਦੀ ਚਰਚਾ, ਰੈਲੀਆਂ ਸਮੇਂ ਸਰਕਾਰੀ ਬੱਸਾਂ ਦੀ ਵਰਤੋਂ, ਸੌ ਕਰੋੜ ਦੇ ਨਵੇਂ ਕਰਜ਼ੇ ਦੀ ਗੱਲ, ਕਈ ਕਈ ਮਹੀਨੇ ਤਨਖਾਹਾਂ ਉਡੀਕਦੇ ਮੁਲਾਜਮਾਂ ਦੀ ਗੱਲ। ਜੇਲਾਂ ਵਿੱਚ ਜੈਮਰ ਕਿਉਂ ਨਹੀਂ ਲੱਗਦੇ। ਗੈਂਗਸਟਰਾਂ ਦੀਆਂ ਜੇਲਾਂ ਵਿੱਚ ਇੰਟਰਵਿਊ। ਸਵਾਲਾਂ ਤੇ ਸਵਾਲ ਹਨ। ਡਿਬੇਟ ਕਰੋ ਤੇ ਦਿਓ ਜਵਾਬ। ਉਮੀਦ ਹੈ ਐਸ.ਵਾਈ.ਐਲ. ਤੋਂ ਇਲਾਵਾ ਇਹ ਮੁੱਦਿਆਂ 'ਤੇ ਵੀ ਚਰਚਾ ਕਰਕੇ ਰੋਜ਼ ਦੀ ਕਿਚ ਕਿਚ ਦਾ ਭੋਗ ਮੁਕਾਓ। ਹਾਂ ਬੱਸ ਗੱਲਾਂ ਤੱਥਾਂ 'ਤੇ ਹੋਣ, ਹਵਾ ਵਿੱਚ ਨਹੀਂ। ਜਨਤਾ ਹੁਣ ਐਸ.ਵਾਈ.ਐਲ. ਦੇ ਮੁੱਦੇ 'ਤੇ ਨਹੀਂ ਉਲਝੇਗੀ।

***

## ਅਕਾਲੀ ਦਲ ਦਾ ਧਰਮ ਯੁੱਧ ਮੋਰਚਾ

'ਪੰਜਾਬ ਟਰਮੀਨੇਸ਼ਨ ਆਫ਼ ਐਗਰੀਮੈਂਟਸ ਐਕਟ' ਪਾਸ ਕਰਕੇ ਪਾਣੀਆਂ ਦੀ ਵੰਡ ਸਬੰਧੀ ਸਾਰੇ ਸਮਝੌਤੇ ਰੱਦ ਕਰ ਦਿੱਤੇ ਸਨ। ਫਿਰ 2016 ਵਿੱਚ ਬਾਦਲ ਸਰਕਾਰ ਨੇ ਵਿਧਾਨ ਸਭਾ 'ਚ ਮਤਾ ਪਾਸ ਕਰਕੇ ਐਸ.ਵਾਈ.ਐਲ. ਲਈ ਐਕਵਾਇਰ ਜ਼ਮੀਨ ਨੂੰ ਡੀਨੋਟੀਫਾਈ ਕਰਦਿਆਂ ਕਰੀਬ 45 ਹਜ਼ਾਰ ਏਕੜ ਜ਼ਮੀਨ ਕਿਸਾਨਾਂ ਨੂੰ ਵਾਪਸ ਕਰ ਦਿੱਤੀ ਸੀ। ਇਸ ਤੋਂ ਬਾਅਦ ਪੰਜਾਬ ਵਿੱਚ ਕਿਸਾਨਾਂ ਨੇ ਕਈ ਥਾਵਾਂ 'ਤੇ ਨਹਿਰ ਢਾਹ ਕੇ ਆਪਣੀ ਜ਼ਮੀਨ ਦਾ ਕਬਜ਼ਾ ਲੈਣ ਦੀ ਕੋਸ਼ਿਸ਼ ਕੀਤੀ ਸੀ। ਮੌਜੂਦਾ ਸਮੇਂ ਨਹਿਰ ਦੀ ਹਾਲਤ ਕਾਫ਼ੀ ਖ਼ਰਾਬ ਹੈ ਤੇ ਕਈ ਥਾਂਵਾਂ 'ਤੇ ਬੁਰੀ ਤਰ੍ਹਾਂ ਟੁੱਟ ਚੁੱਕੀ ਹੈ।

***

## ਰਿਪੇਰੀਅਨ ਕਾਨੂੰਨ

ਵਿਰੋਧ ਕਰਨ ਵਾਲਿਆਂ ਨੇ ਚੀਫ਼ ਇੰਜੀਨੀਅਰਾਂ ਸਮੇਤ 30 ਮਜ਼ਦੂਰਾਂ ਨੂੰ ਮਾਰ ਦਿੱਤਾ ਤਾਂ ਇਹ ਪ੍ਰੋਜੈਕਟ ਰੋਕ ਦਿੱਤਾ ਗਿਆ। 1996 ਵਿੱਚ ਹਰਿਆਣਾ ਨੇ ਸੁਪਰੀਮ ਕੋਰਟ ਵਿੱਚ ਕਿਹਾ ਕਿ ਪੰਜਾਬ ਵਿੱਚ ਸ਼ਾਂਤੀ ਹੋ ਗਈ ਹੈ, ਹੁਣ ਨਹਿਰ ਬਣਾਈ ਜਾਵੇ। ਪੰਜ ਸਾਲ ਇਹ ਕੇਸ ਲਟਕਦਾ ਰਿਹਾ। ਸਤਲੁਜ ਯਮੁਨਾ ਲਿੰਕ ਨਹਿਰ ਦੇ ਮਾਮਲੇ ਨੇ ਨਦੀ ਜਲ ਵਿਵਾਦ ਨੂੰ ਫੇਰ ਸੁਲਗਾ ਦਿੱਤਾ ਹੈ। 1966 ਵਿੱਚ ਹਰਿਆਣਾ ਬਣਨ ਮਗਰੋਂ ਦਹਾਕਿਆਂ ਤੋਂ ਪਾਣੀ ਦੇ ਮਾਮਲੇ ਸੁਪਰੀਮ ਕੋਰਟ ਵਿੱਚ ਲਟਕ ਰਹੇ ਹਨ। ਇਨ੍ਹਾਂ ਵਿੱਚ ਹਰਿਆਣਾ ਨੂੰ 1.3 ਐਮ.ਏ.ਐਫ. ਪਾਣੀ ਦੇਣ ਦਾ ਮਾਮਲਾ ਅਹਿਮ ਹੈ, ਜਿਸ ਲਈ ਐਸ.ਵਾਈ.ਐਲ. ਬਣੀ ਹੈ। ਪਰ ਜਿਸ ਤਰ੍ਹਾਂ ਸਤਲੁਜ, ਬਿਆਸ ਤੇ ਰਾਵੀ ਵਿੱਚ ਪਾਣੀ ਦੀ ਕਮੀ ਆਈ ਹੈ, ਉਸ ਵੱਲ ਕਿਸੇ ਦਾ ਧਿਆਨ ਨਹੀਂ ਗਿਆ ਹੈ। ਪੰਜਾਬ ਇਰੀਗੇਸ਼ਨ ਦੇ ਸਾਬਕਾ ਮੁਖੀ ਇੰਜੀਨੀਅਰ ਏ.ਐਸ. ਦੁਲੇਟ ਦਾ ਮੰਨਣਾ ਹੈ ਕਿ ਐਸ.ਵਾਈ.ਐਲ. ਬਣਾਉਣ ਦੀ ਹੁਣ ਕੋਈ ਤੁਕ ਨਹੀਂ ਹੈ ਕਿਉਂਕਿ ਪਾਣੀ ਦੀ ਉਪਲਬਧਤਾ 40 ਲੱਖ ਏਕੜ ਫੁੱਟ ਘੱਟ ਹੋ ਚੁੱਕੀ ਹੈ। ਜੇਕਰ ਨਵੇਂ ਸਿਰੇ ਤੋਂ ਨਹਿਰ ਬਣਾ ਵੀ ਦਿੱਤੀ ਤਾਂ ਇਸ ਵਿੱਚ ਪਾਣੀ ਕਿਥੋਂ ਛੱਡਿਆ ਜਾਵੇਗਾ? ਉਨ੍ਹਾਂ ਦੱਸਿਆ ਕਿ ਜਦੋਂ ਸਬੰਧਿਤ ਸੂਬਿਆਂ ਵਿੱਚ 1981 ਵਿੱਚ ਪਾਣੀ ਦਾ ਬਟਵਾਰਾ ਹੋਇਆ ਤਾਂ ਮੰਨਿਆ ਗਿਆ ਸੀ ਕਿ ਪਾਣੀ ਦੀ ਉਪਲਬਧਤਾ 171.70 ਲੱਖ ਏਕੜ ਫੁੱਟ ਸੀ। ਹੁਣ ਪਾਣੀ ਘੱਟ ਹੋ ਗਿਆ ਹੈ। ਅਜਿਹੇ ਵਿੱਚ 11 ਲੱਖ ਏਕੜ ਫੁੱਟ ਪਾਣੀ ਕਿਥੋਂ ਦਿੱਤਾ ਜਾਵੇਗਾ। ਜੇਕਰ ਦਿੱਤਾ ਤਾਂ ਪੰਜਾਬ ਦੇ ਮਾਲਵਾ ਦੀ 9 ਲੱਖ ਏਕੜ ਜ਼ਮੀਨ ਬੰਜਰ ਹੋ ਜਾਵੇਗੀ।

**1970 'ਚ ਹੋਇਆ ਸੀ ਪਹਿਲਾ ਨੋਟੀਫਿਕੇਸ਼ਨ :** ਪ੍ਰਾਪਤ ਜਾਣਕਾਰੀ ਅਨੁਸਾਰ ਸਾਲ 1970 ਪੰਜਾਬ 'ਚ ਅਕਾਲੀ ਦਲ ਦੀ ਸਰਕਾਰ ਸਮੇਂ ਨਹਿਰ ਲਈ ਜ਼ਮੀਨ ਗ੍ਰਹਿਣ ਕਰਨ ਵਾਸਤੇ ਪਹਿਲਾ ਨੋਟੀਫਿਕੇਸ਼ਨ ਜਾਰੀ ਹੋਇਆ ਸੀ। ਇਸ ਤੋਂ ਇਲਾਵਾ ਕੇਂਦਰ ਦੀ ਕਾਂਗਰਸ ਸਰਕਾਰ ਨੇ 1976 'ਚ ਪਾਣੀਆਂ ਨੂੰ ਤਿੰਨ ਹਿੱਸਿਆਂ 'ਚ ਵੰਡਣ ਸਬੰਧੀ ਨੋਟਿਸ ਜਾਰੀ ਕੀਤਾ। ਪੰਜਾਬ 'ਚ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਦੌਰਾਨ 8 ਅਪਰੈਲ 1982 ਨੂੰ ਪ੍ਰਧਾਨ ਮੰਤਰੀ ਵਜੋਂ ਇੰਦਰਾ ਗਾਂਧੀ ਨੇ ਪਟਿਆਲਾ ਦੇ ਪਿੰਡ ਕਪੂਰੀ ਨੇੜੇ ਟੱਕ ਲਾ ਕੇ ਇਸ ਨਹਿਰ ਦੇ ਨਿਰਮਾਣ ਦਾ ਨੀਂਹ ਪੱਥਰ ਰੱਖਿਆ। ਪਟਿਆਲਾ ਤੋਂ ਕਾਂਗਰਸ ਪਾਰਟੀ ਦੇ ਸੰਸਦ ਮੈਂਬਰ ਵਜੋਂ ਕੈਪਟਨ ਅਮਰਿੰਦਰ ਸਿੰਘ ਨੇ ਵੀ ਸ਼ਮੂਲੀਅਤ ਕੀਤੀ ਸੀ।

***

## ਲਾਪ੍ਰਵਾਹੀ ਕਾਰਨ ਕਿਸੇ ਸਾਈਬਰ

ਤੁਹਾਡੇ ਫੋਨ ਦੀ ਵਰਤੋਂ ਕਰਦੇ ਹਨ ਅੱਜ ਕੱਲ੍ਹ ਤਕਨੀਕੀ ਕ੍ਰਾਂਤੀ ਦਾ ਦੌਰ ਚੱਲ ਰਿਹਾ ਹੈ। ਹਰ ਕੋਈ ਤਕਨੀਕ ਦੀ ਵਰਤੋਂ ਕਰ ਕੇ ਆਪਣੇ ਕੰਮ ਨੂੰ ਸੁਖਾਲਾ ਬਣਾ ਰਿਹਾ ਹੈ ਜਿਸ ਦਾ ਫਾਇਦਾ ਸਾਈਬਰ ਅਪਰਾਧੀ ਚੁੱਕ ਰਹੇ ਹਨ। ਜਿਵੇਂ ਕਿ ਕਈ ਵਾਰ, ਤੁਹਾਨੂੰ ਲੁਭਾਉਣ ਲਈ, ਫ਼ੋਨ ਕਾਲ, ਮੈਸੇਜ ਜਾਂ ਹੋਰ ਸਾਧਨਾਂ ਰਾਹੀਂ ਇਹ ਕਿਹਾ ਜਾ ਸਕਦਾ ਹੈ ਕਿ ਤੁਸੀਂ ਇਨ੍ਹੇ ਪੈਸੇ ਦਾ ਇਨਾਮ ਜਿੱਤ ਲਿਆ ਹੈ, ਤੁਸੀਂ ਕੋਈ ਕਾਰ ਜਿੱਤੀ ਹੈ ਜਾਂ ਤੁਸੀਂ ਹੋਰ ਚੀਜ਼ਾਂ ਜਿੱਤੀਆਂ ਹਨ ਜੋ ਤੁਸੀਂ ਇਸ ਲਿੰਕ ਰਾਹੀਂ ਪ੍ਰਾਪਤ ਕਰ ਸਕਦੇ ਹੋ। ਇਸ ਨੂੰ ਤੁਹਾਡੇ ਘਰ ਪਹੁੰਚਾ ਦਿੱਤਾ ਜਾਵੇਗਾ। ਲਾਲਚ ਦੇ ਕੇ ਤੁਹਾਨੂੰ ਮਜਬੂਰ ਕੀਤਾ ਜਾਂਦਾ ਹੈ ਕਿ ਤੁਸੀਂ ਉਨ੍ਹਾਂ ਵੱਲੋਂ ਭੇਜੇ ਗਏ ਲਿੰਕ 'ਤੇ ਕਲਿਕ ਕਰੋ। ਤੁਹਾਡੀ ਥੋੜ੍ਹੀ ਜਿਹੀ ਲਾਪਰਵਾਹੀ ਤੋਂ ਬਾਅਦ ਸ਼ੁਰੂ ਹੋ ਜਾਂਦਾ ਹੈ ਤੁਹਾਡੀ ਲੁੱਟ ਦੀ ਖੇਡ। ਇਸੇ ਤਰ੍ਹਾਂ ਅਸੀਂ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਟਾਈਮ ਦੀ ਬਚਤ ਕਰਨ ਲਈ ਸ਼ਾਪਿੰਗ ਵੈੱਬਸਾਈਟਾਂ ਦਾ ਸਹਾਰਾ ਲੈਣ ਲੱਗ ਪਏ ਹਾਂ। ਜਿੱਥੋਂ ਵੱਡੇ ਪੱਧਰ 'ਤੇ ਖਰੀਦਦਾਰੀ ਕਰਦੇ ਹਾਂ । ਪਰ ਇੱਥੇ ਵੀ ਧੋਖਾਧੜੀ ਹੋਣ ਲੱਗ ਪਈ ਹੈ, ਜਿਸ ਤਹਿਤ ਡਲਿਵਰੀ ਵਾਲੇ ਦਿਨ ਜਾਂ ਉਸ ਤੋਂ ਪਹਿਲਾਂ ਕੋਈ ਵਿਅਕਤੀ ਤੁਹਾਨੂੰ ਉਸ ਕੰਪਨੀ ਦਾ ਡਲਿਵਰੀ ਬੁਆਏ ਹੋਣ ਦਾ ਬਹਾਨਾ ਲਾ ਕੇ ਫ਼ੋਨ ਕਰਦਾ ਹੈ ਅਤੇ ਡਲਿਵਰੀ ਸਥਾਨ ਦੀ ਪੁਸ਼ਟੀ ਕਰਨ ਲਈ ਇਕ ਲਿੰਕ ਭੇਜਦਾ ਹੈ ਅਤੇ ਤੁਹਾਨੂੰ ਉਸ 'ਤੇ ਕਲਿੱਕ ਕਰਨ ਲਈ ਕਹਿੰਦੇ ਹਨ। ਬਸ ਫਿਰ ਤੁਸੀਂ ਉਸ ਲਿੰਕ 'ਤੇ ਕਲਿੱਕ ਕਰਦੇ ਹੋ, ਤੁਹਾਡਾ ਪੂਰਾ ਬੈਂਕ ਬੈਲੇਂਸ ਜ਼ੀਰੋ ਹੋ ਜਾਂਦਾ ਹੈ। ਇਸੇ ਤਰ੍ਹਾਂ ਆਨਲਾਈਨ ਸ਼ਾਪਿੰਗ ਕਰਨ ਵਾਲੇ ਅਤੇ ਸਾਰਾ ਦਿਨ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਵਾਲੇ ਵਿਅਕਤੀ ਜ਼ਿਆਦਾ ਸ਼ਿਕਾਰ ਬਣਦੇ ਹਨ। ਜੇ ਆਪਣੇ ਬੈਂਕ ਖਾਤੇ ਸੁਰੱਖਿਅਤ ਰੱਖਣੇ ਹਨ ਤਾਂ ਤੁਹਾਨੂੰ ਕੁਝ ਸਾਵਧਾਨੀਆਂ ਵਰਤਣੀਆਂ ਪੈਣੀਆਂ ਹਨ।

ਕਿਸੇ ਵੀ ਤਰ੍ਹਾਂ ਦੇ ਅਣਜਾਣ ਲਿੰਕ 'ਤੇ ਕਲਿੱਕ ਨਾ ਕਰੋ। ਨਿਯਮਤ ਅੰਤਰਾਲਾਂ 'ਤੇ ਆਪਣਾ ਯੂਪੀਆਈ ਪਿੰਨ ਬਦਲਦੇ ਰਹੋ। ਸਮੇਂ-ਸਮੇਂ 'ਤੇ ਆਪਣੇ ਬੈਂਕ ਬੈਲੇਂਸ ਦੀ ਜਾਂਚ ਕਰਦੇ ਰਹੋ। ਆਪਣਾ ਮੋਬਾਈਲ ਨੰਬਰ ਆਪਣੇ ਬੈਂਕ ਨਾਲ ਲਿੰਕ ਰੱਖੋ ਤਾਂ ਜੋ ਤੁਸੀਂ ਆਪਣੇ ਬੈਂਕ ਖਾਤੇ ਨਾਲ ਹੋਣ ਵਾਲੀ ਕਿਸੇ ਵੀ ਛੇੜਖਾਨੀ ਬਾਰੇ ਤੁਰੰਤ ਜਾਣਕਾਰੀ ਪ੍ਰਾਪਤ ਕਰ ਸਕੋ।

ਜੇਕਰ ਕੋਈ ਤੁਹਾਡੇ ਯੂਪੀਆਈ 'ਤੇ ਗਲਤ ਭੁਗਤਾਨ ਕਰਦਾ ਹੈ ਅਤੇ ਫਿਰ ਤੁਹਾਨੂੰ ਕਾਲ ਕਰਦਾ ਹੈ ਅਤੇ ਤੁਹਾਨੂੰ ਯੂਪੀਆਈ ਰਾਹੀਂ ਪੈਸੇ ਵਾਪਸ ਕਰਨ ਲਈ ਕਹਿੰਦਾ ਹੈ, ਤਾਂ ਤੁਹਾਨੂੰ ਯੂਪੀਆਈ ਰਾਹੀਂ ਉਸ ਨੂੰ ਪੈਸੇ ਦੇਣ ਦੀ ਲੋੜ ਨਹੀਂ ਹੈ, ਤੁਹਾਨੂੰ ਪੈਸੇ ਆਹਮੋ-ਸਾਹਮਣੇ ਦੇਣੇ ਪੈਣਗੇ।

ਜੇਕਰ ਤੁਸੀਂ ਨੈੱਟ ਬੈਂਕਿੰਗ ਦੀ ਵਰਤੋਂ ਕਰਦੇ ਹੋ, ਤਾਂ ਹਮੇਸ਼ਾ ਲੈਣ ਦੇਣ ਕਰਨ ਵਾਲਿਆਂ ਦੀ ਸੂਚੀ ਦੀ ਜਾਂਚ ਕਰਦੇ ਰਹੋ। ਜੇਕਰ ਕੋਈ ਅਣਜਾਣ ਵਿਅਕਤੀ ਪਾਇਆ ਜਾਵੇ ਤਾਂ ਉਸ ਨੂੰ ਤੁਰੰਤ ਹਟਾ ਦਿਓ। ਜਿਨ੍ਹਾਂ ਨਾਲ ਤੁਸੀਂ ਨਿਯਮਿਤ ਤੌਰ 'ਤੇ ਲੈਣ-ਦੇਣ ਨਹੀਂ ਕਰਦੇ ਹੋ ਉਨ੍ਹਾਂ ਵਿਅਕਤੀਆਂ ਨੂੰ ਵੀ ਆਪਣੀ ਸੂਚੀ ਵਿੱਚੋਂ ਹਟਾ ਦੇਣਾ ਚਾਹੀਦਾ ਹੈ। ਕੈਫੇ ਜਾਂ ਜਨਤਕ ਕੰਪਿਊਟਰਾਂ ਵਿੱਚ ਕਦੇ ਵੀ ਨੈੱਟਬੈਂਕਿੰਗ ਦੀ ਵਰਤੋਂ ਨਾ ਕਰੋ। ਇਸ ਤੋਂ ਇਲਾਵਾ ਪਬਲਿਕ ਵਾਈ-ਫਾਈ ਦੀ ਵਰਤੋਂ ਨਾ ਕਰੋ। ਸਮੇਂ-ਸਮੇਂ 'ਤੇ ਪਾਸਵਰਡ ਬਦਲਦੇ ਰਹੋ।

ਸਾਈਬਰ ਐਕਸਪਰਟਸ ਅਨੁਸਾਰ ਜਦੋਂ ਵੀ ਕੋਈ ਹੈਕਰ ਸਾਡੇ ਫੋਨ ਨੂੰ ਹੈਕ ਕਰਦਾ ਹੈ ਤਾਂ ਸਾਡਾ ਫੋਨ ਹੈਕਿੰਗ ਬਾਰੇ ਚਿਤਾਵਨੀ ਦੇਣ ਲੱਗ ਪੈਂਦਾ ਹੈ। ਜੇਕਰ ਤੁਹਾਡੇ ਫੋਨ ਦੀ ਸਪੀਡ ਅਚਾਨਕ ਘੱਟ ਜਾਂਦੀ ਹੈ ਅਤੇ ਇਹ ਵਾਰ-ਵਾਰ ਹੈਂਗ ਹੋਣ ਲੱਗਦਾ ਹੈ, ਤਾਂ ਇਹ ਇਸ ਗੱਲ ਦਾ ਸੰਕੇਤ ਹੋ ਸਕਦਾ ਹੈ ਕਿ ਤੁਹਾਡਾ ਫੋਨ ਹੈਕ ਹੋ ਗਿਆ ਹੈ। ਫੋਨ ਦੀ ਬੈਟਰੀ ਤੇਜ਼ੀ ਨਾਲ ਖਤਮ ਹੋ ਜਾਂਦੀ ਹੈ। ਜਿਵੇਂ ਹੀ ਹੈਕਰ ਤੁਹਾਡੇ ਫੋਨ ਦੇ ਡੇਟਾ ਨੂੰ ਐਕਸੈਸ ਕਰਦੇ ਹਨ, ਫੋਨ ਦੀ ਬੈਟਰੀ ਆਮ ਨਾਲੋਂ ਤੇਜ਼ੀ ਨਾਲ ਖਤਮ ਹੋ ਜਾਂਦੀ ਹੈ। ਇਸ ਲਈ, ਜੇਕਰ ਤੁਹਾਡੇ ਫੋਨ ਦੀ ਬੈਟਰੀ ਤੇਜ਼ੀ ਨਾਲ ਖਤਮ ਹੋ ਰਹੀ ਹੈ ਤਾਂ ਇਹ ਹੈਕਿੰਗ ਦਾ ਸੰਕੇਤ ਹੋ ਸਕਦਾ ਹੈ। ਹੈਕਰ ਤੁਹਾਡੇ ਮੋਬਾਈਲ ਫੋਨ ਦੇ ਇੰਟਰਨੈਟ ਡਾਟੇ ਨੂੰ ਆਪਣੇ ਕੰਮਾਂ ਲਈ ਵਰਤਣਾ ਸ਼ੁਰੂ ਕਰ ਦਿੰਦਾ ਹੈ। ਜਿਵੇਂ ਕਿਸੇ ਵੀ ਡੇਟਾ ਨੂੰ ਉਨ੍ਹਾਂ ਦੀਆਂ ਡਿਵਾਈਸਾਂ ਵਿਚ ਟ੍ਰਾਂਸਫਰ ਕਰਨ ਲਈ ਤੁਹਾਡੇ ਇੰਟਰਨੈੱਟ ਡੇਟਾ ਦੀ ਵਰਤੋਂ ਕਰਦਾ ਹੈ, ਜਿਸ ਦੇ ਨਤੀਜੇ ਵਜੋਂ ਤੁਹਾਡੇ ਇੰਟਰਨੈਟ ਡੇਟਾ ਨੂੰ ਜਲਦੀ ਖਤਮ ਹੋ ਜਾਂਦਾ ਹੈ। ਤੁਹਾਡਾ ਵਰਤੋਂ ਵਿੱਚ ਲਿਆਂਦੇ ਬਿਨਾਂ ਹੀ ਤੁਹਾਡਾ ਫੋਨ ਦਾ ਗਰਮ ਹੋ ਜਾਣਾ ਸੰਕੇਤ ਦਿੰਦਾ ਹੈ ਕਿ ਤੁਹਾਡਾ ਫੋਨ ਹੈਕ ਹੋ ਚੁੱਕਾ ਹੈ, ਕਿਉਂਕਿ ਜਦੋਂ ਹੈਕਰ ਤੁਹਾਡੇ ਇੰਟਰਨੈਟ ਡਾਟੇ ਦੀ ਵਰਤੋਂ ਕਰਦਾ ਹੈ ਤਾਂ ਫੋਨ ਆਪਣੇ ਆਪ ਗਰਮ ਹੋਣ ਲੱਗ ਜਾਂਦਾ ਹੈ। ਜੇਕਰ ਇਸ ਤਰ੍ਹਾਂ ਦੀ ਸਥਿਤੀ ਪੈਦਾ ਹੁੰਦੀ ਹੈ ਤਾਂ ਆਪਣਾ ਇੰਟਰਨੈਟ ਡਾਟਾ ਤੁਰੰਤ ਬੰਦ ਕਰ ਦਿਓ ਅਤੇ ਫੋਨ ਨੂੰ ਰੀਸਟਾਰਟ ਕਰ ਦਿਓ।

****

## ਨਿਠਾਰੀ ਕਾਂਡ:

ਉੱਤੇ ਬਲਾਤਕਾਰ ਤੇ ਕਤਲ ਦਾ ਦੋਸ਼ ਸੀ ਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਹੋਈ ਸੀ। ਸਾਲ 2007 ਵਿੱਚ ਪੰਧੇਰ ਤੇ ਕੋਲੀ ਖ਼ਿਲਾਫ਼ ਕੁੱਲ 19 ਕੇਸ ਦਰਜ ਹੋਏ ਸਨ। ਸੀਬੀਆਈ ਸਬੂਤਾਂ ਦੀ ਅਣਹੋਂਦ ਵਿੱਚ ਇਨ੍ਹਾਂ ਵਿਚੋਂ ਤਿੰਨ ਕੇਸਾਂ ਵਿੱਚ ਕਲੋਜ਼ਰ ਰਿਪੋਰਟ ਦਾਖ਼ਲ ਕਰ ਚੁੱਕੀ ਹੈ। ਬਾਕੀ ਬਚਦੇ 16 ਕੇਸਾਂ ਵਿਚੋਂ ਤਿੰਨ ਵਿੱਚ ਕੋਲੀ ਨੂੰ ਬਰੀ ਕੀਤਾ ਜਾ ਚੁੱਕਾ ਹੈ ਤੇ ਇੱਕ ਵਿੱਚ ਉਸ ਦੀ ਮੌਤ ਦੀ ਸਜ਼ਾ ਉਮਰ ਕੈਦ ਵਿੱਚ ਤਬਦੀਲ ਹੋ ਚੁੱਕੀ ਹੈ। ਕੋਲੀ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਦੇ ਫੈਸਲੇ ਨੂੰ ਚੁਣੌਤੀ ਦਿੰਦੀ ਯੂਪੀ ਸਰਕਾਰ ਦੀ ਪਟੀਸ਼ਨ ਸੁਪਰੀਮ ਕੋਰਟ ਵਿੱਚ ਅਜੇ ਬਕਾਇਆ ਹੈ। ਬਾਕੀ ਬਚਦੇ 12 ਕੇਸਾਂ ਵਿੱਚ ਉਸ ਨੂੰ ਅੱਜ ਬਰੀ ਕਰ ਦਿੱਤਾ ਗਿਆ ਹੈ। ਪੰਧੇਰ ਦੇ ਵਕੀਲ ਨੇ ਕਿਹਾ ਕਿ ਸ਼ੁਰੂਆਤ ਵਿੱਚ ਉਸ ਦੇ ਮੁਵੱਕਿਲ ਖ਼ਿਲਾਫ਼ ਛੇ ਕੇਸਾਂ ਵਿੱਚ ਦੋਸ਼ ਲੱਗੇ ਸਨ। ਇਕ ਕੇਸ ਸੀਬੀਆਈ ਦਾ ਸੀ ਜਦੋਂਕਿ ਪੰਜ ਕੇਸ ਪੀੜਤਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਦਰਜ ਕੀਤੇ ਗਏ ਸਨ। ਭੰਡਾਰੀ ਨੇ ਕਿਹਾ ਕਿ ਸੈਸ਼ਨ ਕੋਰਟ ਤਿੰਨ ਕੇਸਾਂ ਵਿੱਚ ਪੰਧੇਰ ਨੂੰ ਬਰੀ ਕਰ ਚੁੱਕੀ ਹੈ। ਅਲਾਹਾਬਾਦ ਹਾਈ ਕੋਰਟ ਨੇ 2009 ਵਿੱਚ ਇੱਕ ਕੇਸ ਜਦੋਂਕਿ ਅੱਜ ਦੋ ਹੋਰ ਕੇਸਾਂ ਵਿੱਚ ਬਰੀ ਕਰ ਦਿੱਤਾ। ਲੜੀਵਾਰ ਹੱਤਿਆਵਾਂ ਦਾ ਇਹ ਸਨਸਨੀਖੇਜ਼ ਮਾਮਲਾ 29 ਦਸੰਬਰ 2006 ਨੂੰ ਕੌਮੀ ਰਾਜਧਾਨੀ ਦੀ ਸਰਹੱਦ ਨਾਲ ਲੱਗਦੇ ਨੋਇਡਾ ਦੇ ਨਿਠਾਰੀ ਵਿੱਚ ਪੰਧੇਰ ਦੇ ਘਰ ਪਿੱਛਿਓਂ ਲੰਘਦੇ ਨਾਲੇ ਵਿਚੋਂ ਅੱਠ ਬੱਚਿਆਂ ਦੇ ਪਿੰਜਰਾਂ ਦੀਆਂ ਹੱਡੀਆਂ ਮਿਲਣ ਨਾਲ ਸੁਰਖ਼ੀਆਂ ਵਿੱਚ ਆਇਆ ਸੀ। ਇਲਾਕੇ ਦੇ ਹੋਰ ਨਾਲਿਆਂ ਦੀ ਤਲਾਸ਼ੀ ਦੌਰਾਨ ਬੱਚਿਆਂ ਦੇ ਪਿੰਜਰ ਮਿਲਣ ਮਗਰੋਂ ਪੁਲਿਸ ਦੀ ਟੀਮ ਜਾਂਚ ਕਰਦੀ ਹੋਈ ਪੰਧੇਰ ਦੇ ਘਰ ਤੱਕ ਪਹੁੰਚ ਗਈ ਸੀ।

***

## ਅਗਨੀਹੋਤਰੀ ਨੇ ਫ਼ਿਲਮ 'ਦਿ ਕਸ਼ਮੀਰ ਫਾਈਲਜ਼'

ਖਰੀਦਿਆ ਹੈ। ਕੁਝ ਸਮੇਂ ਬਾਅਦ ਉਸ ਦੀ ਪਤਨੀ ਨਾਲ ਬੈਂਕਾਕ ਦੀ ਮਹਿੰਗੀ ਯਾਤਰਾ ਦੀਆਂ ਤਸਵੀਰਾਂ ਨੇ ਵੀ ਸਨਸਨੀ ਮਚਾ ਦਿੱਤੀ। ਲੋਕਾਂ ਨੇ ਤਾਅਨਾ ਮਾਰਿਆ ਸੀ ਕਿ ਇਹ ਲੋਕ ਦੇਸ਼ ਵਿੱਚ ਹਿੰਦੂ-ਮੁਸਲਿਮ ਟਕਰਾਅ ਪੈਦਾ ਕਰਕੇ ਵਿਦੇਸ਼ਾਂ ਵਿੱਚ ਮੌਜਾਂ ਕਰ ਰਹੇ ਹਨ। ਪੱਲਵੀ ਨੇ ਫਿਲਮ 'ਦਿ ਕਸ਼ਮੀਰ ਫਾਈਲਜ਼' 'ਚ ਹੀਰੋਇਨ ਦੀ ਭੂਮਿਕਾ ਨਿਭਾਈ ਸੀ। ਮਹਿੰਗੇ ਘਰ ਖਰੀਦਣ ਜਾਂ ਵਿਦੇਸ਼ ਜਾਣ 'ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੈ ਅਤੇ ਨਾ ਹੀ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਪੈਸਾ ਕਮਾਉਣ ਵਾਲੇ ਸਾਰੇ ਲੋਕ ਅਜਿਹਾ ਕਰਦੇ ਹਨ, ਪਰ ਆਸ਼ਾ ਪਾਰੇਖ ਦਾ ਸਵਾਲ ਆਪਣੀ ਥਾਂ 'ਤੇ ਖੜ੍ਹਾ ਹੈ ਅਤੇ ਜਾਇਜ਼ ਹੈ ਕਿਉਂਕਿ ਇਹ ਅਜਿਹੀਆਂ ਫਿਲਮਾਂ ਬਣਾਉਣ ਵਾਲੇ ਵਿਅਕਤੀ ਦੀ ਨੀਅਤ ਅਤੇ ਮਕਸਦ 'ਤੇ ਸਵਾਲ ਖੜ੍ਹੇ ਕਰਦਾ ਹੈ। ਇਸ ਫਿਲਮ ਨੂੰ ਦੇਖਣ ਤੋਂ ਬਾਅਦ ਕਸ਼ਮੀਰੀ ਅੱਤਵਾਦੀਆਂ ਦੇ ਬਹਾਨੇ ਮੁਸਲਮਾਨਾਂ ਖ਼ਿਲਾਫ਼ ਲੋਕਾਂ ਦਾ ਗੁੱਸਾ ਵਧ ਗਿਆ, ਜਿਸ ਨਾਲ ਭਾਜਪਾ ਦਾ ਵੋਟ ਬੈਂਕ ਵਧਦਾ ਹੈ।

ਆਸ਼ਾ ਪਾਰੇਖ ਇੱਕ ਬਹੁਤ ਹੀ ਸਨਮਾਨਿਤ ਅਭਿਨੇਤਰੀ ਰਹੀ ਹੈ ਜਿਸਦਾ ਇੱਕ ਬਹੁਤ ਹੀ ਸਫਲ ਫ਼ਿਲਮੀ ਕੈਰੀਅਰ ਰਿਹਾ ਹੈ ਅਤੇ ਉਹ ਹਮੇਸ਼ਾ ਵਿਵਾਦਾਂ ਤੋਂ ਦੂਰ ਰਹੀ ਹੈ। ਉਹ ਨਿਰਸੰਦੇਹ ਹਰ ਅਰਥ ਵਿੱਚ ਇੱਕ ਸਫਲ ਅਭਿਨੇਤਰੀ ਰਹੀ ਹੈ, ਜਿਸ ਨੇ ਜ਼ਿੰਦਗੀ ਵਿੱਚ ਸਭ ਕੁਝ ਪ੍ਰਾਪਤ ਕੀਤਾ ਹੈ ਅਤੇ ਜਿਸ ਕੋਲ ਪ੍ਰਾਪਤ ਕਰਨ ਲਈ ਹੋਰ ਕੁਝ ਨਹੀਂ ਬਚਿਆ ਹੈ। ਇਸ ਲਈ ਉਸ 'ਤੇ ਦੋਸ਼ ਨਹੀਂ ਲਾਇਆ ਜਾ ਸਕਦਾ ਕਿ ਉਸ ਨੇ ਕੁਝ ਹਾਸਲ ਕਰਨ ਲਈ ਅਜਿਹਾ ਬਿਆਨ ਦਿੱਤਾ ਹੈ ਜਾਂ ਇਹ ਉਸ ਦਾ ਕੋਈ ਪਬਲੀਸਿਟੀ ਸਟੰਟ ਹੈ। ਉਸ ਨੂੰ ਹੁਣ ਆਪਣੇ ਆਪ ਨੂੰ ਅੱਗੇ ਵਧਾਉਣ ਦੀ ਲੋੜ ਨਹੀਂ ਹੈ ਕਿਉਂਕਿ ਉਹ ਬਹੁਤ ਪਹਿਲਾਂ ਹੀ ਪ੍ਰਸਿੱਧੀ ਦੀਆਂ ਉਚਾਈਆਂ ਨੂੰ ਛੂਹ ਚੁੱਕੀ ਹੈ। ਇਸ ਲਈ ਵਿਵੇਕ ਅਗਨੀਹੋਤਰੀ ਨੂੰ ਉਨ੍ਹਾਂ ਦੀਆਂ ਗੱਲਾਂ ਦਾ ਜਵਾਬ ਦੇਣਾ ਚਾਹੀਦਾ ਹੈ। ਦੇਸ਼ ਨੇ ਡੈਨੀ ਬੋਇਲ ਨੂੰ ਵੀ ਦੇਖਿਆ ਹੈ, ਜਿਸ ਨੇ ਮੁੰਬਈ ਦੇ ਝੁੱਗੀ-ਝੌਂਪੜੀ ਵਾਲਿਆਂ ਦੇ ਜੀਵਨ 'ਤੇ ਆਧਾਰਿਤ ਆਪਣੀ ਫਿਲਮ 'ਸਲਮਡੌਗ ਮਿਲੀਅਨੇਅਰ' ਲਈ ਆਸਕਰ ਪੁਰਸਕਾਰ ਦੀ ਰਕਮ ਦਾ ਇੱਕ ਹਿੱਸਾ ਬਾਲ ਕਲਾਕਾਰਾਂ ਨੂੰ ਦਿੱਤਾ ਸੀ।

***

## ਲੋੜਵੰਦ ਬੱਚਿਆਂ ਨੂੰ ਮੁਫ਼ਤ ਕੋਚਿੰਗ

ਆਉਣ ਦਾ ਮੌਕਾ ਮਿਲ ਸਕੇ ਕਿਉਂਕਿ ਮੈਂ ਤਿੰਨ ਵਾਰ ਮੈਂਬਰ ਰਹਿ ਚੁੱਕਿਆ ਸੀ।

ਉਹ ਅੱਗੇ ਦੱਸਦੇ ਹਨ, ਜਦੋਂ ਇਨ੍ਹਾਂ ਬਾਰੇ ਮੈਨੂੰ ਪਤਾ ਲੱਗਾ ਤਾਂ ਮੈਂ ਸੋਚਿਆ ਬਾਰ ਕੌਂਸਲ ਵਿੱਚ ਵੀ ਤਾਂ ਸਮਾਂ ਦਈਦਾ ਹੀ ਸੀ ਤੇ ਮੈਂ ਇਨ੍ਹਾਂ ਨੂੰ ਪੜ੍ਹਾਉਣ ਦਾ ਫ਼ੈਸਲਾ ਲਿਆ। ਮੈਂ ਕੋਰਟ ਵਿੱਚ ਆਪਣੇ ਕਮਰੇ ਵਿੱਚ ਆਪਣੇ ਇੱਕ-ਦੋ ਮਿੱਤਰਾਂ ਨਾਲ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਜਦੋਂ ਦੋ-ਤਿੰਨ ਨੂੰ ਪੜ੍ਹਾਉਣਾ ਸ਼ੁਰੂ ਕੀਤਾ ਤਾਂ ਲੱਗਾ ਕਿ ਇਨ੍ਹਾਂ ਨੂੰ ਪੜ੍ਹਾਉਣ ਲਈ ਵੀ ਅਸੀਂ ਓਨੀ ਹੀ ਮਿਹਨਤ ਕਰਦੇ ਹਾਂ ਤਾਂ ਕਿਉਂ ਨਾ ਵੱਧ ਬੱਚਿਆਂ ਨੂੰ ਪੜ੍ਹਾਇਆ ਜਾਵੇ। ਮੇਰੇ ਦਫ਼ਤਰ ਵਿੱਚ 20 ਕੁ ਕੁਰਸੀਆਂ ਲੱਗ ਜਾਂਦੀਆਂ ਹਨ ਤਾਂ ਅਸੀਂ ਵੱਧ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ।

***

## ਜਲੰਧਰ ਦੀ ਜੈਸਮੀਨ ਨੇ ਇੰਗਲੈਂਡ

ਗ੍ਰਹਿ ਮੰਤਰਾਲਾ ਵਿੱਚ ਸਿਵਲ ਸਰਿਵਸਿਜ਼ ਯੋਗਤਾਂ ਦੀਆਂ ਸਖ਼ਤ ਪ੍ਰੀਖਿਆਵਾਂ ਵਿੱਚ ਸਫ਼ਲਤਾ ਪ੍ਰਾਪਤ ਕਰ ਕੇ ਇੰਟਰਵਿਊ ਪੈਨਲ ਦੇ ਔਖੇ ਸਵਾਲਾਂ ਦੇ ਜਵਾਬ ਦੇ ਕੇ ਇਸ ਅਹੁਦੇ ਨੂੰ ਪ੍ਰਾਪਤ ਕਰ ਕੇ ਆਪਣੇ ਪਰਿਵਾਰ ਅਤੇ ਪਿੰਡ ਦਾ ਨਾਂ ਰੌਸ਼ਨ ਕੀਤਾ।

## ਏਸ਼ਿਆਈ ਖੇਡਾਂ

ਹਾਕੀ ਵਿੱਚ ਮੁੰਡਿਆਂ ਨੇ ਸੋਨਾ ਅਤੇ ਕੁੜੀਆਂ ਨੇ ਕਾਂਸੀ ਜਿੱਤ ਕੇ ਦੋਵੇਂ ਵਰਗਾਂ ਵਿੱਚ ਤਗਮੇ ਝੋਲੀ ਪਾਏ। ਖੇਡਾਂ ਅਨੁਸਾਰ ਤਗਮਾ ਸੂਚੀ ਵਿੱਚ ਭਾਰਤ ਤੀਰਅੰਦਾਜ਼ੀ, ਕ੍ਰਿਕਟ, ਕਬੱਡੀ ਤੇ ਹਾਕੀ ਵਿੱਚ ਪਹਿਲੇ ਨੰਬਰ ਉੱਤੇ ਰਿਹਾ। ਨਿਸ਼ਾਨੇਬਾਜ਼ੀ ਅਤੇ ਸ਼ਕੁਐਸ਼ ਵਿੱਚ ਦੂਜੇ ਅਤੇ ਅਥਲੈਟਿਕਸ, ਬੈਡਮਿੰਟਨ, ਲਾਅਨ ਟੈਨਿਸ ਤੇ ਘੋੜਸਵਾਰੀ ਵਿੱਚ ਤੀਜੇ ਨੰਬਰ ਉੱਤੇ ਰਿਹਾ। ਬੈਡਮਿੰਟਨ ਵਿੱਚ ਇੱਕ-ਇੱਕ ਸੋਨੇ, ਚਾਂਦੀ ਤੇ ਕਾਂਸੀ, ਘੋੜਸਵਾਰੀ ਵਿੱਚ ਇੱਕ ਸੋਨੇ ਤੇ ਇਕ ਕਾਂਸੀ ਅਤੇ ਟੇਬਲ ਟੈਨਿਸ ਵਿੱਚ ਇੱਕ ਕਾਂਸੀ ਦੇ ਤਗਮੇ ਨਾਲ ਇਨ੍ਹਾਂ ਤਿੰਨਾਂ ਖੇਡਾਂ ਵਿੱਚ ਭਾਰਤ ਨੇ ਏਸ਼ਿਆਈ ਖੇਡਾਂ ਵਿੱਚ ਆਪਣਾ ਪ੍ਰਦਰਸ਼ਨ ਸੁਧਾਰਿਆ। ਕੁਸ਼ਤੀ ਤੇ ਮੁੱਕੇਬਾਜ਼ੀ ਵਿੱਚ ਕੋਈ ਵੀ ਸੋਨ ਤਗਮਾ ਨਾ ਜਿੱਤ ਸਕਣ ਕਰਕੇ ਦੋਵਾਂ ਖੇਡਾਂ ਵਿੱਚ ਉਮੀਦ ਨਾਲੋਂ ਮਾੜਾ ਪ੍ਰਦਰਸ਼ਨ, ਕੁਸ਼ਤੀ ਫੈਡਰੇਸ਼ਨ ਦਾ ਵਿਵਾਦ ਅਤੇ ਪਹਿਲਵਾਨਾਂ ਦਾ ਨਿਰਾਦਰ ਮਹਿੰਗਾ ਪਿਆ। ਕੁਸ਼ਤੀ ਵਿੱਚ ਇੱਕ ਚਾਂਦੀ ਤੇ ਪੰਜ ਕਾਂਸੀ ਅਤੇ ਮੁੱਕੇਬਾਜ਼ੀ ਵਿੱਚ ਇੱਕ ਚਾਂਦੀ ਤੇ ਚਾਰ ਕਾਂਸੀ ਦੇ ਤਗਮੇ ਜ਼ਰੂਰ ਜਿੱਤੇ। ਰੋਇੰਗ ਵਿੱਚ ਕੁੱਲ ਪੰਜ, ਸਤਰੰਜ ਵਿੱਚ ਦੋ, ਸੇਲਿੰਗ ਵਿੱਚ ਤਿੰਨ, ਬਰਿੱਜ, ਗੋਲਫ ਤੇ ਵੂਸ਼ੂ ਵਿੱਚ ਇੱਕ-ਇੱਕ ਚਾਂਦੀ, ਰੋਲਰ ਸਕੇਟਿੰਗ ਵਿੱਚ ਦੋ ਕਾਂਸੀ ਅਤੇ ਕੈਨੋਇੰਗ, ਸਪੀਕਤਕਰਾਅ ਤੇ ਟੇਬਲ ਟੈਨਿਸ ਵਿਚ ਇੱਕ-ਇੱਕ ਕਾਂਸੀ ਦਾ ਤਗਮਾ ਜਿੱਤਿਆ। ਵੇਟਲਿਫਟਿੰਗ ਵਿਚ ਓਲੰਪਿਕ ਮੈਡਲਿਸਟ ਮੀਰਾਬਾਈ ਚਾਨੂ, ਬੈਡਮਿੰਟਨ ਵਿਚ ਓਲੰਪਿਕ ਮੈਡਲਿਸਟ ਪੀਵੀ ਸਿੰਧੂ ਤੇ ਓਲੰਪਿਕ ਮੈਡਲਿਸਟ ਪਹਿਲਵਾਨ ਬਜਰੰਗ ਪੂਨੀਆ ਦੀ ਹਾਰ ਨੇ ਵੀ ਨਿਰਾਸ਼ ਕੀਤਾ। ਬਾਲ ਖੇਡਾਂ (ਫੁੱਟਬਾਲ, ਬਾਸਕਟਬਾਲ, ਹੈਂਡਬਾਲ ਤੇ ਵਾਲੀਬਾਲ) ਸਮੇਤ ਤੈਰਾਕੀ, ਤਲਵਾਰਬਾਜ਼ੀ, ਜਿਮਨਾਸਟਿਕ ਆਦਿ ਵਿੱਚ ਭਾਰਤ ਖਾਲੀ ਹੱਥ ਪਰਤਿਆ।ਵਿਅਕਤੀਗਤ ਵਰਗ ਦੀ ਗੱਲ ਕਰੀਏ ਤਾਂ ਸਿਰਫ ਦੋ ਹੀ ਅਥਲੀਟ ਤੇਜਿੰਦਰ ਪਾਲ ਸਿੰਘ ਤੂਰ ਤੇ ਨੀਰਜ ਚੋਪੜਾ ਹੀ ਅਜਿਹੇ ਅਥਲੀਟ ਰਹੇ ਜਿਨ੍ਹਾਂ ਨੇ ਲਗਾਤਾਰ ਦੋ ਏਸ਼ਿਆਈ ਖੇਡਾਂ ਵਿੱਚ ਸੋਨੇ ਦਾ ਤਗਮਾ ਜਿੱਤਿਆ। 32 ਅਜਿਹੇ ਖਿਡਾਰੀ ਸਨ ਜਿਨ੍ਹਾਂ ਨੇ 2 ਜਾਂ 2 ਤੋਂ ਵੱਧ ਤਗਮੇ ਜਿੱਤੇ। ਤੀਰਅੰਦਾਜ਼ ਜਯੋਤੀ ਸੁਰੇਖਾ ਤੇ ਓਜਸ ਨੇ ਸਭ ਤੋਂ ਵੱਧ 3-3 ਸੋਨੇ ਦੇ ਤਗਮੇ ਜਿੱਤੇ ਅਤੇ ਨਿਸ਼ਾਨੇਬਾਜ਼ ਐਸ਼ਵਰਿਆ ਪ੍ਰਤਾਪ ਸਿੰਘ ਤੋਮਰ ਤੇ ਈਸ਼ਾ ਸਿੰਘ ਨੇ ਸਭ ਤੋਂ ਵੱਧ 4-4 ਤਗਮੇ ਜਿੱਤੇ। ਤੋਮਰ ਨੇ 2 ਸੋਨੇ ਅਤੇ 1-1 ਚਾਂਦੀ ਤੇ ਕਾਂਸੀ ਅਤੇ ਈਸ਼ਾ ਨੇ 1 ਸੋਨੇ ਤੇ 3 ਚਾਂਦੀ ਦੇ ਤਗਮੇ ਜਿੱਤੇ ਭਾਰਤੀ ਖੇਡ ਦਲ ਨੇ ਇਕ ਦਿਨ ਵਿੱਚ ਸਭ ਤੋਂ ਵੱਧ 15 ਤਗਮੇ 1 ਅਕਤੂਬਰ ਨੂੰ ਜਿੱਤੇ ਅਤੇ ਇਕ ਦਿਨ ਵਿੱਚ ਸਭ ਤੋਂ ਵੱਧ 6 ਸੋਨੇ ਦੇ ਤਗਮੇ 7 ਅਕਤੂਬਰ ਨੂੰ ਜਿੱਤੇ। ਮੁੰਡਿਆਂ ਨੇ 15 ਸੋਨੇ ਦੇ ਤਗਮਿਆਂ ਸਮੇਤ ਕੁੱਲ 52 ਤਗਮੇ, ਕੁੜੀਆਂ ਨੇ 9 ਸੋਨੇ ਦੇ ਤਗਮਿਆਂ ਸਮੇਤ ਕੁੱਲ 46 ਤਗਮੇ ਅਤੇ ਮਿਕਸਡ ਈਵੈਂਟ ਵਿੱਚ ਦੋਵਾਂ ਨੇ 4 ਸੋਨੇ ਦੇ ਤਗਮਿਆਂ ਸਮੇਤ ਕੁੱਲ 9 ਤਗਮੇ ਜਿੱਤੇ। ਖੇਡਾਂ ਦੇ ਉਦਘਾਟਨੀ ਸਮਾਰੋਹ ਵਿੱਚ ਹਾਕੀ ਕਪਤਾਨ ਹਰਮਨਪ੍ਰੀਤ ਸਿੰਘ ਤੇ ਮੁੱਕੇਬਾਜ਼ ਲਵਲੀਨਾ 653 ਮੈਂਬਰੀ ਭਾਰਤੀ ਖੇਡ ਦਲ ਦੇ ਝੰਡਾਬਰਦਾਰ ਸਨ ਜਦੋਂਕਿ ਸਮਾਪਤੀ ਸਮਾਰੋਹ ਵਿੱਚ ਹਾਕੀ ਟੀਮ ਦਾ ਗੋਲਚੀ ਪੀ. ਸ੍ਰੀਜੇਸ਼ ਝੰਡਾਬਰਦਾਰ ਸੀ। ਦੋਵੇਂ ਹਾਕੀ ਖਿਡਾਰੀਆਂ ਨੇ ਸੋਨੇ ਅਤੇ ਲਵਲੀਨਾ ਨੇ ਚਾਂਦੀ ਦਾ ਤਗਮਾ ਜਿੱਤਿਆ।

***

## ਸਰੀ 'ਚ 'ਲੋਕ ਕਵੀ' ਗੁਰਦਾਸ ਰਾਮ ਆਲਮ ਸਾਹਿਤਕ

ਉਹਨਾਂ ਦੱਸਿਆ ਕਿ ਅਜੋਕੇ ਸਮੇਂ ਭਾਰਤ ਅੰਦਰ ਕਵੀ, ਲੇਖਕ ਅਤੇ ਪੱਤਰਕਾਰ ਜੇਲਾਂ 'ਚ ਸੁੱਟੇ ਜਾ ਰਹੇ ਹਨ, ਪਰ ਜ਼ਿਆਦਾਤਰ ਕਵੀਆਂ ਅਤੇ ਲੇਖਕਾਂ ਦੀਆਂ ਕਲਮਾਂ ਚੁੱਪ ਹਨ ਅਤੇ ਉਹਨਾਂ ਨੇ ਮੂੰਹਾਂ 'ਚ ਘੁੰਗਣੀਆਂ ਪਾਈਆਂ ਹੋਈਆਂ ਹਨ, ਜੋ ਕਿ ਸ਼ਰਮਨਾਕ ਵਰਤਾਰਾ ਹੈ।ਸਾਹਿਤਕ ਸੰਮੇਲਨ ਦੀ ਵਿਸ਼ੇਸ਼ ਖਿੱਚ ਉੱਘੇ ਲਿਖਾਰੀ ਅਸ਼ੋਕ ਬਾਂਸਲ ਮਾਨਸਾ ਦੀ ਕਿਤਾਬ 'ਮਿੱਟੀ ਨੂੰ ਫਰੋਲ ਜੋਗੀਆ' ਰਹੀ, ਜਿਸ ਰਾਹੀਂ ਉਹਨਾਂ ਮਹਾਨ ਸ਼ਾਇਰ ਗੁਰਦਾਸ ਰਾਮ ਆਲਮ ਸਮੇਤ ਵੀਹ ਸੁੱਚੇ ਮੋਤੀਆਂ ਆਪਣੀ ਕਿਤਾਬ ਵਿੱਚ ਸਜਾਇਆ ਅਤੇ ਉਹਨਾਂ ਸਾਹਿਤਕਾਰਾਂ ਨੂੰ ਯਾਦ ਕਰਵਾਇਆ, ਜਿਹੜੇ ਵਿਸਾਰ ਦਿੱਤੇ ਗਏ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਕਿਵੇਂ ਸਾਹਿਤਕਾਰਾਂ ਦੀਆਂ ਲਿਖਤਾਂ ਦੀ ਚੋਰੀ ਕਰਕੇ, ਕਈ ਬੇਈਮਾਨ ਗਾਇਕ ਉਹਨਾਂ ਦੇ ਗੀਤ ਗਾਉਂਦੇ ਰਹੇ, ਪਰ ਉਹਨਾਂ ਗੁੰਮਨਾਮ ਸ਼ਾਇਰਾਂ ਨੂੰ ਕਦੇ ਵੀ ਯਾਦ ਨਾ ਕੀਤਾ, ਜੋ ਕਿ ਅਤਿ ਦੁਖਦਾਈ ਵਰਤਾਰਾ ਹੈ। ਇਹ ਕਿਤਾਬ ਉਹਨਾਂ ਲੋਕ ਕਵੀ ਗੁਰਦਾਸ ਰਾਮ ਆਲਮ ਸੰਸਥਾ ਨੂੰ ਭੇਟ ਕੀਤੀ।

ਕਵੀ ਗੁਰਮੀਤ ਸਿੰਘ ਸੇਖੋ ਨੇ ਇਸ ਢੁੱਕਵੇਂ ਸਮੇਂ 'ਤੇ ਗੁਰਦਾਸ ਰਾਮ ਆਲਮ ਦੀ ਕਵਿਤਾ 'ਫੈਸਲਾ' ਸਰੋਤਿਆਂ ਨਾਲ ਸਾਂਝੀ ਕੀਤੀ, ਜਿਸ ਵਿੱਚ ਗੁਰੂ ਨਾਨਕ ਸਾਹਿਬ ਵੱਲੋਂ ਮਲਕ ਭਾਗੋ ਨੂੰ ਤਿਆਗ ਕੇ, 'ਭਾਈ ਲਾਲੋ ਦੇ ਘਰ ਜਾਣ ਦਾ ਫੈਸਲਾ' ਕੀਤੇ ਜਾਣ ਦਾ ਬਿਰਤਾਂਤ ਅੰਕਿਤ ਹੈ। ਲੋਕ ਕਵੀ ਗੁਰਦਾਸ ਰਾਮ ਆਲਮ ਯਾਦਗਾਰੀ ਸੰਮੇਲਨ ਮੌਕੇ ਸੰਬੋਧਨ ਕਰਨ ਵਾਲਿਆਂ ਵਿੱਚ ਭੁਪਿੰਦਰ ਸਿੰਘ ਮੱਲੀ, ਪ੍ਰਿੰਸੀਪਲ ਕਸ਼ਮੀਰਾ ਸਿੰਘ, ਦਰਸ਼ਨ ਸਿੰਘ ਅਟਵਾਲ, ਕੈਪਟਨ ਜੀਤ ਮਹਿਰਾ, ਮਾਸਟਰ ਅਮਰੀਕ ਸਿੰਘ ਲੇਹਲ, ਹਰਚੰਦ ਸਿੰਘ ਗਿੱਲ ਅਤੇ ਹਰਪਾਲ ਸਿੰਘ ਬਰਾੜ ਪ੍ਰਧਾਨ ਸੀਨੀਅਰ ਸੈਂਟਰ ਨੇ ਹਾਜ਼ਰੀ ਲਵਾਈ।

ਇਸ ਮੌਕੇ 'ਤੇ ਰਜਿੰਦਰ ਸਿੰਘ ਪੰਧੇਰ ਵੱਲੋਂ ਨਵੀਂ ਕਿਤਾਬ ਸੰਸਥਾ ਨੂੰ ਭੇਟ ਕੀਤੀ ਗਈ। ਨਾਮਵਰ ਸ਼ਾਇਰ ਮੋਹਣ ਗਿੱਲ, ਗੁਰਮੀਤ ਸਿੰਘ ਸਿੱਧੂ, ਹਰਦਮ ਸਿੰਘ ਮਾਨ, ਗੁਰਮੀਤ ਸਿੰਘ ਕਾਲਕਟ, ਅਮਰੀਕ ਸਿੰਘ ਮਾਨ, ਸ਼ਿੰਗਾਰਾ ਸਿੰਘ ਸੰਧੂ, ਮੇਘਨਾਥ ਸ਼ਰਮਾ, ਜਗਜੀਤ ਸਿੰਘ ਸੇਖੋ, ਸੁਰਜੀਤ ਸਿੰਘ ਟਿੱਬਣ, ਨਛੱਤਰ ਸਿੰਘ ਦੰਦੀਵਾਲ, ਕਿਰਪਾਲ ਸਿੰਘ ਪੰਧੇਰ, ਅਵਤਾਰ ਸਿੰਘ ਜਸਵਾਲ, ਬਖਸ਼ੀਸ਼ ਸਿੰਘ ਮਹਿਰੂਕ, ਅਵਤਾਰ ਸਿੰਘ ਧਾਲੀਵਾਲ, ਸਰਬਜੀਤ ਸਿੰਘ ਬੰਡਾਲਾ ਮੰਜਕੀ, ਦਿਲਬਾਗ ਸਿੰਘ ਬੰਡਾਲਾ, ਅਮਰੀਕਾ ਤੋਂ ਸ਼ਾਇਰ ਕੁਲਵਿੰਦਰ ਸਿੰਘ ਬਾਠ, ਸੁਰਜੀਤ ਸਿੰਘ ਬਾਠ, ਜੋਗਿੰਦਰ ਕੌਰ, ਹਰਬੰਸ ਕੌਰ, ਪ੍ਰੋਫੈਸਰ ਨਿਰਮਲ ਕੌਰ ਗਿੱਲ, ਅਵਤਾਰ ਸਿੰਘ ਢਿੱਲੋਂ, ਜਸਵੀਰ ਸਿੰਘ ਜੰਡੂ, ਸੀਤਾਰਾਮ ਅਹੀਰ, 'ਮੌਤ ਦਾ ਰੇਗਿਸਤਾਨ' ਨਾਵਲ ਦੇ ਲਿਖਾਰੀ ਚਰਨਜੀਤ ਸਿੰਘ ਸੁੱਜੋਂ, ਗੁਰਮੁੱਖ ਸਿੰਘ ਦਿਉਲ, ਪ੍ਰਗਟ ਸਿੰਘ ਧਾਲੀਵਾਲ, ਸੁਰਿੰਦਰਜੀਤ ਸਿੰਘ ਭੇਲਾ, ਪੱਤਰਕਾਰ ਰਸ਼ਪਾਲ ਸਿੰਘ ਗਿੱਲ ਅਤੇ ਸਾਹਿਤ ਪ੍ਰੇਮੀ, ਲਿਖਾਰੀ ਕਰਮਜੀਤ ਸਿੰਘ ਬੁੱਟਰ ਅਤੇ ਏਐਸ ਢਿੱਲੋਂ ਸੀਨੀਅਰ ਵਾਈਸ ਪ੍ਰਧਾਨ ਸੀਨੀਅਰ ਸੈਂਟਰ ਸਮੇਤ ਵੱਡੀ ਗਿਣਤੀ 'ਚ ਸਰੋਤੇ ਸ਼ਾਮਿਲ ਹੋਏ। 'ਸਾਹਿਤ ਮਾਫੀਆ' ਅਤੇ 'ਫਾਸ਼ੀਵਾਦੀ ਸਰਕਾਰੀ ਦਬਦਬੇ' ਤੋਂ ਪੂਰੀ ਤਰ੍ਹਾਂ ਮੁਕਤ, ਗੁਰਦਾਸ ਰਾਮ ਆਲਮ ਸਾਹਿਤ ਸੰਮੇਲਨ ਇਤਿਹਾਸਿਕ ਪੈੜਾਂ ਛੱਡ ਗਿਆ।

***

## ਇਜ਼ਰਾਈਲ-ਹਮਾਸ ਜੰਗ ਦੌਰਾਨ

ਇਨ੍ਹਾਂ ਦੇਸ਼ਾਂ ਦੇ ਅਧਿਕਾਰੀ ਹੁਣ ਫੋਨ ਕਾਲਾਂ ਅਤੇ ਮੀਟਿੰਗਾਂ ਰਾਹੀਂ ਇੱਜ਼ਤ ਬਚਾਉਣ ਲਈ ਸੰਘਰਸ਼ ਕਰ ਰਹੇ ਹਨ। ਨਿਊਯਾਰਕ ਟਾਈਮਜ਼ ਦੇ ਅਨੁਸਾਰ, ਇੱਕ ਅਰਬ ਅਧਿਕਾਰੀ ਨੇ ਕਿਹਾ ਕਿ ਕਤਰ, ਤੁਰਕੀ ਅਤੇ ਮਿਸਰ ਇਰਾਨ ਸਮੇਤ ਵੱਖ-ਵੱਖ ਪਾਰਟੀਆਂ ਨਾਲ ਗੱਲਬਾਤ ਕਰਕੇ ਇਜ਼ਰਾਈਲ-ਹਮਾਸ ਯੁੱਧ ਨੂੰ ਰੋਕਣ ਦੀ ਕੋਸ਼ਿਸ਼ ਕਰਨ ਲਈ ਅਮਰੀਕਾ ਦੇ ਨਾਲ ਕੰਮ ਕਰ ਰਹੇ ਹਨ। ਇਸ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ - ਜੇਕਰ ਇਹ ਸੰਘਰਸ਼ ਲੇਬਨਾਨ (ਹਿਜ਼ਬੁੱਲਾ) ਤੱਕ ਪਹੁੰਚਦਾ ਹੈ ਅਤੇ ਇਰਾਨ ਇਸ ਯੁੱਧ ਵਿੱਚ ਸਿੱਧਾ ਦਖਲ ਦਿੰਦਾ ਹੈ ਤਾਂ ਵੱਡੀ ਤਬਾਹੀ ਹੋਵੇਗੀ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਇਜ਼ਰਾਈਲ ਦੀ ਫ਼ੌਜ ਲੇਬਨਾਨ ਵਿੱਚ ਹਿਜ਼ਬੁੱਲਾ ਨਾਲ ਕਈ ਦਿਨਾਂ ਤੋਂ ਲੜ ਰਹੀ ਹੈ। ਹਿਜ਼ਬੁੱਲਾ ਇਜ਼ਰਾਈਲ ਦਾ ਕੱਟੜ ਦੁਸ਼ਮਣ ਹੈ। ਹਾਲਾਂਕਿ ਇਲਾਕੇ ਵਿੱਚ ਅਸ਼ਾਂਤੀ ਵਧ ਰਹੀ ਹੈ। ਇਰਾਕ ਵਿੱਚ, ਫਲਸਤੀਨੀਆਂ ਦੇ ਸਮਰਥਨ ਵਿੱਚ ਬੀਤੇ ਸ਼ੁੱਕਰਵਾਰ ਨੂੰ ਬਗਦਾਦ ਦੇ ਤਹਿਰੀਰ ਚੌਕ ਵਿੱਚ 500,000 ਤੋਂ ਵੱਧ ਲੋਕ ਇਕੱਠੇ ਹੋਏ ਸਨ। ਬਗਦਾਦ ਦੇ ਜ਼ਿਆਦਾਤਰ ਗਰੀਬ ਇਲਾਕਿਆਂ ਦੇ ਲੋਕ ਇਰਾਕ ਦੇ ਸ਼ੀਆ ਮੁਸਲਿਮ ਮੌਲਵੀ ਮੁਕਤਦਾ ਅਲ-ਸਦਰ ਦੀ ਅਗਵਾਈ ਹੇਠ ਸੜਕਾਂ 'ਤੇ ਉਤਰ ਆਏ ਸਨ। ਨਿਊਯਾਰਕ ਟਾਈਮਜ਼ ਨੇ ਇਸ ਭੀੜ ਨੂੰ ਬੇਹੱਦ ਅਨੁਸ਼ਾਸਿਤ ਦੱਸਿਆ ਅਤੇ ਲਿਖਿਆ ਕਿ ਇਹ ਲੋਕ ਸਿਰਫ਼ ਨੋ, ਇਜ਼ਰਾਈਲ-ਨੋ ਅਮਰੀਕਾ ਦੇ ਨਾਅਰੇ ਲਗਾ ਰਹੇ ਸਨ ਅਤੇ ਇਸ ਦੌਰਾਨ ਉਨ੍ਹਾਂ ਨੇ ਕੁਰਾਨ ਦੀਆਂ ਆਇਤਾਂ ਵੀ ਪੜ੍ਹੀਆਂ। ਸ਼ੁੱਕਰਵਾਰ ਨੂੰ ਜਾਰਡਨ, ਬਹਿਰੀਨ ਅਤੇ ਲੇਬਨਾਨ ਵਿੱਚ ਵੀ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਸਨ। ਸਾਊਦੀ ਵਿਸ਼ਲੇਸ਼ਕ ਅਤੇ ਹਾਰਵਰਡ ਦੇ ਬੇਲਫਰ ਸੈਂਟਰ ਵਿੱਚ ਮੱਧ ਪੂਰਬ ਦੇ ਸੀਨੀਅਰ ਸਾਥੀ ਮੁਹੰਮਦ ਅਲਯਾਹ ਨੇ ਕਿਹਾ, ਖੇਤਰ ਦੇ ਬਹੁਤ ਸਾਰੇ ਦੇਸ਼ਾਂ ਦੇ ਨੌਜਵਾਨ ਲੋਕ ਇਸ ਨੂੰ (ਇਜ਼ਰਾਈਲ-ਹਮਾਸ ਯੁੱਧ) ਨੂੰ ਸਨਮਾਨ ਦੇ ਸਰੋਤ ਵਜੋਂ ਦੇਖ ਰਹੇ ਹਨ। ਹਾਲਾਂਕਿ ਇਹ ਖ਼ਤਰਨਾਕ ਯੁੱਧ ਹੈ। ਟਾਈਮਜ਼ ਨਾਲ ਗੱਲ ਕਰਨ ਵਾਲੇ ਆਮ ਲੋਕਾਂ ਨੇ ਕਿਹਾ ਕਿ ਉਹ ਇਜ਼ਰਾਈਲੀ ਨਾਗਰਿਕਾਂ, ਖਾਸ ਤੌਰ 'ਤੇ ਔਰਤਾਂ ਅਤੇ ਬੱਚਿਆਂ ਦੀ ਹੱਤਿਆ ਤੋਂ ਦੁਖੀ ਹਨ, ਪਰ ਉਨ੍ਹਾਂ ਨੇ ਕਿਹਾ ਕਿ ਇਜ਼ਰਾਈਲ ਦੇ ਘਿਣਾਉਣੇ, ਬਸਤੀਵਾਦੀ ਸ਼ੈਲੀ ਦੇ ਕਬਜ਼ੇ ਨੇ ਫਲਸਤੀਨੀ ਗੁੱਸੇ ਨੂੰ ਭੜਕਾਇਆ ਹੈ। ਹਾਲਾਂਕਿ, ਕੁਝ ਲੋਕਾਂ ਨੇ ਇਜ਼ਰਾਈਲੀ ਹਮਲਿਆਂ ਨੂੰ ਜਾਇਜ਼ ਦੱਸਿਆ ਹੈ।

ਬੀਤੇ ਦਿਨੀਂ ਲਿਬਨਾਨ ਦੇ ਇਕ ਦਿਨਾ ਦੌਰੇ 'ਤੇ ਆਏ ਇਰਾਨ ਦੇ ਵਿਦੇਸ਼ ਮੰਤਰੀ ਹੁਸੈਨ ਅਮੀਰ ਅਬਦੁੱਲਾ ਯਾਨ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਇਜ਼ਰਾਈਲ ਦੇ ਗ਼ਾਜ਼ਾ ਪੱਟੀ 'ਤੇ ਹਮਲੇ ਤੁਰੰਤ ਬੰਦ ਨਾ ਹੋਏ ਤਾਂ ਇਹ ਜੰਗ ਮੱਧ ਪੂਰਬ ਦੇ ਹੋਰ ਹਿੱਸਿਆਂ ਵਿੱਚ ਵੀ ਫੈਲ ਸਕਦੀ ਹੈ। ਆਪਣੇ ਲਿਬਨਾਨ ਦੇ ਹਮਰੁਤਬਾ ਨਾਲ ਬੈਠਕ ਕਰਨ ਬਾਅਦ ਦੋਵੇਂ ਵਿਦੇਸ਼ ਮੰਤਰੀਆਂ ਨੇ ਗ਼ਾਜ਼ਾ ਪੱਟੀ 'ਤੇ ਇਜ਼ਰਾਈਲ ਨੂੰ ਹਮਲੇ ਬੰਦ ਕਰਨ ਲਈ ਕਿਹਾ ਹੈ, ਅਜਿਹੀਆਂ ਚਿੰਤਾਵਾਂ ਹਨ ਕਿ ਇਹ ਜੰਗ ਲੇਬਨਾਨ ਤੱਕ ਫੈਲ ਸਕਦੀ ਹੈ। ਇਜ਼ਰਾਈਲ ਬੀਤੇ ਦਿਨੀਂ ਸੀਰੀਆ ਦੇ 2 ਅੰਤਰਰਾਸ਼ਟਰੀ ਹਵਾਈ ਅੱਡਿਆਂ ਨੂੰ ਨਿਸ਼ਾਨਾ ਬਣਾ ਚੁੱਕਾ ਹੈ । ਅਮੀਰ ਅਬਦੁੱਲਾਯਾਨ ਨੇ ਕਿਹਾ ਕਿ ਕਿੰਨੀ ਹਾਸੋਹੀਣੀ ਗੱਲ ਹੈ ਕਿ ਅਮਰੀਕਾ ਇੱਕ ਪਾਸੇ ਦੀਆਂ ਧਿਰਾਂ ਨੂੰ ਸੰਜਮ ਵਰਤਣ ਲਈ ਕਹਿ ਰਿਹਾ ਹੈ ਤੇ ਨਕਲੀ ਯਹੂਦੀ ਹਸਤੀ (ਇਜ਼ਰਾਈਲ) ਨੂੰ ਗਾਜ਼ਾ ਵਿੱਚ ਔਰਤਾਂ, ਬੱਚਿਆਂ ਤੇ ਨਾਗਰਿਕਾਂ ਨੂੰ ਮਾਰਨ ਲਈ ਹੱਲਾਸ਼ੇਰੀ ਦੇ ਰਿਹਾ ਹੈ । ਉਨ੍ਹਾਂ ਕਿਹਾ ਕਿ ਹਮਾਸ ਨੇ ਪਿਛਲੇ ਹਫ਼ਤੇ ਜੋ ਕੁਝ ਕੀਤਾ ਹੈ ਉਹ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਦੀਆਂ ਨੀਤੀਆਂ ਦਾ ਜਵਾਬ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਜ਼ਰਾਈਲ-ਹਮਾਸ ਵਿਚਕਾਰ ਛਿੜੇ ਯੁੱਧ ਸਬੰਧੀ ਮਹੱਤਵਪੂਰਨ ਬਿਆਨ ਦਿੰਦਿਆਂ ਮਨੁੱਖਤਾ ਲਈ ਸ਼ਰਮਨਾਕ ਕਰਾਰ ਦਿੰਦਿਆਂ ਆਖਿਆ ਹੈ ਕਿ ਜੇਕਰ ਇਸ ਦੁਵੱਲੀ ਜੰਗ ਨੂੰ ਤੁਰੰਤ ਨਾ ਰੋਕਿਆ ਗਿਆ ਤਾਂ ਹਾਲਾਤ ਵਿਸ਼ਵ ਜੰਗ ਵੱਲ ਵੱਧ ਸਕਦੇ ਹਨ, ਜੋ ਮਨੁੱਖੀ ਸੱਭਿਅਤਾ ਲਈ ਮਾਰੂ ਸਾਬਤ ਹੋ ਸਕਦੀ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਬਿਆਨ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਅਸੀਂ ਹਮਾਸ ਦੁਆਰਾ ਇਜ਼ਰਾਈਲ ਉੱਪਰ ਅਤੇ ਇਜ਼ਰਾਈਲ ਦੁਆਰਾ ਗਾਜ਼ਾ ਪੱਟੀ ਉੱਪਰ ਕੀਤੇ ਗਏ ਹਮਲਿਆਂ ਦੌਰਾਨ ਮਨੁੱਖਤਾ ਦੇ ਹੋਏ ਭਾਰੀ ਘਾਣ ਦੀ ਘੋਰ ਨਿੰਦਾ ਕਰਦੇ ਹਾਂ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਿਰਮਲ ਪੰਥ ਦਾ ਰਾਹ ਦਿਸੇਰਾ ਹੋਣ ਦੇ ਨਾਤੇ ਲੋਕਾਈ ਨੂੰ ਇਹ ਸੁਨੇਹਾ ਦੇਣਾ ਚਾਹੁੰਦਾ ਹੈ ਕਿ ਸੰਸਾਰ ਭਰ ਦੇ ਧਰਮ, ਦੇਸ਼, ਸਮਾਜ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਇਸ ਜੰਗ ਨੂੰ ਤੁਰੰਤ ਰੋਕਣ ਵਿੱਚ ਆਪਣਾ ਯੋਗਦਾਨ ਪਾਉਣ। ਉਨ੍ਹਾਂ ਕਿਹਾ ਕਿ ਹਮਾਸ ਦੁਆਰਾ ਇਜ਼ਰਾਈਲ 'ਤੇ ਕੀਤੇ ਜਾ ਰਹੇ ਹਮਲਿਆਂ ਦਰਮਿਆਨ ਔਰਤਾਂ ਦੀ ਘੋਰ ਬੇਪਤੀ ਅਤੇ ਗਾਜ਼ਾ ਪੱਟੀ 'ਤੇ ਇਜ਼ਰਾਈਲੀ ਹਮਲਿਆਂ ਦੌਰਾਨ ਹਜ਼ਾਰਾਂ ਲੋਕਾਂ ਦੇ ਕਤਲੇਆਮ ਨੇ ਮਨੁੱਖਤਾ ਨੂੰ ਬੁਰੀ ਤਰ੍ਹਾਂ ਝੰਜੋੜਿਆ ਹੈ। ਇਸੇ ਤਰ੍ਹਾਂ ਇਜ਼ਰਾਈਲ ਵੱਲੋਂ ਗਾਜ਼ਾ ਪੱਟੀ 'ਚ ਆਮ ਨਾਗਰਿਕਾਂ ਲਈ ਬਿਜਲੀ, ਪਾਣੀ ਅਤੇ ਖੁਰਾਕ ਸਪਲਾਈ ਬੰਦ ਕਰ ਦੇਣ ਕਾਰਨ ਆਮ ਲੋਕ ਭੁੱਖ ਤੇ ਪਿਆਸ ਨਾਲ ਤੜਫ ਰਹੇ ਹਨ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਅਸੀਂ ਅਮਰੀਕਾ, ਚੀਨ, ਭਾਰਤ ਤੇ ਹੋਰ ਪੱਛਮੀ ਦੇਸ਼ਾਂ ਨੂੰ ਅਪੀਲ ਕਰਦੇ ਹਾਂ ਕਿ ਇਸ ਤੋਂ ਪਹਿਲਾਂ ਕਿ ਇਜ਼ਰਾਈਲ-ਹਮਾਸ ਯੁੱਧ ਦੇ ਹਾਲਾਤ ਤੀਜੇ ਵਿਸ਼ਵ ਯੁੱਧ ਵਿੱਚ ਬਦਲ ਜਾਣ, ਇਸ ਮਸਲੇ 'ਤੇ ਨਿਆਂਪੂਰਨ ਤਰੀਕੇ ਨਾਲ ਯੂ.ਐਨ.ਓ. ਦੀ ਅਗਵਾਈ ਵਿੱਚ ਕੋਈ ਨਿਆਂਕਾਰੀ ਹੱਲ ਕੱਢਿਆ ਜਾਵੇ ਤਾਂ ਜੋ ਮਨੁੱਖਤਾ ਨੂੰ ਤਬਾਹ ਹੋਣ ਤੋਂ ਬਚਾਇਆ ਜਾ ਸਕੇ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਵਿਸ਼ਵ ਭਰ 'ਚ ਵੱਸਦੇ ਸਿੱਖਾਂ ਨੂੰ ਇਨ੍ਹਾਂ ਹਾਲਾਤਾਂ ਵਿੱਚ ਅਮਨ-ਸ਼ਾਂਤੀ ਦੇ ਦੂਤ ਬਣ ਕੇ ਵਿਸ਼ਵ ਸ਼ਾਂਤੀ ਦੀ ਅਰਦਾਸ ਕਰਨੀ ਚਾਹੀਦੀ ਹੈ।

***

## ਹਮਾਸ ਤੇ ਇਜ਼ਰਾਈਲ ਵਿੱਚ ਛਿੜੇ ਯੁੱਧ

ਦੌਰਾ ਕੀਤਾ ਸੀ। ਪ੍ਰਧਾਨ ਮੰਤਰੀ ਮੋਦੀ ਤਾਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਹਨ, ਜਿਹੜੇ 2018 ਵਿੱਚ ਫਲਸਤੀਨ ਗਏ ਸਨ। ਉਨ੍ਹਾਂ ਤੋਂ ਪਹਿਲਾਂ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਤੇ ਵਿਦੇਸ਼ ਰਾਜ ਮੰਤਰੀ ਐੱਮ ਜੇ ਅਕਬਰ ਵੀ ਫਲਸਤੀਨ ਗਏ ਸਨ ।

ਇਸੇ ਕਾਰਨ ਭਾਰਤ ਦੇ ਵਿਦੇਸ਼ ਮੰਤਰਾਲੇ ਵੱਲੋਂ ਮੋਦੀ ਦੇ ਬਿਆਨ ਤੋਂ ਬਾਅਦ ਸਫਾਈ ਪੇਸ਼ ਕੀਤੀ ਗਈ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਬੀਤੇ ਦਿਨੀਂ ਕਿਹਾ ਸੀ ਕਿ ਸਾਡੀ ਨੀਤੀ ਲੰਮੇ ਸਮੇਂ ਤੋਂ ਅਤੇ ਲਗਾਤਾਰ ਇਹੋ ਰਹੀ ਹੈ ਕਿ ਭਾਰਤ ਮਾਨਤਾ ਪ੍ਰਾਪਤ ਸਰਹੱਦਾਂ ਵਿੱਚ ਰਹਿਣ ਵਾਲੇ ਇੱਕ ਖ਼ੁਦਮੁਖ਼ਤਾਰ, ਅਜ਼ਾਦ ਤੇ ਵਿਹਾਰਕ ਫਲਸਤੀਨੀ ਰਾਜ ਦੀ ਸਥਾਪਨਾ ਅਤੇ ਇਜ਼ਰਾਈਲ ਸੰਗ ਸ਼ਾਂਤੀ ਨਾਲ ਰਹਿਣ ਵਾਸਤੇ ਗੱਲਬਾਤ ਸ਼ੁਰੂ ਕਰਨ ਦੀ ਵਕਾਲਤ ਕਰਦਾ ਹੈ। ਇਸ ਦੇ ਨਾਲ ਹੀ ਅਸੀਂ ਕਿਸੇ ਵੀ ਅੱਤਵਾਦੀ ਕਾਰਵਾਈ ਦੀ ਅਲੋਚਨਾ ਕਰਦੇ ਹਾਂ। ਵਿਦੇਸ਼ ਮੰਤਰਾਲੇ ਨੇ ਇੰਜ ਕਰਕੇ ਪ੍ਰਧਾਨ ਮੰਤਰੀ ਵੱਲੋਂ ਸਿਰ ਪਰਨੇ ਕਰ ਦਿੱਤੀ ਗਈ ਵਿਦੇਸ਼ ਨੀਤੀ ਨੂੰ ਪੈਰਾਂ ਸਿਰਫ਼ ਕਰਨ ਦੀ ਕੋਸ਼ਿਸ਼ ਕੀਤੀ ਹੈ ।

***

## ਪਾਣੀਆਂ ਦੀ ਰਾਖੀ ਦੇ ਮੁੱਦੇ ਉੱਪਰ ਭਗਵੰਤ ਮਾਨ

ਦੋਵੇਂ ਪ੍ਰਮੁੱਖ ਮੰਨੀਆਂ ਜਾਂਦੀਆਂ ਪਾਰਟੀਆਂ ਕਾਂਗਰਸ ਤੇ ਅਕਾਲੀ ਦਲ ਨੂੰ ਮਿਲਾ ਕੇ 42 ਫ਼ੀਸਦੀ ਵੋਟਾਂ ਨਹੀਂ ਮਿਲੀਆਂ। ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਹੋ ਸਕਦਾ ਹੈ ਕਿ ਉਹ ਕਾਂਗਰਸ, ਅਕਾਲੀ ਦਲ ਤੇ ਭਾਜਪਾ ਦੀਆਂ ਭੂਤਕਾਲ ਵਿਚ ਕੀਤੀਆਂ ਗ਼ਲਤੀਆਂ ਨੂੰ ਉਭਾਰ ਕੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਕੋਈ ਫਾਇਦਾ ਪ੍ਰਾਪਤ ਕਰ ਲੈਣ, ਪਰ ਇਸ ਵੇਲੇ ਜਦੋਂ ਪੰਜਾਬੀਆਂ ਦੀ ਏਕਤਾ ਦੀ ਸਭ ਤੋਂ ਵੱਧ ਲੋੜ ਹੈ, ਉਸ ਵੇਲੇ ਆਪਸੀ ਲੜਾਈ ਪਾ ਕੇ ਉਹ ਪੰਜਾਬ ਦਾ ਭਲਾ ਨਹੀਂ ਕਰ ਰਹੇ। ਇਸ ਵੇਲੇ ਲੋੜ ਹੈ ਕਿ ਉਹ ਮੁੱਖ ਮੰਤਰੀ ਵਜੋਂ ਪੰਜਾਬੀ ਪਰਿਵਾਰ ਦੇ ਮੁਖੀ ਵਜੋਂ ਸਾਰੀਆਂ ਧਿਰਾਂ ਨੂੰ ਨਾਲ ਲੈ ਕੇ ਇਕ ਸਾਂਝੀ ਰਣਨੀਤੀ ਉਲੀਕਣ ਤਾਂ ਜੋ ਪੰਜਾਬ ਦੇ ਪਾਣੀ ਜੋ ਸੰਵਿਧਾਨਕ ਤੌਰ 'ਤੇ 100 ਫ਼ੀਸਦੀ ਪੰਜਾਬ ਦੇ ਹਨ, ਦੀ ਮਾਲਕੀ ਵਾਪਸ ਲੈਣ ਲਈ ਕੋਈ ਰਾਹ ਲੱਭ ਸਕੇ। ਇਸ ਵੇਲੇ ਤਾਂ ਪੰਜਾਬੀ ਏਕਤਾ ਦਾ ਸਬੂਤ ਦਿੰਦੇ ਹੋਏ ਪੰਜਾਬ ਵਿਧਾਨ ਸਭਾ ਵਿੱਚ ਵਾਰ-ਵਾਰ ਕੀਤੀ ਗਈ ਹਦਾਇਤ ਕਿ ਸਰਕਾਰ ਪੰਜਾਬ ਦੇ ਪਾਣੀਆਂ ਦੀ ਰਾਇਲਟੀ ਲੈਣ ਲਈ ਕੁਝ ਕਰੇ 'ਤੇ ਅਮਲ ਕਰਨ ਲਈ ਅਮਲੀ ਰਣਨੀਤੀ ਉਲੀਕੀ ਜਾਵੇ। ਇਸ ਲਈ ਵਿਧਾਨ ਸਭਾ ਵਿੱਚ ਪਾਸ ਪਾਣੀਆਂ ਦੇ ਸਮਝੌਤੇ ਰੱਦ ਕਰਨ ਦੇ ਕਾਨੂੰਨ ਦੀ ਧਾਰਾ 5 ਨੂੰ ਖ਼ਤਮ ਕਰਨਾ ਚਾਹੀਦਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਜਿੰਨਾ ਪਾਣੀ ਬਾਹਰੀ ਰਾਜਾਂ ਨੂੰ ਜਾ ਰਿਹਾ ਹੈ, ਜਾਂਦਾ ਰਹੇਗਾ। ਇਸ ਧਾਰਾ ਦੀ ਥਾਂ ਇਹ ਪਾਸ ਕੀਤਾ ਜਾਣਾ ਚਾਹੀਦਾ ਹੈ ਕਿ ਪੰਜਾਬ ਦੀ ਵਰਤੋਂ ਤੋਂ ਬਾਅਦ ਬਚਦਾ ਪਾਣੀ ਪੰਜਾਬ ਤੋਂ ਬਾਹਰਲੇ ਸੂਬਿਆਂ ਚਾਹੇ ਉਹ ਰਾਜਸਥਾਨ ਹੋਵੇ, ਦਿੱਲੀ ਹੋਵੇ, ਹਰਿਆਣਾ ਹੋਵੇ ਜਾਂ ਕੋਈ ਵੀ ਹੋਰ ਹੋਵੇ, ਨੂੰ ਇਕ ਜਾਇਜ਼ ਕੀਮਤ ਲੈ ਕੇ ਦਿੱਤਾ ਜਾਇਆ ਕਰੇਗਾ। ਦੂਸਰਾ ਇਹ ਕਿ ਇਹ ਪਾਣੀ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਵੀ 1935 ਦੇ ਭਾਰਤ ਸਰਕਾਰ ਐਕਟ ਦੀ 7ਵੀਂ ਅਨੁਸੂਚੀ ਦੀ ਧਾਰਾ 19 ਅਨੁਸਾਰ ਅਤੇ ਆਜ਼ਾਦ ਭਾਰਤ ਦੇ ਸੰਵਿਧਾਨ ਦੀ 7ਵੀਂ ਅਨੁਸੂਚੀ ਦੀ ਧਾਰਾ 17 ਅਨੁਸਾਰ ਰਿਪੇਰੀਅਨ ਰਾਜਾਂ ਦਾ ਮਾਮਲਾ ਹੈ। ਸੋ, ਇਸ ਵਿਚ ਕੇਂਦਰ ਸਰਕਾਰ ਜਾਂ ਸੁਪਰੀਮ ਕੋਰਟ ਦਖ਼ਲ ਨਹੀਂ ਦੇ ਸਕਦੀ। ਇਸ ਦੇ ਨਾਲ ਹੀ ਪੰਜਾਬ ਪੁਨਰਗਠਨ ਐਕਟ ਦੀਆਂ 78, 79 ਅਤੇ 80 ਧਾਰਾਵਾਂ ਜੋ ਕੇਂਦਰ ਨੂੰ ਧੱਕੇ ਨਾਲ ਦਖਲ ਦੇਣ ਦੇ ਸਮਰੱਥ ਬਣਾ ਰਹੀਆਂ ਹਨ ਤੇ ਸੰਵਿਧਾਨ ਦੀ ਭਾਵਨਾ ਦੇ ਵੀ ਉਲਟ ਹਨ, ਨੂੰ ਰੱਦ ਕਰਵਾਉਣ ਲਈ ਸੁਪਰੀਮ ਕੋਰਟ ਵਿੱਚ ਦਹਾਕਿਆਂ ਤੋਂ ਪਈ ਰਿਟ ਪਟੀਸ਼ਨ ਦੁਬਾਰਾ ਖੁੱਲ੍ਹਵਾਉਣ ਲਈ ਨਵੀਂ ਰਿਟ ਪਟੀਸ਼ਨ ਪਾਉਣ ਲਈ ਸੰਵਿਧਾਨ ਦੇ ਮਾਹਿਰ ਵਕੀਲਾਂ ਨਾਲ ਸਲਾਹ ਮਸ਼ਵਰਾ ਕਰਕੇ ਕਾਰਵਾਈ ਕਰਨ ਦਾ ਮਤਾ ਪਾਸ ਕੀਤਾ ਜਾਣਾ ਚਾਹੀਦਾ ਹੈ।

***

## ਕਿਤੇ ਜ਼ਿਆਦਾ ਚੰਗੇ ਸਨ ਅਜੋਕੇ

ਪਿੰਡ ਦੇ ਬਾਹਰਵਾਰ ਖੁੱਲ੍ਹੇ ਥਾਂ ਕੁੜੀਆਂ ਤੀਆਂ ਲਾਉਂਦੀਆਂ, ਪਿੱਪਲੀਂ ਪੀਂਘਾਂ ਪਾਉਂਦੀਆਂ ਅਤੇ ਆਪਣੇ ਦੁੱਖ-ਸੁੱਖ ਸਾਂਝੇ ਕਰਦੀਆਂ। ਜੇ ਕਿਤੇ ਕੋਈ ਮੁੰਡਾ ਭੁੱਲ-ਭੁਲੇਖੇ ਵੀ ਕੋਲੋਂ ਲੰਘ ਜਾਂਦਾ ਤਾਂ ਕੁੜੀਆਂ ਬੋਲੀ ਚੁੱਕ ਦੀਆਂ 'ਤੀਰ ਤੀਰ ਤੀਰ ਭੈਣਾਂ ਖੇਡਦੀਆਂ ਸ਼ਰਮਿੰਦੇ ਵੇਖਣ ਵੀਰ।'

ਮੁੰਡੇ ਵੱਖਰੀ ਬਾਹੀ ਘੋਲ ਕਬੱਡੀ ਖੇਡਦੇ। ਖੀਰ-ਪੂੜੇ ਹਰ ਘਰ ਬਣਦੇ। ਘਰ ਦੀ ਸੁਆਣੀ ਨੇ ਖੀਰ ਤੇ ਪੂੜੇ ਤਿਆਰ ਕਰਨੇ। ਆਟੇ ਵਿੱਚ ਗੁੜ ਘੋਲ ਕੇ ਘੋਲ ਤਿਆਰ ਕਰਨਾ। ਫਿਰ ਕੌਲੀ ਜਾਂ ਕੜਛੀ ਨਾਲ ਤਵੇ 'ਤੇ ਘੋਲ ਪਾ ਕੇ ਪਿੱਪਲ ਦੇ ਪੱਤੇ ਨਾਲ ਘੋਲ ਨੂੰ ਪੂਰੇ ਤਵੇ 'ਤੇ ਫੈਲਾ ਕੇ ਪੂੜੇ ਦਾ ਰੂਪ ਦੇਣਾ। ਪਹਿਲਾ ਪੂੜਾ ਚਿੜੀਆਂ-ਕਾਵਾਂ ਲਈ ਕੱਢਣਾ। ਆਮ ਤੌਰ 'ਤੇ ਖੀਰ-ਪੂੜੇ ਬਣਾਉਣ ਲਈ ਐਤਵਾਰ ਜਾਂ ਕੋਈ ਠੰਢਾ ਦਿਨ ਚੁਣਿਆ ਜਾਂਦਾ। ਛੋਲਿਆਂ ਦੀ ਦਾਲ ਵਾਲੀਆਂ ਰੋਟੀਆਂ ਵੀ ਕਈ ਘਰੀਂ ਬਣਦੀਆਂ। ਹੁਣ-ਖੀਰ ਪੂੜੇ ਬਣਾਉਣ ਦਾ ਤਰੱਦਦ ਕੋਈ ਘਰ ਹੀ ਕਰਦਾ ਹੈ। ਨਹੀਂ ਤਾਂ ਦੁਕਾਨ ਤੋਂ ਹੀ ਮਾਹਲ-ਪੂੜੇ ਤੇ ਖੀਰ ਵੇਰਕਾ ਮਿਲਕ ਪਲਾਂਟ ਦੇ ਸਟਾਲਾਂ ਤੋਂ ਆ ਜਾਂਦੀ ਹੈ। ਬਸ ਹੁਣ ਤਾਂ ਉਹ ਦਿਨ ਯਾਦ ਬਣ ਕੇ ਹੀ ਰਹਿ ਗਏ ਹਨ।

****

## ਲੋਕ ਸਭਾ ਚੋਣਾਂ ਦਾ ਸੈਮੀਫਾਈਨਲ

ਖੈਰ, ਭਾਜਪਾ ਨੂੰ ਇੱਥੇ ਬਹੁਤ ਮਿਹਨਤ ਦੀ ਲੋੜ ਹੈ। ਇਨ੍ਹਾਂ ਚੋਣਾਂ ਵਿੱਚ ਭਾਜਪਾ ਦੇ ਸਾਹਮਣੇ ਮੁੱਦਿਆਂ ਦੀ ਵੀ ਘਾਟ ਹੈ। ਕਰਨਾਟਕ ਵਿੱਚ ਧਰੁਵੀਕਰਨ ਦੀ ਉਸ ਦੀ ਪਹਿਲਾਂ ਅਜ਼ਮਾਈ ਅਤੇ ਸਫ਼ਲ ਰਣਨੀਤੀ ਨਾਕਾਮ ਰਹੀ ਹੈ, ਜੋ ਉਸ ਲਈ ਚਿੰਤਾ ਦਾ ਵਿਸ਼ਾ ਹੈ। ਉਸ ਰਾਜ ਵਿੱਚ ਆਪਣੇ ਲਗਭਗ ਚਾਰ ਸਾਲਾਂ ਦੇ ਸ਼ਾਸਨ ਦੌਰਾਨ ਪਿਛਲੀਆਂ ਚੋਣਾਂ ਤੱਕ ਹਿਜਾਬ ਤੋਂ ਲੈ ਕੇ ਬਜਰੰਗਬਲੀ ਦੀ ਖੇਡ ਖੇਡਣ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਜਨਤਾ ਨੇ ਇਸ ਨੂੰ ਰੱਦ ਕਰ ਦਿੱਤਾ ਸੀ। ਇਸ ਦੇ ਉਲਟ ਕੰਨੜ ਲੋਕਾਂ ਨੇ ਕਾਂਗਰਸ ਦੇ ਸਸ਼ਕਤੀਕਰਨ ਦੇ ਰਾਹ ਨੂੰ ਤਰਜੀਹ ਦਿੱਤੀ। ਰਾਜਸਥਾਨ ਅਤੇ ਛੱਤੀਸਗੜ੍ਹ ਦੀਆਂ ਸਰਕਾਰਾਂ ਨੇ ਜਿਸ ਤਰ੍ਹਾਂ ਜ਼ਮੀਨੀ ਮੁੱਦਿਆਂ ਨੂੰ ਪਹਿਲ ਦਿੱਤੀ ਹੈ ਅਤੇ ਲੋਕਾਂ ਨੂੰ ਤਾਕਤ ਦਿੱਤੀ ਹੈ, ਉਹ ਲੋਕਾਂ ਦੇ ਧਿਆਨ ਵਿੱਚ ਆ ਰਿਹਾ ਹੈ। ਰਾਜਸਥਾਨ ਵਿੱਚ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਅਤੇ ਸਸਤੇ ਸਿਲੰਡਰ ਦੀ ਸਪਲਾਈ, ਛੱਤੀਸਗੜ੍ਹ ਵਿੱਚ ਨਿਆਏ ਯੋਜਨਾਵਾਂ ਦੀ ਸਫਲਤਾ, ਕਿਸਾਨਾਂ ਨੂੰ ਉਨ੍ਹਾਂ ਦੇ ਉਤਪਾਦਾਂ ਲਈ ਬਿਹਤਰ ਘੱਟੋ-ਘੱਟ ਸਮਰਥਨ ਮੁੱਲ ਆਦਿ ਵਰਗੇ ਕਦਮ ਵੀ ਲੋਕਾਂ ਵੱਲੋਂ ਪਸੰਦ ਕੀਤੇ ਜਾ ਰਹੇ ਹਨ। ਦੂਜੇ ਪਾਸੇ ਮੱਧ ਪ੍ਰਦੇਸ਼ ਵਿੱਚ ਪ੍ਰਸ਼ਾਸਨਿਕ ਨਾਕਾਮੀ ਕਾਰਨ ਚੌਹਾਨ ਦੀਆਂ ਮੁਸ਼ਕਲਾਂ ਕਾਫੀ ਵੱਧ ਗਈਆਂ ਹਨ। ਇਨ੍ਹਾਂ ਸੂਬਿਆਂ 'ਚ ਭਾਜਪਾ ਅਤੇ ਕਾਂਗਰਸ ਵਿਚਾਲੇ ਸਿੱਧੀ ਟੱਕਰ ਹੋਣ ਕਾਰਨ ਕਰਨਾਟਕ ਅਤੇ ਹਿਮਾਚਲ ਪ੍ਰਦੇਸ਼ ਵਾਂਗ ਕਾਂਗਰਸ ਨੂੰ ਫਾਇਦਾ ਮਿਲ ਸਕਦਾ ਹੈ। ਕੁਝ ਛੋਟੀਆਂ ਪਾਰਟੀਆਂ ਵੀ ਚੋਣ ਲੜ ਰਹੀਆਂ ਹਨ ਪਰ ਲੱਗਦਾ ਨਹੀਂ ਕਿ ਭਾਜਪਾ ਨੂੰ ਇਨ੍ਹਾਂ ਦਾ ਕੋਈ ਫਾਇਦਾ ਹੋਵੇਗਾ ਕਿਉਂਕਿ ਹੁਣ ਵੋਟਰ ਇਸ ਵੱਲ ਜ਼ਿਆਦਾ ਧਿਆਨ ਨਹੀਂ ਦੇ ਰਹੇ। ਭਾਜਪਾ ਅਤੇ ਉਸ ਦੇ ਸਮਰਥਕਾਂ ਵੱਲੋਂ ਇਸ ਨੂੰ ਵਿਰੋਧਾਭਾਸ ਕਹਿਣ ਦੀਆਂ ਕੋਸ਼ਿਸ਼ਾਂ ਵੀ ਨਾਕਾਮ ਹੋ ਰਹੀਆਂ ਹਨ। ਉਹ ਜਾਣਦੇ ਹਨ ਕਿ 'ਇੰਡੀਆ' ਗਠਜੋੜ ਲੋਕ ਸਭਾ ਲਈ ਹੈ।

## ਮਾਲਵੇ ਦਾ ਰੌਬਿਨ ਹੁਡ

ਪੁਕਾਰਦਾ" "ਜਾਨ ਤੇਰੀ ਛੱਡੀ ਦੇਖੀਂ ਜਾਈਂ ਨਾ ਤੂੰ ਠਾਣੇ ਵਿੱਚ।" ਇਸ ਤਰ੍ਹਾਂ ਬੂੜ ਸਿੰਘ ਨੇ "ਦੋਹੀ ਫੇਰੀ ਜਿਉਣੇ ਮੌੜ ਵਾਂਗ, ਲੁਟਿਆ ਅਲਾਕਾ ਕੋਈ ਮੂਲ ਨਾ ਹਟਾਂਵਦਾ।"

ਇਨ੍ਹਾਂ ਵਾਰਦਾਤਾਂ ਦੀ ਖ਼ਬਰ ਸਰਕਾਰ ਨੂੰ ਮਿਲੀ ਤਾਂ "ਬੋਲੇ ਅੰਗਰੇਜ਼ ਜੱਟ ਆਕੀ ਹੋਇਆ ਦੁੱਲੇ ਵਾਂਗ" ਪਰ "ਹੱਥ ਨਹੀਂ ਪਾਂਦੇ ਸਾਰੇ ਜਾਨ ਨੂੰ ਬਚਾਂਵਦੇ।" ਸਰਕਾਰ ਨੇ ਜ਼ੋਰ ਪਾਇਆ ਤਾਂ ਅੰਤ ਕਈ ਥਾਣਿਆਂ ਦੀ ਪੁਲਿਸ ਉਸ ਦੇ ਪਿੱਛੇ ਲੱਗ ਗਈ ਪਰ "ਭਾਲ ਰਿਹਾ ਠਾਣਾ ਨਾਹੀਂ ਲੱਗਦਾ ਸੀ ਪਤਾ ਕਿਤੋਂ" ਸਾਰੇ ਹੈਰਾਨ ਪ੍ਰੇਸ਼ਾਨ "ਅਕਲ ਹੋਵੇ ਦੰਗ ਕਿਤੋਂ ਹੱਥ ਬੀ ਨਾ ਆਇਆ ਹੈ।" ਬੂੜ ਸਿੰਘ ਦੇ ਕਿਸੇ ਪਿੰਡ ਵਿਚ ਹੋਣ ਦੀ ਸੂਹ ਮਿਲਣ ਉੱਤੇ ਪੁਲਿਸ ਉੱਥੇ ਪੁੱਜਦੀ ਤਾਂ "ਦੱਸਦਾ ਨਾ ਪਿੰਡ ਵਿਚੋਂ ਕੋਈ ਹਾਲ ਜੀ।ਲਾਇ ਕੇ ਤੇ ਜੋਰ ਸਾਰਾ ਰਹੇ ਭਾਲ ਜੀ।"

ਆਖ਼ਰ ਪਿੰਡ ਦੇ ਜ਼ੈਲਦਾਰ ਵੱਲੋਂ ਕੀਤੀ ਮੁਖ਼ਬਰੀ ਉੱਤੇ ਪੁਲਿਸ ਨੇ ਉਸ ਘਰ ਨੂੰ ਘੇਰਾ ਪਾ ਲਿਆ ਜਿੱਥੇ ਬੂੜ ਸਿੰਘ ਲੁਕਿਆ ਹੋਇਆ ਸੀ।ਦੋਵਾਂ ਪਾਸਿਆਂ ਤੋਂ ਧੂੰਆਂਧਾਰ ਗੋਲੀਬਾਰੀ ਹੋਈ ਜਿਸ ਤੋਂ ਇਉਂ ਲੱਗੇ ਜਿਵੇਂ "ਹੋਈ ਹੈ ਲੜਾਈ ਨਾਲ ਸਿੰਘਾਂ ਦੇ ਫਰੰਗੀਆਂ ਦੀ", ਦੂਰ "ਕੰਬਦਾ ਖਲੋਤਾ ਸਾਹਿਬ ਪੇਸ਼ ਨਹੀਂ ਜਾਂਵਦੀ ਹੈ", ਅੰਤ "ਅੱਗ ਲਾਓ ਕੋਠੇ ਤਾਈਂ ਸਾਰੇ ਹੈਂ ਪੁਕਾਰਦੇ।" ਸੜਦੇ ਮਕਾਨ ਵਿਚੋਂ ਬੂੜ ਸਿੰਘ ਨੇ ਬਾਹਰ ਨਿਕਲਣ ਦਾ ਚਾਰਾ ਕੀਤਾ ਪਰ ਮਾਰਿਆ ਗਿਆ।

ਬੂੜ ਸਿੰਘ ਨੂੰ "ਬੂੜਾ ਸ਼ੇਰ ਝੱਲ ਦਾ" ਕਹਿ ਕੇ ਕਵੀ ਉਸ ਦੀ ਵਡਿਆਈ ਇਸ ਗੱਲੋਂ ਕਰਦਾ ਹੈ:

ਸ਼ਾਹੂਕਾਰ ਲੁੱਟੇ, ਨਾ ਗਰੀਬ ਨੂੰ ਲਗਾਵੇ ਹੱਥ
ਐਸਾ ਭਾਰੀ ਦਿਸਦਾ ਜਹਾਨ ਵਿਚ ਸੂਰਮਾ।
ਇਹੋ ਕਾਰਨ ਸੀ ਕਿ ਜਦ
ਭੌਰ ਵਜੂਦੋਂ ਉਡ ਕੇ ਗਿਆ ਸੁਰਗ ਨੂੰ ਧਾਇ।
ਸੋਗ ਪਿਆ ਕੁਲ ਦੇਸ ਤੇ ਜਿਸ ਦੀ ਹੱਦ ਨਾ ਕਾਇ।

ਕਵੀ ਦੁੱਖ ਪ੍ਰਗਟਾਉਂਦਾਹੈ ਕਿ "ਸ਼ਿਬੂ ਰਾਮਾ ਫੇਰ ਸ਼ੇਰ ਜੰਮਨਾ ਨਾ ਜੱਗ ਵਿਚ।"

ਬਾਪ ਤੋਂ ਵਿਰਾਸਤ ਵਿੱਚ ਮਿਲੀ ਸੂਰਮਗਤੀ ਹੀ ਸੀ ਜਿਸ ਦੇ ਬਲ ਉੱਤੇ ਦੁੱਲਾ ਸਿੰਘ ਨੇ 14 ਸਤੰਬਰ 1923 ਨੂੰ ਗੁਰਦੁਆਰਾ ਗੰਗਸਰ ਸਾਹਿਬ ਅੰਦਰ ਪੁਲਿਸ ਵੱਲੋਂ ਘੇਰ ਕੇ ਰੱਖੇ ਭੁੱਖਣ ਭਾਣੇ ਸਿੰਘਾਂ ਨੂੰ ਆਪਣੀ ਜਾਨ ਤੋਂ ਬੇਪਰਵਾਹ ਹੋ ਕੇ ਰਾਸ਼ਨ ਪੁੱਜਦਾ ਕੀਤਾ। ਨਿਰਸੰਦੇਹ ਬੂੜ ਸਿੰਘ ਅਤੇ ਦੁੱਲਾ ਸਿੰਘ ਵਰਗੇ ਸੂਰਮੇ ਪੰਜਾਬੀ ਨਾਬਰੀ ਦੇ ਪ੍ਰਤੀਕ ਹਨ।

***

## ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ

ਤੁਲਨਾ 'ਚ ਬਹੁਤ ਘੱਟ ਹੈ ਮੱਧ ਪ੍ਰਦੇਸ਼ ਵਿੱਚ 36.3 ਫ਼ੀਸਦੀ, ਛੱਤੀਸਗੜ੍ਹ ਵਿੱਚ 32 ਫ਼ੀਸਦੀ, ਰਾਜਸਥਾਨ ਵਿੱਚ 24 ਫ਼ੀਸਦੀ ਅਤੇ ਤੇਲੰਗਾਨਾ ਵਿੱਚ 21 ਫ਼ੀਸਦੀ। ਇਸ ਦਾ ਅਰਥ ਇਹ ਹੈ ਕਿ ਜੋ ਪਾਰਟੀਆਂ ਸੱਤਾ ਵਿੱਚ ਹਨ ਅਤੇ ਜੋ ਸੱਤਾ 'ਚ ਆਉਣਾ ਚਾਹੁੰਦੀਆਂ ਹਨ, ਉਨ੍ਹਾਂ ਵਿਚੋਂ ਕਿਸੇ ਨੇ ਵੀ ਕਿਸਾਨਾਂ ਦੀ ਬਾਤ ਨਹੀਂ ਪੁੱਛੀ।

ਇਸ ਵਾਰ ਇਨ੍ਹਾਂ ਸੂਬਿਆਂ 'ਚ ਮੀਂਹ ਨੇ ਵੀ ਆਪਣਾ ਅਜੀਬੋ-ਗਰੀਬ ਰੂਪ ਦਿਖਾਇਆ ਹੈ। ਕਿਸਾਨ ਆਪਣੀ ਹਾਲਤ ਨੂੰ ਲੈ ਕੇ ਬਹੁਤ ਪ੍ਰੇਸ਼ਾਨ ਹਨ ਅਤੇ ਇਸ ਸਮੇਂ ਸਿਰਫ਼ ਕਿਸਾਨ ਦੇ ਰੂਪ ਵਿੱਚ ਸੋਚ ਰਹੇ ਹਨ। ਇਸ ਲਈ ਅਨੁਮਾਨ ਇਹ ਹੈ ਕਿ ਇਨ੍ਹਾਂ ਸੂਬਿਆਂ ਦੀਆਂ ਚੋਣਾਂ 'ਚ ਕਿਸਾਨ ਆਮ ਨਾਲੋਂ ਵਧੇਰੇ ਵੱਡੀ ਭੂਮਿਕਾ ਨਿਭਾਉਣਗੇ, ਜੋ ਕਿ ਫ਼ੈਸਲਾਕੁੰਨ ਵੀ ਹੋ ਸਕਦੀ ਹੈ। ਦਿਲਚਸਪ ਅੰਤਰ-ਪਾਰਟੀ 'ਡਾਇਨਾਮਿਕਸ' ਵੀ ਆਪਣੀ ਖੇਡ ਦਿਖਾ ਰਹੀ ਹੈ। ਕਾਂਗਰਸ ਵਿਚ ਪਾਵਰ ਸਟੱਰਕਚਰ ਹੁਣ ਹਾਈਕਮਾਨ ਤੱਕ ਸੀਮਤ ਨਹੀਂ ਰਿਹਾ ਹੈ, ਸਗੋਂ ਖੇਤਰੀ ਨੇਤਾਵਾਂ ਨੂੰ ਜ਼ਿਆਦਾ ਜ਼ਿੰਮੇਵਾਰੀ ਦਿੱਤੀ ਜਾਣ ਲੱਗੀ ਹੈ। ਦੂਜੇ ਪਾਸੇ ਭਾਜਪਾ ਪਹਿਲਾਂ ਵਾਂਗ ਸੂਬਿਆਂ ਦੇ ਨੇਤਾਵਾਂ ਨੂੰ ਉਤਸ਼ਾਹਿਤ ਨਹੀਂ ਕਰ ਰਹੀ ਹੈ, ਸਾਰੀ ਸ਼ਕਤੀ ਮੋਦੀ-ਸ਼ਾਹ ਤੱਕ ਕੇਂਦਰਿਤ ਹੋ ਗਈ ਹੈ, ਇਸ ਲਈ ਰਾਜਸਥਾਨ ਵਿਚ ਵਸੁੰਧਰਾ ਰਾਜੇ ਅਤੇ ਮੱਧ ਪ੍ਰਦੇਸ਼ ਵਿੱਚ ਸ਼ਿਵਰਾਜ ਸਿੰਘ ਚੌਹਾਨ ਉਸ ਦੇ ਮੁੱਖ ਮੰਤਰੀ ਵਜੋਂ ਚਿਹਰੇ ਨਹੀਂ ਹਨ। ਤੇਲੰਗਾਨਾ 'ਚ ਕੇ.ਸੀ.ਆਰ. ਨੂੰ ਭਾਜਪਾ ਨਹੀਂ, ਸਗੋਂ ਕਾਂਗਰਸ ਚੁਣੌਤੀ ਦੇ ਰਹੀ ਹੈ। ਮਿਜ਼ੋਰਮ ਵਿੱਚ ਕਾਂਗਰਸ ਤੇ ਐਮ.ਐਨ.ਐੱਫ਼. ਦੇ ਸਾਹਮਣੇ ਜ਼ੋਰਮ ਪੀਪਲਜ਼ ਮੂਵਮੈਂਟ ਹੈ, ਜਿਸ ਨਾਲ ਉੱਥੇ ਮੁਕਾਬਲਾ ਤਿਕੋਣਾ ਹੋ ਗਿਆ ਹੈ। ਫਿਲਹਾਲ, ਇਸ ਗੱਲ ਦੀ ਗਾਰੰਟੀ ਜ਼ਰੂਰ ਹੈ ਕਿ ਨਤੀਜਿਆਂ ਵਾਲੇ ਦਿਨ ਜ਼ਬਰਦਸਤ ਮੁਕਾਬਲਾ ਦੇਖਣ ਨੂੰ ਮਿਲੇਗਾ।

***

## ਬੱਸ ਕੰਡਕਟਰ

ਅਗਲੇ ਦਿਨ ਉਹ ਜਾਣ ਕੇ ਪੰਜ ਮਿੰਟ ਦੇਰ ਨਾਲ ਗਈ, ਉਸ ਨੇ ਸੋਚਿਆ, ਅੱਜ ਪੀਪਲ ਬੱਸ 'ਤੇ ਨਹੀਂ ਸਗੋਂ ਪੈਪਸੂ ਰੋਡਵੇਜ਼ 'ਤੇ ਜਾਵਾਂਗੀ। ਕੀ ਫਜ਼ੂਲ ਗੱਲ ਏ ਕਿ ਪੈਸੇ ਹੀ ਨਾ ਲਏ ਜਾਣ।

ਪਰ ਉਹ ਦੇਖ ਕੇ ਹੈਰਾਨ ਹੋਈ ਕਿ ਡਰਾਇਵਰ ਬੱਸ ਸਟਾਰਟ ਕਰੀਂ ਖੜ੍ਹਾ ਸੀ ਤੇ ਕੰਡਕਟਰ ਨੂੰ ਆਵਾਜ਼ਾਂ ਮਾਰ ਰਿਹਾ ਸੀ।

ਓਏ, ਆਉਂਦਾ ਹੁਣ, ਕਿਉਂ ਭੇਰਮੀਂ ਵੱਢੀ ਐ। ਐਡੀ ਛੇਤੀ ਜਾਣੀ ਮੀਂਹ ਆਉਂਦਾ ਏ, ਜੀਤ ਨੇ ਹੌਲੀ ਹੌਲੀ ਆਉਂਦਿਆਂ ਆਖਿਆ। ਅੱਗੇ ਪਹੁੰਚਣਾ ਏ ਕਿ ਨਹੀਂ, ਮੜਕਾਂ ਨਾਲ ਹੀ ਆਉਨਾਂ ਏਂ, ਡਰਾਈਵਰ ਬੋਲਿਆ।

ਚਲੋ ਬੀਬੀ, ਬੈਠੋ ਅਗਲੀ ਸੀਟ 'ਤੇ, ਤਾਕੀ ਖੋਲ੍ਹਦਿਆਂ ਪਾਲੀ ਨੂੰ ਉਹਨੇ ਆਖਿਆ।

ਮੇਮ ਸਾਹਿਬਾ ਤੋਂ ਬਿਨਾਂ ਬੱਸ ਕਿਵੇਂ ਤੁਰ ਪੈਂਦੀ। ਪਿੱਛਿਓ ਨਾਭੇ ਤੋਂ ਪਟਿਆਲੇ ਹਰ ਰੋਜ਼ ਜਾਣ ਵਾਲਾ ਇਕ ਕਲਰਕ ਹੌਲੀ ਜਿਹੀ ਬੋਲਿਆ। ਜੀਤ ਨੇ ਘੂਰ ਕੇ ਉਹਦੇ ਵੱਲ ਤੱਕਿਆ। ਸਭ ਚੁੱਪ ਕਰ ਗਏ। ਬੱਸ ਤੁਰ ਪਈ। ਪਾਲੀ ਨੇ ਪੈਸੇ ਕੱਢੇ ਪਰ ਉਹਦੇ ਵਾਰ ਵਾਰ ਆਖਣ 'ਤੇ ਵੀ ਜੀਤ ਨੇ ਨਾਂਹ ਕਰ ਦਿੱਤੀ। ਪਾਲੀ ਨੂੰ ਡਾਢਾ ਗੁੱਸਾ ਆਇਆ। ਇਸ ਬੇਈਮਾਨੀ ਵਿੱਚ ਇਹ ਮੈਨੂੰ ਵੀ ਹਿੱਸੇਦਾਰ ਬਣਾ ਰਿਹਾ ਏ..... ਪਰ ਕਿਹੜਾ ਪੈਸੇ ਲੈ ਕੇ ਟਿਕਟ ਨਹੀਂ ਕੱਟਦਾ.... ਖ਼ੈਰ, ਕੰਪਨੀ ਨਾਲ ਤਾਂ ਧੋਖਾ ਹੀ ਹੈ ਨਾ ਉਹ ਸੋਚ ਹੀ ਰਹੀ ਸੀ ਕਿ ਬੱਸ ਖੜ੍ਹੀ ਕਰ, ਇੱਕ ਚੈਕਰ ਚੜ੍ਹ ਪਿਆ। ਲੋਕਾਂ ਦੀਆਂ ਉਹ ਜਦੋਂ ਟਿਕਟਾਂ ਦੇਖ ਰਿਹਾ ਸੀ ਤਾਂ ਪਾਲੀ ਤ੍ਰੇਲੀਓ ਤ੍ਰੇਲੀ ਹੋ ਗਈ।

ਕਿੱਡੀ ਸ਼ਰਮ ਦੀ ਗੱਲ ਏ ਕਿ ਮੇਰੇ ਕੋਲ ਟਿਕਟ ਹੀ ਨਹੀਂ... ਮੈਂ ਆਖ ਦਿਆਂਗੀ ਕਿ ਕੰਡਕਟਰ ਨੇ ਦਿੱਤਾ ਹੀ ਨਹੀਂ, ਮੈਂ ਮੰਗਿਆ ਸੀ ਉਹਨੇ ਸੋਚਿਆ। ਪਰ ਬਚਾਰਾ ਫਸੇਗਾ.... ਨਹੀਂ ਕਹਿ ਦਿਆਂਗੀ ਕਿ ਮੈਂ ਲੈਣਾ ਭੁੱਲ ਗਈ ਪਰ ਨਹੀਂ, ਮੈਂ ਕਾਹਨੂੰ ਝੂਠ ਬੋਲਾਂ, ਉਹਦੇ ਅੰਦਰੋਂ ਅੰਦਰ ਬਹਿਸ ਹੋਣ ਲੱਗੀ।

ਇੰਨੇ ਨੂੰ ਚੈਕਰ ਉਹਦੇ ਕੋਲ ਆ ਪਹੁੰਚਿਆ। ਜੀ.... ਟਿਕਟ, ਉਹਨੇ ਆਖਿਆ ਹੀ ਸੀ ਕਿ ਜੀਤ ਨੇ ਆਪਣੀ ਜੇਬ ਵਿਚੋਂ ਟਿਕਟ ਕੱਢ ਕੇ ਕਿਹਾ, .... ਏਹ.... ਏਹ ਬੀਬੀ ਮੇਰੀ ਭੈਣ ਏ, ਇਹਨਾਂ ਦਾ ਟਿਕਟ ਮੇਰੇ ਕੋਲ ਏ।

ਟਿਕਟ ਦੇਖ ਕੇ ਚੈਕਰ ਇੱਕ ਵਾਰੀ ਗੋਡਿਆਂ ਤੋਂ ਘਸੇ ਪਜਾਮੇ ਤੇ ਕੂਹਣੀਆਂ ਤੋਂ ਫਟੇ ਖ਼ਾਕੀ ਕੱਪੜਿਆਂ ਵਾਲੇ ਕੰਡਕਟਰ ਤੇ ਕੀਮਤੀ ਸਾੜ੍ਹੀ ਵਾਲੀ ਡਾਕਟਰਨੀ ਵੱਲ ਤੱਕ ਕੇ ਅੱਖਾਂ ਹੀ ਅੱਖਾਂ ਵਿੱਚ ਮੁਸਕਰਾਇਆ।

ਜੀਤ ਲੋਹਾ ਲਾਖਾ ਹੋ ਗਿਆ। ਚੈਕਰ ਛੇਤੀ ਨਾਲ ਉਸ ਬੱਸ ਵਿਚੋਂ ਉਤਰ ਗਿਆ।

ਪਾਲੀ ਹੈਰਾਨ-ਪਰੇਸ਼ਾਨ ਸੋਚ ਰਹੀ ਸੀ ਸੱਠਾਂ ਰੁਪਿਆਂ ਵਿੱਚ ਗੁਜ਼ਾਰਾ ਕਰਨ ਵਾਲਾ ਖ਼ਬਰੇ ਕਿਸੇ ਦਿਨ ਰੋਟੀ ਖੁਣੋਂ ਵੀ ਐਵੇਂ ਰਹਿ ਕੇ ਮੇਰੇ ਟਿਕਟ ਦੇ ਪੈਸੇ ਪੂਰੇ ਕਰਦਾ ਹੋਵੇ।

ਹਸਪਤਾਲ ਵਿੱਚ ਉਹਨੂੰ ਕਿੰਨੀ ਵਾਰੀ ਇਹ ਗੱਲ ਯਾਦ ਆਈ ਤੇ ਉਹ ਡਾਢੀ ਬੇਚੈਨ ਹੋਈ। ਸ਼ਾਮ ਨੂੰ ਜਦੋਂ ਉਹ ਅੱਡੇ ਤੇ ਪਹੁੰਚੀ ਤਾਂ ਹੌਲੀ ਹੌਲੀ ਤੁਰਦਾ, ਉਦਾਸ, ਜੀਤ ਉਹਦੇ ਕੋਲ ਆਇਆ।

ਮੇਰੀ ਵੱਡੀ ਭੈਣ ਵੀ ਲਾਹੌਰ ਡਾਕਟਰੀ ਵਿੱਚ ਪੜ੍ਹਦੀ ਸੀ... ਹੱਲਿਆਂ ਵੇਲੇ ਉਥੇ ਹੀ ਮਾਰੀ ਗਈ। ਬਾਕੀ ਦੇ ਵੀ ਮਾਰੇ ਗਏ। ਮੈਂ ਰੁਲਦਾ-ਖੁਲਦਾ ਏਧਰ ਆ ਗਿਆ। ਪੜ੍ਹਾਈ ਵੀ ਕਿਥੋਂ ਹੋਣੀ ਸੀ, ਕਈ ਵਾਰੀ ਤਾਂ ਰੋਟੀ ਵੀ ਨਸੀਬ ਨਾ ਹੁੰਦੀ। ਫਿਰ ਮੈਂ ਕੰਡਕਟਰ ਬਣ ਗਿਆ। ਤੁਹਾਡਾ ਬੈਗ ਤੇ ਟੂਟੀਆਂ ਜਿਹੀਆਂ ਦੇਖ ਕੇ ਮੈਨੂੰ ਅਮਰਜੀਤ ਦੀ ਯਾਦ ਆ ਜਾਂਦੀ ਸੀ... ਤੇ... ਤੇ..., ਅੱਗੋਂ ਉਹਦਾ ਗਲਾ ਭਰ ਆਇਆ।

ਪਾਲੀ ਡਾਢੀ ਬੇਚੈਨ ਹੋਈ, ਉਹਨੂੰ ਸਮਝ ਨਾ ਲੱਗੇ ਕਿ ਕੀ ਆਖੇ।

ਇੰਨੇ ਨੂੰ ਬੱਸ ਆ ਗਈ ਉਹ ਕਾਹਲੀ ਨਾਲ ਉਧਰ ਨੂੰ ਤੁਰ ਪਿਆ ਤੇ ਪਾਲੀ ਉਹਨੂੰ ਜਾਂਦੇ ਨੂੰ ਡਾਢੀਆਂ ਮੋਹ ਭਿੱਜੀਆਂ ਅੱਖਾਂ ਨਾਲ ਤੱਕਦੀ ਰਹੀ।

****

## ਭਾਰਤੀ ਸੱਤਾ ਉੱਪਰ ਅਪਰਾਧੀ

ਉਸ ਦੀ ਭੂਮਿਕਾ ਸ਼ਲਾਘਾਯੋਗ ਰਹੀ। ਵਜ਼ਾਰਤ ਟੁੱਟਣ ਵਾਲੇ ਦਿਨ ਹੀ ਉਸ ਨੇ ਸਰਕਾਰੀ ਕੋਠੀ

ਵਿੱਚੋਂ ਆਪਣਾ ਟਰੰਕ ਚੁੱਕਿਆ ਅਤੇ ਰਿਕਸ਼ਾ ਲੈ ਕੇ ਚੰਡੀਗੜ੍ਹ ਆਪਣੇ ਦੋਸਤ ਦੇ ਘਰ ਚਲਾ ਗਿਆ। ਸਰਕਾਰੀ ਗੱਡੀ ਦੀ ਵਰਤੋਂ ਇਹ ਕਹਿੰਦਿਆਂ ਨਹੀਂ ਕੀਤੀ ਕਿ ਉਹ ਹੁਣ ਵਜ਼ੀਰ ਨਹੀਂ ਹੈ। ਉਸ ਨੇ ਆਪਣੀ ਸਾਰੀ ਜੱਦੀ ਜ਼ਮੀਨ ਸਰਕਾਰੀ ਕਾਲਜ ਟਾਂਡਾ ਉੜਮੜ ਨੂੰ ਦਾਨ ਵਜੋਂ ਦੇ ਦਿੱਤੀ। ਜਲੰਧਰ ਤੋਂ ਪਠਾਨਕੋਟ ਜਾਂਦਿਆਂ ਕਾਲਜ ਦੇ ਗੇਟ ਉੱਤੇ ਗਿਆਨੀ ਕਰਤਾਰ ਸਿੰਘ ਸਰਕਾਰੀ ਕਾਲਜ ਟਾਂਡਾ ਉੜਮੜ ਲਿਖਿਆ ਹੋਇਆ ਹੈ ਅਤੇ ਵਿਦਿਆਰਥੀ ਗੇਟ ਉੱਤੇ ਉਸ ਪਿਆਰੀ ਸ਼ਖਸੀਅਤ ਨੂੰ ਸਿਜਦਾ ਕਰਕੇ ਕਾਲਜ ਵਿੱਚ ਦਾਖ਼ਲ ਹੁੰਦੇ ਹਨ।ਉਸਨੇ ਨਿੱਜੀ ਹਿਤਾਂ ਨੂੰ ਤਿਲਾਂਜਲੀ ਦੇ ਕੇ ਲੋਕ ਹਿਤਾਂ ਨੂੰ ਹੀ ਹਮੇਸ਼ਾ ਤਰਜੀਹ ਦਿੱਤੀ। ਅਜਿਹੀਆਂ ਸ਼ਖਸੀਅਤਾਂ ਲੋਕਾਂ ਦੇ ਚੇਤਿਆਂ ਵਿੱਚੋਂ ਮਨਫ਼ੀ ਵੀ ਨਹੀਂ ਹੁੰਦੀਆਂ। ਲੋਕਾਂ ਦੇ ਹਿਤਾਂ ਨਾਲ ਖਿਲਵਾੜ ਕਰਕੇ ਨੈਤਿਕ ਕਦਰਾਂ ਕੀਮਤਾਂ ਦਾ ਘਾਣ ਕਰਨ ਵਾਲੇ, ਦਾਗ਼ੀ ਜ਼ਮੀਰਾਂ ਵਾਲੇ ਲੋਕ ਹਮੇਸ਼ਾ ਹੀ ਲੋਕਾਂ ਦੇ ਚੇਤਿਆਂ ਵਿੱਚੋਂ ਸਿਰਫ਼ ਮਨਫ਼ੀ ਹੀ ਨਹੀਂ ਹੁੰਦੇ ਸਗੋਂ ਲੋਕਾਂ ਦੀਆਂ ਦੁਰ-ਅਸੀਸਾਂ ਅਤੇ ਉਨ੍ਹਾਂ ਦੀਆਂ ਤਿਉੜੀਆਂ ਅਜਿਹੇ ਘਟੀਆ ਸਿਆਸਤਦਾਨਾਂ ਦੇ ਹਿੱਸੇ ਆਉਂਦੀਆਂ ਹਨ। ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਡਿਉਢੀਆਂ ਗਿਆਨੀ ਕਰਤਾਰ ਸਿੰਘ ਵਰਗੀਆਂ ਕੱਦਾਵਰ ਸ਼ਖ਼ਸੀਅਤਾਂ ਲਈ ਤਰਸ ਰਹੀਆਂ ਹਨ।

***

## ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ, ਸ੍ਰੀਨਗਰ

ਰਜਿਸਟਰੀ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਨਾਂ ਕਰਵਾ ਦਿੱਤੀ ਸੀ। ਉਸ ਸਮੇਂ ਇਸ ਗੁਰਧਾਮ ਦਾ ਮਹੰਤ ਅਤੇ ਪ੍ਰਬੰਧਕ ਸ੍ਰੀ ਜਯੋਤੀ ਪ੍ਰਸਾਦ ਮਹੰਤ ਦਾ ਚੇਲਾ ਮਹੰਤ ਇੰਦ੍ਰ ਪ੍ਰਸਾਦ ਸੀ। 30 ਸਾਲ ਦੀ ਉਮਰ ਵਿੱਚ 30 ਅਕਤੂਬਰ 1964 ਨੂੰ ਇਸਨੇ ਗੁਰਦੁਆਰਾ ਸਾਹਿਬ ਦੀ ਰਜਿਸਟਰੀ ਸ੍ਰੀ ਹੇਮਕੁੰਟ ਸਾਹਿਬ ਟਰੱਸਟ ਦੇ ਨਾਂ ਕਰਵਾਈ ਸੀ।

ਇਸ ਗੁਰਦੁਆਰਾ ਸਾਹਿਬ ਦੇ ਮੈਨੇਜਰ ਸ. ਹਰਵਿੰਦਰ ਸਿੰਘ ਨੇ ਦੱਸਿਆ ਕਿ ਜ਼ਮੀਨ ਦੀ ਰਜਿਸਟਰੀ ਹੋਣ ਉਪਰੰਤ ਨਵੇਂ ਦਰਬਾਰ ਹਾਲ ਦੀ ਉਸਾਰੀ ਅਰੰਭ ਹੋਈ ਜਿਹੜੀ ਕਿ 1968 ਵਿੱਚ ਸੰਪੂਰਨ ਹੋ ਗਈ ਸੀ। ਇਸੇ ਸਾਲ ਦੇਹਰਾਦੂਨ ਦੇ ਗੁਰਦੁਆਰਾ ਸਿੰਘ ਸਭਾ ਤੋਂ ਗਿਆਨੀ ਬਚਨ ਸਿੰਘ ਇੱਥੇ ਆ ਕੇ ਸੇਵਾ ਕਰਨ ਲੱਗੇ ਸਨ ਅਤੇ ਲੰਮਾ ਸਮਾਂ ਇਹਨਾਂ ਨੇ ਇਸ ਅਸਥਾਨ ਦੀ ਸੇਵਾ ਸੰਭਾਲ ਕੀਤੀ ਸੀ। ਭਾਵੇਂ ਕਿ ਗੁਰਦੁਆਰਾ ਸਾਹਿਬ ਦੀ ਚਾਰ-ਦੀਵਾਰੀ ਅੰਦਰ 30 ਤੋਂ ਵਧੇਰੇ ਰਿਹਾਇਸ਼ੀ ਕਮਰੇ ਬਣੇ ਹੋਏ ਹਨ ਪਰ ਇਹਨਾਂ ਦੀ ਉਸਾਰੀ 2000 ਤੋਂ ਬਾਅਦ ਹੋਈ ਸੀ। ਭਾਵੇਂ ਕਿ ਸਿੱਖ ਪਰਿਵਾਰ ਇੱਥੇ ਬਹੁਤ ਘੱਟ ਗਿਣਤੀ ਵਿੱਚ ਨਿਵਾਸ ਕਰਦੇ ਹਨ ਪਰ ਸਿੰਧੀ ਸ਼ਰਧਾਲੂ ਇੱਥੇ ਅਕਸਰ ਹਾਜ਼ਰੀ ਭਰਦੇ ਹਨ ਅਤੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਚਲਾਉਣ ਵਿੱਚ ਸਹਿਯੋਗ ਕਰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਅਤੇ ਵੈਸਾਖੀ ਦੇ ਜੋੜ ਮੇਲ ਸਮੇਂ ਇੱਥੇ ਭਾਰੀ ਗਿਣਤੀ ਵਿੱਚ ਸੰਗਤ ਜੁੜਦੀ ਹੈ। ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

ਇਸ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀਆਂ ਦੋ ਹੱਥ-ਲਿਖਤ ਪੁਰਾਤਨ ਬੀੜਾਂ ਸੰਭਾਲ ਕੇ ਰੱਖੀਆਂ ਹੋਈਆਂ ਹਨ। ਇਹ ਦੋਵੇਂ ਬੀੜਾਂ ਉਦਾਸੀਆਂ ਕੋਲ ਸਨ ਅਤੇ ਉਹਨਾਂ ਨੇ ਹੀ ਇਹ ਬੀੜਾਂ ਗੁਰਦੁਆਰਾ ਸਾਹਿਬ ਨੂੰ ਸੌਂਪ ਦਿੱਤੀਆਂ ਸਨ। ਇਹਨਾਂ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਤਕਰੇ ਸਮੇਤ 1358 ਪੰਨੇ ਅਤੇ ਸ੍ਰੀ ਦਸਮ ਗ੍ਰੰਥ ਜੀ ਦੇ 1565 ਪੰਨੇ ਹਨ। ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਅਰੰਭ ਵਿੱਚ ਹੀ ਇਸ ਦੇ ਰਚਨਾ ਕਾਲ ਦਾ ਵ੍ਰਨਨ ਕਰਦੇ ਹੋਏ ਦੱਸਿਆ ਗਿਆ ਹੈ, '੧ਓ ਸਤਿਗੁਰ ਪ੍ਰਸਾਦਿ ॥ ਤਤਕਰਾ ਲਿਖਿਆ ਸ੍ਰੀ ਗਿਰੰਥ ਜੀ ਕਾ ॥ ਸੂਚੀ ਪਤ੍ਰ ਸੰਮਤ ਠਾਰਾ ਸੈ ਬਾਨਿਵਾ ਸਾਲ ॥ ਫਗਣ ਸੁਦੀ ਅਠੇ ਬੁਧਵਾਰਿ ਗਿਰੰਥ ਸਾਹਿਵ ਸੰਪੂਰਨ ਹੋਇਆ ॥' ਇਹ ਦੋਵੇਂ ਗ੍ਰੰਥ ਦਿਨੋ-ਦਿਨ ਬਹੁਤ ਹੀ ਬਿਰਧ ਹੋ ਚੁੱਕੇ ਸਨ। ਸ੍ਰੀ ਹੇਮਕੁੰਟ ਸਾਹਿਬ ਟਰੱਸਟ ਦੇ ਯਤਨਾਂ ਸਦਕਾ ਇਹਨਾਂ ਨੂੰ ਸੁਰੱਖਿਅਤ ਰੱਖਣ ਲਈ ਯਤਨ ਕੀਤੇ ਗਏ ਅਤੇ ਹੁਣ ਦਰਬਾਰ ਹਾਲ ਦੇ ਵਿੱਚ ਹੀ ਇਕ ਵੱਖਰੀ ਥਾਂ 'ਤੇ ਇਹਨਾਂ ਦਾ ਪ੍ਰਕਾਸ਼ ਕੀਤਾ ਜਾਂਦਾ ਹੈ ਜਿੱਥੇ ਸੰਗਤ ਇਹਨਾਂ ਦੇ ਰੋਜ਼ਾਨਾਂ ਦਰਸ਼ਨ ਕਰਦੀ ਹੈ।

***

## ਮੈਂ ਆਪਣੀ ਮਰਜ਼ੀ ਨਾਲ ਨਹੀਂ

ਪੁਸ਼ਪਾਵਲੀ ਬਿਨਾਂ ਸੋਚੇ ਸਮਝੇ ਇਸ ਪੇਸ਼ਕਸ਼ ਨੂੰ ਮੰਨ ਗਈ ਅਤੇ ਰੇਖਾ ਦੇ ਨਾਲ ਸੁਪਨਿਆਂ ਦੇ ਸ਼ਹਿਰ ਮੁੰਬਈ ਆ ਗਈ। ਰੇਖਾ ਲਈ ਇਹ ਸ਼ਹਿਰ ਜੰਗਲ ਵਰਗਾ ਸੀ। ਇੱਥੇ ਉਸ ਦਾ ਦਮ ਘੁੱਟ ਰਿਹਾ ਸੀ। ਜਦੋਂ ਉਹ ਬਾਲੀਵੁੱਡ ਇੰਡਸਟਰੀ 'ਚ ਆਈ ਤਾਂ ਲੋਕ ਉਸ ਦੇ ਕਾਲੇ ਰੰਗ ਦਾ ਮਜ਼ਾਕ ਉਡਾਉਂਦੇ ਸਨ। ਉਸ ਦੀ ਤੁਲਨਾ ਉਸ ਦੌਰ ਦੀਆਂ ਚੋਟੀ ਦੀਆਂ ਅਭਿਨੇਤਰੀਆਂ ਨਾਲ ਕੀਤੀ ਜਾਂਦੀ ਸੀ। ਲੋਕ ਸੋਚ ਰਹੇ ਸਨ ਕਿ ਉਹ ਕਿਹੜੀ ਅਭਿਨੇਤਰੀ ਬਣੇਗੀ।ਹਾਲਾਂ ਕਿ ਬਾਅਦ 'ਚ ਰੇਖਾ ਨੇ ਇਨ੍ਹਾਂ ਗੱਲਾਂ ਨੂੰ ਸਕਾਰਾਤਮਕ ਤਰੀਕੇ ਨਾਲ ਲਿਆ ਅਤੇ ਆਪਣੇ ਆਪ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਰੇਖਾ ਨੇ ਆਪਣੀ ਡਰੈੱਸ ਸੈਂਸ, ਮੇਕਅੱਪ ਅਤੇ ਭਾਰ ਘਟਾਉਣ 'ਤੇ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਅਤੇ 3 ਮਹੀਨਿਆਂ ਤੱਕ ਹਿੰਦੀ ਬੋਲਣ 'ਤੇ ਕੰਮ ਕੀਤਾ।

ਫਿਲਮ ਦੋ ਸ਼ਿਕਾਰੀ ਨਾਲ ਜੁੜੀ ਇਕ ਹੋਰ ਕਹਾਣੀ ਇਹ ਹੈ ਕਿ ਰੇਖਾ ਦਾ ਕਿਸਿੰਗ ਸੀਨ ਫਿਲਮ ਦੇ ਐਕਟਰ ਬਿਸ਼ਵਜੀਤ ਨਾਲ ਸ਼ੂਟ ਕੀਤਾ ਗਿਆ ਸੀ। ਨਿਰਦੇਸ਼ਕ ਨੇ ਕਿਹਾ ਕਿ ਇਸ ਸੀਨ ਦੀ ਸ਼ੂਟਿੰਗ ਲਈ ਰੇਖਾ ਦੀ ਪੂਰੀ ਸਹਿਮਤੀ ਸੀ, ਪਰ ਅਜਿਹਾ ਨਹੀਂ ਸੀ। ਰੇਖਾ ਨੂੰ ਪਤਾ ਵੀ ਨਹੀਂ ਸੀ ਕਿ ਅਜਿਹਾ ਕੋਈ ਸੀਨ ਹੈ। ਜਦੋਂ ਸ਼ੂਟਿੰਗ ਸ਼ੁਰੂ ਹੋਈ ਤਾਂ ਰਿਸ਼ਵਜੀਤ ਨੇ ਇਹ ਸ਼ਾਟ ਉਸ ਨੂੰ ਦੇ ਦਿੱਤਾ ਪਰ ਰੇਖਾ ਇਸ ਨੂੰ ਦੇਖ ਕੇ ਦੰਗ ਰਹਿ ਗਈ। ਉਸਨੇ ਆਪਣੀਆਂ ਅੱਖਾਂ ਬੰਦ ਕਰਕੇ ਸ਼ਾਟ ਦਿੱਤਾ, ਪਰ ਉਹ ਬਹੁਤ ਰੋਈ। ਹਾਲਾਂ ਕਿ ਉਸ ਨੇ ਇਸ ਦਾ ਵਿਰੋਧ ਨਹੀਂ ਕੀਤਾ। ਉਸ ਨੂੰ ਡਰ ਸੀ ਕਿ ਸ਼ਾਇਦ ਉਸ ਨੂੰ ਫਿਲਮ ਤੋਂ ਬਾਹਰ ਕਰ ਦਿੱਤਾ ਜਾਵੇ।

ਇਸ ਕਿਸਿੰਗ ਸੀਨ ਕਾਰਨ ਫਿਲਮ ਸੈਂਸਰ ਹੋ ਗਈ। ਇਸ ਕਾਰਨ ਇਹ ਫਿਲਮ 1979 ਵਿੱਚ ਰਿਲੀਜ਼ ਹੋਈ ਸੀ। ਇਸ ਤਰ੍ਹਾਂ ਰੇਖਾ ਦੀ ਪਹਿਲੀ ਰਿਲੀਜ਼ ਫਿਲਮ ਸਾਵਨ ਭਾਦੋਂ ਸੀ।

ਅਮਿਤਾਭ ਬਚਨ ਤੋਂ ਪਹਿਲਾਂ ਰੇਖਾ ਦਾ ਨਾਂ ਅਦਾਕਾਰ ਕਿਰਨ ਕੁਮਾਰ ਅਤੇ ਵਿਨੋਦ ਮਹਿਰਾ ਨਾਲ ਜੁੜਿਆ ਸੀ। ਪਰ ਦੋਵਾਂ ਨਾਲ ਉਸ ਦਾ ਰਿਸ਼ਤਾ ਖਤਮ ਹੋ ਗਿਆ। ਦਰਅਸਲ, ਉਨ੍ਹਾਂ ਦੇ ਦੋਵੇਂ ਪਰਿਵਾਰ ਨਹੀਂ ਚਾਹੁੰਦੇ ਸਨ ਕਿ ਰੇਖਾ ਉਨ੍ਹਾਂ ਦੇ ਘਰ ਦੀ ਨੂੰਹ ਬਣੇ। ਉਨ੍ਹਾਂ ਕਿਹਾ ਕਿ ਪਹਿਲੀ ਤਾਂ ਰੇਖਾ ਨਾਜਾਇਜ਼ ਬੱਚੀ ਹੈ ਅਤੇ ਦੂਜਾ ਉਹ ਮੀਡੀਆ ਦੇ ਸਾਹਮਣੇ ਬੋਲਣ ਤੋਂ ਪਹਿਲਾਂ ਕੁਝ ਨਹੀਂ ਸੋਚਦੀ।ਰੇਖਾ ਦੀ ਇਸ ਸਪਸ਼ਟਤਾ ਨੇ ਉਸ ਨੂੰ ਆਪਣੇ ਪਿਆਰਿਆਂ ਤੋਂ ਦੂਰ ਕਰ ਦਿੱਤਾ। ਹਾਲਾਂ ਕਿ, ਕੁਝ ਸਮੇਂ ਬਾਅਦ ਉਹ ਸਪੱਸ਼ਟ ਬਿਆਨ ਦੇਣ ਤੋਂ ਪਰਹੇਜ਼ ਕਰਨ ਲੱਗੀ।

ਲਗਭਗ ਹਰ ਕੋਈ ਜਾਣਦਾ ਹੈ ਕਿ ਫਿਲਮ ਦੋ ਅੰਜਾਨੇ ਦੇ ਸੈੱਟ ਤੋਂ ਉਨ੍ਹਾਂ ਦੀ ਪ੍ਰੇਮ ਕਹਾਣੀ ਕਿਵੇਂ ਸ਼ੁਰੂ ਹੋਈ ਸੀ। ਇਸ ਕਾਰਨ ਉਹ ਲਾਈਮਲਾਈਟ 'ਚ ਵੀ ਰਹੀ। ਜਯਾ ਦੇ ਇਕ ਬਿਆਨ ਕਾਰਨ ਉਨ੍ਹਾਂ ਦਾ ਰਿਸ਼ਤਾ ਖਤਮ ਹੋ ਗਿਆ। ਜਯਾ ਨੇ ਰੇਖਾ ਨੂੰ ਕਿਹਾ ਸੀ ਕਿ ਉਹ ਆਪਣੇ ਪਤੀ ਅਮਿਤਾਭ ਨੂੰ ਕਦੇ ਨਹੀਂ ਛੱਡੇਗੀ। ਜਯਾ ਦੇ ਇਸ ਵਿਸ਼ਵਾਸ ਨੂੰ ਦੇਖ ਕੇ ਰੇਖਾ ਨੇ ਆਪਣੇ ਕਦਮ ਪਿੱਛੇ ਹਟ ਲਏ ਅਤੇ ਅਮਿਤਾਭ ਤੋਂ ਹਮੇਸ਼ਾ ਲਈ ਵੱਖ ਹੋ ਗਈ।

ਬਹੁਤ ਘੱਟ ਲੋਕ ਜਾਣਦੇ ਹਨ ਕਿ ਅਮਿਤਾਭ ਨਾਲ ਉਨ੍ਹਾਂ ਦੇ ਰਿਸ਼ਤੇ ਤੋਂ ਪਹਿਲਾਂ ਰੇਖਾ ਅਤੇ ਜਯਾ ਬਹੁਤ ਚੰਗੇ ਦੋਸਤ ਸਨ। ਰੇਖਾ ਅਤੇ ਜਯਾ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਲਗਭਗ ਇੱਕੋ ਸਮੇਂ ਕੀਤੀ ਸੀ। ਦੋਵਾਂ 'ਚ ਫਰਕ ਸਿਰਫ਼ ਇੰਨਾ ਸੀ ਕਿ ਜਯਾ ਆਪਣੀ ਪ੍ਰੋਫੈਸ਼ਨਲ ਲਾਈਫ ਕਾਰਨ ਅਤੇ ਰੇਖਾ ਆਪਣੀ ਨਿੱਜੀ ਜ਼ਿੰਦਗੀ ਕਾਰਨ ਸੁਰਖ਼ੀਆਂ 'ਚ ਰਹੀ। ਕੁਝ ਫਿਲਮਾਂ ਹਿੱਟ ਹੋਣ ਤੋਂ ਬਾਅਦ, ਰੇਖਾ ਨੇ 1972 ਵਿੱਚ ਜੁਹੂ ਦੇ ਨੇੜੇ ਇੱਕ ਅਪਾਰਟਮੈਂਟ ਵਿੱਚ ਇੱਕ ਫਲੈਟ ਖ਼ਰੀਦਿਆ। ਜਯਾ ਵੀ ਉਸੇ ਇਮਾਰਤ ਵਿੱਚ ਰਹਿੰਦੀ ਸੀ।

ਕੁਝ ਸਮਾਂ ਇੱਕੋ ਥਾਂ 'ਤੇ ਰਹਿਣ ਤੋਂ ਬਾਅਦ ਦੋਵਾਂ ਵਿਚਾਲੇ ਕਾਫ਼ੀ ਚੰਗੀ ਬਾਂਡਿੰਗ ਹੋ ਗਈ। ਰੇਖਾ ਜਯਾ ਨੂੰ ਪਿਆਰ ਨਾਲ ਵੱਡੀ ਭੈਣ ਕਹਿ ਕੇ ਬੁਲਾਉਂਦੀ ਸੀ। ਜਦੋਂ ਜਯਾ ਅਤੇ ਅਮਿਤਾਭ ਦਾ ਰਿਸ਼ਤਾ ਸ਼ੁਰੂ ਹੋਇਆ ਤਾਂ ਇੱਕ ਦਿਨ ਜਯਾ ਨੇ ਰੇਖਾ ਨੂੰ ਬਿੱਗ ਬੀ ਨਾਲ ਮਿਲਵਾਇਆ। ਇਹ ਬਹੁਤ ਛੋਟੀ ਮੀਟਿੰਗ ਸੀ। ਰੇਖਾ ਨੇ ਵੀ ਬਿੱਗ ਬੀ ਵੱਲ ਜ਼ਿਆਦਾ ਧਿਆਨ ਨਹੀਂ ਦਿੱਤਾ।

ਕੁਝ ਸਮੇਂ ਬਾਅਦ, ਜਯਾ ਅਤੇ ਅਮਿਤਾਭ ਬਚਨ ਦਾ ਵਿਆਹ ਹੋ ਗਿਆ ਅਤੇ ਇੱਥੋਂ ਹੀ ਰੇਖਾ ਅਤੇ ਜਯਾ ਵਿਚਕਾਰ ਦਰਾਰ ਸ਼ੁਰੂ ਹੋ ਗਈ। ਜਯਾ ਨੇ ਰੇਖਾ ਨੂੰ ਆਪਣੇ ਵਿਆਹ ਵਿੱਚ ਨਹੀਂ ਬੁਲਾਇਆ ਸੀ। ਉਸ ਨੂੰ ਇਸ ਗੱਲ ਦਾ ਬਹੁਤ ਬੁਰਾ ਲੱਗਾ। ਉਸ ਸਮੇਂ ਰੇਖਾ ਨੇ ਮੀਡੀਆ ਨੂੰ ਕਿਹਾ ਸੀ ਕਿ ਉਸ ਨੂੰ ਲੱਗਦਾ ਹੈ ਕਿ ਜਯਾ ਸੱਚਮੁੱਚ ਉਸ ਨਾਲ ਪਿਆਰ ਕਰਦੀ ਹੈ। ਇਸੇ ਲਈ ਉਹ ਉਨ੍ਹਾਂ ਦੀ ਦੇਖਭਾਲ ਕਰਦੀ ਹੈ, ਪਰ ਅਜਿਹਾ ਨਹੀਂ ਹੈ। ਰੇਖਾ ਦੀਆਂ ਕਈ ਫ਼ਿਲਮਾਂ ਹਿੱਟ ਹੋਈਆਂ ਹਨ ਅਤੇ ਅੱਜ ਵੀ ਉਹ ਦਰਸ਼ਕਾਂ ਦੀ ਚਹੇਤੀ ਕਲਾਕਾਰ ਹੈ।

***

## ਸੋਨਾਕਸ਼ੀ ਸਿਨਹਾ ਦੀ

ਇਸ ਪੈਸੇ ਨਾਲ ਤੋਹਫ਼ੇ ਦੀ ਮੰਗ ਕੀਤੀ।

ਸੋਨਾਕਸ਼ੀ ਨੇ 2005 'ਚ ਆਈ ਫਿਲਮ 'ਮੇਰਾ ਦਿਲ ਲੈਕੇ ਦੇਖੋ' ਰਾਹੀਂ ਕਾਸਟਿਊਮ ਡਿਜ਼ਾਈਨਰ ਦੇ ਤੌਰ 'ਤੇ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ।2008 ਅਤੇ 2009 ਦੇ ਵਿਚਕਾਰ, ਉਸਨੂੰ ਲੈਕਮੇ ਫੈਸ਼ਨ ਵੀਕ ਵਿੱਚ ਰੈਂਪ ਵਾਕ ਕਰਦੇ ਦੇਖਿਆ ਗਿਆ ਸੀ।

ਇਸੇ ਈਵੈਂਟ 'ਚ ਅਰਬਾਜ਼ ਖਾਨ ਨੇ ਸੋਨਾਕਸ਼ੀ ਨੂੰ ਕਿਹਾ ਸੀ ਕਿ ਉਹ ਇਕ ਸਕ੍ਰਿਪਟ 'ਤੇ ਕੰਮ ਕਰ ਰਹੇ ਹਨ ਅਤੇ ਉਹ ਉਸ ਕਹਾਣੀ 'ਚ ਫਿੱਟ ਹੋ ਜਾਵੇਗੀ। ਕਹਾਣੀ ਮੁਤਾਬਕ ਅਰਬਾਜ਼ ਨੇ ਉਨ੍ਹਾਂ ਨੂੰ ਆਪਣਾ ਵਜ਼ਨ ਘੱਟ ਕਰਨ ਦੀ ਸਲਾਹ ਵੀ ਦਿੱਤੀ ਸੀ। ਜਦੋਂ ਸੋਨਾਕਸ਼ੀ ਨੇ ਜ਼ਿਆਦਾਤਰ ਵਜ਼ਨ ਘੱਟ ਕਰ ਲਿਆ ਸੀ ਤਾਂ ਅਰਬਾਜ਼ ਨੇ ਉਸ ਨੂੰ ਦਬੰਗ ਫਿਲਮ ਦੀ ਪੇਸ਼ਕਸ਼ ਕੀਤੀ ਸੀ।

***

## ਬੱਚਿਆਂ ਨੂੰ ਕੈਰੀਅਰ ਸਬੰਧੀ

ਅਤੇ ਹਰ ਬੱਚੇ ਨੂੰ ਉਸਦੇ ਕੈਰੀਅਰ ਬਣਾਉਣ ਲਈ ਅਧਿਆਪਕਾਂ ਨੂੰ ਵੀ ਪੂਰੀ ਮਦਦ ਕਰਨੀ ਚਾਹੀਦੀ ਹੈ।

### ਕਿੱਤਾ ਮੁੱਖੀ ਸਿਖਿਆ

ਬੱਚਿਆਂ ਨੂੰ ਪੜਾਈ ਦੇ ਨਾਲ ਨਾਲ ਕਿੱਤਾਮੁੱਖੀ ਸਿਖਿਆ ਵੀ ਦਿਵਾਉਣੀ ਚਾਹੀਦੀ ਹੈ ਤਾਂ ਕਿ ਉਹ ਵੱਡੇ ਹੋ ਕੇ ਨੌਕਰੀ ਮੰਗਣ ਦੀ ਥਾਂ ਨੌਕਰੀਆਂ ਦੇਣ ਵਾਲੇ ਬਣਨ। ਜਿਸ ਬੱਚੇ ਨੂੰ ਕਿਸੇ ਕਿੱਤੇ ਦੀ ਸਿਖਲਾਈ ਮਿਲੀ ਹੋਵੇਗੀ ਤਾਂ ਉਹ ਸਰਕਾਰੀ ਨੌਕਰੀ ਨਾ ਮਿਲਣ ਕਾਰਨ ਆਪਣਾ ਕੋਈ ਕੰਮ ਧੰਦਾ ਖੋਲ ਸਕਦਾ ਹੈ। ਇਸ ਲਈ ਹਰ ਬੱਚੇ ਲਈ ਕਿੱਤਾਮੁੱਖੀ ਸਿਖਿਆ ਜ਼ਰੂਰੀ ਕਰ ਦੇਣੀ ਚਾਹੀਦੀ ਹੈ। ਇਸ ਸਮੇਂ ਹਰ ਸ਼ਹਿਰ ਵਿੱਚ ਹੀ ਕਿੱਤਾਮੁੱਖੀ ਸਿਖਿਆ ਦੇਣ ਲਈ ਸੰਸਥਾਵਾਂ ਸਥਿਤ ਹਨ, ਜਿਥੇ ਕਿ ਬੱਚੇ ਕਿੱਤਾ ਮੁੱਖੀ ਸਿਖਿਆ ਲੈ ਸਕਦੇ ਹਨ।

### ਮਾਪੇ ਨਿਭਾਉਣ ਆਪਣੀ ਜ਼ਿੰਮੇਵਾਰੀ

ਹਰ ਮਾਤਾ ਪਿਤਾ ਨੂੰ ਚਾਹੀਦਾ ਹੈ ਕਿ ਉਹ ਬੱਚੇ ਦੇ ਜਨਮ ਲੈਣ ਤੋਂ ਹੀ ਬੱਚੇ ਦੇ ਕੈਰੀਅਰ ਬਾਰੇ ਸੋਚਣ ਲੱਗ ਪੈਣ ਅਤੇ ਬੱਚੇ ਦੇ ਬਚਪਣ ਵਿੱਚ ਉਸਦੀ ਰੁਚੀ ਦੇਖ ਕੇ ਹੀ ਉਸਦੀ ਪੜਾਈ ਕਰਵਾਈ ਜਾਵੇ ਅਤੇ ਪੰਜਾਬ ਵਿੱਚ ਹੀ ਬੱਚੇ ਨੂੰ ਕੈਰੀਅਰ ਬਣਾਉਣ ਲਈ ਚੰਗੀ ਤੇ ਸਹੀ ਸੇਧ ਦਿੱਤੀ ਜਾਵੇ। ਹਰ ਬੱਚੇ ਨੂੰ ਆਪਣਾ ਚੰਗਾ ਕੈਰੀਅਰ ਬਣਾਉਣ ਲਈ ਸਹੀ ਤੇ ਚੰਗੀ ਸੇਧ ਦੀ ਬਹੁਤ ਲੋੜ ਹੁੰਦੀ ਹੈ, ਜੋ ਕਿ ਬੱਚੇ ਨੂੰ ਉਸਦੇ ਮਾਪੇ ਅਤੇ ਵੱਡੇ ਭੈਣ ਭਰਾ ਹੀ ਦੇ ਸਕਦੇ ਹਨ। ਇਸ ਲਈ ਹਰ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਸਹੀ ਸੇਧ ਦੇ ਕੇ ਉਹਨਾਂ ਦਾ ਕੈਰੀਅਰ ਬਣਾਉਣ ਲਈ ਮਾਰਗ ਦਰਸ਼ਕ ਬਣਨ ਤਾਂ ਕਿ ਬੱਚੇ ਬਚਪਣ ਤੋਂ ਹੀ ਆਪਣਾ ਕੈਰੀਅਰ ਬਣਾਉਣ ਲਈ ਯਤਨ ਕਰਨ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com